ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 18 May, 2025) ਪਟਿਆਲਾ ਐਤਵਾਰ, 18 ਮਈ, 2025, 5 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 136 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਗੁ. ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ ਹੋਵੇਗੀ ਸ਼ੁਰੂ

ਦੇਹਰਾਦੂਨ, 17 ਮਈ (ਚੜ੍ਹਦੀਕਲਾ ਬਿਊਰੋ) : ਸ੍ਰੀ ਹੇਮਕੁੰਟ ਸਾਹਿਬ ਦੀ ਪਵਿੱਤਰ ਯਾਤਰਾ ਇਸ ਸਾਲ 25 ਮਈ, 2025 ਤੋਂ ਸ਼ੁਰੂ ਹੋਵੇਗੀ। ਜਿਸ ਦੀ ਸ਼ੁਰੂਆਤ 22 ਮਈ, 2025 ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਹਿਲੇ ਜਥੇ ਦੀ ਰਵਾਨਗੀ ਨਾਲ ਹੋਵੇਗੀ।ਇਸ ਧਾਰਮਿਕ ਸਮਾਗਮ ਲਈ ਉੱਤਰਾਖੰਡ ਦੇ ਰਾਜਪਾਲ, ਲੈਫਟੀਨੈਂਟ ਜਨਰਲ (ਸੇਵਾਮੁਕਤ) ਸ੍ਰ. ਗੁਰਮੀਤ ਸਿੰਘ, ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਮੰਤਰੀ, ਸੰਤ ਸਮਾਜ ਅਤੇ ਹੋਰ ਪਤਵੰਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਕੰਪਲੈਕਸ, ਰਿਸ਼ੀਕੇਸ਼ ਵਿਖੇ ਪੁੱਜਣਗੇ।

# ਐਸ.ਜੀ.ਪੀ.ਸੀ. ਵੱਲੋਂ ਰਾਜੋਆਣਾ ਸਬੰਧੀ ਪਟੀਸ਼ਨ ਬਾਰੇ ਕਾਨੂੰਨੀ ਮਾਹਿਰਾਂ ਨਾਲ ਮੀਟਿੰਗ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 17 ਮਈ :ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਪਟੀਸ਼ਨ ਦੇ ਮਾਮਲੇ ਵਿੱਚ ਸੀਨੀਅਰ ਵਕੀਲਾਂ ਅਤੇ ਸਾਬਕਾ ਜੱਜਾਂ ਦੀ ਰਾਇ ਲੈਣ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਬ ਆਫਿਸ ਚੰਡੀਗੜ੍ਹ ਵਿੱਚ ਮੀਟਿੰਗ ਕੀਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪਟੀਸ਼ਨ ਸਬੰਧੀ ਲੰਬੀ ਵਿਚਾਰ ਚਰਚਾ ਹੋਈ। ਚਰਚਾ ਦੌਰਾਨ ਇਹ ਵਿਚਾਰ ਸਾਹਮਣੇ ਆਇਆ ਕਿ ਸਰਕਾਰ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ ਅਤੇ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ, ਸਗੋਂ ਦ੍ਰਿੜਤਾ ਨਾਲ ਅੱਗੇ ਵਧਣਾ ਚਾਹੀਦਾ ਹੈ। ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਸੰਜੀਦਾ ਮਾਮਲਾ ਹੈ, ਜਿਸ ਲਈ ਕੌਮੀ ਰਾਏ ਬਣਾਉਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਲੰਮੇ ਸਮੇਂ ਤੋਂ ਕਨੂੰਨੀ ਲੜਾਈ ਲੜ੍ਹ ਰਹੀ ਹੈ ਪਰ ਸਰਕਾਰਾਂ ਦੀ ਅੜੀ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਖ਼ਿਲਾਫ਼ ਭੁਗਤ ਰਹੀ ਹੈ।ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਮਾਮਲੇ ਬਾਰੇ ਫ਼ੈਸਲਾ ਲੈਣ ਲਈ ਕਹਿਣ ਦੇ ਬਾਵਜੂਦ ਵੀ ਸਰਕਾਰ ਦਾ ਰਵੱਈਆ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੀ ਕਾਰਜਸ਼ੈਲੀ ਵਿਚ ਸਾਰਿਆਂ ਨੂੰ ਇੱਕ ਸਮਾਨ ਜਾਨਣ ਪਰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਅਹਿਮ ਮਾਮਲੇ ਸਬੰਧੀ ਅਪਣਾਈ ਜਾ ਰਹੀ ਪਹੁੰਚ ਸਰਕਾਰ ਦੀ ਮਨਸ਼ਾ 'ਤੇ ਸਵਾਲ ਖੜ੍ਹੇ ਕਰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਦਿਨੀਂ ਜਦੋਂ ਭਾਈ ਰਾਜੋਆਣਾ ਨਾਲ ਮੁਲਾਕਾਤ ਕੀਤੀ ਗਈ ਸੀ ਤਾਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਕਿਹਾ ਸੀ। ਇਸ 'ਤੇ ਵਿਚਾਰ ਲਈ ਪਹਿਲਾਂ ਸਿੱਖ ਜਥੇਬੰਦੀਆਂ, ਸਿੱਖ ਬੁੱਧੀਜੀਵੀਆਂ ਅਤੇ ਫੈਡਰੇਸ਼ਨਾਂ ਨਾਲ ਮੀਟਿੰਗਾਂ ਕਰਕੇ ਵਿਚਾਰ ਲਏ ਗਏ ਹਨ। ਇਸੇ ਤਹਿਤ ਅੱਜ ਦੀ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਭਾਈ ਰਾਜੋਆਣਾ ਦਾ ਪਟੀਸ਼ਨ ਨੂੰ ਲੈ ਕੇ ਰੋਸ ਜਾਇਜ਼ ਹੈ ਅਤੇ ਉਹ ਆਪਣੇ ਅਕੀਦੇ 'ਤੇ ਦ੍ਰਿੜ ਹਨ ਪਰ ਇਸ ਮਾਮਲੇ 'ਚ ਜਲਦਬਾਜ਼ੀ ਨਾਲ (ਬਾਕੀ ਸਫਾ 2 'ਤੇ)

## ਪਾਕਿਸਤਾਨ ਦਾ ਝੂਠ ਆਲਮੀ ਪੱਧਰ 'ਤੇ ਹੋਵੇਗਾ ਬੇਨਕਾਬ !

# ਭਾਰਤ ਵਿਦੇਸ਼ਾਂ 'ਚ ਭੇਜੇਗਾ ਸਰਬ ਪਾਰਟੀ ਵ਼ਫਦ



ਸ਼ਸ਼ੀ ਥਰੂਰ, ਕਾਂਗਰਸ | ਰਵੀ ਸ਼ੰਕਰ ਪ੍ਰਸਾਦ, ਭਾਜਪਾ | ਸੰਜੇ ਕੁਮਾਰ ਝਾਅ, ਜੇਡੀਯੂ | ਬੈਜਯੰਤ ਪਾਂਡਾ, ਭਾਜਪਾ | ਕਨਿਮੋਝੀ ਕਰੁਣਾਨਿਧੀ ਡੀਐਮਕੇ | ਸੁਪ੍ਰੀਆ ਸੁਲੇ, ਐਨਸੀਪੀ | ਸ਼੍ਰੀਕਾਂਤ ਏਕਨਾਥ ਸ਼ਿੰਦੇ ਸ਼ਿਵ ਸੈਨਾ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 17 ਮਈ : ਪਾਕਿਸਤਾਨ ਸਮਰਥਤ ਅਤਿਵਾਦ ਦਾ ਵਿਸ਼ਵ ਮੰਚ 'ਤੇ ਪਰਦਾਫ਼ਾਸ਼ ਕਰਨ ਲਈ ਭਾਰਤ ਵੱਖੋ-ਵੱਖ ਦੇਸ਼ਾਂ 'ਚ ਕਈ ਸਰਬ ਪਾਰਟੀ ਵਫ਼ਦ ਭੇਜੇਗਾ। ਪਹਿਲਗਾਮ 'ਚ ਅਤਿਵਾਦੀ ਹਮਲੇ ਦੇ ਜਵਾਬ 'ਚ ਆਪਰੇਸ਼ਨ ਸਿੰਦੂਰ ਮਗਰੋਂ ਇਸ ਨੂੰ ਸਰਕਾਰ ਦੇ ਵੱਡੇ ਕੂਟਨੀਤਕ ਹਮਲੇ ਵਜੋਂ ਵੇਖਿਆ ਜਾ ਰਿਹਾ ਹੈ। ਇਸ ਬਾਰੇ ਵਿਰੋਧੀ ਧਿਰ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਸਰਕਾਰ ਨੇ ਸੂਚਿਤ ਕੀਤਾ ਹੈ ਅਤੇ ਕੁੱਝ ਪਾਰਟੀਆਂ ਨੇ ਕੂਟਨੀਤਕ ਅਭਿਆਸ ਲਈ ਅਪਣੇ ਮੈਂਬਰਾਂ ਦੀ ਮੌਜੂਦਗੀ ਨੂੰ ਵੀ ਹਰੀ ਝੰਡੀ ਦੇ ਦਿਤੀ ਹੈ। ਵਫ਼ਦ 10 ਦਿਨਾਂ ਦੀ ਮਿਆਦ ਲਈ ਵੱਖ-ਵੱਖ ਦੇਸ਼ਾਂ ਦਾ ਦੌਰਾ ਕਰਨਗੇ। ਸੰਸਦ ਮੈਂਬਰ ਸਰਕਾਰ ਵਲੋਂ ਨਿਰਧਾਰਤ ਦੇਸ਼ਾਂ ਦੇ ਵੱਖ-ਵੱਖ ਬਲਾਕਾਂ ਦਾ ਦੌਰਾ ਕਰਨਗੇ।

ਪਹਿਲਗਾਮ ਅੱਤਵਾਦੀ ਹਮਲੇ ਅਤੇ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ, ਭਾਰਤ ਸਰਕਾਰ ਇਸ ਮਹੀਨੇ ਦੇ ਅੰਤ ਵਿੱਚ ਮੁੱਖ ਭਾਈਵਾਲ ਦੇਸ਼ਾਂ ਨੂੰ ਸੱਤ ਮੈਂਬਰੀ ਸਰਬ-ਪਾਰਟੀ ਵਫ਼ਦ ਭੇਜੇਗੀ ਤਾਂ ਜੋ ਅੱਤਵਾਦ ਵਿਰੁੱਧ ਆਪਣੇ 'ਜ਼ੀਰੋ ਟੌਲਰੈਂਸ' ਦੇ ਸੰਦੇਸ਼ ਨੂੰ ਵਿਸ਼ਵ ਪੱਧਰ 'ਤੇ ਜ਼ੋਰਦਾਰ ਢੰਗ ਨਾਲ ਪਹੁੰਚਾਇਆ ਜਾ ਸਕੇ।

ਸੰਸਦੀ ਮਾਮਲਿਆਂ ਦੇ ਮੰਤਰਾਲੇ ਦੇ ਇੱਕ ਬਿਆਨ ਵਿੱਚ ਸ਼ਨੀਵਾਰ ਨੂੰ ਕਿਹਾ ਗਿਆ ਹੈ, 'ਇਹ ਸਰਬ-ਪਾਰਟੀ ਵਫ਼ਦ ਦੁਨੀਆ ਦੇ ਸਾਹਮਣੇ ਅੱਤਵਾਦ ਵਿਰੁੱਧ ਭਾਰਤ ਦੀ ਸਰਬਸੰਮਤੀ ਅਤੇ ਦ੍ਰਿੜ ਰਣਨੀਤੀ ਪੇਸ਼ ਕਰੇਗਾ।' ਉਹ ਅੱਤਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿਰੁੱਧ ਭਾਰਤ ਦੇ ਸਖ਼ਤ ਸਟੈਂਡ ਦਾ ਸੰਦੇਸ਼ ਲੈ ਕੇ ਜਾਣਗੇ।ਸਰਕਾਰ ਨੇ ਸਾਰੀਆਂ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੇ ਇਨ੍ਹਾਂ ਵਫ਼ਦਾਂ ਦੀ ਅਗਵਾਈ ਕਰਨ ਲਈ ਆਗੂਆਂ ਦੀ (ਬਾਕੀ ਸਫਾ 2 'ਤੇ)

## ਮੋਦੀ ਵੱਲੋਂ ਸ਼ਸ਼ੀ ਥਰੂਰ ਨੂੰ ਦਿੱਤੀ ਵੱਡੀ ਜ਼ਿੰਮੇਵਾਰੀ 'ਤੇ ਭੜਕੀ ਕਾਂਗਰਸ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 17 ਮਈ : ਭਾਰਤੀ ਫੌਜ ਵੱਲੋਂ ਚਲਾਏ ਗਏ ਆਪ੍ਰੇਸ਼ਨ ਸਿੰਦੂਰ ਵਿੱਚ ਕਈ ਵੱਡੇ ਅੱਤਵਾਦੀਆਂ ਦਾ ਸਫਾਇਆ ਕੀਤਾ ਗਿਆ ਹੈ। ਆਪ੍ਰੇਸ਼ਨ ਸਿੰਦੂਰ ਦੌਰਾਨ, ਭਾਰਤੀ ਫੌਜ ਨੇ 100 ਤੋਂ ਵੱਧ ਅੱਤਵਾਦੀਆਂ ਨੂੰ ਮਾਰ ਦਿੱਤਾ। ਹੁਣ ਇਸ ਤੋਂ ਬਾਅਦ ਭਾਰਤ ਪਾਕਿਸਤਾਨ ਨੂੰ ਵਿਸ਼ਵ ਪੱਧਰ 'ਤੇ ਬੇਨਕਾਬ ਕਰਨ ਦੀ ਯੋਜਨਾ ਬਣਾ ਰਿਹਾ ਹੈ। ਦਰਅਸਲ, ਮੋਦੀ ਸਰਕਾਰ ਨੇ ਇੱਕ ਰਣਨੀਤੀ ਬਣਾਈ ਹੈ ਅਤੇ ਐਨ.ਡੀ.ਏ. ਦੇ ਨਾਲ-ਨਾਲ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਇਹ ਸਾਰੇ ਸੰਸਦ ਮੈਂਬਰ ਵੱਖ-ਵੱਖ ਦੇਸ਼ਾਂ ਵਿੱਚ ਜਾਣਗੇ ਅਤੇ (ਬਾਕੀ ਸਫਾ 2 'ਤੇ)

## ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਮਾਮਲੇ 'ਚ ਸੁਣਵਾਈ ਮੁਲਤਵੀ

ਨਵੀਂ ਦਿੱਲੀ, 17 ਮਈ (ਚੜ੍ਹਦੀਕਲਾ ਬਿਊਰੋ): ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਦੀ ਇੱਕ ਵਿਸ਼ੇਸ਼ ਅਦਾਲਤ ਵਿੱਚ ਚੱਲ ਰਹੇ ਮਾਣਹਾਨੀ ਦੇ ਮਾਮਲੇ ਵਿੱਚ ਕਾਂਗਰਸ ਨੇਤਾ



ਅਤੇ ਰਾਏਬਰੇਲੀ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਦੀ ਸੁਣਵਾਈ ਸ਼ਨੀਵਾਰ ਨੂੰ ਮੁਲਤਵੀ ਕਰ ਦਿੱਤੀ ਗਈ। ਵਕੀਲਾਂ ਦੀ ਕਾਨੂੰਨੀ ਵਰਕਸ਼ਾਪ ਕਾਰਨ ਇਹ ਸੁਣਵਾਈ ਮੁਲਤਵੀ ਕਰ ਦਿੱਤੀ ਗਈ। ਸੁਲਤਾਨਪੁਰ ਦੀ ਸੰਸਦ ਮੈਂਬਰ-ਵਿਧਾਇਕ (ਐੱਮਪੀ/ ਐੱਮਐੱਲਏ) ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 2 ਜੂਨ ਨੂੰ ਤੈਅ ਕੀਤੀ ਹੈ।ਮਾਮਲੇ ਦੀ ਆਖ਼ਰੀ ਸੁਣਵਾਈ 28 ਅਪ੍ਰੈਲ ਨੂੰ ਹੋਈ ਸੀ। ਮੁੱਦਈ (ਬਾਕੀ ਸਫਾ 2 'ਤੇ)

## ਪਾਕਿਸਤਾਨ 'ਚ ਲਾਗੂ ਹੋਇਆ ਸਿੱਖ ਮੈਰਿਜ ਐਕਟ



ਚੜ੍ਹਦੀਕਲਾ ਬਿਊਰੋ

================

ਇਸਲਾਮਾਬਾਦ,17 ਮਈ : ਸਿੱਖ ਮੈਰਿਜ ਐਕਟ, ਜਿਸ ਨੂੰ ਰਸਮੀ ਤੌਰ 'ਤੇ 'ਆਨੰਦ ਕਾਰਜ ਮੈਰਿਜ ਐਕਟ' ਵੀ ਕਿਹਾ ਜਾਂਦਾ ਹੈ, ਸਿੱਖ ਧਰਮ ਦੇ ਪੈਰੋਕਾਰਾਂ ਦੇ ਵਿਆਹਾਂ ਨੂੰ ਕਾਨੂੰਨੀ ਦਰਜਾ ਦੇਣ ਲਈ ਪਾਸ ਕੀਤਾ ਗਿਆ ਇੱਕ ਕਾਨੂੰਨ ਹੈ। ਇਸ ਕਾਨੂੰਨ ਦੇ ਤਹਿਤ, ਸਿੱਖ ਭਾਈਚਾਰੇ ਦੇ ਲੋਕ ਆਪਣੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਆਪਣੇ ਵਿਆਹ ਦੀ ਰਜਿਸਟਰੇਸ਼ਨ ਕਰਵਾ ਸਕਣਗੇ।

ਇਸ ਤੋਂ ਪਹਿਲਾਂ, ਸਿੱਖ ਲੋਕਾਂ ਦੇ ਵਿਆਹ ਆਮ ਤੌਰ 'ਤੇ ਮੁਸਲਿਮ ਜਾਂ ਸਿਵਲੀਅਨ ਵਿਆਹ ਕਾਨੂੰਨਾਂ ਅਧੀਨ ਰਜਿਸਟਰ ਕੀਤੇ ਜਾਂਦੇ ਸਨ, ਜੋ ਕਿ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਦੇ ਅਨੁਸਾਰ ਨਹੀਂ ਸਨ। ਸਿੱਖ ਮੈਰਿਜ ਐਕਟ ਲਾਗੂ ਕਰ ਕੇ, ਨਾ ਸਿਰਫ਼ ਉਨ੍ਹਾਂ ਦੀ ਧਾਰਮਿਕ ਪਛਾਣ ਨੂੰ ਮਾਨਤਾ ਦਿੱਤੀ ਗਈ ਹੈ ਬਲਕਿ ਉਨ੍ਹਾਂ ਨੂੰ ਕਾਨੂੰਨੀ ਸੁਰੱਖਿਆ ਵੀ ਪ੍ਰਦਾਨ ਕੀਤੀ ਗਈ ਹੈ।

## ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਪਾਰਟੀ ਤੋਂ ਉਪਰ ਉਠ ਕੇ 'ਯੁੱਧ ਨਸ਼ਿਆਂ ਵਿਰੁੱਧ' ਮਹਿੰਮ ਦਾ ਸਾਥ ਦੇਣ ਦੀ ਅਪੀਲ

### ਨਸ਼ਾ ਤਸਕਰਾਂ ਵਿਰੁੱਧ ਜਾਰੀ ਰਹੇਗੀ ਬੁਲਡੋਜ਼ਰ ਮੁਹਿੰਮ: ਮੁੱਖ ਮੰਤਰੀ

ਵਿਸ਼ਾਲ ਸ਼ਰਮਾ

================

ਲੁਧਿਆਣਾ, 17 ਮਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਲੋਕਾਂ ਨੂੰ ਪਾਰਟੀ ਪੱਧਰ ਤੋਂ ਉਪਰ ਉਠ ਕੇ ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਸਾਥ ਦੇਣ ਦੀ ਅਪੀਲ ਕੀਤੀ। ਨਸ਼ਿਆਂ ਵਿਰੁੱਧ ਸੰਕਲਪ ਲੈਣ ਦੀ ਸਹੁੰ ਚੁਕਾਉਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਣਾ ਪਵੇਗਾ ਅਤੇ ਲੋਕਾਂ ਨੂੰ ਵੱਖ-ਵੱਖ ਪਾਰਟੀਆਂ ਨਾਲ ਸਿਆਸੀ ਨੇੜਤਾ ਅਨੁਸਾਰ ਨਹੀਂ ਵਿਚਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣਾ ਬਹੁਤ ਜ਼ਰੂਰੀ ਹੈ ਅਤੇ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ (ਬਾਕੀ ਸਫਾ 2 'ਤੇ)




## 'ਯੁੱਧ ਨਸ਼ਿਆਂ ਵਿਰੁੱਧ' ਦਾ ਦੇਸ਼ ਭਰ ਵਿੱਚ ਕੋਈ ਸਾਨੀ ਨਹੀਂ, ਕੇਜਰੀਵਾਲ ਦਾ ਦਾਅਵਾ

ਵਿਸ਼ਾਲ ਸ਼ਰਮਾ

================

ਲੁਧਿਆਣਾ, 17 ਮਈ : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੀ ਸ਼ਲਾਘਾ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਦਾ ਸਮਕਾਲੀ ਭਾਰਤੀ ਇਤਿਹਾਸ ਵਿੱਚ ਕੋਈ ਹੋਰ ਮੇਲ ਨਹੀਂ ਹੈ।ਨਸ਼ਾ ਮੁਕਤੀ ਯਾਤਰਾ ਦੌਰਾਨ (ਬਾਕੀ ਸਫਾ 2 'ਤੇ)

## ਸ਼ਾਹਬਾਜ਼ ਸ਼ਰੀਫ ਨੇ ਨੂਰ ਖ਼ਾਨ ਏਅਰਬੇਸ 'ਤੇ ਭਾਰਤ ਦੇ ਮਿਜ਼ਾਈਲ ਹਮਲਿਆਂ ਨੂੰ ਮੰਨਿਆ

ਚੜ੍ਹਦੀਕਲਾ ਬਿਊਰੋ

================



ਇਸਲਾਮਾਬਾਦ, 17 ਮਈ : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਰਾਵਲਪਿੰਡੀ ਦੇ ਨੂਰ ਖ਼ਾਨ ਏਅਰਬੇਸ ਅਤੇ ਹੋਰ ਥਾਵਾਂ 'ਤੇ ਭਾਰਤ ਦੇ ਸਟੀਕ ਮਿਜ਼ਾਈਲ ਹਮਲਿਆਂ ਨੂੰ ਸਵੀਕਾਰ ਕੀਤਾ ਹੈ, ਅਤੇ ਖੁਲਾਸਾ ਕੀਤਾ ਹੈ ਕਿ ਫ਼ੌਜ ਮੁਖੀ ਜਨਰਲ ਅਸੀਮ ਮੁਨੀਰ ਨੇ 9 ਅਤੇ 10 ਮਈ ਦੀ ਰਾਤ ਨੂੰ 2:30 ਵਜੇ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਆਪਰੇਸ਼ਨ ਸਿੰਦੂਰ ਦੌਰਾਨ ਹੋਏ ਹਮਲਿਆਂ ਬਾਰੇ ਜਾਣਕਾਰੀ ਦੇਣ ਲਈ ਫੋਨ ਕੀਤਾ ਸੀ।ਇਸਲਾਮਾਬਾਦ ਵਿੱਚ ਪਾਕਿਸਤਾਨ ਮੈਮੋਰੀਅਲ ਵਿਖੇ ਇੱਕ ਵਿਸ਼ੇਸ਼ 'ਯੌਮ-ਏ-ਤਸ਼ਕੂਰ' ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ਼ਾਹਬਾਜ਼ ਸ਼ਰੀਫ ਨੇ ਕਿਹਾ, "9-10 ਮਈ ਦੀ ਰਾਤ ਨੂੰ ਲਗਭਗ 2.30 ਵਜੇ ਫ਼ੌਜ ਮੁਖੀ ਅਸੀਮ ਮੁਨੀਰ ਨੇ ਮੈਨੂੰ ਇੱਕ ਸੁਰੱਖਿਅਤ ਲਾਈਨ 'ਤੇ ਫ਼ੋਨ ਕੀਤਾ ਤੇ ਦੱਸਿਆ ਕਿ ਭਾਰਤੀ ਬੈਲਿਸਟਿਕ ਮਿਜ਼ਾਈਲਾਂ ਨੇ ਨੂਰ ਖ਼ਾਨ ਏਅਰਬੇਸ ਅਤੇ ਹੋਰ ਖੇਤਰਾਂ ਨੂੰ ਨਿਸ਼ਾਨਾ ਬਣਾਇਆ ਹੈ।" 10 ਮਈ ਨੂੰ, ਪਾਕਿਸਤਾਨ ਨੇ ਦਾਅਵਾ ਕੀਤਾ ਸੀ ਕਿ ਉਸਦੇ ਤਿੰਨ ਏਅਰਬੇਸਾਂ ਨੂੰ ਭਾਰਤੀ ਮਿਜ਼ਾਈਲਾਂ ਅਤੇ ਡਰੋਨਾਂ ਨੇ ਨਿਸ਼ਾਨਾ ਬਣਾਇਆ ਸੀ। ਪਾਕਿਸਤਾਨੀ ਫ਼ੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ (ਬਾਕੀ ਸਫਾ 2 'ਤੇ)

## ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਹਰਿਆਣਾ ਦੀ ਯੂਟਿਊਬਰ ਗ੍ਰਿਫ਼ਤਾਰ

ਚੜ੍ਹਦੀਕਲਾ ਬਿਊਰੋ

================

ਹਿਸਾਰ,17 ਮਈ: ਹਿਸਾਰ ਪੁਲਿਸ ਨੇ ਇੱਕ ਟਰੈਵਲ ਵਲੌਗਰ ਅਤੇ ਹਿਸਾਰ ਕਸਬੇ ਦੀ ਰਹਿਣ ਵਾਲੀ ਯੂਟਿਊਬਰ ਜੋਤੀ ਮਲਹੋਤਰਾ ਨੂੰ ਕਥਿਤ ਤੌਰ 'ਤੇ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਕੇਂਦਰੀ ਖ਼ੁਫ਼ੀਆ ਏਜੰਸੀ ਤੋਂ ਪ੍ਰਾਪਤ ਜਾਣਕਾਰੀ ਅਤੇ ਹਿਸਾਰ ਪੁਲਿਸ ਦੇ ਸੀ.ਆਈ.ਏ. ਸਟਾਫ ਵੱਲੋਂ ਕੀਤੀ ਗਈ ਪੁੱਛ ਪੜਤਾਲ ਤੋਂ ਬਾਅਦ ਜੋਤੀ ਨੂੰ ਨਿਊ ਅਗਰਸੈਨ ਐਕਸਟੈਂਸ਼ਨ ਸਥਿਤ ਉਸ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹਿਸਾਰ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਵਿੱਚ ਦਰਜ ਐੱਫ.ਆਈ.ਆਰ. ਅਨੁਸਾਰ ਜੋਤੀ 'ਟਰੈਵਲ ਵਿੱਦ ਜੋ' ਨਾਮ ਹੇਠ ਇੱਕ ਯੂਟਿਊਬ ਟਰੈਵਲ ਚੈਨਲ ਚਲਾਉਂਦੀ ਹੈ। ਉਸ ਨੇ 2023 ਵਿੱਚ ਪਾਕਿਸਤਾਨ ਦੀ ਆਪਣੀ ਯਾਤਰਾ ਦੌਰਾਨ ਪਾਕਿਸਤਾਨੀ ਨਾਗਰਿਕਾਂ ਅਤੇ




ਖ਼ੁਫ਼ੀਆ ਏਜੰਸੀਆਂ ਨਾਲ ਸੰਪਰਕ ਬਣਾਏ ਸਨ। ਐੱਫ.ਆਈ.ਆਰ. ਅਨੁਸਾਰ ਜੋਤੀ ਮਲਹੋਤਰਾ ਨੇ ਖੁਲਾਸਾ ਕੀਤਾ ਕਿ ਉਹ ਸ਼ੁਰੂ ਵਿੱਚ ਵੀਜ਼ਾ ਲਈ ਅਰਜ਼ੀ ਦੇਣ (ਬਾਕੀ ਸਫਾ 2 'ਤੇ)

## ਓਡੀਸ਼ਾ 'ਚ ਬਿਜਲੀ ਡਿੱਗਣ ਨਾਲ 14 ਲੋਕਾਂ ਦੀ ਮੌਤ, 6 ਦੀ ਹਾਲਤ ਗੰਭੀਰ

ਭੁਵਨੇਸ਼ਵਰ, 17 ਮਈ (ਚੜ੍ਹਦੀਕਲਾ ਬਿਊਰੋ) : ਓਡੀਸ਼ਾ 'ਚ ਬਿਜਲੀ ਡਿੱਗਣ ਨਾਲ 14 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਛੇ ਹੋਰ ਲੋਕ ਗੰਭੀਰ ਹਾਲਤ ਵਿਚ ਹਸਪਤਾਲਾਂ ਵਿਚ ਇਲਾਜ ਅਧੀਨ ਹਨ। ਮ੍ਰਿਤਕਾਂ ਦੀ ਪਛਾਣ ਬੁਦਰੀ ਮਡਿੰਗਾ (60), ਕਾਸਾ ਮਡਿੰਗਾ (16) ਅਤੇ ਅੰਬਿਕਾ ਕਾਸ਼ੀ (35) ਵਜੋਂ ਹੋਈ ਹੈ। ਬੁਦਰੀ ਦੇ ਪਤੀ ਹਿੰਗੂ ਮਡਿੰਗਾ ਅਤੇ ਪੰਜ ਹੋਰਾਂ ਨੂੰ ਗੰਭੀਰ ਹਾਲਤ ਵਿਚ ਲਖੀਮਪੁਰ ਦੇ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.) ਵਿਚ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਕੋਰਾਪੁਟ ਜ਼ਿਲ੍ਹੇ ਦੇ ਲਕਸ਼ਮੀਪੁਰ ਬਲਾਕ ਅਧੀਨ ਓਡੀਆਪੇਠ ਗ੍ਰਾਮ ਪੰਚਾਇਤ ਦੇ ਪਾਰਟੀਗੁਡਾ ਪਿੰਡ ਵਿਚ ਸ਼ੁਕਰਵਾਰ ਸ਼ਾਮ ਨੂੰ ਕਾਲਬੈਸਾਖੀ ਕਾਰਨ ਤੇਜ਼ ਮੀਂਹ ਨਾਲ (ਬਾਕੀ ਸਫਾ 2 'ਤੇ)

## ਮੋਗਾ ਮੀਟਿੰਗ ਨੇ ਸੂਬੇ ਭਰ ਦੇ ਅਕਾਲੀ ਵਰਕਰਾਂ ਦੀ ਅਣਥੱਕ ਮਿਹਨਤ ਦੇ ਨਤੀਜੇ 'ਤੇ ਮੋਹਰ ਲਗਾਈ: ਇਯਾਲੀ



ਅੰਮ੍ਰਿਤਪਾਲ ਸਿੰਘ

================

ਚੰਡੀਗੜ੍ਹ, 17 ਮਈ :ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣੀ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਦੀ ਅਗਵਾਈ ਹੇਠ ਵੱਡੀ ਸਿਆਸੀ ਕਾਨਫਰੰਸ ਦਾ ਰੂਪ ਧਾਰਨ ਕਰਦੀ ਅਹਿਮ ਮੀਟਿੰਗ ਮੋਗਾ ਵਿੱਚ ਹੋਈ। ਮੀਟਿੰਗ ਨੂੰ ਵੱਡੇ ਜਲਸੇ ਵਿੱਚ ਬਦਲਨ ਵਿੱਚ ਜਿੱਥੇ ਸਮੁੱਚੇ ਜ਼ਿਲੇ ਦੇ ਅਕਾਲੀ ਜੱਥੇ ਦਾ ਯੋਗਦਾਨ ਰਿਹਾ ਉਥੇ ਹੀ ਮਰਹੂਮ ਜੱਥੇਦਾਰ ਤੋਤਾ ਸਿੰਘ ਦੇ ਬੇਟੇ ਬਰਜਿੰਦਰ ਸਿੰਘ ਬਰਾੜ ਤੋਂ ਇਲਾਵਾ ਜਗਤਾਰ ਸਿੰਘ ਬਰਾੜ ਸਪੁੱਤਰ ਮਰਹੂਮ ਸਾਧੂ ਸਿੰਘ ਰਾਜੇਆਣਾ, ਬਲਦੇਵ ਸਿੰਘ ਮਾਣੂੰਕੇ ,ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ ਅਤੇ ਜ਼ਿਲ੍ਹਾ ਜੱਥਾ ਪ੍ਰਧਾਨ ਅਮਰਜੀਤ ਸਿੰਘ ਲੰਡੇਕੇ ਅਤੇ ਸਮੁੱਚੀ ਲੀਡਰਸ਼ਿਪ ਦੀ ਸਖ਼ਤ ਮਿਹਨਤ ਰਹੀ। ਇਸ ਵੱਡੀ ਸਿਆਸੀ ਕਾਨਫਰੰਸ ਬਣੀ ਮੀਟਿੰਗ ਨੂੰ (ਬਾਕੀ ਸਫਾ 2 'ਤੇ)

## ਅਸਾਮ 'ਚ 1500 ਕਿਲੋਗ੍ਰਾਮ ਦੇ ਕਰੀਬ ਨਸ਼ੀਲੇ ਪਦਾਰਥ ਜ਼ਬਤ, 3 ਗ੍ਰਿਫ਼ਤਾਰ

ਗੁਹਾਟੀ, 17 ਮਈ (ਚੜ੍ਹਦੀਕਲਾ ਬਿਊਰੋ) : ਅਸਾਮ ਪੁਲਿਸ ਨੇ ਦੋ ਵੱਖ-ਵੱਖ ਕਾਰਵਾਈਆਂ ਵਿਚ ਲਗਭਗ 1,500 ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ। ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ 'ਐਕਸ' 'ਤੇ ਦੋ ਵੱਡੀਆਂ ਕਾਰਵਾਈਆਂ ਦੇ ਵੇਰਵੇ ਸਾਂਝੇ ਕਰਦੇ ਹੋਏ ਕਿਹਾ, ਦੋ ਵੱਖ-ਵੱਖ ਕਾਰਵਾਈਆਂ ਦੌਰਾਨ ਗੋਲਾਘਾਟ ਪੁਲਿਸ ਨੇ 3 ਕਰੋੜ ਰੁਪਏ ਦੀ 512.58 ਗ੍ਰਾਮ ਹੈਰੋਇਨ ਜ਼ਬਤ ਕੀਤੀ ਅਤੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।" ਉਨ੍ਹਾਂ ਦੱਸਿਆ ਕਿ ਇਕ ਹੋਰ ਮਾਮਲੇ ਵਿਚ ਕੋਕਰਾਝਾਰ ਪੁਲਿਸ ਵੱਲੋਂ 963.19 ਕਿਲੋਗ੍ਰਾਮ ਗਾਂਜਾ ਜ਼ਬਤ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸਾਡੀ ਨਿਰੰਤਰ ਮੁਹਿੰਮ ਜਾਰੀ ਰਹੇਗੀ।






### 'ਯੁੱਧ ਨਸ਼ਿਆਂ ਵਿਰੁੱਧ' ਦਾ 77ਵਾਂ ਦਿਨ

# 2.5 ਕਿਲੋਗ੍ਰਾਮ ਹੈਰੋਇਨ, 46 ਲੱਖ ਦੀ ਡਰੱਗ ਮਨੀ ਸਮੇਤ 250 ਨਸ਼ਾ ਤਸਕਰ ਕਾਬੂ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 17 ਮਈ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ 77ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 250 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.5 ਕਿਲੋ ਹੈਰੋਇਨ, 19 ਕੁਇੰਟਲ ਭੁੱਕੀ ਅਤੇ 46 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, 77 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 11,746 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜਿਲਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

### 'ਡੀ-ਅਡਿਕਸ਼ਨ' ਹਿੱਸੇ ਵਜੋਂ ਪੰਜਾਬ ਪੁਲਿਸ ਨੇ 93 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਲਈ ਪ੍ਰੇਰਿਆ

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 102 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1800 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 250 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 516 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 117 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 590 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਵੱਲੋਂ ਇਸ ਰਣਨੀਤੀ ਦੇ 'ਡੀ-ਅਡਿਕਸ਼ਨ' ਹਿੱਸੇ ਵਜੋਂ 93 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਪ੍ਰੇਰਿਆ ਗਿਆ ਹੈ।

## ਜੰਗ ਦੌਰਾਨ ਇਜ਼ਰਾਇਲੀ ਫ਼ੌਜ ਨੂੰ ਏ.ਆਈ. ਸੇਵਾਵਾਂ ਦਿੱਤੀਆਂ: ਮਾਈਕਰੋਸਾਫ਼ਟ

ਵਾਸ਼ਿੰਗਟਨ, 17 ਮਈ (ਚੜ੍ਹਦੀਕਲਾ ਬਿਊਰੋ) : ਤਕਨਾਲੋਜੀ ਖੇਤਰ ਦੀ ਵਿਸ਼ਾਲ ਕੰਪਨੀ 'ਮਾਈਕਰੋਸਾਫਟ' ਨੇ ਮੰਨਿਆ ਹੈ ਕਿ ਉਸ ਨੇ ਗਾਜ਼ਾ ਵਿਚ ਚੱਲ ਰਹੀ ਜੰਗ ਦੌਰਾਨ ਇਜ਼ਰਾਇਲੀ ਫੌਜ ਨੂੰ ਉੱਨਤ ਮਸਨੂਈ ਬੌਧਿਕਤਾ (ਏਆਈ) ਅਤੇ 'ਕਲਾਊਡ ਕੰਪਿਊਟਿੰਗ' ਸੇਵਾਵਾਂ ਵੇਚੀਆਂ ਹਨ। ਇਹ ਸੇਵਾਵਾਂ ਇਜ਼ਰਾਇਲੀ ਬੰਧਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਮਦਦਗਾਰ ਸਾਬਤ ਹੋਈਆਂ। ਹਾਲਾਂਕਿ, ਕੰਪਨੀ ਨੇ ਇਹ ਵੀ ਕਿਹਾ ਕਿ ਉਸ ਨੂੰ ਅਜੇ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਉਸ ਦੇ Azure platform ਜਾਂ ਏਆਈ ਤਕਨੀਕਾਂ ਦੀ ਵਰਤੋਂ ਗਾਜ਼ਾ ਵਿਚ ਲੋਕਾਂ ਨੂੰ ਨਿਸ਼ਾਨਾ ਬਣਾਉਣ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ ਗਈ ਹੋਵੇ।ਮਾਈਕ੍ਰੋਸਾਫਟ ਨੇ ਆਪਣੀ ਕਾਰਪੋਰੇਟ (ਬਾਕੀ ਸਫਾ 2 'ਤੇ)




## ਭਾਰਤ ਵਿਦੇਸ਼ਾਂ 'ਚ ਭੇਜੇਗਾ

ਚੋਣ ਕੀਤੀ ਹੈ, ਜੋ ਕਿ ਵੱਖ-ਵੱਖ ਵਿਚਾਰਧਾਰਕ ਪਿਛੋਕੜਾਂ ਤੋਂ ਹਨ।

ਆਪ੍ਰੇਸ਼ਨ ਸਿੰਦੂਰ ਅਤੇ ਸਰਹੱਦ ਪਾਰ ਅੱਤਵਾਦ ਵਿਰੁੱਧ ਭਾਰਤ ਦੀ ਨਿਰੰਤਰ ਲੜਾਈ ਦੇ ਸੰਦਰਭ ਵਿੱਚ, ਸੱਤ ਸਰਬ-ਪਾਰਟੀ ਵਫ਼ਦ ਇਸ ਮਹੀਨੇ ਦੇ ਅੰਤ ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ ਸਮੇਤ ਮੁੱਖ ਭਾਈਵਾਲ ਦੇਸ਼ਾਂ ਦਾ ਦੌਰਾ ਕਰਨ ਲਈ ਤਿਆਰ ਹਨ। ਸੰਸਦ ਦੇ ਹੇਠ ਲਿਖੇ ਮੈਂਬਰ ਸੱਤ ਵਫ਼ਦਾਂ ਦੀ ਅਗਵਾਈ ਕਰਨਗੇ:

## ਮੋਦੀ ਵੱਲੋਂ ਸ਼ਸ਼ੀ ਥਰੂਰ ਨੂੰ ਦਿੱਤੀ ਵੱਡੀ

ਪਾਕਿਸਤਾਨ ਦੁਆਰਾ ਸਪਾਂਸਰ ਕੀਤੇ ਅੱਤਵਾਦ ਦਾ ਪਰਦਾਫਾਸ਼ ਕਰਨਗੇ। ਹਾਲਾਂਕਿ, ਸਰਕਾਰ ਦੇ ਇਸ ਫੈਸਲੇ 'ਤੇ ਹੁਣ ਰਾਜਨੀਤੀ ਤੇਜ਼ ਹੋ ਗਈ ਹੈ। ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਸਰਕਾਰ 'ਤੇ ਖੇਡ ਖੇਡਣ ਦਾ ਦੋਸ਼ ਲਗਾਇਆ ਹੈ। ਕਾਂਗਰਸ ਨੇ ਇਹ ਦੋਸ਼ ਉਸ ਸਮੇਂ ਲਗਾਇਆ ਹੈ ਜਦੋਂ ਸ਼ਸ਼ੀ ਥਰੂਰ ਨੂੰ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਦਾ ਭਾਰਤ ਦਾ ਸੁਨੇਹਾ ਦੇਣ ਲਈ ਮੁੱਖ ਭਾਈਵਾਲ ਦੇਸ਼ਾਂ ਦਾ ਦੌਰਾ ਕਰਨ ਵਾਲੇ ਵਫ਼ਦ ਦਾ ਮੁਖੀ ਬਣਾਇਆ ਗਿਆ ਸੀ। ਤੁਹਾਨੂੰ ਦੱਸ ਦੇਈਏ ਕਿ ਕਾਂਗਰਸ ਵੱਲੋਂ ਨਾਮਜ਼ਦ ਕੀਤੇ ਗਏ ਚਾਰ ਆਗੂਆਂ ਵਿੱਚ ਸ਼ਸ਼ੀ ਥਰੂਰ ਦਾ ਨਾਮ ਸ਼ਾਮਲ ਨਹੀਂ ਸੀ। ਸ਼ਨੀਵਾਰ ਨੂੰ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸ਼ਸ਼ੀ ਥਰੂਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਹੋਣਾ ਅਤੇ ਕਾਂਗਰਸ ਦਾ ਹੋਣਾ ਬਹੁਤ ਫ਼ਰਕ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਾਰਟੀ ਦੇ ਸੀਨੀਅਰ ਨੇਤਾ ਸਲਮਾਨ ਖੁਰਸ਼ੀਦ ਨਾਲ ਵੀ ਸੰਪਰਕ ਕੀਤਾ ਹੈ ਅਤੇ ਉਨ੍ਹਾਂ ਨੂੰ ਦੱਸਿਆ ਹੈ ਕਿ ਪਾਰਟੀ ਨੂੰ ਫੈਸਲਾ ਲੈਣਾ ਪਵੇਗਾ। ਕਾਂਗਰਸ ਨੇ ਕਿਹਾ ਕਿ ਸਰਕਾਰ ਨੇ ਉਸਨੂੰ ਅੱਤਵਾਦ 'ਤੇ ਭਾਰਤ ਦੇ ਸਟੈਂਡ ਨੂੰ ਪਾਕਿਸਤਾਨ ਤੱਕ ਪਹੁੰਚਾਉਣ ਲਈ ਵਿਦੇਸ਼ ਭੇਜੇ ਜਾਣ ਵਾਲੇ ਸਰਬ-ਪਾਰਟੀ ਵਫ਼ਦ ਲਈ ਚਾਰ ਸੰਸਦ ਮੈਂਬਰਾਂ ਦੇ ਨਾਮ ਸੌਂਪਣ ਲਈ ਕਿਹਾ ਸੀ ਅਤੇ ਇਸਨੇ ਆਨੰਦ ਸ਼ਰਮਾ, ਗੌਰਵ ਗੋਗੋਈ, ਸਈਦ ਨਸੀਰ ਹੁਸੈਨ ਅਤੇ ਅਮਰਿੰਦਰ ਸਿੰਘ ਰਾਜਾ ਵਾਰਿੰਗ ਨੂੰ ਨਾਮਜ਼ਦ ਕੀਤਾ ਸੀ। ਕਿਰਪਾ ਕਰਕੇ ਧਿਆਨ ਦਿਓ ਕਿ ਸ਼ਸ਼ੀ ਥਰੂਰ ਦਾ ਨਾਮ ਇਸ ਸੂਚੀ ਵਿੱਚ ਨਹੀਂ ਸੀ, ਇਸ ਦੇ ਬਾਵਜੂਦ, ਸਰਕਾਰ ਨੇ ਉਨ੍ਹਾਂ ਦਾ ਨਾਮ ਸੁਝਾਇਆ ਹੈ। ਅੱਜ ਇੱਕ ਮੀਡੀਆ ਬ੍ਰੀਫਿੰਗ ਦੌਰਾਨ, ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸਰਕਾਰ 'ਤੇ ਹਮਲਾ ਬੋਲਿਆ ਅਤੇ ਕਿਹਾ ਕਿ ਤੁਸੀਂ ਪਾਰਟੀ ਨਾਲ ਸਲਾਹ ਕੀਤੇ ਬਿਨਾਂ (ਵਫ਼ਦ ਵਿੱਚ) ਸੰਸਦ ਮੈਂਬਰਾਂ ਦੇ ਨਾਮ ਸ਼ਾਮਲ ਨਹੀਂ ਕਰ ਸਕਦੇ। ਰਮੇਸ਼ ਨੇ ਕਿਹਾ ਕਿ ਇੱਕ ਲੋਕਤੰਤਰੀ ਪ੍ਰਣਾਲੀ ਵਿੱਚ, ਜੇਕਰ ਕਿਸੇ ਵੀ ਵਿਅਕਤੀਗਤ ਸੰਸਦ ਮੈਂਬਰ ਨੂੰ ਅਧਿਕਾਰਤ ਵਫ਼ਦ ਵਿੱਚ ਭੇਜਿਆ ਜਾਂਦਾ ਹੈ, ਤਾਂ ਸੰਸਦ ਮੈਂਬਰਾਂ ਨੂੰ ਪਾਰਟੀ ਤੋਂ ਇਜਾਜ਼ਤ ਲੈਣੀ ਚਾਹੀਦੀ ਹੈ। ਜੈਰਾਮ ਰਮੇਸ਼ ਨੇ ਸਰਕਾਰ 'ਤੇ ਨਾਰਦ ਮੁਨੀ ਦੀ ਰਾਜਨੀਤੀ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਤੋਂ ਨਾਮ ਮੰਗਣਾ ਬੇਈਮਾਨੀ ਅਤੇ ਸਰਾਸਰ ਸ਼ਰਾਰਤ ਹੈ ਜਦੋਂ ਕਿ ਪੂਰੀ ਸੰਭਾਵਨਾ ਹੈ ਕਿ ਉਨ੍ਹਾਂ ਨੇ ਪਹਿਲਾਂ ਹੀ ਨਾਵਾਂ ਨੂੰ ਅੰਤਿਮ ਰੂਪ ਦੇ ਦਿੱਤਾ ਸੀ। ਕਾਂਗਰਸੀ ਆਗੂ ਨੇ ਇਹ ਵੀ ਦੋਸ਼ ਲਗਾਇਆ ਕਿ ਵਫ਼ਦ ਦੀ ਪੂਰੀ ਕਾਰਵਾਈ ਇੱਕ ਧਿਆਨ ਭਟਕਾਉਣ ਵਾਲੀ ਅਤੇ ਸਤਹੀ ਕਾਰਵਾਈ ਸੀ। ਉਨ੍ਹਾਂ ਇਹ ਵੀ ਸਪੱਸ਼ਟ ਤੌਰ 'ਤੇ ਕਿਹਾ ਕਿ ਕਾਂਗਰਸ ਸਰਕਾਰ ਨੂੰ ਭੇਜੇ ਗਏ ਚਾਰ ਨਾਵਾਂ 'ਤੇ ਮੁੜ ਵਿਚਾਰ ਨਹੀਂ ਕਰੇਗੀ।

## ਸ਼ਾਹਬਾਜ਼ ਸ਼ਰੀਫ ਨੇ ਨੂਰ ਖ਼ਾਨ ਏਅਰਬੇਸ

ਇਸਲਾਮਾਬਾਦ ਵਿੱਚ ਸਵੇਰੇ 4 ਵਜੇ ਦੇ ਕਰੀਬ ਇੱਕ ਕਾਹਲੀ ਵਿੱਚ ਬੁਲਾਈ ਗਈ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਪਾਕਿਸਤਾਨੀ ਹਵਾਈ ਫ਼ੌਜ ਦੇ ਨੂਰ ਖਾਨ (ਚਕਲਾਲਾ, ਰਾਵਲਪਿੰਡੀ), ਮੁਰੀਦ (ਚਕਵਾਲ) ਅਤੇ ਰਫੀਕੀ (ਝੰਗ ਜ਼ਿਲ੍ਹੇ ਵਿੱਚ ਸ਼ੋਰਕੋਟ) ਹਵਾਈ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਮੈਕਸਰ ਟੈਕਨਾਲੋਜੀਜ਼ ਦੁਆਰਾ ਲਈਆਂ ਗਈਆਂ ਹਾਲੀਆ ਸੈਟੇਲਾਈਟ ਤਸਵੀਰਾਂ ਤੋਂ ਪਤਾ ਲੱਗਾ ਹੈ ਕਿ ਕਈ ਪਾਕਿਸਤਾਨੀ ਏਅਰਬੇਸਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਤਸਵੀਰਾਂ ਵਿੱਚ ਚਾਰ ਪਾਕਿਸਤਾਨੀ ਏਅਰਬੇਸ ਨੂੰ ਨੁਕਸਾਨ ਹੋਇਆ ਹੈ: ਰਾਵਲਪਿੰਡੀ ਵਿੱਚ ਨੂਰ ਖਾਨ ਏਅਰਬੇਸ, ਸਰਗੋਧਾ ਵਿੱਚ ਪੀਏਐਫ ਬੇਸ ਮੁਸ਼ਫ, ਭੋਲਾਰੀ ਏਅਰਬੇਸ ਅਤੇ ਜੈਕਬਾਬਾਦ ਵਿੱਚ ਪੀਏਐਫ ਬੇਸ ਸ਼ਾਹਬਾਜ਼।

## ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਮਾਮਲੇ 'ਚ

ਵਿਜੇ ਮਿਸ਼ਰਾ ਦੇ ਵਕੀਲ ਸੰਤੋਸ਼ ਕੁਮਾਰ ਪਾਂਡੇ ਨੇ ਕਿਹਾ ਕਿ ਵਕੀਲਾਂ ਦੀ ਕਾਨੂੰਨੀ ਵਰਕਸ਼ਾਪ ਕਾਰਨ ਸਾਰੇ ਵਕੀਲ ਕੰਮ ਤੋਂ ਦੂਰ ਰਹੇ, ਜਿਸ ਕਾਰਨ ਸੁਣਵਾਈ ਮੁਲਤਵੀ ਕਰਨੀ ਪਈ। ਪਿਛਲੀ ਸੁਣਵਾਈ ਵਿੱਚ ਪਾਂਡੇ ਨੇ ਕੋਤਵਾਲੀ ਦੇਹਾਤ ਦੇ ਪੀਤਾਂਬਰਪੁਰ ਕਾਲਾ ਪਿੰਡ ਦੇ ਰਹਿਣ ਵਾਲੇ ਅਨਿਲ ਮਿਸ਼ਰਾ ਨੂੰ ਅਦਾਲਤ ਵਿੱਚ ਗਵਾਹ ਵਜੋਂ ਪੇਸ਼ ਕੀਤਾ ਸੀ। ਰਾਹੁਲ ਗਾਂਧੀ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ ਪਰ ਇਹ ਪੁੱਛਗਿੱਛ ਪੂਰੀ ਨਹੀਂ ਹੋ ਸਕੀ।

## ਐਸ.ਜੀ.ਪੀ.ਸੀ. ਵੱਲੋਂ ਰਾਜੋਆਣਾ ਸਬੰਧੀ

ਫ਼ੈਸਲਾ ਲੈਣਾ ਠੀਕ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਪੰਥ ਦਾ ਨੁਮਾਇੰਦਾ ਇਕੱਠ ਬੁਲਾ ਕੇ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ। ਮੀਟਿੰਗ ਵਿੱਚ ਜਸਟਿਸ ਮਨਿੰਦਰਮੋਹਨ ਸਿੰਘ ਬੇਦੀ ਸਾਬਕਾ ਜੱਜ, ਸੀਨੀਅਰ ਵਕੀਲ ਐਡਵੋਕੇਟ ਪੂਰਨ ਸਿੰਘ ਹੁੰਦਲ, ਐਡਵੋਕੇਟ ਜੀਐਸ ਬੱਲ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਕਾਹਨ ਸਿੰਘ ਪੰਨੂੰ ਸਾਬਕਾ ਆਈਏਐਸ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੀਨੀਅਰ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਪਰਮਜੀਤ ਸਿੰਘ ਬਰਾੜ, ਐਡਵੋਕੇਟ ਬਲਤੇਜ ਸਿੰਘ ਸਾਬਕਾ ਡੀਏ, ਐਡਵੋਕੇਟ ਬਲਵੰਤ ਸਿੰਘ ਗੁਲਿਆਨੀ, ਡਾ. ਪੁਨੀਤ ਕੌਰ ਸੇਖੋਂ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ ਬਲਵਿੰਦਰ ਸਿੰਘ ਸੂਦਨ, ਐਡਵੋਕੇਟ ਹਰਭਜਨ ਸਿੰਘ ਥਾਂਦੀ, ਐਡਵੋਕੇਟ ਰਾਜੇਸ਼ਵਰ ਸਿੰਘ ਸੂਲਰ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਹਾਜ਼ਰ ਸਨ।

## ਪਾਕਿਸਤਾਨ ਲਈ ਜਾਸੂਸੀ ਕਰਨ

ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਗਈ ਸੀ, ਜਿੱਥੇ ਉਹ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ ਨੂੰ ਮਿਲੀ। ਮੁਲਾਕਾਤ ਮਗਰੋਂ ਉਹ ਉਸ ਦੇ ਸੰਪਰਕ ਵਿੱਚ ਰਹੀ ਅਤੇ ਬਾਅਦ ਵਿੱਚ ਦੋ ਵਾਰ ਪਾਕਿਸਤਾਨ ਗਈ। ਆਪਣੀਆਂ ਪਾਕਿਸਤਾਨੀ ਫੇਰੀਆਂ ਦੌਰਾਨ ਉਹ ਅਲੀ ਅਹਵਾਨ ਨਾਂ ਦੇ ਇੱਕ ਵਿਅਕਤੀ ਨੂੰ ਮਿਲੀ, ਜਿਸ ਨੇ ਉਸ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਅਤੇ ਪਾਕਿਸਤਾਨ ਦੀਆਂ ਖੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕਰਵਾਇਆ। ਐਫ.ਆਈ.ਆਰ. ਵਿੱਚ ਕਿਹਾ ਗਿਆ ਹੈ ਕਿ ਮੁਲਜ਼ਮ ਜੋਤੀ ਦੋ ਹੋਰ ਵਿਅਕਤੀਆਂ ਨੂੰ ਵੀ ਮਿਲੀ, ਜਿਨ੍ਹਾਂ ਦੀ ਪਛਾਣ ਸ਼ਾਕਿਰ ਅਤੇ ਰਾਣਾ ਸ਼ਾਹਬਾਜ਼ ਵਜੋਂ ਕੀਤੀ ਗਈ ਹੈ। ਉਸ ਨੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਝੂਠੀ ਪਛਾਣ ਹੇਠ ਸੁਰੱਖਿਅਤ ਕੀਤੀ। ਭਾਰਤ ਵਾਪਸ ਆਉਣ 'ਤੇ ਉਹ ਵਟਸਐਪ, ਸਨੈਪਚੈਟ ਅਤੇ ਟੈਲੀਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਉਨ੍ਹਾਂ ਦੇ ਸੰਪਰਕ ਵਿੱਚ ਰਹੀ। ਜੋਤੀ ਖ਼ਿਲਾਫ਼ ਉਨ੍ਹਾਂ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦਾ ਦੋਸ਼ ਹੈ, ਜਿਸ ਨਾਲ ਦੇਸ਼ ਦੀ ਅਖੰਡਤਾ ਅਤੇ ਸੁਰੱਖਿਆ ਲਈ ਖ਼ਤਰਾ ਪੈਦਾ ਹੋਇਆ। ਪੁਲੀਸ ਨੇ ਜੋਤੀ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁੱਛ ਪੜਤਾਲ ਦੌਰਾਨ ਉਸ ਦੇ ਇਕਬਾਲੀਆ ਬਿਆਨ ਕਾਰਨ ਜੋਤੀ ਨੂੰ ਪੰਜ ਦਿਨਾਂ ਲਈ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਕੇਸ ਨੂੰ ਹੋਰ ਜਾਂਚ ਲਈ ਆਰਥਿਕ ਅਪਰਾਧ ਸ਼ਾਖਾ ਨੂੰ ਤਬਦੀਲ ਕਰ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਇੰਸਪੈਕਟਰ ਨਿਰਮਲਾ ਨੂੰ ਸੌਂਪੀ ਗਈ ਹੈ ਅਤੇ ਮੁਲਜ਼ਮ ਨੂੰ ਅਗਲੇਰੀ ਕਾਰਵਾਈ ਲਈ ਹਿਸਾਰ ਦੇ ਇੱਕ ਮੈਜਿਸਟਰੇਟ ਅੱਗੇ ਪੇਸ਼ ਕੀਤੇ ਜਾਣ ਦੀ ਉਮੀਦ ਹੈ।

### ਨਾਪਾਕ ਪ੍ਰੇਮ 'ਚ ਫ਼ਸੀ ਸਰਕਾਰੀ ਸਕੂਲ ਦੀ ਟੀਚਰ, ਪੋਸਟ ਕਰਨੀ ਪਈ ਮਹਿੰਗੀ

ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ ਦੌਰਾਨ ਇਕ ਸਰਕਾਰੀ ਸਕੂਲ ਦੀ ਮਹਿਲਾ ਟੀਚਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਦਰਅਸਲ ਟੀਚਰ ਨੇ ਪਾਕਿਸਤਾਨੀ ਫ਼ੌਜ ਦੇ ਪੱਖ ਵਿਚ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕੀਤੀ ਸੀ। ਉਕਤ ਟੀਚਰ ਮੱਧ ਪ੍ਰਦੇਸ਼ ਦੇ ਸਿਹੋਰ ਦੇ ਇਕ ਸਰਕਾਰੀ ਸਕੂਲ ਦੀ ਹੈ। ਜ਼ਿਲ੍ਹਾ ਅਧਿਕਾਰੀ ਸੰਜੇ ਸਿੰਘ ਨੇ ਇਸ 'ਤੇ ਸਖ਼ਤ ਐਕਸ਼ਨ ਲੈਂਦੇ ਹੋਏ ਮਹਿਲਾ ਟੀਚਰ ਨੂੰ ਸਸਪੈਂਡ ਕਰ ਦਿੱਤਾ ਹੈ। ਇਕ ਰਿਪੋਰਟ ਮੁਤਾਬਕ ਸਰਕਾਰੀ ਸਕੂਲ ਦੀ ਟੀਚਰ ਸ਼ਹਨਾਜ ਪਰਵੀਨ ਦੇ ਸੋਸ਼ਲ ਮੀਡੀਆ ਅਕਾਊਂਟ ਤੋਂ ਪਾਕਿਸਤਾਨ ਦੇ ਪੱਖ ਵਿਚ ਕੀਤੀ ਗਈ ਪੋਸਟ ਕਾਫੀ ਵਾਇਰਲ ਹੋ ਗਈ ਸੀ। ਇਸ ਪੋਸਟ ਵਿਚ ਉਨ੍ਹਾਂ ਨੇ ਪਾਕਿਸਤਾਨੀ ਫ਼ੌਜੀਆਂ ਲਈ ਦੁਆ ਕੀਤੀ ਸੀ। ਉਨ੍ਹਾਂ ਨੇ ਲਿਖਿਆ ਸੀ ਕਿ ਪਾਕਿਸਤਾਨੀ ਫ਼ੌਜੀਆਂ ਨੂੰ ਅੱਲ੍ਹਾ ਚੰਗਾ ਰੱਖੇ। ਜ਼ਿਲ੍ਹਾ ਸਿੱਖਿਆ ਵਿਭਾਗ ਨੇ ਮਹਿਲਾ ਟੀਚਰ ਸ਼ਹਨਾਜ ਦੀ ਇਸ ਸੋਸ਼ਲ ਮੀਡੀਆ ਪੋਸਟ ਦੀ ਜਾਣਕਾਰੀ ਮਿਲਣ ਮਗਰੋਂ ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਟੀਚਰ ਨੂੰ ਸਸਪੈਂਡ ਕਰ ਦਿੱਤਾ। ਸਿੱਖਿਆ ਵਿਭਾਗ ਨੇ ਕਿਹਾ ਕਿ ਮਹਿਲਾ ਟੀਚਰ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਜ਼ਰੀਏ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦਾ ਉਲੰਘਣ ਕੀਤਾ ਹੈ।

## ਓਡੀਸ਼ਾ 'ਚ ਬਿਜਲੀ ਡਿੱਗਣ ਨਾਲ 14 ਲੋਕਾਂ ਦੀ ਮੌਤ

ਬਿਜਲੀ ਚਮਕੀ। ਸਾਰਾ ਅਸਮਾਨ ਬਿਜਲੀ ਦੀ ਗਰਜ ਨਾਲ ਗੂੰਜ ਉਠਿਆ। ਇਸ ਦੌਰਾਨ ਖੇਤਾਂ ਵਿਚ ਕੰਮ ਕਰ ਰਹੇ ਲੋਕਾਂ ਨੇ ਨੇੜੇ ਹੀ ਇਕ ਝੌਂਪੜੀ ਵਿਚ ਪਨਾਹ ਲਈ ਫਿਰ ਅਚਾਨਕ ਝੌਂਪੜੀ 'ਤੇ ਬਿਜਲੀ ਡਿੱਗ ਪਈ। ਬੁਦਰੀ ਮਡਿੰਗਾ, ਉਸ ਦੀ ਪੋਤੀ ਕਾਸਾ ਮਡਿੰਗਾ

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**
PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

ਅਤੇ ਅੰਬਿਕਾ ਕਾਸ਼ੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸੇ ਤਰ੍ਹਾਂ ਸਿਮਿਲੀਗੁਡਾ ਬਲਾਕ ਦੇ ਚਰਨਗੁਲ ਪੰਚਾਇਤ ਅਧੀਨ ਪੈਂਦੇ ਪਿੰਡ ਖਾਲਪਾੜੀ ਦੇ ਕੁਮ ਜਾਨੀ ਦੇ ਪੁੱਤਰ ਦਾਸ ਜਾਨੀ (32) ਦੀ ਬਿਜਲੀ ਡਿੱਗਣ ਨਾਲ ਮੌਤ ਹੋ ਗਈ। ਨਵਰੰਗਪੁਰ ਜ਼ਿਲ੍ਹੇ ਦੇ ਉਮਰਕੋਟ ਬਲਾਕ ਅਧੀਨ ਪੈਂਦੇ ਪਿੰਡ ਬੇਨੋਰਾ ਵਿਚ ਬਿਜਲੀ ਡਿੱਗਣ ਨਾਲ ਇਕ ਨਾਬਾਲਗ ਦੀ ਮੌਤ ਹੋ ਗਈ,ਜਦੋਂ ਕਿ ਉਸ ਦੇ ਦਾਦਾ ਜੀ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਇਲਾਜ ਅਧੀਨ ਹਨ। ਬੇਨੋਰਾ ਪੰਚਾਇਤ ਦੇ ਸ਼ੰਕਰਦਾ ਪਿੰਡ ਦੇ ਚੈਤਰਾਮ ਮਾਝੀ (35) ਅਤੇ ਉਸ ਦਾ ਭਤੀਜਾ ਲਲਿਤ ਮਾਝੀ (15) ਮੱਕੀ ਸੁਕਾਉਣ ਲਈ ਬਨਾੜਾ ਪਿੰਡ ਗਏ ਹੋਏ ਸਨ। ਫਰਸ਼ 'ਤੇ ਮੱਕੀ ਸੁਕਾਉਂਦੇ ਸਮੇਂ ਦੁਪਹਿਰ ਦੇ ਲਗਪਗ 3:30 ਵਜੇ ਤੇਜ਼ ਹਵਾ ਵਗੀ ਅਤੇ ਮੀਂਹ ਪੈਣ ਲੱਗਾ। ਇਸ ਦੌਰਾਨ ਚੈਤਰਾਮ ਅਤੇ ਲਲਿਤ ਦੀ ਬਿਜਲੀ ਡਿੱਗਣ ਕਾਰਨ ਮੌਤ ਹੋ ਗਈ। ਢੇਨਕਨਾਲ ਜ਼ਿਲ੍ਹੇ ਦੇ ਕੰਕੜਾਧਾਰ ਬਲਾਕ ਦੇ ਦਸਾਈਪੁਰ ਪੰਚਾਇਤ ਖੇਤਰ ਦੇ ਕੁਸੁਮੁਦੀਆ ਪਿੰਡ ਦੀ ਸੁਰੂਸ਼ੀ ਬਿਸਵਾਲ (40) ਦੀ ਬਿਜਲੀ ਡਿੱਗਣ ਨਾਲ ਮੌਤ ਹੋ ਗਈ। ਦੁਪਹਿਰ ਵੇਲੇ ਸੁਰੂਸ਼ੀ ਘਰ ਦੇ ਸਾਹਮਣੇ ਸੀ ਜਦੋਂ ਅਚਾਨਕ ਬਿਜਲੀ ਡਿੱਗੀ ਅਤੇ ਉਹ ਸੜ ਗਈ। ਉਸ ਨੂੰ ਪਰਜੰਗ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿਤਾ। ਗੰਜਮ ਜ਼ਿਲ੍ਹੇ ਦੇ ਬੇਲਗੁੰਟਾ ਥਾਣਾ ਖੇਤਰ ਦੇ ਕੇਬੀਰੀ ਬਰਹਮਪੁਰ ਵਿ ਬਿਜਲੀ ਡਿੱਗਣ ਕਾਰਨ ਇਕ ਔਰਤ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖ਼ਮੀ ਹੋ ਗਈ। ਕੇਬੀਰੀ ਬਰਹਮਪੁਰ ਪਿੰਡ ਦੇ ਪੂਰਨਚੰਦਰ ਗੌਡ ਦੀ ਧੀ ਰੀਤਾ ਗੌਡ (30) ਬਿਜਲੀ ਦੇ ਸੰਪਰਕ ਵਿਚ ਆਉਣ ਕਾਰਨ ਜ਼ਖ਼ਮੀ ਹੋ ਗਈ ਅਤੇ ਉਸ ਨੂੰ ਨੇੜਲੇ ਅੰਬਾਟੋਟਾ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿਤਾ। ਇਸੇ ਤਰ੍ਹਾਂ ਤਨਰਾਡਾ ਪਿੰਡ ਦੀ ਨਰਮਦਾ ਪੋਲਾਈ (38) ਆਪਣੇ ਘਰ ਦੇ ਸਾਹਮਣੇ ਬੈਠੀ ਸੀ ਜਦੋਂ ਬਿਜਲੀ ਡਿੱਗੀ ਅਤੇ ਉਹ ਗੰਭੀਰ ਰੂਪ ਵਿਚ ਸੜ ਗਈ। ਉਸ ਦਾ ਭੰਜਨਨਗਰ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਕਵੀ ਸੂਰਿਆਨਗਰ ਥਾਣੇ ਅਧੀਨ ਪੈਂਦੇ ਪਿੰਡ ਏ. ਬਰੀਦਾ ਦੇ ਲਕਸ਼ਮਣ ਪ੍ਰਧਾਨ ਦੇ 13 ਸਾਲਾ ਪੁੱਤਰ ਓਮ ਪ੍ਰਕਾਸ਼ ਪ੍ਰਧਾਨ ਦੀ ਬਿਜਲੀ ਦੀ ਲਪੇਟ ਵਿਚ ਆਉਣ ਨਾਲ ਮੌਤ ਹੋ ਗਈ। ਉਹ ਪਿੰਡ ਦੇ ਖੇਡ ਦੇ ਮੈਦਾਨ ਵਿਚ ਕ੍ਰਿਕਟ ਖੇਡ ਰਿਹਾ ਸੀ ਜਦੋਂ ਉਸ 'ਤੇ ਬਿਜਲੀ ਡਿੱਗ ਗਈ। ਸਿਆਲਿਟੀ ਪੰਚਾਇਤ ਦੇ ਕਨਕਾਟਾ ਪਿੰਡ ਦੀ ਦਮਯੰਤੀ ਮੰਡਲ (35) ਸੜਕ ਕਿਨਾਰੇ ਬੈਠੀ ਸਬਜ਼ੀ ਵੇਚ ਰਹੀ ਸੀ। ਉਸ ਦੀ ਮੌਤ ਬਿਜਲੀ ਡਿੱਗਣ ਕਾਰਨ ਹੋਈ। ਇਸ ਦੌਰਾਨ, ਪਿੰਡ ਦੇ ਇੱਕ ਪਰਿਵਾਰ ਦੇ ਦਾਊਦ ਮੰਡਲ, ਲੰਕੇਈ ਭੁਈਆਂ, ਪੰਡਿਤ ਭੁਈਆਂ, ਮੈਂਗੀ ਭੁਈਆਂ ਅਤੇ ਸੁਨੀਲਾ ਰਾਇਤ ਬਿਜਲੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਝੁਲਸ ਗਏ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਕਟਕ ਜ਼ਿਲ੍ਹੇ ਦੇ ਨਰਸਿੰਘਪੁਰ ਬਲਾਕ ਦੇ ਸੀਆਰੀਆ ਵਿਸ਼ਵਨਾਥਪੁਰ ਪਿੰਡ ਦੇ ਪ੍ਰਫੁੱਲ ਕੁਮਾਰ ਸਾਹੂ ਦਾ ਪੁੱਤਰ ਆਦਿਤਿਆ ਕੁਮਾਰ ਸਾਹੂ (24) ਆਪਣੇ ਘਰ ਦੇ ਨੇੜੇ ਖੜ੍ਹਾ ਸੀ ਜਦੋਂ ਉਸ 'ਤੇ ਬਿਜਲੀ ਡਿੱਗ ਗਈ। ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਕਾਨਪੁਰ ਮੈਡੀਕਲ ਕਾਲਜ ਹਸਪਤਾਲ ਲੈ ਗਏ ਅਤੇ ਉੱਥੋਂ ਉਸ ਨੂੰ ਕਟਕ ਦੇ ਐਸਸੀਬੀ ਮੈਡੀਕਲ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਢੇਨਕਨਾਲ ਜ਼ਿਲ੍ਹੇ ਦੇ ਗੋਂਡੀਆ ਥਾਣੇ ਅਧੀਨ ਆਉਂਦੇ ਕਾਬਰਾ ਪਿੰਡ ਦੇ ਸਨਾਤਨ ਦਿਆਨੀ (45) ਦੀ ਬਿਜਲੀ ਡਿੱਗਣ ਨਾਲ ਮੌਤ ਹੋ ਗਈ। ਜਾਜਪੁਰ ਜ਼ਿਲ੍ਹੇ ਦੇ ਧਰਮਸ਼ਾਲਾ ਬਲਾਕ ਦੇ ਕਟਬੰਦ ਇਲਾਕੇ ਵਿੱਚ ਬਿਜਲੀ ਡਿੱਗਣ ਕਾਰਨ ਦੋ ਨਾਬਾਲਗ ਮੁੰਡਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਤਾਰਾ ਹੇਂਬ੍ਰਮ (9), ਮਨੀ ਹੇਂਬ੍ਰਮ ਦੇ ਪੁੱਤਰ ਅਤੇ ਜਖੁਮ ਚਤਰ (12), ਪਾਂਡੇ ਚਤਰ ਦੇ ਪੁੱਤਰ ਵਜੋਂ ਹੋਈ ਹੈ। ਦੋਵੇਂ ਸ਼ਾਮ 5 ਵਜੇ ਘਰ ਦੇ ਬਾਹਰ ਖੇਡ ਰਹੇ ਸਨ ਜਦੋਂ ਉਨ੍ਹਾਂ 'ਤੇ ਬਿਜਲੀ ਡਿੱਗ ਪਈ ਅਤੇ ਦੋਵਾਂ ਦੀ ਮੌਤ ਹੋ ਗਈ। ਬਾਲੇਸ਼ਵਰ ਦੇ ਔਪਾੜਾ ਬਲਾਕ ਵਿੱਚ ਬਿਜਲੀ ਡਿੱਗਣ ਨਾਲ ਇੱਕ ਮਜ਼ਦੂਰ ਚੁਨਾਰਾਮ ਕਿਸਕੂ (31) ਦੀ ਮੌਤ ਹੋ ਗਈ। ਉਸ ਦਾ ਘਰ ਮਯੂਰਭੰਜ ਜ਼ਿਲ੍ਹੇ ਦੇ ਉਡਾਲਾ ਥਾਣੇ ਅਧੀਨ ਪੈਂਦੇ ਕੁਟਿੰਗ ਪਿੰਡ ਵਿੱਚ ਦਸਿਆ ਜਾਂਦਾ ਹੈ।

## ਮੋਗਾ ਮੀਟਿੰਗ ਨੇ ਸੂਬੇ ਭਰ ਦੇ ਅਕਾਲੀ ਵਰਕਰਾਂ ਦੀ

ਸੰਬੋਧਨ ਕਰਦੇ ਹੋਏ ਮਨਪ੍ਰੀਤ ਸਿੰਘ ਇਯਾਲੀ ਨੇ ਕੈਨੇਡਾ ਵਿੱਚ ਮੈਂਬਰ ਪਾਰਲੀਮੈਂਟ ਚੁਣੇ 22 ਪੰਜਾਬੀਆਂ ਨੂੰ ਵਧਾਈ ਦਿੰਦੇ, ਮੋਗਾ ਦੀ ਧਰਤੀ ਦੇ ਜੰਮਪਲ ਪੰਜ ਮੈਂਬਰਾਂ ਦਾ ਜਿਕਰ ਕਰਦਿਆਂ, ਕਿਹਾ ਕਿ ਅੱਜ ਸਾਡੇ ਪੰਜਾਬੀ ਦੁਨੀਆਂ ਭਰ ਦੇ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ, ਪਰ ਬਦਕਿਸਮਤੀ ਹੈ ਕਿ ਸਿੱਖਾਂ ਦੀ ਨੁਮਾਇੰਦਾ ਅਤੇ ਪੰਜਾਬ ਦੀ ਮਾਂ ਪਾਰਟੀ ਆਪਣੀ ਲੀਡਰਸ਼ਿਪ ਦੀਆਂ ਗਲਤੀਆਂ ਕਰਕੇ ਨਿਘਾਰ ਵੱਲ ਜਾ ਚੁੱਕੀ ਹੈ। ਇਯਾਲੀ ਨੇ ਕਿਹਾ ਕਿ ਨਿੱਜ ਸਵਾਰਥ ਵਾਲੀ ਲੀਡਰਸ਼ਿਪ ਦੀਆਂ ਗਲਤੀਆਂ ਦਾ ਖੁਮਿਆਜਾ ਵਰਕਰਾਂ ਅਤੇ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੇ ਭੁਗਤਿਆ। ਤਿਆਗ, ਸੇਵਾ ਅਤੇ ਕੁਰਬਾਨੀ ਦਾ ਜਜ਼ਬਾ ਗੁਆ ਚੁੱਕੀ ਲੀਡਰਸ਼ਿਪ ਸਾਹਮਣੇ ਝੂੰਦਾਂ ਕਮੇਟੀ ਨੇ ਵਰਕਰਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਰਿਪੋਰਟ ਰੱਖੀ ਪਰ ਲੀਡਰਸ਼ਿਪ ਨੇ ਉਸ ਨੂੰ ਇੱਕ ਵਿਅਕਤੀ ਵਿਸ਼ੇਸ਼ ਦੀ ਸਿਆਸਤ ਨੂੰ ਬਚਾਉਣ ਲਈ ਅੱਖੋ ਪਰੋਖੇ ਕਰ ਦਿੱਤਾ। ਇਯਾਲੀ ਨੇ ਪੰਥ ਅਤੇ ਪੰਜਾਬ ਦੀ ਕਮਜ਼ੋਰ ਹੋ ਚੁੱਕੀ ਪਕੜ ਦੇ ਨੁਕਸਾਨ ਦੀ ਗੱਲ ਕਰਦਿਆਂ ਕਿਹਾ ਕਿ, ਇਸ ਦਾ ਵੀ ਨੁਕਸਾਨ ਪੰਜਾਬ ਨੇ ਭੁਗਤਿਆ। ਵੱਡੇ ਮਸਲੇ ਜਿਨ੍ਹਾਂ ਵਿੱਚ ਪਾਣੀਆਂ ਦਾ ਵੱਡਾ ਮਸਲਾ, ਸਾਡੇ ਪਾਣੀਆਂ ਦੀ ਲੁੱਟ ਹੋਣ ਲੱਗੀ, ਰਾਜਧਾਨੀ ਤੋ ਲੈਕੇ ਪੰਜਾਬੀ ਬੋਲਦੇ ਇਲਾਕੇ ਖੋਹੇ ਗਏ, ਪਰ ਸਾਡੀ ਅਵਾਜ਼ ਨਹੀਂ ਸੁਣੀ ਜਾ ਰਹੀ। ਬੰਦੀ ਸਿੰਘਾਂ ਦੀ ਰਿਹਾਈ ਲਈ 25 ਲੱਖ ਦਸਤਖ਼ਤਾਂ ਵਾਲੀ ਫਾਈਲ ਨੂੰ ਦਿੱਲੀ ਫੜਨ ਲਈ ਤਿਆਰ ਨਹੀਂ, ਸਾਡੀ ਲੀਡਰਸ਼ਿਪ ਨੇ ਆਖਰੀ ਮੌਕੇ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਮਾਰਚ ਨੂੰ ਕੈਂਸਲ ਕਰ ਦਿੱਤਾ, ਜਿਸ ਤੇ ਅੱਜ ਤੱਕ ਜਵਾਬ ਨਹੀਂ ਮਿਲਿਆ।

ਇਸ ਮੌਕੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਹੁਣ ਫੈਸਲਾ ਕਰਨ ਦੀ ਘੜੀ ਹੈ। ਵਡਾਲਾ ਨੇ ਆਪਣੀ ਵਿਦੇਸ਼ੀ ਫੇਰੀ ਦੀ ਸਾਂਝ ਪਾਉਂਦੇ ਕਿਹਾ ਕਿ ਇੰਗਲੈਂਡ ਵਰਗੇ ਮੁਲਕਾਂ ਵਿੱਚ ਬੈਠੇ ਪੰਜਾਬੀ, ਪੰਜਾਬ ਤੇ ਨਜਰ ਲਗਾਈ ਬੈਠੇ ਹੋਏ ਹਨ। ਵਡਾਲਾ ਨੇ ਕਿਹਾ ਕਿ ਬੇਸ਼ਕ ਅੱਜ ਪੰਥਕ ਸੰਕਟ ਸਭ ਦੇ ਸਾਹਮਣੇ ਹੈ। ਨਵੀਂ ਲੀਡਰਸ਼ਿਪ ਦੇ ਉਭਾਰ ਅਤੇ ਉਥਾਨ ਲਈ ਵੱਡੀ ਚੁਣੌਤੀ ਹੈ, ਪਰ ਜਿਸ ਤਰਾਂ ਦਾ ਹੁੰਗਾਰਾ ਮਿਲ ਰਿਹਾ ਹੈ, ਪੰਜਾਬ ਅਤੇ ਪੰਥ ਹਿਤੈਸ਼ੀ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਨੂੰ ਸਬਕ ਸਿਖਾਉਣ ਲਈ ਤਿਆਰ ਹਨ। ਇੱਕ ਸਮਰਪਿਤ ਲੀਡਰਸ਼ਿਪ ਦਾ ਉਭਾਰ ਹੋਣਾ ਯਕੀਨੀ ਹੈ ਅਤੇ ਨੌਜਵਾਨ ਪੀੜ੍ਹੀ ਅਗਵਾਈ ਲਈ ਤਿਆਰ ਹੋ ਚੁੱਕੀ ਹੈ।

ਇਕਬਾਲ ਸਿੰਘ ਝੂੰਦਾਂ ਨੇ ਭਰਤੀ ਕਮੇਟੀ ਦੇ ਫ਼ਰਜ਼ ਅਤੇ ਮਿਲੀ ਜ਼ਿੰਮੇਵਾਰੀ ਦੀ ਗੱਲ ਕਰਦਿਆਂ ਕਿਹਾ ਕਿ, ਉਹ ਕੁਝ ਬਣਨ (ਅਹੁਦਾ ਲੈਣ) ਨਹੀਂ ਕੁੱਝ ਕਰਨ (ਪੰਥ ਅਤੇ ਪੰਜਾਬ ਦੀ ਸੇਵਾ) ਲਈ ਆਏ ਹਨ, ਜਿਸ ਲਈ ਉਹ ਵਚਨਬੱਧ ਹਨ। ਝੂੰਦਾਂ ਨੇ ਅਤੀਤ ਨੂੰ ਸੰਗਤ ਸਾਹਮਣੇ ਰੱਖਦਿਆਂ ਕਿਹਾ ਕਿ, ਅੱਜ ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਲੋਕ ਚਿੰਤਤ ਹਨ, ਕਿਉ ਕਿ ਜਿਸ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਅਗਵਾਈ ਕਰਨੀ ਸੀ, ਓਹ ਜਮਾਤ ਗੈਰ ਪੰਥਕ ਹੱਥਾਂ ਵਿੱਚ ਚਲੀ ਗਈ। ਉਸ ਲੀਡਰਸ਼ਿਪ ਲਈ ਸੱਤਾ ਅਤੇ ਨਿੱਜ ਪ੍ਰਸਤ ਪਹਿਲ ਕਦਮੀ ਹੋ ਗਈ। ਝੂੰਦਾਂ ਨੇ ਕਿਹਾ ਕਿ ਪੰਥਕ ਪਾਰਟੀ ਤੇ ਕਾਬਜ ਗੈਰ ਜ਼ਿੰਮੇਵਾਰਨਾ ਲੀਡਰਸ਼ਿਪ ਦੀ ਕਾਰਜਕੁਸ਼ਲਤਾ ਕਰਕੇ ਸਾਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਦਰਦ ਭਰਿਆ ਨਜਰ ਆਉਂਦਾ ਹੈ। ਅਸੀਂ ਪੰਥ ਅਤੇ ਪੰਜਾਬ ਨੂੰ ਮਜ਼ਬੂਤ, ਤਿਆਗ, ਸਮਰਪਤ ਭਾਵਨਾ ਵਾਲੀ ਲੀਡਰਸ਼ਿਪ ਦੇਣ ਲਈ ਤਤਪਰ ਹਾਂ, ਜਿਹੜੀ ਲੀਡਰਸ਼ਿਪ ਆਉਣ ਵਾਲੇ ਸਮੇਂ ਵਿੱਚ ਪੰਥ ਅਤੇ ਪੰਜਾਬ ਦੀ ਅਗਵਾਈ ਕਰਨ ਦੇ ਨਾ ਸਿਰਫ ਸਮਰੱਥ ਹੋਵੇ ਸਗੋ ਅਕਾਲੀ ਦਲ ਦੇ ਇਤਿਹਾਸ ਤੋਂ ਸਿੱਖਦੇ ਹੋਏ ਪੰਥ ਅਤੇ ਪੰਜਾਬ ਦੇ ਮੁੱਦਿਆਂ ਦੀ ਲੜਾਈ ਲੜ ਸਕੇ।

ਸੰਤਾ ਸਿੰਘ ਉਮੈਦਪੁਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਪੰਥਕ ਜਮਾਤ ਨੂੰ ਸੌ ਸਾਲ ਬਾਅਦ ਪੁਨਰ ਸੁਰਜੀਤੀ ਦੀ ਲੋੜ ਪਈ ਹੈ, ਕਿਉਂ ਕਿ ਜਿਹੜੀ ਲੀਡਰਸ਼ਿਪ ਨੇ ਪਿਛਲੇ 25 ਸਾਲ ਤੋਂ ਕਬਜਾ ਕਰ ਰੱਖਿਆ ਹੈ, ਉਹ ਨਿੱਜ ਪ੍ਰਸਤ ਅਤੇ ਪਰਿਵਾਰ ਪ੍ਰਸਤ ਦੀ ਧਾਰਨੀ ਹੋ ਚੁੱਕੀ ਹੈ। ਅੱਜ ਇੱਕ ਪਰਿਵਾਰ ਅਤੇ ਇੱਕ ਵਿਅਕਤੀ ਵੱਲੋ ਆਪਣੀ ਮਨ ਮਰਜੀ ਦੇ ਫੈਸਲੇ ਕਰਵਾਏ ਜਾਂਦੇ ਹਨ, ਸਾਡੀਆਂ ਤਿੰਨ ਵੱਡੀਆਂ ਸੰਸਥਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ, ਐਸਜੀਪੀਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਮਾਣ ਮਰਿਯਾਦਾ ਨੂੰ ਛਿੱਕੇ ਟੰਗਿਆ ਜਾ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਕਾਬਜ ਲੀਡਰਸ਼ਿਪ ਤੇ ਤਿੱਖਾ ਹਮਲਾ ਬੋਲਦਿਆਂ ਓਹਨਾ ਕਿਹਾ ਕਿ, ਅਕਾਲ ਤਖ਼ਤ ਤੋਂ ਮੂੰਹ ਫੇਰਨ ਵਾਲੇ ਅਤੇ ਪਿੱਠ ਕਰਨ ਵਾਲੇ ਕਦੇ ਅਕਾਲੀ ਕਹਾਉਣ ਦੇ ਹੱਕਦਾਰ ਨਹੀਂ ਹੋ ਸਕਦੇ, ਇਹਨਾਂ ਲੋਕਾਂ ਨੂੰ ਬਾਦਲ ਦਲ ਜਾਂ ਭਗੌੜਾ ਦਲ ਨਾਲ ਜਾਣਿਆ ਜਾਵੇਗਾ।

ਇਸ ਮੌਕੇ ਬੀਬੀ ਸਤਵੰਤ ਕੌਰ ਨੇ ਆਪਣੇ ਭਾਸ਼ਣ ਦੌਰਾਨ ਹਾਜ਼ਰ ਸੰਗਤਾਂ ਦੀਆਂ ਅੱਖਾਂ ਨੂੰ ਨਮ ਕਰਦੇ ਇਤਿਹਾਸਿਕ ਝਰੋਖੇ ਵਿੱਚੋਂ ਪੰਥਕ ਸ਼ਹਾਦਤਾਂ ਦਾ ਜਿਕਰ ਕੀਤਾ। ਬੀਬੀ ਸਤਵੰਤ ਕੌਰ ਨੇ ਮੁਗਲ ਦਰਬਾਰ ਦੀ ਨਵਾਬੀ ਠੁਕਰਾਉਣ ਦੀ ਘਟਨਾ ਦਾ ਜਿਕਰ ਕਰਕੇ ਜਿੱਥੇ ਸਿੰਘਾਂ ਦੇ ਉੱਚੇ ਕਿਰਦਾਰ ਨੂੰ ਪੇਸ਼ ਕੀਤਾ ਉਥੇ ਹੀ ਸਰਹੰਦ ਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਵੇਲੇ ਚੁੱਪ ਰਹਿਣ ਦੀ ਗੱਲ ਦਾ ਜਿਕਰ ਕਰਕੇ ਉਸ ਚੁੱਪ ਨੂੰ ਸੂਬਾ ਸਰਹੰਦ ਵਲੋਂ ਆਪਣੀ ਸਹਿਮਤੀ ਦੇ ਰੂਪ ਵਿੱਚ ਵਰਤਣ ਦਾ ਜਿਕਰ ਕਰਕੇ ਉਸ ਚੁੱਪ ਦੀ ਸਜ਼ਾ ਕਿਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਮਿਲੀ, ਉਸ ਚੁੱਪ ਦਾ ਵਾਸਤਾ ਪਾਉਂਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਅੱਜ ਤੁਹਾਡੀ ਚੁੱਪ ਕਿਤੇ ਸਜ਼ਾ ਨਾ ਬਣ ਜਾਵੇ ਇਸ ਕਰਕੇ ਅੱਜ ਜਾਗਣ ਦਾ ਵੇਲਾ ਹੈ। ਅੱਜ ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੂੰਹ ਫੇਰ ਚੁੱਕੀ ਲੀਡਰਸ਼ਿਪ ਤੋਂ ਪੰਥ ਦੀ ਨੁਮਾਇੰਦਾ ਜਮਾਤ ਦੀ ਵਾਗਡੋਰ ਆਪਣੇ ਹੱਥ ਲੈਣ ਦਾ ਸਮਾਂ ਹੈ, ਜਿਸ ਲਈ ਉਹਨਾਂ ਨੇ ਨੌਜਵਾਨਾਂ ਨੂੰ ਖਾਸ ਅਪੀਲ ਕੀਤੀ ਕਿ ਓਹ ਅੱਗੇ ਆਉਣ ਅਤੇ ਪੰਥ ਦੀ ਨੁਮਾਇੰਦਾ ਜਮਾਤ ਦੀ ਅਗਵਾਈ ਲਈ ਤਿਆਰ ਰਹਿਣ।

ਇਸ ਮੌਕੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਭਰਤੀ ਮੁਹਿੰਮ ਵਿੱਚ ਸਰਗਰਮ ਰੂਪ ਵਿੱਚ ਸ਼ਾਮਲ ਹੋਣ ਤੇ ਮਰਹੂਮ ਜੱਥੇਦਾਰ ਤੋਤਾ ਸਿੰਘ ਨੂੰ ਚੇਤੇ ਕਰਦਿਆਂ ਕਿਹਾ, ਅੱਜ ਅਜਿਹੇ ਪਰਿਵਾਰਾਂ ਨੂੰ ਅੱਗੇ ਆਕੇ ਹੰਭਲਾ ਮਾਰਨ ਦੀ ਲੋੜ ਹੈ।

ਇਸ ਮੌਕੇ ਬਰਜਿੰਦਰ ਸਿੰਘ ਬਰਾੜ ਨੇ ਜਿੱਥੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਉਥੇ ਹੀ ਆਪਣੇ ਜੋਸ਼ੀਲੇ ਮੰਚ ਸੰਚਾਲਨ ਨਾਲ ਹਾਜ਼ਰ ਸੰਗਤਾਂ ਵਿੱਚ ਜੋਸ਼ ਭਰਨ ਦਾ ਕੰਮ ਕੀਤਾ।

ਅੱਜ ਦੀ ਮੀਟਿੰਗ ਵਿੱਚ ਗੁਰਜੰਟ ਸਿੰਘ ਭੁੱਟੋ, ਬਲਦੇਵ ਸਿੰਘ ਲੰਗੇਆਣਾ, ਸੁਖਵਿੰਦਰ ਸਿੰਘ, ਭਗਵਾਨ ਸਿੰਘ ਅਟਾਰੀ, ਦਵਿੰਦਰ ਸਿੰਘ ਰਣੀਆਂ, ਕਾਕਾ ਬਰਾੜ, ਹਰ ਭੁਪਿੰਦਰ ਸਿੰਘ ਲਾਡੀ, ਬਲਜੀਤ ਸਿੰਘ ਜਸ, ਸੋਨੀ ਲੋਪੋ ਤੋ ਇਲਾਵਾ ਵੱਡੀ ਗਿਣਤੀ ਵਿੱਚ ਐਮ.ਸੀ. ਸਾਹਿਬਾਨ, ਮੌਜੂਦਾ ਅਤੇ ਸਾਬਕਾ ਸਰਪੰਚ ਸਾਹਿਬਾਨ ਅਤੇ ਪੰਚ ਤੋ ਇਲਾਵਾ ਪੂਰੇ ਮੋਗਾ ਜ਼ਿਲ੍ਹੇ ਦੇ ਚਾਰੋਂ ਹਲਕਿਆਂ ਦੇ ਵਰਕਰਾਂ ਨੇ ਹਾਜ਼ਰੀ ਲਗਵਾਈ।

## ਜੰਗ ਦੌਰਾਨ ਇਜ਼ਰਾਇਲੀ ਫੌਜ ਨੂੰ ਏ.ਆਈ. ਸੇਵਾਵਾਂ

ਵੈੱਬਸਾਈਟ 'ਤੇ ਪ੍ਰਕਾਸ਼ਿਤ ਇਕ 'ਬਲੌਗ ਪੋਸਟ' ਵਿਚ ਉਪਰੋਕਤ ਗੱਲ ਸਵੀਕਾਰ ਕੀਤੀ ਹੈ। ਹਾਲਾਂਕਿ ਇਸ ਪੋਸਟ ਹੇਠਾਂ ਕਿਸੇ ਵਿਅਕਤੀ ਦੇ ਹਸਤਾਖ਼ਰ ਨਹੀਂ ਹਨ, ਪਰ ਕੰਪਨੀ ਨੇ ਜੰਗ ਵਿੱਚ ਆਪਣੀ ਸ਼ਮੂਲੀਅਤ ਨੂੰ ਜਨਤਕ ਤੌਰ 'ਤੇ ਪਹਿਲੀ ਵਾਰ ਸਵੀਕਾਰ ਕੀਤਾ ਹੈ। 'ਐਸੋਸੀਏਟਡ ਪ੍ਰੈੱਸ' (ਏਪੀ) ਵੱਲੋਂ ਤਿੰਨ ਮਹੀਨੇ ਪਹਿਲਾਂ ਕੀਤੀ ਗਈ ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਅਮਰੀਕੀ ਕੰਪਨੀ 'ਮਾਈਕਰੋਸਾਫਟ' ਦੀ ਇਜ਼ਰਾਇਲੀ ਰੱਖਿਆ ਮੰਤਰਾਲੇ ਨਾਲ ਗੂੜ੍ਹੀ ਸਾਂਝ ਹੈ ਅਤੇ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਵਪਾਰਕ ਏਆਈ ਉਤਪਾਦਾਂ ਦੀ ਫੌਜੀ ਵਰਤੋਂ ਕਰੀਬ 200 ਗੁਣਾਂ ਵਧੀ ਸੀ।

ਖ਼ਬਰ ਏਜੰਸੀ ਨੇ ਦੱਸਿਆ ਸੀ ਕਿ ਇਜ਼ਰਾਇਲੀ ਫ਼ੌਜ ਉੱਚ ਪੱਧਰੀ ਨਿਗਰਾਨੀ ਰਾਹੀਂ ਇਕੱਠੀ ਕੀਤੀ ਗਈ ਖੁਫੀਆ ਜਾਣਕਾਰੀ ਨੂੰ ਲਿਖਣ ਅਤੇ ਅਨੁਵਾਦ ਕਰਨ ਲਈ Azure platform ਦੀ ਵਰਤੋਂ ਕਰਦੀ ਹੈ। ਇਹ ਭਾਈਵਾਲੀ ਇਜ਼ਰਾਈਲ, ਯੂਕਰੇਨ ਅਤੇ ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਫੌਜਾਂ ਨੂੰ ਮਸਨੂਈ ਬੌਧਿਕਤਾ (ਏ.ਆਈ.) ਉਤਪਾਦ ਵੇਚਣ ਲਈ ਤਕਨਾਲੋਜੀ ਕੰਪਨੀਆਂ ਦੇ ਵਧ ਰਹੇ ਯਤਨਾਂ ਨੂੰ ਦਰਸਾਉਂਦੀ ਹੈ।ਉਧਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਫ਼ਿਕਰ ਜਤਾਇਆ ਹੈ ਕਿ ਏਆਈ ਸਿਸਟਮ ਗਲਤ ਹੋ ਸਕਦੇ ਹਨ ਪਰ ਇਨ੍ਹਾਂ ਦੀ ਵਰਤੋਂ ਇਹ ਫ਼ੈਸਲਾ ਕਰਨ ਲਈ ਕੀਤੀ ਜਾ ਰਹੀ ਹੈ ਕਿ ਕਿਸ ਨੂੰ ਜਾਂ ਕਿਸ ਚੀਜ਼ ਨੂੰ ਨਿਸ਼ਾਨਾ ਬਣਾਇਆ ਜਾਵੇ, ਜਿਸ ਕਰਕੇ ਬੇਕਸੂਰ ਲੋਕਾਂ ਦੀ ਮੌਤ ਹੋ ਰਹੀ ਹੈ।

ਮਾਈਕਰੋਸਾਫਟ ਨੇ ਵੀਰਵਾਰ ਨੂੰ ਕਿਹਾ ਕਿ ਕਰਮਚਾਰੀਆਂ ਦੇ ਫ਼ਿਕਰਾਂ ਅਤੇ ਕਈ ਮੀਡੀਆ ਰਿਪੋਰਟਾਂ ਦੇ ਮੱਦੇਨਜ਼ਰ ਕੰਪਨੀ ਨੇ ਅੰਦਰੂਨੀ ਸਮੀਖਿਆ ਸ਼ੁਰੂ ਕੀਤੀ ਹੈ ਅਤੇ ਹੋਰ ਜਾਂਚ ਲਈ ਇਕ ਬਾਹਰੀ ਕੰਪਨੀ ਨਿਯੁਕਤ ਕੀਤੀ ਹੈ। ਹਾਲਾਂਕਿ ਕੰਪਨੀ ਵੱਲੋਂ ਬਿਆਨ ਵਿਚ ਇਸ ਬਾਹਰੀ ਕੰਪਨੀ ਦਾ ਨਾਮ ਨਹੀਂ ਦੱਸਿਆ ਗਿਆ ਅਤੇ ਨਾ ਹੀ ਰਿਪੋਰਟ ਦੀ ਕੋਈ ਕਾਪੀ ਦਿੱਤੀ ਗਈ ਹੈ।ਕੰਪਨੀ ਦੇ ਬਿਆਨ ਵਿੱਚ ਕਿਹਾ ਕਿ ਉਸ ਨੇ ਇਜ਼ਰਾਇਲੀ ਫੌਜ ਨੂੰ ਸਾਫਟਵੇਅਰ, ਪੇਸ਼ੇਵਰ ਸੇਵਾਵਾਂ, 'Azure ਕਲਾਊਡ ਸਟੋਰੇਜ' ਅਤੇ ਭਾਸ਼ਾ ਅਨੁਵਾਦ ਸਮੇਤ Azure ਏਆਈ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਇਜ਼ਰਾਇਲੀ ਸਰਕਾਰ ਨਾਲ ਮਿਲ ਕੇ ਬਾਹਰੀ ਖ਼ਤਰਿਆਂ ਤੋਂ 'ਸਾਈਬਰਸਪੇਸ' ਦੀ ਰੱਖਿਆ ਕਰਨ ਲਈ ਕੰਮ ਕੀਤਾ।ਮਾਈਕਰੋਸਾਫਟ ਨੇ ਕਿਹਾ ਕਿ 7 ਅਕਤੂਬਰ 2023 ਨੂੰ ਹਮਾਸ ਵੱਲੋਂ ਬੰਧਕ ਬਣਾਏ ਗਏ 250 ਤੋਂ ਵੱਧ ਲੋਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਤਹਿਤ ਉਸ ਨੇ ਇਜ਼ਰਾਈਲ ਨੂੰ ਵਪਾਰਕ ਸਮਝੌਤਿਆਂ ਦੀਆਂ ਸ਼ਰਤਾਂ ਤੋਂ ਉਪਰ ਤਕਨੀਕ ਤੱਕ ਵਿਸ਼ੇਸ਼ ਪਹੁੰਚ ਅਤੇ ਸੀਮਤ ਹੰਗਾਮੀ ਸਹਾਇਤਾ ਵੀ ਦਿੱਤੀ।

ਕੰਪਨੀ ਨੇ ਕਿਹਾ, ''ਸਾਡਾ ਵਿਸ਼ਵਾਸ ਹੈ ਕਿ ਅਸੀਂ ਆਪਣੇ ਸਿਧਾਂਤਾਂ ਦੀ ਸਾਵਧਾਨੀ ਅਤੇ ਸੋਚ-ਵਿਚਾਰ ਨਾਲ ਪਾਲਣਾ ਕੀਤੀ, ਤਾਂ ਜੋ ਬੰਧਕਾਂ ਦੀ ਜ਼ਿੰਦਗੀ ਬਚਾਈ ਜਾ ਸਕੇ ਅਤੇ ਨਾਲ ਹੀ ਗਾਜ਼ਾ ਵਿਚ ਆਮ ਨਾਗਰਿਕਾਂ ਦੀ ਨਿੱਜਤਾ ਅਤੇ ਹੋਰ ਅਧਿਕਾਰਾਂ ਦਾ ਆਦਰ ਕੀਤਾ ਜਾ ਸਕੇ।''ਜ਼ਿਕਰਯੋਗ ਹੈ ਕਿ ਮਾਈਕਰੋਸਾਫਟ ਤੋਂ ਇਲਾਵਾ, ਇਜ਼ਰਾਇਲੀ ਫੌਜ ਨੇ ਗੂਗਲ, ਐਮੇਜ਼ੋਨ, ਪੈਲੈਂਟੀਅਰ ਅਤੇ ਹੋਰ ਕਈ ਪ੍ਰਮੁੱਖ ਅਮਰੀਕੀ ਟੈਕਨਾਲੋਜੀ ਕੰਪਨੀਆਂ ਨਾਲ ਕਲਾਊਡ ਜਾਂ ਏਆਈ ਸੇਵਾਵਾਂ ਲਈ ਵਿਸ਼ਾਲ ਸਮਝੌਤੇ ਕੀਤੇ ਹਨ।

ਮਾਈਕਰੋਸਾਫਟ ਨੇ ਕਿਹਾ ਕਿ ਇਜ਼ਰਾਇਲੀ ਫੌਜ ਹੋਰ ਗਾਹਕਾਂ ਵਾਂਗ ਕੰਪਨੀ ਦੀ ਮਨਜ਼ੂਰਸ਼ੁਦਾ ਵਰਤੋਂ ਨੀਤੀ ਅਤੇ ਏਆਈ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੈ, ਜੋ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣ ਵਾਲੀ ਉਤਪਾਦ ਵਰਤੋਂ ਨੂੰ ਕਾਨੂੰਨੀ ਤੌਰ 'ਤੇ ਰੋਕਦੀ ਹੈ। ਕੰਪਨੀ ਨੇ ਇਹ ਵੀ ਕਿਹਾ ਹੈ ਕਿ ਉਸ ਨੂੰ ਕੋਈ ਸਬੂਤ ਨਹੀਂ ਮਿਲਿਆ ਕਿ ਇਜ਼ਰਾਇਲੀ ਫੌਜ ਨੇ ਇਹ ਸ਼ਰਤਾਂ ਤੋੜੀਆਂ ਹਨ।

## ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਪਾਰਟੀ ਤੋਂ

ਲੜਾਈ ਹੈ ਅਤੇ ਇਸ ਦਾ ਸਹਿਯੋਗ ਕਰਨਾ ਹਰੇਕ ਪੰਜਾਬੀ ਦਾ ਨੈਤਿਕ ਫਰਜ਼ ਬਣਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਨਸ਼ੇ ਦਾ ਕੋਹੜ ਖ਼ਤਮ ਨਹੀਂ ਹੋ ਜਾਂਦਾ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਪੁੱਟ ਦੇਣ ਤੱਕ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹੁਣ ਲਈ ਬੁਲਡੋਜ਼ਰ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾ ਰਹੀ ਹੈ ਅਤੇ ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਨਸ਼ੇ ਦੇ ਵਪਾਰ ਨੂੰ ਤਕੜਾ ਝਟਕਾ ਦਿੱਤਾ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਾਰਵਾਈ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤਾਂ ਜੋ ਸੂਬੇ ਵਿੱਚੋਂ ਨਸ਼ੇ ਦਾ ਪੂਰੀ ਤਰ੍ਹਾਂ ਸਫਾਇਆ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਨਾਰੰਗਵਾਲ ਤੇ ਹੋਰ ਪਿੰਡਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੂਬੇ ਦੇ ਇਹ ਵੱਡੇ ਪਿੰਡ ਵੱਡੇ ਖੇਡ ਟੂਰਨਾਮੈਂਟਾਂ ਲਈ ਜਾਣੇ ਜਾਂਦੇ ਸਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮਾੜੇ ਰਵੱਈਏ ਕਾਰਨ ਇਹ ਪਿੰਡ ਨਸ਼ਿਆਂ ਦੇ ਅੱਡੇ ਵਿੱਚ ਬਦਲ ਗਏ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੁਲਡੋਜ਼ਰ ਮੁਹਿੰਮ ਇਸ ਪਿੰਡ ਤੋਂ ਸ਼ੁਰੂ ਕੀਤੀ ਗਈ ਸੀ ਅਤੇ ਫਿਰ ਨਸ਼ਿਆਂ ਨੂੰ ਖਤਮ ਕਰਨ ਦੀ ਮੁਹਿੰਮ ਪੂਰੇ ਸੂਬੇ ਵਿੱਚ ਚਲਾਈ ਗਈ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਤੇਜ਼ ਕਰ ਦਿੱਤੀ ਗਈ ਹੈ ਅਤੇ ਅਸੀਂ ਉਦੋਂ ਤੱਕ ਟਿਕ ਕੇ ਨਹੀਂ ਬੈਠਾਂਗੇ, ਜਦੋਂ ਤੱਕ ਸੂਬੇ ਵਿੱਚ ਨਸ਼ਾ ਮੁਕੰਮਲ ਤੌਰ 'ਤੇ ਖਤਮ ਨਹੀਂ ਹੋ ਜਾਂਦਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇ ਕੇ ਸੂਬੇ ਦੇ ਲੋਕਾਂ ਨੂੰ ਮੂਰਖ ਬਣਾਇਆ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਸਰਕਾਰ ਸੂਬੇ ਦੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦਾ ਵਪਾਰ ਅਕਾਲੀ ਸਰਕਾਰ ਮੌਕੇ ਵਧਿਆ ਸੀ ਅਤੇ ਇਹ ਅਕਾਲੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਸਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਹੁਣ ਆਪਣੇ ਪਾਪਾਂ ਦੀ ਸਜ਼ਾ ਭੁਗਤ ਰਹੇ ਹਨ ਕਿਉਂਕਿ ਲੋਕ ਉਨ੍ਹਾਂ ਨੂੰ ਪਹਿਲਾਂ ਹੀ ਸੱਤਾ ਤੋਂ ਲਾਂਭੇ ਕਰ ਚੁੱਕੇ ਹਨ ਅਤੇ ਉਹ ਸਿਆਸੀ ਗੁੰਮਨਾਮੀ ਵਿੱਚ ਚਲੇ ਗਏ ਹਨ। ਭਗਵੰਤ ਸਿੰਘ ਮਾਨ ਨੇ ਤਨਜ਼ ਕੱਸਦਿਆਂ ਕਿਹਾ ਕਿ ਕਾਂਗਰਸ ਨੇ ਸੂਬੇ ਨੂੰ ਭ੍ਰਿਸ਼ਟਾਚਾਰ ਦਿੱਤਾ ਅਤੇ ਅਕਾਲੀਆਂ ਨੇ ਇਸ ਨੂੰ ਸਰਪ੍ਰਸਤੀ ਦਿੱਤੀ, ਇਸੇ ਤਰ੍ਹਾਂ ਅਕਾਲੀਆਂ ਨੇ ਨਸ਼ਾ ਤਸਕਰਾਂ ਪੈਦਾ ਕੀਤੇ ਅਤੇ ਕਾਂਗਰਸ ਨੇ ਤਸਕਰਾਂ ਨੂੰ ਪਨਾਹ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਇਸ ਦੇ ਲੋਕਾਂ ਪ੍ਰਤੀ ਇਨ੍ਹਾਂ ਆਗੂਆਂ ਦੀ ਸੰਵੇਦਨਹੀਣਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਪੂਰਾ ਪੰਜਾਬ ਆਪਣੇ ਪਾਣੀਆਂ ਨੂੰ ਬਚਾਉਣ ਲਈ ਲੜ ਰਿਹਾ ਸੀ ਤਾਂ ਇਨ੍ਹਾਂ ਆਗੂਆਂ ਨੇ ਬੋਲਣ ਦੀ ਬਜਾਏ ਚੁੱਪ ਰਹਿਣ ਦਾ ਰਸਤਾ ਚੁਣਿਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰ ਸਰਕਾਰ, ਬੀ.ਬੀ.ਐਮ.ਬੀ. ਅਤੇ ਹਰਿਆਣਾ ਸਰਕਾਰ ਦੀ ਸੂਬੇ ਦੇ ਪਾਣੀ ਚੋਰੀ ਕਰਨ ਦੀ ਸਾਜ਼ਿਸ਼ ਦਾ ਸਖ਼ਤ ਵਿਰੋਧ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਤੋਂ ਪਹਿਲੀਆਂ ਸਰਕਾਰਾਂ ਆਪਣੇ ਨਿੱਜੀ ਹਿੱਤਾਂ ਲਈ ਗੁਆਂਢੀ ਸੂਬੇ ਨੂੰ ਵਾਧੂ ਪਾਣੀ ਦੇਣ ਤੋਂ ਪ੍ਰਹੇਜ਼ ਨਹੀਂ ਕਰਦੀਆਂ ਸਨ ਪਰ ਸੂਬੇ ਦੇ ਪਾਣੀਆਂ ਦੇ ਰਾਖੇ ਹੋਣ ਦੇ ਨਾਤੇ ਉਹ ਅਜਿਹਾ ਕਦੇ ਵੀ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਹੁਣ ਆਪਣੇ ਨਹਿਰੀ ਪਾਣੀ ਦੀ ਵਿਵਸਥਾ ਨੂੰ ਅਪਗ੍ਰੇਡ ਕੀਤਾ ਹੈ, ਇਸ ਲਈ ਹੁਣ ਆਉਣ ਵਾਲੇ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਸੂਬੇ ਦੇ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪਾਣੀ ਦੀ ਲੋੜ ਹੈ।

ਨਸ਼ਿਆਂ ਵਿਰੁੱਧ ਜੰਗ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਅਤੇ ਸਮਰਥਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਬੁਰਾਈ ਸੂਬੇ ਦੇ ਮੱਥੇ 'ਤੇ ਕਲੰਕ ਹੈ ਅਤੇ ਇਸ ਬੁਰਾਈ ਨੂੰ ਖ਼ਤਮ ਕਰਨ ਲਈ ਰਣਨੀਤੀ ਬਣਾਉਣ ਵਿੱਚ ਸੂਬਾ ਸਰਕਾਰ ਨੂੰ ਦੋ ਸਾਲਾਂ ਤੋਂ ਵੱਧ ਸਮਾਂ ਲੱਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਣਨੀਤੀ ਤਹਿਤ ਨਸ਼ਿਆਂ ਦੀ ਸਪਲਾਈ ਲਾਈਨ ਕੱਟ ਦਿੱਤੀ ਗਈ, ਇਨ੍ਹਾਂ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ, ਨਸ਼ਾ ਪੀੜਤਾਂ ਦਾ ਮੁੜ ਵਸੇਬਾ ਯਕੀਨੀ ਬਣਾਇਆ ਗਿਆ ਅਤੇ ਨਸ਼ਾ ਤਸਕਰਾਂ ਦੀ ਜਾਇਦਾਦ ਵੀ ਜ਼ਬਤ ਕਰਕੇ ਨਸ਼ਟ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਹੈ ਜਿਸ ਦਾ ਉਦੇਸ਼ ਸੂਬੇ ਨੂੰ ਨਸ਼ਾ ਮੁਕਤ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਦੇਖ ਕੇ ਖ਼ੁਸ਼ੀ ਹੁੰਦੀ ਹੈ ਕਿ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਹਿੱਸਾ ਲੈ ਰਹੀਆਂ ਹਨ, ਜੋ ਸ਼ੁੱਭ ਸੰਕੇਤ ਹੈ। ਉਨ੍ਹਾਂ ਕਿਹਾ ਕਿ ਜੇਕਰ ਔਰਤਾਂ ਕਿਸੇ ਵੀ ਬੁਰਾਈ ਨੂੰ ਖਤਮ ਕਰਨ ਲਈ ਇੰਨੀ ਵੱਡੀ ਪੱਧਰ 'ਤੇ ਅੱਗੇ ਆਉਂਦੀਆਂ ਹਨ ਤਾਂ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਸਮੱਸਿਆ ਦਾ ਬਹੁਤ ਜਲਦ ਸਫ਼ਾਇਆ ਹੋ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬੇ ਦੀਆਂ ਔਰਤਾਂ ਦੀ ਸਰਗਰਮ ਭਾਈਵਾਲੀ ਨਾਲ ਸੂਬਾ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ 'ਆਲਮੀ ਨਾਗਰਿਕ' ਹਨ ਜਿਨ੍ਹਾਂ ਨੇ ਦੁਨੀਆ ਦੇ ਹਰੇਕ ਕੋਨੇ ਵਿੱਚ ਆਪਣੇ ਲਈ ਵੱਖਰਾ ਮੁਕਾਮ ਕਾਇਮ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਕਾ ਮਿਲਣ 'ਤੇ ਮਿਹਨਤੀ, ਨਵੀਨਤਾਕਾਰੀ ਅਤੇ ਊਰਜਾਵਾਨ ਪੰਜਾਬੀ ਹਰ ਖੇਤਰ ਵਿੱਚ ਸਫਲਤਾ ਪ੍ਰਾਪਤ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਸੂਬਾ ਸਰਕਾਰ 'ਰੰਗਲਾ ਪੰਜਾਬ' ਬਣਾਉਣ ਦਾ ਜ਼ੋਰ ਦੇ ਰਹੀ ਹੈ ਅਤੇ ਨਸ਼ਿਆਂ ਵਿਰੁੱਧ ਜੰਗ ਇਸ ਉਦੇਸ਼ ਨੂੰ ਪੂਰਾ ਕਰਨ ਦਾ ਇਕ ਹਿੱਸਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਸੂਬੇ ਦੇ ਆਗੂ ਪੰਜਾਬ ਦੇ ਹਿੱਤਾਂ ਨੂੰ ਢਾਹ ਲਾਉਂਦੇ ਸਨ, ਇਸ ਦੇ ਉਲਟ ਅੱਜ ਪੰਜਾਬ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਤੇ ਖੁਸ਼ਹਾਲੀ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਿਆਸੀ ਆਗੂ ਲੋਕਾਂ ਨੂੰ ਮਿਲਣ ਤੋਂ ਡਰਦੇ ਸਨ ਜਦੋਂ ਕਿ ਅੱਜ ਸੂਬਾ ਸਰਕਾਰ ਲੋਕਾਂ ਨਾਲ ਸਿੱਧਾ ਸੰਵਾਦ ਰਚਾ ਰਹੀ ਹੈ ਅਤੇ ਉਨ੍ਹਾਂ ਦੀ ਫੀਡਬੈਕ ਲੈ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾ ਕੇ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਯਤਨ ਕਰਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ 54000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਨੌਕਰੀਆਂ ਬਿਨਾਂ ਕਿਸੇ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਦੇ ਪੂਰੀ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਦਮ ਨੌਜਵਾਨਾਂ ਨੂੰ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾ ਰਿਹਾ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਦਾ ਦੇਸ਼ ਭਰ

ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਸਰਾਪ ਕਾਰਨ ਕਈ ਪਰਿਵਾਰਾਂ ਨੂੰ ਦੁੱਖਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਸੂਬੇ ਦੀਆਂ ਪੀੜ੍ਹੀਆਂ ਬਰਬਾਦ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਲਈ ਸ਼ਲਾਘਾਯੋਗ ਕੰਮ ਕਰ ਰਹੀ ਹੈ ਅਤੇ ਨਸ਼ਿਆਂ ਵਿਰੁੱਧ ਇਸ ਜੰਗ ਦਾ ਦੇਸ਼ ਭਰ ਵਿੱਚ ਕੋਈ ਸਾਨੀ ਨਹੀਂ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਲੋਕ ਅੱਜ ਮੁੱਖ ਮੰਤਰੀ ਦੀ ਸ਼ਲਾਘਾ ਕਰ ਰਹੇ ਹਨ ਕਿਉਂਕਿ ਸੂਬਾ ਸਰਕਾਰ ਵੱਲੋਂ ਮਿਸਾਲੀ ਕੰਮ ਕੀਤੇ ਜਾ ਰਹੇ ਹਨ। ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਪੰਜਾਬੀਆਂ ਤੋਂ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜੇ ਤਿੰਨ ਕਰੋੜ ਪੰਜਾਬੀ ਨਸ਼ਿਆਂ ਖ਼ਿਲਾਫ਼ ਇੱਕਮੁੱਠ ਹੋ ਜਾਣ ਤਾਂ 24 ਘੰਟਿਆਂ ਵਿੱਚ ਨਸ਼ਿਆਂ ਦੀ ਸਮੱਸਿਆ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਠੀ ਭਰ ਨਸ਼ਾ ਤਸਕਰ ਪੰਜਾਬੀਆਂ ਦੀ ਤਾਕਤ ਅੱਗੇ ਟਿਕ ਨਹੀਂ ਸਕਦੇ ਅਤੇ ਉਹ ਜ਼ਮੀਨ ਹੇਠਾਂ ਗ਼ਰਕ ਜਾਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਾ ਸਿਰਫ ਨਸ਼ਾ ਸਪਲਾਈ ਲਾਈਨਾਂ ਨੂੰ ਤੋੜਿਆ ਗਿਆ, ਸਗੋਂ ਸੂਬਾ ਸਰਕਾਰ ਨਸ਼ਾ ਪੀੜਤਾਂ ਦੇ ਮੁੜ ਵਸੇਬੇ ਵੱਲ ਵੀ ਧਿਆਨ ਦੇ ਰਹੀ ਹੈ ਅਤੇ ਇਸ ਸਮੱਸਿਆ ਦਾ ਹੱਲ ਆਮ ਆਦਮੀ ਦੇ ਸਰਗਰਮ ਸਹਿਯੋਗ ਨਾਲ ਹੀ ਕੀਤਾ ਜਾ ਸਕਦਾ ਹੈ।'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸੂਬਾ ਸਰਕਾਰ ਇੱਕ ਪਾਸੇ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਦੀ ਦੋਹਰੀ ਨੀਤੀ ਅਪਣਾ ਰਹੀ ਹੈ ਅਤੇ ਦੂਜੇ ਪਾਸੇ ਇਸ ਖਤਰੇ ਨਾਲ ਨਜਿੱਠਣ ਲਈ ਨੌਜਵਾਨਾਂ ਦੀ ਸਕਾਰਾਤਮਕ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜਲਦੀ ਹੀ ਨਸ਼ਿਆਂ ਦੀ ਜਕੜ ਵਿਚੋਂ ਨਿਕਲ ਕੇ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉਭਰੇਗਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਯਕੀਨੀ ਬਣਾਉਣਾ ਸਮੇਂ ਦੀ ਲੋੜ ਹੈ ਕਿ ਪੰਜਾਬ ਦੁਨੀਆ ਭਰ ਵਿੱਚ ਚਮਕਦਾ ਰਹੇ ਅਤੇ ਹਰ ਖੇਤਰ ਵਿੱਚ ਵਿਸ਼ਵ ਦੀ ਅਗਵਾਈ ਕਰਦਾ ਰਹੇ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਯੁੱਧ ਨਸ਼ਿਆਂ ਵਿਰੁੱਧ ਦੀ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਜੋ ਪਿੰਡ ਨਸ਼ਿਆਂ ਦਾ ਕੇਂਦਰ ਸਨ, ਉਹ ਸੂਬਾ ਸਰਕਾਰ ਦੇ ਠੋਸ ਉਪਰਾਲਿਆਂ ਸਦਕਾ ਹੁਣ ਨਸ਼ਾ ਮੁਕਤ ਹੋ ਰਹੇ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਨਸ਼ਾ ਤਸਕਰਾਂ ਨੂੰ ਸੂਬੇ ਵਿੱਚ ਪੁਸ਼ਤ-ਪਨਾਹੀ ਮਿਲਦੀ ਸੀ ਜਦੋਂ ਕਿ ਹੁਣ 10,000 ਨਸ਼ਾ ਤਸਕਰ ਫੜੇ ਗਏ ਹਨ, ਜਿਨ੍ਹਾਂ ਵਿੱਚੋਂ 8500 ਵੱਡੀਆਂ ਮੱਛੀਆਂ ਹਨ। 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਜੰਗ ਨੂੰ ਜ਼ਮੀਨੀ ਪੱਧਰ 'ਤੇ ਲਿਜਾਇਆ ਜਾਵੇਗਾ ਅਤੇ ਸੂਬੇ ਦੇ ਲਗਪਗ 13000 ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਸੂਬਾ ਸਰਕਾਰ ਹਰ ਪਿੰਡ ਵਿੱਚ ਇੱਕ ਸਟੇਡੀਅਮ ਦਾ ਨਿਰਮਾਣ ਕਰੇਗੀ ਅਤੇ ਸੂਬੇ ਵਿੱਚ ਖੇਡਾਂ ਨੂੰ ਵੱਡੇ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਸੂਬੇ ਦੇ 3000 ਵੱਡੇ ਪਿੰਡਾਂ ਵਿੱਚ 3000 ਜਿੰਮ ਬਣਾਏ ਜਾਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸੂਬੇ ਵਿੱਚ ਨੌਜਵਾਨਾਂ ਨੂੰ 54000 ਦੇ ਕਰੀਬ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਹੁਣ ਹਰ ਪਿੰਡ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਯਕੀਨੀ ਬਣਾਉਣ ਲਈ ਵਿਉਂਤਬੰਦੀ ਕੀਤੀ ਗਈ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੇ ਦੈਂਤ ਨੂੰ ਨੱਥ ਪਾਈ ਹੈ ਅਤੇ ਹੁਣ ਉਹ ਦਿਨ ਦੂਰ ਨਹੀਂ, ਜਦੋਂ ਜਲਦੀ ਹੀ ਇਸ ਦਾ ਖਾਤਮਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਸੂਬੇ ਦੇ ਹਰ ਪਿੰਡ ਅਤੇ ਕਸਬੇ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜੰਗ ਵਿੱਚ ਸ਼ਾਮਲ ਕਰੇਗੀ ਤਾਂ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ। ਅਰਵਿੰਦ ਕੇਜਰੀਵਾਲ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਨਾ ਸਿਰਫ਼ ਨਸ਼ਾ ਮੁਕਤ ਹੋਵੇਗਾ ਸਗੋਂ ਦੇਸ਼ ਦਾ ਮੋਹਰੀ ਸੂਬਾ ਹੋਵੇਗਾ।ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀ ਨਸ਼ਾ ਤਸਕਰਾਂ ਦੀ ਸਰਪ੍ਰਸਤੀ ਕਰਦੇ ਸਨ ਅਤੇ ਇੱਥੋਂ ਤੱਕ ਕਿ ਆਪਣੀਆਂ ਸਰਕਾਰੀ ਗੱਡੀਆਂ ਵਿੱਚ ਨਸ਼ੇ ਵੇਚਦੇ,ਸਪਲਾਈ ਕਰਦੇ ਸਨ। ਉਨ੍ਹਾਂ ਕਿਹਾ ਕਿ ਹੁਣ ਪੁਲਿਸ ਵੱਲੋਂ ਕੁਇੰਟਲ ਤੱਕ ਦੇ ਨਸ਼ੀਲੇ ਪਦਾਰਥ ਵੀ ਜ਼ਬਤ ਕੀਤੇ ਜਾ ਰਹੇ ਹਨ ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਇਹ ਦੂਜਿਆਂ ਨੂੰ ਤਸਕਰੀ ਵਿੱਚ ਆਉਣੋਂ ਰੋਕੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਨਸ਼ੇ ਦੇ ਸੌਦਾਗਰਾਂ ਨੂੰ ਢਾਲ ਬਣਾਇਆ ਜਾਂਦਾ ਸੀ, ਉਸ ਦੇ ਉਲਟ ਹੁਣ ਇਨ੍ਹਾਂ ਖ਼ੌਫ਼ਨਾਕ ਅਪਰਾਧੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ।

## ਅਫ਼ਗਾਨਿਸਤਾਨ ਤੋਂ 5 ਟਰੱਕ ਅਟਾਰੀ ਰਾਹੀਂ ਭਾਰਤ ਪਹੁੰਚੇ




ਅੰਮ੍ਰਿਤਸਰ, 17 ਮਈ: (ਬਬਲੂ ਮਹਾਜਨ) ਭਾਰਤ ਨੇ ਅਫਗਾਨਿਸਤਾਨ ਪ੍ਰਤੀ ਸਦਭਾਵਨਾ ਦਾ ਪ੍ਰਗਟਾਵਾ ਕਰਦਿਆਂ ਅਫਗਾਨ ਟਰੱਕਾਂ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਭਾਰਤ ਵਿੱਚ ਦਾਖਲ ਹੋਣ ਦੀ ਆਗਿਆ ਦਿੱਤੀ ਹੈ। ਸ਼ੁੱਕਰਵਾਰ ਨੂੰ, 5 ਅਫਗਾਨ ਟਰੱਕ ਵਿਸ਼ੇਸ਼ ਇਜਾਜ਼ਤ ਨਾਲ ਭਾਰਤ ਵਿੱਚ ਦਾਖ਼ਲ ਹੋਏ, ਜਿਨ੍ਹਾਂ ਵਿੱਚੋਂ 4 ਟਰੱਕ ਸੁੱਕੇ ਮੇਵਿਆਂ ਨਾਲ ਲੱਦੇ ਹੋਏ ਸਨ ਅਤੇ ਇੱਕ ਟਰੱਕ ਇੱਕ ਕੁੜੀ ਨੂੰ ਲੈ ਕੇ ਜਾ ਰਿਹਾ ਸੀ।ਇਹ ਫ਼ੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਰਹੱਦੀ ਵਪਾਰ ਅਤੇ ਪਾਕਿਸਤਾਨ ਨਾਲ ਲੋਕਾਂ ਦੀ ਆਵਾਜਾਈ ਪੂਰੀ ਤਰ੍ਹਾਂ ਬੰਦ ਹੈ। ਉਸ ਹਮਲੇ ਵਿੱਚ ਪਾਕਿਸਤਾਨੀ ਅੱਤਵਾਦੀਆਂ ਦੀ ਭੂਮਿਕਾ ਸਾਹਮਣੇ ਆਉਣ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਪ੍ਰਤੀ ਸਖ਼ਤ ਰੁਖ਼ ਅਪਣਾਇਆ ਹੈ। ਸੂਤਰਾਂ ਅਨੁਸਾਰ ਭਾਰਤ-ਪਾਕਿਸਤਾਨ ਸਬੰਧਾਂ ਵਿੱਚ ਤਣਾਅ ਕਾਰਨ ਪਾਕਿਸਤਾਨ ਵਿੱਚ ਲਗਭਗ 150 ਟਰੱਕ ਫਸੇ ਹੋਏ ਹਨ। ਭਾਰਤ ਨੇ ਅਫਗਾਨਿਸਤਾਨ ਦੇ ਵਪਾਰਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਟਰੱਕਾਂ ਨੂੰ ਰਾਹਤ ਦਿੱਤੀ ਹੈ। ਅੱਜ ਵੀ ਬਹੁਤ ਸਾਰੇ ਟਰੱਕਾਂ ਦੇ ਭਾਰਤ ਆਉਣ ਦੀ ਉਮੀਦ ਹੈ। ਅਟਾਰੀ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਨੇ ਕਿਹਾ ਕਿ ਜੇਕਰ ਪਾਕਿਸਤਾਨ ਤੋਂ ਟਰੱਕ ਇਸ ਤਰ੍ਹਾਂ ਆਉਂਦੇ ਹਨ ਅਤੇ ਭਾਰਤ ਤੋਂ ਟਰੱਕ ਪਾਕਿਸਤਾਨ ਰਾਹੀਂ ਦੇਸ਼ ਵਿੱਚ ਜਾਂਦੇ ਹਨ, ਤਾਂ ਅਟਾਰੀ ਸਰਹੱਦ 'ਤੇ ਵਪਾਰ ਵਧੇਗਾ ਅਤੇ ਇਸ ਨਾਲ ਅਟਾਰੀ ਇਲਾਕੇ ਵਿੱਚ ਕੰਮ ਕਰਨ ਵਾਲੇ ਦੁਕਾਨਦਾਰਾਂ ਅਤੇ ਮਜ਼ਦੂਰਾਂ ਨੂੰ ਫਾਇਦਾ ਹੋਵੇਗਾ।

### *ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਪੁੱਛੇ ਸਵਾਲ*

## ਗੈਂਗਸਟਰਾਂ ਨੂੰ ਕਿਵੇਂ ਮਿਲੀ ਸੁਰੱਖਿਆ ਅਤੇ ਬੁਲੇਟਪਰੂਫ਼ ਗੱਡੀਆਂ ?

ਚੰਡੀਗੜ੍ਹ, 17 ਮਈ (ਚ.ਨ.ਸ.): ਪੰਜਾਬ ਵਿੱਚ ਗੈਂਗਸਟਰਾਂ ਵੱਲੋਂ ਬੁਲੇਟਪਰੂਫ ਗੱਡੀਆਂ ਦੀ ਵਰਤੋਂ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸਖ਼ਤੀ ਤੋਂ ਬਾਅਦ ਹੁਣ ਸੂਬਾ ਸਰਕਾਰ ਹਰਕਤ ਵਿੱਚ ਆ ਗਈ ਹੈ। ਹੁਸ਼ਿਆਰਪੁਰ ਦੇ ਇੱਕ ਗੈਂਗਸਟਰ ਵੱਲੋਂ ਬੁਲੇਟਪਰੂਫ ਗੱਡੀ ਦੀ ਵਰਤੋਂ ਕਰਨ ਦੀਆਂ ਖ਼ਬਰਾਂ ਆਉਣ ਤੋਂ ਬਾਅਦ, ਹਾਈ ਕੋਰਟ ਨੇ ਇਸ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਸਪੱਸ਼ਟ ਤੌਰ 'ਤੇ ਪੁੱਛਿਆ ਸੀ ਕਿ ਸੂਬੇ ਵਿੱਚ ਗੱਡੀਆਂ ਨੂੰ ਬੁਲੇਟਪਰੂਫ ਕੌਣ ਬਣਾ ਰਿਹਾ ਹੈ, ਕੀ ਇਸ ਲਈ ਕੋਈ ਲਾਇਸੈਂਸ ਜਾਰੀ ਕੀਤੇ ਜਾਂਦੇ ਹਨ ਅਤੇ ਕੀ ਇਸ ਸਬੰਧੀ ਕੋਈ ਸਰਕਾਰੀ ਨੀਤੀ ਮੌਜੂਦ ਹੈ। ਹਾਈ ਕੋਰਟ ਦੇ ਇਨ੍ਹਾਂ ਸਵਾਲਾਂ ਦੇ ਜਵਾਬ ਵਿੱਚ, ਪੰਜਾਬ ਦੇ ਮੁੱਖ ਸਕੱਤਰ ਨੇ ਅਦਾਲਤ ਵਿੱਚ ਜਵਾਬ ਦਾਇਰ ਕੀਤਾ ਅਤੇ ਸਪੱਸ਼ਟ ਕੀਤਾ ਕਿ ਇਸ ਸਮੇਂ ਸੂਬੇ ਵਿੱਚ ਨਿੱਜੀ ਵਾਹਨਾਂ ਨੂੰ ਬੁਲੇਟਪਰੂਫ ਬਣਾਉਣ ਲਈ ਕੋਈ ਨੀਤੀ ਜਾਂ ਨਿਯਮ ਨਹੀਂ ਹੈ। ਨਾ ਹੀ ਅਜਿਹੇ ਕੰਮ ਲਈ ਕੋਈ ਲਾਇਸੈਂਸ ਪ੍ਰਕਿਰਿਆ ਨਿਰਧਾਰਤ ਹੈ।ਇਸ 'ਤੇ ਅਦਾਲਤ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਸੂਬੇ ਵਿੱਚ ਅਜਿਹੇ ਕੋਈ ਨਿਯਮ ਨਹੀਂ ਹਨ, ਤਾਂ ਅਪਰਾਧੀ ਜਾਂ ਗੈਂਗਸਟਰ ਬਿਨਾਂ ਕਿਸੇ ਨਿਗਰਾਨੀ ਦੇ ਬੁਲੇਟਪਰੂਫ ਵਾਹਨਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਨ। ਗ੍ਰਹਿ ਵਿਭਾਗ ਦੇ ਵਧੀਕ ਸਕੱਤਰ ਕਮੇਟੀ ਦੀ ਅਗਵਾਈ ਕਰਨਗੇ।ਮੁੱਖ ਸਕੱਤਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਰਾਜ ਸਰਕਾਰ ਨੇ ਹੁਣ ਇਸ ਦਿਸ਼ਾ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇੱਕ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਦੀ ਅਗਵਾਈ ਗ੍ਰਹਿ ਵਿਭਾਗ ਦੇ ਵਧੀਕ ਸਕੱਤਰ ਕਰਨਗੇ। ਇਸ ਵਿੱਚ ਏ.ਡੀ.ਜੀ.ਪੀ. ਸੁਰੱਖਿਆ, ਏ.ਡੀ.ਜੀ.ਪੀ. ਇੰਟੈਲੀਜੈਂਸ, ਟਰਾਂਸਪੋਰਟ ਵਿਭਾਗ ਅਤੇ ਉਦਯੋਗ ਵਿਭਾਗ ਦੇ ਸਕੱਤਰ, ਪੰਜਾਬ ਦੇ ਕਾਨੂੰਨੀ ਸਲਾਹਕਾਰ ਅਤੇ ਇੱਕ ਤਕਨੀਕੀ ਮਾਹਰ ਸ਼ਾਮਲ ਹਨ।

# ਸਰਹੱਦ ਪਾਰ ਦੇ ਤਸਕਰੀ ਨੈੱਟਵਰਕਾਂ ਨੂੰ ਵੱਡਾ ਝਟਕਾ; ਅੰਮ੍ਰਿਤਸਰ ਵਿੱਚ 1.01 ਕਿਲੋ ਹੈਰੋਇਨ, 45.19 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਤਿੰਨ ਵਿਅਕਤੀ ਗ੍ਰਿਫ਼ਤਾਰ

## ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ : ਡੀ.ਜੀ.ਪੀ.

## ਆਉਣ ਵਾਲੇ ਦਿਨਾਂ 'ਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀ ਹੋਣ ਦੀ ਸੰਭਾਵਨਾ : ਸੀ.ਪੀ.




ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਨਸ਼ਾ ਕਾਰੋਬਾਰੀਆਂ ਦੇ ਗੱਠਜੋੜ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਦੋ ਵੱਖ-ਵੱਖ ਤਸਕਰੀ ਨੈੱਟਵਰਕਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਇਨ੍ਹਾਂ ਮੁਲਜ਼ਮਾਂ ਕੋਲੋਂ 1.01 ਕਿਲੋ ਹੈਰੋਇਨ, 45.19 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਨਕਦੀ ਗਿਣਨ ਵਾਲੀ ਮਸ਼ੀਨ ਬਰਾਮਦ ਕੀਤੀ ਗਈ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਦੇ ਠੱਠੀ ਸੋਹਲ ਦੇ ਰਾਹੁਲ ਸਿੰਘ ਉਰਫ਼ ਕਾਲੂ (20), ਅੰਮ੍ਰਿਤਸਰ ਦੇ ਪਿੰਡ ਸੁਧਾਰ ਰਾਜਪੂਤਾਂ ਦੇ ਗੁਰਮੁੱਖ ਸਿੰਘ (21) ਅਤੇ ਅੰਮ੍ਰਿਤਸਰ ਦੇ ਪਿੰਡ ਅਕਾਲਗੜ੍ਹ ਢਪੱਈਆਂ ਦੇ ਵਰਿੰਦਰਪਾਲ ਸਿੰਘ (32) ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਐਨਡੀਪੀਐਸ ਐਕਟ ਤਹਿਤ ਦੋ ਵੱਖ-ਵੱਖ ਐਫਆਈਆਰ ਪੁਲਿਸ ਥਾਣਾ - ਗੇਟ ਹਕੀਮਾਂ ਅਤੇ ਪੁਲਿਸ ਥਾਣਾ ਵੇਰਕਾ ਵਿਖੇ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੂਰੇ ਤਸਕਰੀ ਮਾਡਿਊਲ ਦਾ ਪਤਾ ਲਗਾਉਣ ਲਈ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਪਹਿਲੇ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਸੀਆਈਏ-2 ਦੀਆਂ ਪੁਲਿਸ ਟੀਮਾਂ ਨੇ ਮੁਲਜ਼ਮ ਰਾਹੁਲ ਉਰਫ਼ ਕਾਲੂ ਨੂੰ, ਅੰਮ੍ਰਿਤਸਰ ਦੇ ਆਨੰਦ ਵਿਹਾਰ ਵਿੱਚ ਉਸਦੇ ਕਿਰਾਏ ਦੇ ਘਰ ਤੋਂ 510 ਗ੍ਰਾਮ ਹੈਰੋਇਨ, 30.18 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਨਕਦੀ ਗਿਣਨ ਵਾਲੀ ਮਸ਼ੀਨ ਸਮੇਤ ਗ੍ਰਿਫਤਾਰ ਕੀਤਾ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਰਾਹੁਲ ਵਿਦੇਸ਼-ਅਧਾਰਤ ਨਸ਼ਾ ਤਸਕਰ ਟੋਨੀ ਜਰਮਨ ਦੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰ ਤੋਂ ਹੈਰੋਇਨ ਦੀ ਖੇਪ ਪ੍ਰਾਪਤ ਕਰਨ ਉਪਰੰਤ ਸਥਾਨਕ ਤੌਰ 'ਤੇ ਸਪਲਾਈ ਕਰ ਰਿਹਾ ਸੀ। ਇਸ ਸਬੰਧ ਵਿੱਚ, ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਗੇਟ ਹਕੀਮਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਤੇ 25 ਤਹਿਤ 16/5/2025 ਨੂੰ ਐਫਆਈਆਰ ਨੰਬਰ 117 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਸੇ ਲੜੀ ਵਿੱਚ ਦੂਜੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸੀ.ਪੀ. ਨੇ ਕਿਹਾ ਕਿ ਥਾਣਾ ਵੇਰਕਾ ਦੀਆਂ ਪੁਲਿਸ ਟੀਮਾਂ ਨੇ ਗੁਰਮੁਖ ਸਿੰਘ ਅਤੇ ਵਰਿੰਦਰ ਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਹਨਾਂ ਦੇ ਕਬਜ਼ੇ 'ਚੋਂ 500 ਗ੍ਰਾਮ ਹੈਰੋਇਨ, 15.19 ਲੱਖ ਰੁਪਏ ਦੀ ਡਰੱਗ ਮਨੀ ਅਤੇ ਕੈਮਰੇ ਵਾਲਾ ਇੱਕ ਖਿਡੌਣੇ-ਨੁਮਾ ਡਰੋਨ ਬਰਾਮਦ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੇ ਪਿੰਡ ਅਕਾਲਗੜ੍ਹ ਵਿੱਚ ਸਥਿਤ ਘਰ ਵਿੱਚ ਬੈੱਡ-ਬਾਕਸ (ਗੁਪਤ ਲਾਕਰ) ਬਣਾਇਆ ਹੋਇਆ ਸੀ , ਜਿੱਥੋਂ ਇਹ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਲਜ਼ਮ ਅਭਿਆਸ ਵਜੋਂ ਖਿਡੌਣੇ- ਨੁਮਾ ਡਰੋਨ ਦੀ ਵਰਤੋਂ ਕਰ ਰਹੇ ਸਨ।

ਇਸ ਸਬੰਧੀ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਅੰਮ੍ਰਿਤਸਰ ਦੇ ਵੇਰਕਾ ਪੁਲਿਸ ਥਾਣਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 25 ਅਤੇ 29 ਤਹਿਤ ਐਫਆਈਆਰ ਨੰਬਰ 40 ਮਿਤੀ 14-05-2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

# ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ : ਕੇਜਰੀਵਾਲ



ਜਲਾਲਪੁਰ (ਹੁਸ਼ਿਆਰਪੁਰ), 17 ਮਈ, (ਚ.ਨ.ਸ.) : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਹੋਣ ਕਾਰਨ ਨਸ਼ਿਆਂ ਨੇ ਸੂਬੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ।

ਨਸ਼ਾ ਮੁਕਤੀ ਯਾਤਰਾ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਦੇ ਹਾਲਾਤ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਬਹੁਤ ਹੀ ਭਾਵੁਕ ਲਹਿਜ਼ੇ ਵਿੱਚ ਦੁੱਖ-ਤਕਲੀਫਾਂ ਸਾਂਝੀਆਂ ਕੀਤੀਆਂ ਗਈਆਂ। ਜਿਸ ਤੋਂ ਸਿੱਧ ਹੁੰਦਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਨਾਲ ਨਜਿੱਠਣ ਲਈ ਕੋਈ ਕਦਮ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਇਸ ਅਣਗਹਿਲੀ ਕਾਰਨ ਹੀ ਨਸ਼ਿਆਂ ਦੀ ਲਾਹਨਤ ਨੇ ਪੈਰ ਪਸਾਰ ਲਏ ਸਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਾ ਸਿਰਫ ਨਸ਼ਾ ਵੇਚਣ ਵਾਲਿਆਂ ਨੂੰ ਸਰਪ੍ਰਸਤੀ ਦਿੱਤੀ, ਸਗੋਂ ਉਨ੍ਹਾਂ ਨੇ ਖੁਦ ਆਪਣੇ ਸਰਕਾਰੀ ਵਾਹਨਾਂ ਵਿੱਚ ਇਹ ਕਾਰੋਬਾਰ ਚਲਾਇਆ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨਸ਼ਿਆਂ ਦੇ ਖ਼ਤਰੇ ਵਿਰੁੱਧ ਸਖ਼ਤੀ ਨਾਲ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਪਣੇ ਨੌਜਵਾਨਾਂ ਨੂੰ ਇਸ ਲਾਹਨਤ ਦਾ ਸ਼ਿਕਾਰ ਨਹੀਂ ਹੋਣ ਦੇਵੇਗੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਉਪਰੰਤ ਸੂਬਾ ਸਰਕਾਰ ਦਾ ਮੁੱਖ ਧਿਆਨ ਹੁਣ ਨਸ਼ਾ ਪੀੜਤਾਂ ਦੇ ਮੁੜ ਵਸੇਬੇ 'ਤੇ ਕੇਂਦਰਤ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ ਵਧਾਉਣ ਲਈ ਯਤਨਸ਼ੀਲ ਹੈ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਇਹ ਲਾਹਨਤ ਰਾਤੋ-ਰਾਤ ਨਹੀਂ ਪੈਦਾ ਹੋਈ ਬਲਕਿ ਸਾਲਾਂ ਤੋਂ ਇਸ ਨੇ ਆਪਣੇ ਪੈਰ ਪਸਾਰੇ ਹਨ, ਜਿਸ ਨਾਲ ਪਿਛਲੀਆਂ ਸਰਕਾਰਾਂ ਦੌਰਾਨ ਅਣਗਿਣਤ ਪਰਿਵਾਰ ਨਸ਼ਿਆਂ ਦੇ ਸ਼ਿਕਾਰ ਹੋਏ। ਉਨ੍ਹਾਂ ਕਿਹਾ ਕਿ ਨਸ਼ਿਆਂ ਨੇ ਸੂਬੇ ਦੀਆਂ ਕਈ ਪੀੜ੍ਹੀਆਂ ਨੂੰ ਬਰਬਾਦ ਕਰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਬੇਹੱਦ ਦੁੱਖ ਸਹਿਣਾ ਪਿਆ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨਾ ਸਿਰਫ ਨਸ਼ੇ ਦੀ ਸਪਲਾਈ ਲਾਈਨ ਤੋੜ ਰਹੀ ਹੈ ਬਲਕਿ ਸੂਬਾ ਸਰਕਾਰ ਨਸ਼ਾ ਪੀੜਤਾਂ ਦੇ ਮੁੜ ਵਸੇਬੇ 'ਤੇ ਵੀ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਮੱਸਿਆ ਨੂੰ ਆਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਦੋਹਰੀ ਨੀਤੀ ਅਪਣਾਏਗੀ, ਜਿਸ ਤਹਿਤ ਇੱਕ ਪਾਸੇ ਨਸ਼ਾ ਤਸਕਰੀ ਨੂੰ ਠੱਲ੍ਹ ਪਾਈ ਜਾਵੇਗੀ ਅਤੇ ਦੂਜੇ ਪਾਸੇ ਨਸ਼ਿਆਂ ਦੀ ਲਾਹਨਤ ਨਾਲ ਨਜਿੱਠਣ ਲਈ ਨੌਜਵਾਨਾਂ ਦੀ ਸਕਾਰਾਤਮਕ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਨਸ਼ਿਆਂ ਦੀ ਦਲਦਲ 'ਚੋਂ ਬਾਹਰ ਹੋਵੇਗਾ ਅਤੇ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉਭਰੇਗਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਸਮੇਂ ਦੀ ਮੰਗ ਹੈ ਕਿ ਪੰਜਾਬ ਦੁਨੀਆ ਭਰ ਵਿੱਚ ਆਪਣੀ ਪੁਰਾਤਨ ਸ਼ਾਨ ਮੁੜ ਬਹਾਲ ਕਰੇ ਅਤੇ ਹਰ ਖੇਤਰ ਵਿੱਚ ਦੁਨੀਆਂ ਦਾ ਝੰਡਾ ਬਰਦਾਰ ਬਣ ਕੇ ਉਭਰੇ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸ਼ਾਨਦਾਰ ਸਫਲਤਾ ਲਈ ਵੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਦੇਖ ਕੇ ਬੜੀ ਤਸੱਲੀ ਹੁੰਦੀ ਹੈ ਕਿ ਉਹ ਪਿੰਡ ਜੋ ਨਸ਼ਿਆਂ ਦੇ ਮਾੜੇ ਪ੍ਰਭਾਵ ਹੇਠ ਸਨ, ਹੁਣ ਸੂਬਾ ਸਰਕਾਰ ਦੇ ਸਾਂਝੇ ਯਤਨਾਂ ਕਾਰਨ ਨਸ਼ਾ ਮੁਕਤ ਹੋ ਰਹੇ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸੂਬਾ ਸਰਕਾਰਾਂ ਵੱਲੋਂ ਨਸ਼ਾ ਤਸਕਰਾਂ ਨੂੰ ਸਰਪ੍ਰਸਤੀ ਦਿੱਤੀ ਜਾਂਦੀ ਸੀ, ਪਰ ਹੁਣ 10,000 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ 8500 ਵੱਡੀਆਂ ਮੱਛੀਆਂ ਹਨ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਜ਼ਮੀਨੀ ਪੱਧਰ ਤੇ ਲਿਜਾਇਆ ਜਾਵੇਗਾ ਅਤੇ ਸੂਬੇ ਦੇ ਲੱਗਭੱਗ 13000 ਪਿੰਡਾਂ ਨਾਲ ਰਾਬਤਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਲਈ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ ਵਿੱਚ ਸਟੇਡੀਅਮ ਬਣਾਏਗੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਖੇਡਾਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕਰਨ ਲਈ 3000 ਵੱਡੇ ਪਿੰਡਾਂ ਵਿੱਚ 3000 ਜਿੰਮ ਬਣਾਏ ਜਾਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬੇ ਨੇ ਪਹਿਲਾਂ ਹੀ ਆਪਣੇ ਨੌਜਵਾਨਾਂ ਨੂੰ ਲਗਭਗ 54000 ਨੌਕਰੀਆਂ ਦਿੱਤੀਆਂ ਹਨ ਅਤੇ ਹੁਣ ਹਰ ਪਿੰਡ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਯਕੀਨੀ ਬਣਾਉਣ ਲਈ ਸੁਚੱਜੀ ਯੋਜਨਾ ਉਲੀਕੀ ਗਈ ਹੈ।

# ਸੂਬੇ ਵਿੱਚ ਫੈਲੀ ਨਸ਼ਿਆਂ ਦੀ ਸਮੱਸਿਆ ਪਿਛਲੀਆਂ ਸਰਕਾਰਾਂ ਦੀ ਵਿਰਾਸਤ ਹੈ : ਮਾਨ



ਜਲਾਲਪੁਰ (ਹੁਸ਼ਿਆਰਪੁਰ), 17 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਬੀਜਾਂ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਜਾਵੇ।

ਇੱਥੇ ਲੋਕਾਂ ਨੂੰ ਸਹੁੰ ਚੁਕਾਉਣ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਪਿਛਲੀਆਂ ਸਰਕਾਰਾਂ ਦੀ ਵਿਰਾਸਤ ਹੈ, ਜਿਨ੍ਹਾਂ ਨੇ ਪੰਜਾਬ ਦੀ ਭਲਾਈ ਨੂੰ ਨਜਰਅੰਦਾਜ ਕੀਤਾ, ਜਿਸ ਕਾਰਨ ਸੂਬੇ ਦੀ ਹਾਲਤ ਤਰਸਯੋਗ ਹੋਈ ਹੈ। ਨਸ਼ਿਆਂ ਵਿਰੁੱਧ ਜੰਗ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਾਹਨਤ ਸੂਬੇ ਦੇ ਚਿਹਰੇ 'ਤੇ ਕਲੰਕ ਹੈ ਅਤੇ ਇਸ ਸਰਾਪ ਨੂੰ ਜੜ੍ਹੋਂ ਪੁੱਟਣ ਲਈ ਸੂਬਾ ਸਰਕਾਰ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਲੱਗ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਗਈ, ਇਸ ਘਿਨਾਉਣੇ ਅਪਰਾਧ ਵਿਚ ਸਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ, ਨਸਾ ਪੀੜਤਾਂ ਦਾ ਮੁੜ ਵਸੇਬਾ ਯਕੀਨੀ ਬਣਾਇਆ ਗਿਆ ਅਤੇ ਨਸਾ ਤਸਕਰਾਂ ਦੀ ਜਾਇਦਾਦ ਨੂੰ ਜਬਤ ਕਰ ਕੇ ਨਸ਼ਟ ਕਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ, 'ਯੁੱਧ ਨਸ਼ਿਆਂ ਵਿਰੁੱਧ' ਦੇ ਰੂਪ ਵਿੱਚ ਸੁਰੂ ਕੀਤੀ ਹੈ, ਜਿਸ ਦਾ ਉਦੇਸ ਸੂਬੇ ਨੂੰ ਨਸਾ ਮੁਕਤ ਬਣਾਉਣਾ ਹੈ। ਉਨ੍ਹਾਂ ਨਸ਼ਿਆਂ ਵਿਰੁੱਧ ਇਸ ਜੰਗ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਲੋਕਾਂ ਤੋਂ ਭਰਪੂਰ ਸਹਿਯੋਗ ਦੀ ਮੰਗ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਇਸ ਪਿੰਡ ਨੇ ਪੁਲਿਸ ਨੂੰ ਪੂਰਾ ਸਹਿਯੋਗ ਦੇ ਕੇ ਆਪਣੇ ਆਪ ਨੂੰ ਨਸਾ ਮੁਕਤ ਐਲਾਨਿਆ ਹੈ, ਉਸੇ ਤਰ੍ਹਾਂ ਸੂਬੇ ਦੇ ਹੋਰ ਹਿੱਸਿਆਂ ਵਿੱਚ ਵੀ ਇਸ ਨੂੰ ਦੁਹਰਾਇਆ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜੇ ਪੰਜਾਬੀਆਂ ਨੇ ਸੂਬੇ ਨੂੰ ਨਸਾ ਮੁਕਤ ਕਰਨ ਦਾ ਦ੍ਰਿੜ੍ਹ ਸੰਕਲਪ ਲਿਆ ਹੈ ਤਾਂ ਸਾਨੂੰ ਇਸ ਨੇਕ ਕਾਰਜ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਧਰਤੀ ਦੇ ਇਕ-ਇਕ ਇੰਚ ਵਿਚ ਮਹਾਨ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸਹੀਦਾਂ ਦੀ ਚਰਨ ਛੋਹ ਪ੍ਰਾਪਤ ਹਨ, ਜਿਨ੍ਹਾਂ ਨੇ ਸਾਨੂੰ ਜੁਲਮ ਅਤੇ ਅਨਿਆਂ ਦਾ ਡਟ ਕੇ ਵਿਰੋਧ ਕਰਨ ਦਾ ਰਾਹ ਦਿਖਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਨਕਸੇ-ਕਦਮਾਂ 'ਤੇ ਚੱਲਦਿਆਂ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਖੁਸੀ ਦੀ ਗੱਲ ਹੈ ਕਿ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਿਰਕਤ ਕੀਤੀ, ਜੋ ਚੰਗਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਜੇ ਔਰਤਾਂ ਕਿਸੇ ਵੀ ਖਤਰੇ ਨੂੰ ਖਤਮ ਕਰਨ ਲਈ ਇੰਨੇ ਵੱਡੇ ਪੱਧਰ 'ਤੇ ਅੱਗੇ ਆਉਣਗੀਆਂ ਤਾਂ ਬਹੁਤ ਜਲਦੀ ਇਸ ਖਤਰੇ ਦਾ ਸਫਾਇਆ ਹੋ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੀਆਂ ਔਰਤਾਂ ਦੀ ਸਰਗਰਮ ਸਮੂਲੀਅਤ ਨਾਲ ਸੂਬਾ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਸੂਬੇ ਦੇ ਆਗੂ ਪੰਜਾਬ ਦੇ ਹਿੱਤਾਂ ਨੂੰ ਖਤਰੇ ਵਿੱਚ ਪਾਉਂਦੇ ਸਨ, ਜਦੋਂ ਕਿ ਅੱਜ ਸੂਬਾ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਅਤੇ ਖੁਸਹਾਲੀ ਵੱਲ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਆਗੂ ਲੋਕਾਂ ਨੂੰ ਮਿਲਣ ਤੋਂ ਡਰਦੇ ਸਨ, ਜਦੋਂ ਕਿ ਅੱਜ ਸੂਬਾ ਸਰਕਾਰ ਲੋਕਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਤੋਂ ਫੀਡਬੈਕ ਲੈ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾ ਕੇ ਸੂਬੇ ਅਤੇ ਇੱਥੋਂ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਰਵਾਇਤੀ ਪਾਰਟੀਆਂ ਦੇ ਆਗੂਆਂ 'ਤੇ ਤਿੱਖਾ ਵਿਅੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਬਾਥਰੂਮਾਂ 'ਚ ਸੋਨੇ ਦੀਆਂ ਟੂਟੀਆਂ ਲਗਾਉਣ ਅਤੇ ਆਪਣੇ ਨਿੱਜੀ ਖੇਤਾਂ ਲਈ ਨਹਿਰੀ ਪਾਣੀਆਂ 'ਤੇ ਅਜਾਰੇਦਾਰੀ ਕਰਨ ਵਾਲੇ ਆਮ ਨਾਗਰਿਕਾਂ ਦੇ ਸੰਘਰਸ਼ ਨੂੰ ਕਦੇ ਵੀ ਨਹੀਂ ਸਮਝ ਸਕਦੇ। ਉਨ੍ਹਾਂ ਦੇ ਨਿਘਾਰ ਨੂੰ ਉਜਾਗਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੂਬੇ ਦੇ ਲੋਕਾਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਆਪਣੇ ਗੁਨਾਹਾਂ ਦੀ ਕੀਮਤ ਚੁਕਾ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਸਿਆਸਤਦਾਨ ਹੁਣ ਜਾਂ ਤਾਂ ਸਲਾਖਾਂ ਪਿੱਛੇ ਹਨ ਜਾਂ ਜਮਾਨਤ ਲਈ ਭੱਜ ਨੱਸ ਕਰ ਰਹੇ ਹਨ।

ਮੁੱਖ ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਪੰਜਾਬੀਆਂ ਨੇ ਹਮੇਸਾ ਦ੍ਰਿੜ੍ਹ ਇਰਾਦੇ ਨਾਲ ਆਪਣੇ ਟੀਚਿਆਂ ਨੂੰ ਪ੍ਰਾਪਤ ਕੀਤਾ ਹੈ ਅਤੇ ਇਹੀ ਸੰਕਲਪ ਇਸ ਅਹਿਮ ਲੜਾਈ ਵਿੱਚ ਜਿੱਤ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸਾ ਮੁਕਤ ਬਣਾਉਣ ਲਈ ਸੂਬਾ ਸਰਕਾਰ ਦ੍ਰਿੜਤਾ ਨਾਲ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬੀਆਂ ਦੇ ਸਰਗਰਮ ਸਹਿਯੋਗ ਨਾਲ ਸੂਬਾ ਇਸ ਨੇਕ ਕਾਰਜ ਨੂੰ ਨੇਪਰੇ ਚਾੜ੍ਹੇਗਾ।

ਹੁਸ਼ਿਆਰਪੁਰ ਨਾਲ ਭਾਵਨਾਤਮਕ ਸਾਂਝ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਜ਼ਿਲ੍ਹੇ ਦੀ ਉੱਚ ਸਾਖਰਤਾ ਦਰ ਅਤੇ ਇਤਿਹਾਸਕ ਮਹੱਤਤਾ ਲਈ ਸਲਾਘਾ ਕੀਤੀ ਅਤੇ ਕਿਹਾ ਕਿ ਆਜਾਦੀ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਇੱਥੇ ਸਥਾਪਿਤ ਕੀਤੀ ਗਈ ਸੀ। ਉਨ੍ਹਾਂ ਨੇ ਸਥਾਨਕ ਪਿੰਡ ਨੂੰ ਨਸ਼ਾ ਮੁਕਤ ਜੋਨ ਹੋਣ ਦਾ ਮਾਣ ਹਾਸਲ ਕਰਨ ਲਈ ਵੀ ਪ੍ਰਸੰਸਾ ਕੀਤੀ, ਜਿਸ ਤੋਂ ਲੋਕਾਂ ਦੀ ਸਮੂਹਿਕ ਇੱਛਾ ਸਕਤੀ ਝਲਕਦੀ ਹੈ। ਭਗਵੰਤ ਸਿੰਘ ਮਾਨ ਨੇ ਹਲਕਾ ਹੁਸ਼ਿਆਰਪੁਰ ਦੇ 'ਆਪ' ਵਿਧਾਇਕਾਂ ਵੱਲੋਂ ਖੇਤਰ ਦੇ ਵਿਕਾਸ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਲਾਕੇ ਦੇ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇਗੀ।

ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇੱਥੇ ਬੱਸਾਂ ਜਾਂ ਰੈਸਟੋਰੈਂਟਾਂ ਜਾਂ ਲੋਕਾਂ ਦੇ ਕਾਰੋਬਾਰਾਂ ਵਿੱਚ ਹਿੱਸਾ ਪਾਉਣ ਨਹੀਂ ਆਏ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਮ ਆਦਮੀ ਦੇ ਦੁੱਖ ਵੰਡਾ ਰਹੀ ਹੈ, ਜਿਸ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੀ ਭਲਾਈ ਅਤੇ ਲੋਕਾਂ ਦੀ ਖੁਸਹਾਲੀ ਯਕੀਨੀ ਬਣਾਉਣ ਦੀ ਮੁਹਿੰਮ ਉਨ੍ਹਾਂ ਦੇ ਆਖਰੀ ਸਾਹ ਤੱਕ ਜਾਰੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰ, ਬੀ.ਬੀ.ਐਮ.ਬੀ. ਅਤੇ ਹਰਿਆਣਾ ਸਰਕਾਰ ਵੱਲੋਂ ਸੂਬੇ ਦੇ ਪਾਣੀਆਂ ਦੀ ਚੋਰੀ ਕਰਨ ਦੇ ਕਦਮ ਦਾ ਸਖਤ ਵਿਰੋਧ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੁਰਾਣੇ ਆਗੂ ਆਪਣੇ ਸਵਾਰਥਾਂ ਲਈ ਵੱਡੇ ਪੱਧਰ 'ਤੇ ਰਾਜ ਵਿਰੋਧੀ ਕੰਮ ਕਰਦੇ ਸਨ ਪਰ ਸੂਬੇ ਦੇ ਪਾਣੀਆਂ ਦੇ ਰਖਵਾਲੇ ਹੋਣ ਦੇ ਨਾਤੇ ਉਹ ਅਜਿਹਾ ਕਦੇ ਵੀ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਆਪਣੀ ਨਹਿਰੀ ਪਾਣੀ ਪ੍ਰਣਾਲੀ ਨੂੰ ਅਪਗ੍ਰੇਡ ਕੀਤਾ ਹੈ ਅਤੇ ਹੁਣ ਝੋਨੇ ਦੇ ਸੀਜਨ ਦੇ ਮੱਦੇਨਜਰ ਸੂਬੇ ਦੇ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਾਣੀ ਦੀ ਲੋੜ ਹੈ। ਉਨ੍ਹਾਂ ਸਪੱਸਟ ਕਿਹਾ ਕਿ ਪੰਜਾਬ ਕੋਲ ਦੂਜੇ ਰਾਜਾਂ ਨਾਲ ਵੰਡਣ ਲਈ ਪਾਣੀ ਦੀ ਇੱਕ ਬੂੰਦ ਵੀ ਵਾਧੂ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪਾਣੀ ਅਤੇ ਜਵਾਨੀ ਨੂੰ ਬਚਾਏਗੀ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਯੋਗਤਾ ਦੇ ਆਧਾਰ 'ਤੇ ਨੌਜਵਾਨਾਂ ਨੂੰ 54000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਦਮ ਦਾ ਉਦੇਸ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ।

# ਹੁਸ਼ਿਆਰਪੁਰ ਦੇ ਪਿੰਡ ਜਲਾਲਪੁਰ ਦੇ ਵਾਸੀਆਂ ਵੱਲੋਂ ਮੁੱਖ ਮੰਤਰੀ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ



ਜਲਾਲਪੁਰ (ਹੁਸ਼ਿਆਰਪੁਰ), 17 ਮਈ, (ਚ.ਨ.ਸ.) : ਕਿਸੇ ਸਮੇਂ ਨਸ਼ਿਆਂ ਦਾ ਕੇਂਦਰ ਰਹੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜਲਾਲਪੁਰ ਦੇ ਵਾਸੀਆਂ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਵਿਲੱਖਣ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਪੂਰਨ ਸਮਰਥਨ ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਪਿੰਡ ਬੁੱਢੀ ਦੇ ਵਸਨੀਕ ਹਰਮਨਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸੁਰੂ ਕੀਤੀ ਗਈ ਨਸਾ ਮੁਕਤੀ ਯਾਤਰਾ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਬਹੁਤ ਹੀ ਨੇਕ ਕਦਮ ਦੱਸਿਆ। ਉਸ ਨੇ ਅੱਗੇ ਕਿਹਾ ਕਿ ਉਹ ਬਾਕੀ ਸਾਰਿਆਂ ਦੇ ਨਾਲ ਪੰਜਾਬ ਨੂੰ ਨਸਾ ਮੁਕਤ ਬਣਾਉਣ ਦੇ ਮਿਸਨ ਵਿੱਚ ਸਰਕਾਰ ਦੇ ਨਾਲ ਖੜ੍ਹਾ ਹੈ।

ਪਿੰਡ ਉੜਮੁੜ ਦੀ ਵਸਨੀਕ ਪਰਮਜੀਤ ਕੌਰ ਨੇ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਦਾ ਇਸ ਨੇਕ ਉਪਰਾਲੇ ਨੂੰ ਸੁਰੂ ਕਰਨ ਲਈ ਧੰਨਵਾਦ ਕੀਤਾ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਪਿੰਡ ਖੰਗਵਾੜੀ ਦੇ ਵਸਨੀਕ ਕਰਨ ਸਿੰਘ ਬਿੰਦੂ ਨੇ ਹਾਲ ਹੀ ਵਿੱਚ ਸੁਰੂ ਕੀਤੀ ਗਈ ਨਸਾ ਮੁਕਤੀ ਯਾਤਰਾ ਦੀ ਸਲਾਘਾ ਕਰਦਿਆਂ ਕਿਹਾ ਕਿ ਇਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਮਦਦ ਕਰੇਗੀ ਅਤੇ ਉਨ੍ਹਾਂ ਨੂੰ ਸਿਹਤਮੰਦ ਅਤੇ ਨਸ਼ਾ ਮੁਕਤ ਸਮਾਜ ਸਿਰਜਣ ਵਿੱਚ ਯੋਗਦਾਨ ਪਾਉਣ ਦੇ ਯੋਗ ਬਣਾਏਗੀ।

ਪਿੰਡ ਢੱਡਿਆਲਾ ਦੇ ਇੱਕ ਨੌਜਵਾਨ ਅਤਿੰਦਰਪਾਲ ਸਿੰਘ, ਜਿਸ ਨੇ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੌਰਾਨ ਨਸੇ ਦੀ ਲਤ 'ਤੇ ਕਾਬੂ ਪਾਇਆ, ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਨਸਾ ਸੱਚਮੁੱਚ ਮਹਾਂਮਾਰੀ ਵਾਂਗ ਹੈ। ਉਸ ਨੇ ਦੱਸਿਆ ਕਿ ਨਸ਼ਿਆਂ ਨੇ ਉਸ ਨੂੰ ਸਰੀਰਕ, ਮਾਨਸਿਕ ਅਤੇ ਵਿੱਤੀ ਤੌਰ 'ਤੇ ਕਮਜ਼ੋਰ ਕਰ ਦਿੱਤਾ ਅਤੇ ਉਸ ਦੇ ਪਰਿਵਾਰਕ ਰਿਸਤੇ ਵੀ ਤੋੜ ਦਿੱਤੇ। ਉਹ ਨਸ਼ਿਆਂ ਨੂੰ ਛੱਡਣਾ ਚਾਹੁੰਦਾ ਸੀ, ਪਰ ਉਹ ਸਹੀ ਰਸਤਾ ਨਹੀਂ ਲੱਭ ਸਕਿਆ। ਅੰਤ ਵਿੱਚ ਉਸ ਨੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਇੱਕ ਨਸਾ ਛੁਡਾਊ ਕੇਂਦਰ ਵਿੱਚ ਇਲਾਜ ਸ਼ੁਰੂ ਕੀਤਾ ਅਤੇ ਉਹ ਹੁਣ ਪੂਰੀ ਤਰ੍ਹਾਂ ਨਸਾ ਮੁਕਤ ਹੈ। ਉਸ ਨੇ ਕਿਹਾ ਕਿ ਸਾਰਿਆਂ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਸਮਰਥਨ ਕਰਨਾ ਚਾਹੀਦਾ ਹੈ, ਕਿਉਂਕਿ ਇਹ ਸਿਰਫ ਨਸੇ ਵਿਰੁੱਧ ਲੜਾਈ ਨਹੀਂ ਹੈ ਬਲਕਿ ਇਹ ਸਾਡੇ ਨੌਜਵਾਨਾਂ ਅਤੇ ਪੰਜਾਬ ਦੇ ਭਵਿੱਖ ਨੂੰ ਬਚਾਉਣ ਦੀ ਲੜਾਈ ਹੈ ਅਤੇ ਸਾਨੂੰ ਇਸ ਲੜਾਈ ਨੂੰ ਮਿਲ ਕੇ ਜਿੱਤਣਾ ਚਾਹੀਦਾ ਹੈ।

ਪਿੰਡ ਬੁੱਲੋਵਾਲ ਦੇ ਗੁਰਪ੍ਰੀਤ ਸਿੰਘ ਨੇ ਨਸੇ ਛੱਡਣ ਦੇ ਆਪਣੇ ਤਜਰਬੇ ਬਾਰੇ ਗੱਲ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਹਰ ਪੱਖੋਂ ਮਾੜੇ ਨਤੀਜੇ ਭੁਗਤਣੇ ਪੈਂਦੇ ਹਨ। ਉਸ ਨੇ ਦੱਸਿਆ ਕਿ ਨਸ਼ਿਆਂ ਕਾਰਨ ਉਸ ਦਾ ਸਮਾਜਿਕ ਤੇ ਪਰਿਵਾਰਕ ਜੀਵਨ ਪੂਰੀ ਤਰ੍ਹਾਂ ਤਬਾਹ ਹੋ ਗਿਆ। ਪੰਜਾਬ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਨਸਾ ਛੁਡਾਊ ਕੇਂਦਰ ਉਸ ਦੇ ਲਈ ਉਮੀਦ ਦੀ ਕਿਰਨ ਬਣ ਗਿਆ। ਇਸ ਕੇਂਦਰ ਤੋਂ ਇਲਾਜ ਕਰਵਾਉਣ ਤੋਂ ਬਾਅਦ ਉਹ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਆਉਣ ਦੇ ਯੋਗ ਹੋ ਗਿਆ। ਅੱਜ ਉਹ ਆਪਣੇ ਪਰਿਵਾਰ ਨਾਲ ਖੁਸਹਾਲ ਅਤੇ ਨਸ਼ਾ ਮੁਕਤ ਜੀਵਨ ਬਤੀਤ ਕਰ ਰਿਹਾ ਹੈ। ਉਸ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਕਦੇ ਭੁੱਲ ਕੇ ਵੀ ਨਸ਼ਿਆਂ ਦੀ ਦਲਦਲ ਵਿੱਚ ਨਾ ਫਸਣ।

# 20 ਰੁਪਏ ਦੇ ਨੋਟ ਨੂੰ ਲੈ ਕੇ ਆਰ.ਬੀ.ਆਈ. ਦਾ ਵੱਡਾ ਐਲਾਨ




ਨਵੀਂ ਦਿੱਲੀ, 17 ਮਈ, (ਚ.ਨ.ਸ.) : ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਇੱਕ ਮਹੱਤਵਪੂਰਨ ਐਲਾਨ ਕੀਤਾ ਹੈ। ਆਰਬੀਆਈ ਜਲਦੀ ਹੀ 20 ਰੁਪਏ ਦੇ ਨਵੇਂ ਨੋਟ ਜਾਰੀ ਕਰੇਗਾ। ਖਾਸ ਗੱਲ ਇਹ ਹੈ ਕਿ ਇਨ੍ਹਾਂ ਨੋਟਾਂ 'ਤੇ ਨਵੇਂ ਆਰਬੀਆਈ ਗਵਰਨਰ ਸੰਜੇ ਮਲਹੋਤਰਾ ਦੇ ਦਸਤਖਤ ਹੋਣਗੇ। ਹਾਲਾਂਕਿ, ਆਮ ਲੋਕਾਂ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਪਹਿਲਾਂ ਤੋਂ ਚੱਲ ਰਹੇ 20 ਰੁਪਏ ਦੇ ਸਾਰੇ ਨੋਟ ਪਹਿਲਾਂ ਵਾਂਗ ਹੀ ਚੱਲਦੇ ਰਹਿਣਗੇ। ਆਰ.ਬੀ.ਆਈ. ਨੇ ਸਪੱਸ਼ਟ ਕੀਤਾ ਹੈ ਕਿ 20 ਰੁਪਏ ਦੇ ਨਵੇਂ ਨੋਟ ਸਿਰਫ਼ ਮਹਾਤਮਾ ਗਾਂਧੀ (ਨਵੀਂ) ਲੜੀ ਦੇ ਹੋਣਗੇ। ਇਨ੍ਹਾਂ ਦਾ ਡਿਜ਼ਾਈਨ ਵੀ ਮੌਜੂਦਾ 20 ਰੁਪਏ ਦੇ ਨੋਟ ਵਰਗਾ ਹੀ ਹੋਵੇਗਾ। ਸਿਰਫ਼ ਇੱਕ ਹੀ ਬਦਲਾਅ ਹੋਵੇਗਾ - ਨੋਟਾਂ ਤੇ ਹੁਣ ਰਾਜਪਾਲ ਸੰਜੇ ਮਲਹੋਤਰਾ ਦੇ ਦਸਤਖਤ ਹੋਣਗੇ। ਬਹੁਤ ਸਾਰੇ ਲੋਕ ਚਿੰਤਤ ਹੋਣਗੇ ਕਿ ਕੀ 20 ਰੁਪਏ ਦੇ ਪੁਰਾਣੇ ਨੋਟ ਪ੍ਰਚਲਨ ਤੋਂ ਬਾਹਰ ਹੋ ਜਾਣਗੇ ? ਆਰਬੀਆਈ ਨੇ ਇਸ ਬਾਰੇ ਸਥਿਤੀ ਸਪੱਸ਼ਟ ਕਰ ਦਿੱਤੀ ਹੈ। ਆਰ.ਬੀ.ਆਈ. ਨੇ ਕਿਹਾ ਹੈ ਕਿ ਪਹਿਲਾਂ ਜਾਰੀ ਕੀਤੇ ਗਏ ਸਾਰੇ 20 ਰੁਪਏ ਦੇ ਨੋਟ ਪੂਰੀ ਤਰ੍ਹਾਂ ਵੈਧ ਰਹਿਣਗੇ। ਇਸਦਾ ਮਤਲਬ ਹੈ ਕਿ ਤੁਸੀਂ ਪਹਿਲਾਂ ਵਾਂਗ ਪੁਰਾਣੇ ਨੋਟਾਂ ਨਾਲ ਖਰੀਦਦਾਰੀ ਜਾਰੀ ਰੱਖ ਸਕਦੇ ਹੋ ਅਤੇ ਉਹਨਾਂ ਨੂੰ ਕਿਤੇ ਵੀ ਵਰਤਿਆ ਜਾ ਸਕਦਾ ਹੈ। ਨਵੇਂ ਰਾਜਪਾਲ ਦੇ ਅਹੁਦਾ ਸੰਭਾਲਣ ਤੋਂ ਬਾਅਦ ਨਵੇਂ ਦਸਤਖਤਾਂ ਵਾਲੇ ਨੋਟ ਜਾਰੀ ਕਰਨਾ ਇੱਕ ਆਮ ਪ੍ਰਕਿਰਿਆ ਹੈ। ਇਸ ਨਾਲ ਬਾਜ਼ਾਰ ਵਿੱਚ ਮੌਜੂਦ ਪੁਰਾਣੇ ਨੋਟਾਂ ਤੇ ਕੋਈ ਅਸਰ ਨਹੀਂ ਪੈਂਦਾ ਅਤੇ ਨਾ ਹੀ ਇਹ ਕਿਸੇ ਵੀ ਨੋਟ ਨੂੰ ਅਵੈਧ ਬਣਾਉਂਦਾ ਹੈ।

# ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਮੁੜ ਖੋਲ੍ਹਿਆ ਜਾਵੇ : ਧਾਲੀਵਾਲ



ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ ):ਅਜਨਾਲਾ ਹਲਕੇ ਦੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕਰ ਰਹੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰ ਸਰਕਾਰ ਤੋਂ ਇਹ ਮੰਗ ਵੀ ਕੀਤੀ, ਕਿ ਭਾਰਤ ਪਾਕਿਸਤਾਨ ਦਰਮਿਆਨ ਪੈਦਾ ਹੋਏ ਤਣਾਅ ਕਾਰਨ ਬੰਦ ਕੀਤਾ ਗਿਆ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਰੰਤ ਖੋਲ੍ਹਿਆ ਜਾਵੇ। ਉਹਨਾਂ ਨੇ ਕਿਹਾ ਕਿ ਦੁਨੀਆਂ ਭਰ ਦੇ ਨਾਨਕ ਨਾਮ ਲੇਵਾ ਸਿੱਖ ਇਸ ਲਾਂਘੇ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਧਰਤੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਨ, ਪਰ ਮਾਹੌਲ ਵਿੱਚ ਤਲਖੀ ਆਉਣ ਕਾਰਨ ਇਹ ਲਾਂਘਾ ਬੰਦ ਕਰ ਦਿੱਤਾ ਗਿਆ ਸੀ, ਸੋ ਹੁਣ ਦੋਵਾਂ ਦੇਸ਼ਾਂ ਦਰਮਿਆਨ ਮਾਹੌਲ ਠੀਕ ਹੋਣ ਮਗਰੋਂ ਇਹ ਲਾਂਘਾ ਤੁਰੰਤ ਖੋਲ੍ਹਿਆ ਜਾਵੇ।

ਉਹਨਾਂ ਨੇ ਇਹ ਵੀ ਕਿਹਾ ਕਿ ਵਾਹਗਾ ਸਰਹੱਦ ਨੂੰ ਵਪਾਰ ਲਈ ਖੋਲਿਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੁਲਵਾਮਾ ਹਮਲੇ ਤੋਂ ਪਹਿਲਾਂ ਇਸ ਸਰਹੱਦ ਰਸਤੇ ਦੱਖਣੀ ਏਸ਼ੀਆ ਦੇ ਦੇਸ਼ਾਂ ਨਾਲ ਭਾਰਤ ਦਾ ਵਪਾਰ ਚਲਦਾ ਸੀ, ਪਰ ਉਸ ਤੋਂ ਬਾਅਦ ਇਹ ਬੰਦ ਕਰ ਦਿੱਤਾ ਗਿਆ, ਜਿਸ ਕਾਰਨ ਇਸ ਇਲਾਕੇ ਨੂੰ ਵੱਡੀ ਆਰਥਿਕ ਸੱਟ ਵੱਜੀ ਹੈ। ਉਹਨਾਂ ਕਿਹਾ ਕਿ ਜੇਕਰ ਵਾਘਾ ਸਰਹੱਦ ਵਪਾਰ ਲਈ ਖੁੱਲਦੀ ਹੈ ਤਾਂ ਇਸ ਦਾ ਕੇਵਲ ਪੰਜਾਬ ਹੀ ਨਹੀਂ ਸਮੁੱਚੇ ਉੱਤਰੀ ਭਾਰਤ ਨੂੰ ਵੱਡਾ ਫਾਇਦਾ ਹੋਵੇਗਾ। ਉਹਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਉੱਤੇ ਨਜ਼ਰਸਾਨੀ ਕਰਦੇ ਹੋਏ ਇਸ ਲਾਂਘੇ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਜਾਵੇ, ਤਾਂ ਜੋ ਇਸ ਖਿੱਤੇ ਵਿੱਚ ਮੁੜ ਰੁਜ਼ਗਾਰ ਤੇ ਵਪਾਰ ਦੇ ਮੌਕੇ ਪੈਦਾ ਹੋ ਸਕਣ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਨਸ਼ਿਆਂ ਵਿਰੁੱਧ ਮੋਹਰੀ ਭੂਮਿਕਾ ਨਿਭਾਉਣ ਵਾਲੇ ਪਿੰਡ ਨਾਰੰਗਵਾਲ ਨੇ ਮੁੱਖ ਮੰਤਰੀ ਨੂੰ ਡਟ ਕੇ ਸਾਥ ਦੇਣ ਦਾ ਭਰੋਸਾ ਦਿੱਤਾ



ਨਾਰੰਗਵਾਲ (ਲੁਧਿਆਣਾ), 17 ਮਈ, (ਚ.ਨ.ਸ.) : ਨਸ਼ਿਆਂ ਵਿਰੁੱਧ ਜੰਗ ਵਿੱਚ ਮੋਹਰੀ ਰਹਿਣ ਵਾਲੇ ਪਿੰਡ ਨਾਰੰਗਵਾਲ ਦੇ ਲੋਕਾਂ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਆਪਣਾ ਪੂਰਾ ਸਮੱਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਨਸ਼ੇ ਤੋਂ ਪੀੜਤ ਰਹੇ ਅਮਨ ਸ਼ਰਮਾ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਹ ਪਿਛਲੇ 12 ਸਾਲਾਂ ਤੋਂ ਨਸ਼ਿਆਂ ਦਾ ਆਦੀ ਸੀ, ਪਰ ਹੁਣ ਸੂਬਾ ਸਰਕਾਰ ਵੱਲੋਂ ਨਸ਼ਿਆਂ 'ਤੇ ਸ਼ਿਕੰਜਾ ਕੱਸਣ ਸਦਕਾ ਉਹ ਇਸ ਦਲਦਲ ਵਿੱਚੋਂ ਬਾਹਰ ਨਿਕਲਣ ਦੇ ਯੋਗ ਹੋ ਗਿਆ ਹੈ। ਉਸ ਨੇ ਆਮ ਲੋਕਾਂ ਦੀ ਭਲਾਈ ਲਈ ਜਮੀਨੀ ਪੱਧਰ 'ਤੇ ਨਸ਼ਿਆਂ ਵਿਰੁੱਧ ਇਸ ਜੰਗ ਨੂੰ ਸੁਰੂ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

ਇਸ ਮੌਕੇ ਪਿੰਡ ਲਲਤੋਂ ਕਲਾਂ ਦੇ ਪਰਮਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦੀ ਸਖਤ ਕਾਰਵਾਈ ਕਾਰਨ ਨਸਾ ਤਸਕਰਾਂ ਨੇ ਇਹ ਕਾਰੋਬਾਰ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਆਮ ਜਨਤਾ ਦੀ ਸਹੀ ਅਰਥਾਂ ਵਿੱਚ ਭਲਾਈ ਹੈ ਅਤੇ ਇਸ ਲਈ ਮੁੱਖ ਮੰਤਰੀ ਸਲਾਘਾ ਦੇ ਪਾਤਰ ਹਨ।

ਪਿੰਡ ਦੇ ਇੱਕ ਹੋਰ ਨਿਵਾਸੀ ਨਿਖਿਲ ਸਰਮਾ ਨੇ ਕਿਹਾ ਕਿ ਉਸ ਦਾ ਭਰਾ ਨਸ਼ਿਆਂ ਦਾ ਆਦੀ ਸੀ ਜਿਸ ਕਾਰਨ ਪਰਿਵਾਰ ਬੇਹੱਦ ਦੁਖੀ ਰਹਿੰਦਾ ਸੀ। ਉਸ ਨੇ ਕਿਹਾ ਕਿ ਉਹ ਕਾਂਗਰਸ ਦਾ ਵੱਡਾ ਸਮਰਥਕ ਸੀ, ਪਰ ਕਾਂਗਰਸ ਨੇ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕਰਨ ਲਈ ਕੁਝ ਨਹੀਂ ਕੀਤਾ। ਉਸਨੇ ਅੱਗੇ ਕਿਹਾ ਕਿ ਹੁਣ ਹਾਲਾਤ ਬਹੁਤ ਬਦਲ ਗਏ ਹਨ ਕਿਉਂਕਿ ਹੁਣ ਨਸ਼ਾ ਤਸਕਰ ਆਪਣਾ ਕਾਰੋਬਾਰ ਛੱਡ ਕੇ ਭੱਜ ਰਹੇ ਹਨ।

ਸਰਪੰਚ ਪਾਲ ਕੌਰ ਨੇ ਕਿਹਾ ਕਿ ਇਹ ਨੇਕ ਕਾਰਜ ਹੈ ਕਿਉਂਕਿ ਸੂਬਾ ਸਰਕਾਰ ਦੀ ਸਖ਼ਤ ਕਾਰਵਾਈ ਸਦਕਾ ਹੁਣ ਨਸਾ ਤਸਕਰ ਕਿਤੇ ਵੀ ਨਜਰ ਨਹੀਂ ਆਉਂਦੇ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਟੀਚਾਗਤ ਨਤੀਜੇ ਸਾਹਮਣੇ ਆਏ ਹਨ ਕਿਉਂਕਿ ਸੂਬਾ ਸਰਕਾਰ ਦੇ ਸਰਗਰਮ ਸਹਿਯੋਗ ਨਾਲ ਪਿੰਡ ਹੁਣ ਨਸਾ ਮੁਕਤ ਹੋ ਰਹੇ ਹਨ।

ਪਿੰਡ ਦੀ ਵਸਨੀਕ ਇੰਦਰਬੀਰ ਕੌਰ ਨੇ ਕਿਹਾ ਕਿ ਸੂਬੇ ਦੀ ਕਿਸਮਤ ਬਦਲਣ ਦਾ ਸਿਹਰਾ ਪੰਜਾਬ ਦੇ ਮੁੱਖ ਮੰਤਰੀ ਨੂੰ ਜਾਂਦਾ ਹੈ। ਉਸ ਨੇ ਕਿਹਾ ਕਿ ਮੁੱਖ ਮੰਤਰੀ ਨੇ ਲੋਕਾਂ ਨੂੰ ਪਾਰਦਰਸੀ ਅਤੇ ਭ੍ਰਿਸਟਚਾਰ ਮੁਕਤ ਪ੍ਰਸਾਸਨ ਦੇ ਕੇ ਜਨਤਕ ਸੇਵਾ ਵਿੱਚ ਨਵਾਂ ਮਾਪਦੰਡ ਸਥਾਪਤ ਕੀਤਾ ਹੈ।

ਪਿੰਡ ਦੇ ਸਰਪੰਚ ਮਨਜਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਪਹਿਲੀ ਵਾਰ ਨਸ਼ਿਆਂ ਵਿਰੁੱਧ ਜੰਗ ਜਮੀਨੀ ਪੱਧਰ 'ਤੇ ਸੁਰੂ ਕੀਤੀ ਗਈ ਹੈ। ਸਰਪੰਚ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਦੇ ਮੁੱਖ ਮੰਤਰੀ ਨੇ ਸਿਰਫ ਸੋਸਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਦੇਖ ਕੇ ਨਸਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਸਿਰਫ ਭਗਵੰਤ ਸਿੰਘ ਮਾਨ ਦੀ ਨਹੀਂ ਹੈ ਬਲਕਿ ਇਹ ਸਾਡੀਆਂ ਪੀੜ੍ਹੀਆਂ ਨੂੰ ਬਚਾਉਣ ਦੀ ਜੰਗ ਹੈ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਪੁੰਛ 'ਚ ਸ਼ਹੀਦ ਸਿੱਖਾਂ ਦੇ ਪਰਿਵਾਰਾਂ ਤੇ ਗੁਰਦੁਆਰਾ ਸਾਹਿਬ ਦੀ ਮੁਰੰਮਤ ਲਈ 10 ਲੱਖ ਰੁਪਏ ਜਾਰੀ ਕਰਨ ਦਾ ਐਲਾਨ



ਨਵੀਂ ਦਿੱਲੀ, 17 ਮਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਡੀਆ ਸੈਲ ਦੇ ਚੇਅਰਮੈਨ ਸੁਖਵਿੰਦਰ ਸਿੰਘ ਬੱਬਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਫੈਸਲਾ ਕੀਤਾ ਹੈ ਕਿ ਪਾਕਿਸਤਾਨ ਦੇ ਹਮਲੇ ਵਿਚ ਜੰਮੂ ਦੇ ਪੁਣਛ ਵਿਚ ਸ਼ਹੀਦ ਹੋਏ 4 ਸਿੱਖਾਂ ਦੇ ਪਰਿਵਾਰਾਂ ਅਤੇ ਗੁਰਦੁਆਰਾ ਸਾਹਿਬਾਨ ਦੀ ਮੁਰੰਮਤ ਵਾਸਤੇ 10 ਲੱਖ ਰੁਪਏ ਜਾਰੀ ਕੀਤੇ ਜਾਣਗੇ, ਜਿਸ ਵਿਚ ਹਰ ਪਰਿਵਾਰ ਨੂੰ ਦੋ ਦੋ ਲੱਖ ਅਤੇ ਦੋ ਲੱਖ ਹੀ ਗੁਰਦੁਆਰਾ ਸਾਹਿਬ ਦੀ ਮੁਰੰਮਤ ਵਾਸਤੇ ਦਿੱਤੇ ਜਾਣਗੇ।

ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਬੱਬਰ ਨੇ ਦੱਸਿਆ ਕਿ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਫੈਸਲਾ ਕੀਤਾ ਹੈ ਕਿ ਇਹ ਰਾਹਤ ਤੁਰੰਤ ਜਾਰੀ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਕਮੇਟੀ ਵੱਲੋਂ ਮੌਕੇ 'ਤੇ ਜਾ ਕੇ ਜਾਇਜ਼ਾ ਲੈਣ ਵਾਸਤੇ ਕਮੇਟੀ ਮੈਂਬਰ ਸਰਦਾਰ ਭੁਪਿੰਦਰ ਸਿੰਘ ਗਿੰਨੀ ਦੀ ਡਿਊਟੀ ਲਗਾਈ ਗਈ ਸੀ ਜਿਹਨਾਂ ਨੇ ਇਲਾਕੇ ਵਿਚ ਕ੍ਰਿਸ਼ਨਾ ਘਾਟੀ, ਮਨਕੋਟ ਤੇ ਪੁਣਛ ਸ਼ਹਿਰ ਵਿਚ ਜਾ ਕੇ ਪੀੜਤ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਸ਼ੈਲਿੰਗ ਵਿਚ ਜਿਹੜੇ ਗੁਰੂ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ, ਉਹਨਾਂ ਦਾ ਵੀ ਜਾਇਜ਼ਾ ਲਿਆ।

ਸਰਦਾਰ ਬੱਬਰ ਨੇ ਦੱਸਿਆ ਕਿ ਜਲਦੀ ਹੀ ਕਮੇਟੀ ਦੀ ਮੌਕੇ ਪੁਣਛ ਪਹੁੰਚ ਕੇ ਮੁਆਵਜ਼ਾ ਦੇ ਚੈਕ ਪ੍ਰਭਾਵਤ ਪਰਿਵਾਰਾਂ ਨੂੰ ਸੌਂਪੇਗੀ।


## ਸੰਪਾਦਕੀ

# ਪ੍ਰੈਸ ਦੀ ਆਜ਼ਾਦੀ 'ਚ ਭਾਰਤ ਦੀ ਸਥਿਤੀ ਸੁਧਰੀ

ਭਾਰਤ ਨੇ ਲੰਮਾਂ ਸਮਾਂ ਵਿਦੇਸ਼ੀ ਜਰਵਾਣਿਆਂ ਦਾ ਜ਼ੁਲਮ ਝੱਲਿਆ ਅਤੇ 15 ਅਗਸਤ 1947 ਨੂੰ ਦੇਸ਼ ਵਾਸੀਆਂ ਨੂੰ ਬ੍ਰਿਟਿਸ਼ ਸਾਮਰਾਜ ਦੀ ਗੁਲਾਮੀ ਤੋਂ ਬਾਅਦ ਆਜ਼ਾਦੀ ਮਿਲੀ। ਫਿਰ ਭਾਰਤ ਰਤਨ ਡਾਕਟਰ ਭੀਮ ਰਾਓ ਦੀ ਫਰਾਖਦਿਲੀ ਅਤੇ ਦੂਰ-ਅੰਦੇਸ਼ੀ ਤਹਿਤ 26 ਜਨਵਰੀ 1950 ਨੂੰ ਇੱਕ ਅਜਿਹਾ ਸੰਵਿਧਾਨ ਮਿਲਿਆ, ਜਿਸ ਵਿਚ ਮੌਲਿਕ ਅਧਿਕਾਰਾਂ ਨੂੰ ਵਿਸ਼ੇਸ ਮਹੱਤਤਾ ਦਿੱਤੀ ਗਈ। ਨਤੀਜ਼ਨ ਮੁਲਕ ਦੇ ਵਸ਼ਿੰਦੇ ਆਪਣਾ ਦੇਸ਼, ਆਪਣੀ ਸਰਕਾਰ ਅਤੇ ਆਪਣੇ ਅਧਿਕਾਰਾਂ ਦਾ ਨਿੱਘ ਮਾਣਨ ਲੱਗੇ ਕਿਉਂਕਿ ਸੰਵਿਧਾਨ ਦੀ ਮੂਲ ਭਾਵਨਾ ਦੇ ਅੰਤਰਗਤ ਜਨਤਾ ਜਨਾਰਦਨ ਨੂੰ ਬੇਤਹਾਸ਼ਾ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ, ਜਿਸ ਤਹਿਤ ਉਸਨੂੰ ਪੰਜ ਸਾਲਾਂ ਬਾਅਦ ਨਾ-ਪਸੰਦ ਸਰਕਾਰ ਦਾ ਤਖ਼ਤਾ ਪਲਟਣ ਦਾ ਵੀ ਅਧਿਕਾਰ ਪ੍ਰਦਾਨ ਕੀਤਾ ਗਿਆ। ਇਸਤੋਂ ਅੱਗੇ ਲੋਕਤਾਂਤਰਿਕ ਪ੍ਰਣਾਲੀ ਦੇ ਲਾਗੂ ਹੁੰਦਿਆਂ ਹੀ ਨਿਆਂ ਪਾਲਿਕਾ ਦਾ ਅਤੇ ਪ੍ਰੈਸ ਨੂੰ ਮੁਕੰਮਲ ਆਜ਼ਾਦੀ ਨਾਲ ਜਨਤਾ ਦੇ ਦੁੱਖ-ਦਰਦ ਉਧੇੜਨ ਦੀ ਖੁੱਲ੍ਹ ਵੀ ਇਕ ਤਰ੍ਹਾਂ ਨਾਲ ਲੋਕਾਈ ਲਈ ਮੌਲਿਕ ਅਧਿਕਾਰ ਵਜੋਂ ਹੀ ਦੇਖੀ ਜਾ ਸਕਦੀ ਹੈ ਪਰ ਜਿਉਂ ਜਿਉਂ ਮੁਲਕ ਦੀ ਲੋਕਤਾਂਤਰਿਕ ਵਿਵਸਥਾ ਵਿਚ ਆਪਹੁਦਰੇ ਅਤੇ ਅਪਰਾਧਿਕ ਪਿਛੋਕੜ ਵਾਲੇ ਆਗੂ ਅੱਗੇ ਆਉਣ ਲੱਗੇ ਤਾਂ ਪ੍ਰੈਸ ਦੀ ਆਜ਼ਾਦੀ ਅਤੇ ਉਸਦੀ ਕਾਰਜਸ਼ੈਲੀ ਵੀ ਪ੍ਰਭਾਵਿਤ ਹੋਣੀ ਸ਼ੁਰੂ ਹੋ ਗਈ। ਜੋ ਕਿ ਇੱਕ ਦੁਖਦਾਇਕ ਪਹਿਲੂ ਹੈ। ਕਿਉਂਕਿ ਪ੍ਰੈਸ ਨੇ ਮੁਕੰਮਲ ਰੂਪ ਵਿਚ ਸੱਚ ਜਨਤਾ ਸਾਹਮਣੇ ਰੱਖਣਾ ਹੁੰਦਾ ਹੈ ਤੇ ਇਸੇ ਸੱਚ ਦੇ ਅਧਾਰ ਉਪਰ ਪੁਲਿਸ ਕਾਰਵਾਈਆਂ ਅਤੇ ਸਰਕਾਰਾਂ ਅੱਗੇ ਵਧਦੀਆਂ ਹਨ, ਜਾਂ ਫਿਰ ਕਹਿ ਲਈਏ ਕਿ ਕਿਸੇ ਵੱਡੀ ਘਟਨਾ ਬਾਰੇ ਪ੍ਰੈਸ ਦੀ ਬਿਨਾਂ ਪੱਖਪਾਤ ਕੀਤੀ ਗਈ ਕਵਰੇਜ ਸੱਚਾਈ ਸਾਹਮਣੇ ਲਿਆਉਣ ਵਿਚ ਅਹਿਮ ਰੋਲ ਅਦਾ ਕਰਦੀ ਹੈ। ਦੇਖਣ ਵਿਚ ਆਇਆ ਹੈ ਕਿ ਰਾਜਸੀ ਆਗੂ ਅਤੇ ਉਨ੍ਹਾਂ ਦੇ ਧਨਾਢ ਕਿਸਮ ਦੇ ਜੋਟੀਦਾਰਾਂ ਨੇ ਪ੍ਰੈਸ ਦੀ ਆਜ਼ਾਦੀ ਅਤੇ ਉਸਦੀ ਕਾਰਜਸ਼ੈਲੀ ਨੂੰ ਕਾਫੀ ਹੱਦ ਤਕ ਪ੍ਰਭਾਵਿਤ ਕੀਤਾ ਹੈ ਜੋ ਜਨਤਾ ਲਈ ਨੁਕਸਾਨਦਾਇਕ ਪਹਿਲੂ ਹੈ। ਪ੍ਰੈਸ ਨੂੰ ਲੋਕਤਾਂਤਰਿਕ ਪ੍ਰਣਾਲੀ ਦਾ ਮਜ਼ਬੂਤ ਚੌਥਾ ਥੰਮ ਮੰਨਿਆ ਜਾਂਦਾ ਹੈ ਪਰ ਜੇਕਰ ਪ੍ਰੈਸ ਦੀ ਕਾਰਜਸ਼ੈਲੀ ਪੱਖਪਾਤੀ ਜਾਂ ਫਿਰ ਕਿਸੇ ਧਿਰ ਜਾਂ ਵਿਅਕਤੀ ਵਿਸ਼ੇਸ਼ ਨੂੰ ਬਚਾਉਣ ਵਾਲੀ ਹੋਵੇ ਤਾਂ ਫਿਰ ਲੋਕਤਾਂਰਿਕ ਵਿਵਸਥਾ ਨੂੰ ਢਾਹ ਲੱਗਣੀ ਤੈਅ ਹੈ। ਤਾਜ਼ਾ ਤੌਰ 'ਤੇ ਰਿਪੋਰਟਜ਼ ਵਿਦਾਊਟ ਬਾਰਡਰਜ਼ ਵੱਲੋਂ ਕੀਤੇ ਗਏ ਸਰਵੇਖਣ 'ਚ ਵਿਸ਼ਵ ਪ੍ਰੈਸ ਆਜ਼ਾਦੀ ਸੂਚਕ ਅੰਕ 'ਚ ਭਾਰਤ ਦੀ ਦਰਜਾਬੰਦੀ ਪਿਛਲੇ ਸਾਲ ਦੇ 159 ਤੋਂ ਵੱਧ ਕੇ ਇਸ ਸਾਲ 180 ਦੇਸ਼ਾਂ 'ਚ 151 ਹੋ ਗਈ ਹੈ। ਫਿਨਲੈਂਡ, ਐਸਟੋਨੀਆ ਅਤੇ ਨੀਦਰਲੈਂਡ ਸੂਚੀ ਵਿਚ ਚੋਟੀ ਦੇ ਤਿੰਨ ਸਥਾਨ 'ਤੇ ਹਨ। ਸਰਵੇਖਣ 'ਚ ਰੈਂਕਿੰਗ ਨੂੰ ਅੰਤਿਮ ਰੂਪ ਦੇਣ ਲਈ ਦੁਨੀਆਂ ਭਰ ਦੇ 5000 ਤੋਂ ਵਿਅਕਤੀਆਂ ਦੇ ਜਵਾਬ ਮੰਗੇ ਗਏ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੇ ਸਹਾਇਕ ਡਾਇਰੈਕਟਰ ਜਨਰਲ ਬਿਥੋਟ ਬਰੂਟਿਨ ਨੇ ਦਿੱਲੀ 'ਚ ਦੁਨੀਆਂ ਭਰ ਦੇ ਪੰਜ ਹਜ਼ਾਰ ਲੋਕਾਂ ਦਾ ਸਰਵੇਖਣ ਕੀਤਾ। ਇਸ 'ਚ ਨੀਤੀ ਨਿਰਮਾਤਾ, ਪੱਤਰਕਾਰ ਅਤੇ ਹੋਰ ਹਿੱਸੇਦਾਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸੰਗਠਨ ਉਤਰਦਾਤਾਵਾਂ ਦੀ ਪਛਾਣ ਦਾ ਪ੍ਰਗਟਾਵਾ ਨਹੀਂ ਕਰਦਾ ਅਤੇ ਜ਼ੋਰ ਦੇ ਕੇ ਕਿਹਾ ਕਿ ਇਹ ਭਵਿੱਖ ਵੱਖ-ਵੱਖ ਵਿਚਾਰਧਾਰਾਵਾਂ ਦੀ ਨੁਮਾਇੰਦਗੀ ਕਰਨ ਵਾਲਾ ਵੰਨ-ਸੁਵੰਨਾ ਸਮੂਹ ਹੈ। ਦਰਜਾਬੰਦੀ ਵਿਚ ਅਮਰੀਕਾ 57ਵੇਂ ਸਥਾਨ 'ਤੇ ਹੈ, ਜੋ ਪਿਛਲੇ ਸਾਲ ਦੀ ਰੈਂਕਿੰਗ ਤੋਂ ਦੋ ਸਥਾਨ ਹੇਠਾਂ ਖਿਸਕ ਗਿਆ ਹੈ। ਸਰਵੇਖਣ ਮੁਤਾਬਿਕ ਆਸਟ੍ਰੇਲੀਆ 29ਵੇਂ ਅਤੇ ਕੈਨੇਡਾ 21ਵੇਂ ਅਤੇ ਚੈਕੀਆ 10ਵੇਂ ਸਥਾਨ 'ਤੇ ਹੈ। ਜੋ ਕਿ ਕਾਫੀ ਉਚ ਦਰਜਾ ਹੈ। ਪਰ ਇਨ੍ਹਾਂ ਮੁਲਕਾਂ ਵਿਚ ਮੀਡੀਆ ਦਾ ਕਿਸੇ ਨਾ ਕਿਸੇ ਰੂਪ ਵਿਚ ਇਕਪਾਸੜ ਰੋਲ ਬੇਹੱਦ ਚਿੰਤਾ ਦਾ ਵਿਸ਼ਾ ਹੈ। ਸਾਡੀ ਜਾਚੇ ਮੀਡੀਆ ਅਦਾਰਿਆਂ ਨੂੰ ਆਰਥਿਕ ਅਤੇ ਹੋਰਨਾਂ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਸਰਕਾਰਾਂ ਅਤੇ ਧਨਾਢ ਪ੍ਰਭਾਵਸ਼ਾਲੀ ਧਿਰਾਂ ਪ੍ਰੈਸ ਨੂੰ ਮੁੱਠੀ ਵਿਚ ਰੱਖਣ ਦੇ ਯਤਨ ਕਰਦੀਆਂ ਰਹਿੰਦੀਆਂ ਹਨ। ਪਰ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿਚ ਪ੍ਰੈਸ ਦੀ ਕਾਰਜਸ਼ੈਲੀ ਕਾਫੀ ਪ੍ਰਭਾਵਸ਼ਾਲੀ ਅਤੇ ਉਹ ਨਿਯਮਤ ਰੂਪ ਵਿਚ ਆਪਣੇ ਫਰਜ਼ਾਂ ਉਪਰ ਬਾਖੂਬੀ ਪਹਿਰਾ ਵੀ ਦੇ ਰਹੀ ਹੈ। ਮੀਡੀਆ ਦੀ ਠੋਸ ਕਵਰੇਜ ਅਕਸਰ ਸਰਕਾਰਾਂ ਨੂੰ ਪਲਟਣ ਦਾ ਸਬੱਬ ਵੀ ਬਣਦੀ ਹੈ। ਅਸੀਂ ਕਹਿਣਾ ਚਾਹਾਂਗੇ ਕਿ ਮੀਡੀਆ ਕਰਮੀਆਂ ਨੂੰ ਨਿੱਜੀ ਮੁਫਾਦਾਂ ਤੋਂ ਉਪਰ ਉਠਕੇ ਆਪਣੇ ਮੂਲ ਫਰਜ਼ਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ ਤਾਂ ਜੋ ਜਨਤਾ ਜਨਾਰਦਨ ਵਿਚ ਇਸਦੀ ਭਰੋਸੇਯੋਗਤਾ ਕਾਇਮ ਰਹਿ ਸਕੇ

-ਜਗਜੀਤ ਸਿੰਘ ਦਰਦੀ

# ਪਾਕਿਸਤਾਨ ਦੇ ਝੂਠੇ ਪ੍ਰਚਾਰ ਅਤੇ ਆਤੰਕਪ੍ਰਸਤੀ ਦਾ ਪਰਦਾਫਾਸ਼ ਕਰੇਗਾ ਭਾਰਤ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ☛ਭਾਰਤ ਵਿਸ਼ਵ ਕੂਟਨੀਤਕ ਮੰਚ 'ਤੇ ਉਠਾ ਰਿਹਾ ਹੈ ਆਵਾਜ਼
- ☛ਪਾਕਿਸਤਾਨ ਦੇ ਝੂਠੇ ਪ੍ਰਚਾਰ ਤੇ ਅਪ੍ਰੇਸ਼ਨ ਸਿੰਦੂਰ ਬਾਰੇ ਪੂਰੀ ਦੁਨੀਆ ਨੂੰ ਦਿੱਤੀ ਜਾਏਗੀ ਜਾਣਕਾਰੀ
- ☛ਸਰਬ ਪਾਰਟੀ ਐਮ.ਪੀ. ਸਮੂਹ ਜਾਣਗੇ ਵੱਖ-ਵੱਖ ਦੇਸ਼ਾਂ ਦੇ ਦੌਰੇ 'ਤੇ
- ☛ਸਬੂਤਾਂ ਸਮੇਤ ਪਾਕਿਸਤਾਨ ਦਾ ਪਖੰਡ ਤੇ ਫੇਕ ਮੀਡੀਆ ਪ੍ਰਚਾਰ ਦਿਖਾਇਆ ਜਾਏਗਾ



ਭਾਰਤ ਦੇ ਆਪਰੇਸ਼ਨ ਸਿੰਦੂਰ ਤੋਂ ਬਾਅਦ ਜਿਸ ਤਰ੍ਹਾਂ ਪਾਕਿਸਤਾਨ ਨੇ ਫੇਕ ਮੀਡੀਆ ਅਤੇ ਪੂਰੀ ਦੁਨੀਆ ਦੇ ਨਾਲ ਨਾਲ ਆਪਣੀ ਸੰਸਦ ਨੂੰ ਵੀ ਝੂਠ ਦੇ ਪ੍ਰਚਾਰ ਨਾਲ ਆਪਣਾ ਅਕਸ ਦਿਖਾਇਆ ਹੈ, ਉਹ ਪਹਿਲੀ ਵਾਰ ਹੈ ਕਿ ਕੋਈ ਪੂਰੇ ਦਾ ਪੂਰਾ ਦੇਸ਼ ਹੀ ਝੂਠ ਦੇ ਲਬਾਦੇ ਵਿੱਚ ਇਸ ਤਰ੍ਹਾਂ ਦਾ ਪ੍ਰਚਾਰ ਕਰੇ ਪ੍ਰੰਤੂ ਹੁਣ ਸੱਚ ਇਹ ਹੈ ਕਿ ਜਿਸ ਤਰ੍ਹਾਂ ਦੇ ਸੋਸ਼ਲ ਮੀਡੀਆ ਅਤੇ ਪਾਕਿਸਤਾਨ ਮੀਡੀਆ ਦੇ ਨਾਲ ਨਾਲ ਵਿਸ਼ਵ ਮੀਡੀਆ ਅਤੇ ਵਿਸ਼ਵ ਐਕਸਪਰਟ ਦੁਆਰਾ ਪਾਕਿਸਤਾਨ ਦੇ ਝੂਠ ਨੂੰ ਦੇਖਿਆ ਜਾ ਰਿਹਾ ਹੈ, ਉਸ ਨੂੰ ਅੰਤਰਰਾਸ਼ਟਰੀ ਸਤਰ ਤੇ ਭਾਰਤ ਸਰਕਾਰ ਵੱਲੋਂ ਚੁਣੌਤੀ ਦੇਣ ਅਤੇ ਉਹਨਾਂ ਦੇ ਝੂਠ ਦਾ ਭਾਂਡਾ ਪੂਰੀ ਦੁਨੀਆਂ ਦੇ ਸਾਹਮਣੇ ਭੰਡਣ ਦੇ ਲਈ ਭਾਰਤ ਸਰਕਾਰ ਆਪਣੇ ਰਾਜਨੀਤਕ ਤੇ ਕੂਟਨੀਤਕ ਮੰਚਾਂ ਦਾ ਪ੍ਰਯੋਗ ਕਰਦੇ ਹੋਏ ਆਪਣੇ ਪਾਰਲੀਮੈਂਟ ਮੈਂਬਰਾਂ ਦੇ ਸਮੂਹਾਂ ਨੂੰ ਵਿਦੇਸ਼ੀ ਦੌਰੇ 'ਤੇ ਭੇਜਣ ਦਾ ਪ੍ਰਬੰਧ ਕਰ ਰਹੀ ਹੈ । ਇਹ ਪਾਰਲੀਮੈਂਟ ਸਮੂਹ ਅਰਥਾਤ ਪਾਰਲੀਮੈਂਟ ਮੈਂਬਰਾਂ ਦੇ ਅਲੱਗ ਅਲੱਗ ਦਲ ਦੁਨੀਆ ਦੇ ਅਲੱਗ ਅਲੱਗ ਦੇਸ਼ਾਂ ਵਿੱਚ ਜਾਣਗੇ ਅਤੇ ਸਾਰੀ ਤਰ੍ਹਾਂ ਦੇ ਸਬੂਤ ਅਤੇ ਪਾਕਿਸਤਾਨ ਦੇ ਆਤੰਕਪ੍ਰਸਤੀ ਦੇ ਸਾਰੇ ਉਹ ਸਬੂਤਾਂ ਦੇ ਨਾਲ ਭਾਰਤ ਵੱਲੋਂ ਆਪਰੇਸ਼ਨ ਸਿੰਦੂਰ ਵਿੱਚ ਕੀਤੀ ਗਈ ਕਾਰਵਾਈ 'ਤੇ ਉਹ ਤੱਥ ਪੂਰੀ ਦੁਨੀਆ ਦੇ ਦੇਸ਼ਾਂ ਦੇ ਵਿਸ਼ੇਸ਼ਕਰ ਉੱਥੇ ਦੇ ਰਾਜਨੀਤਿਕ ਨੇਤਾਵਾਂ ਅਤੇ ਸੱਤਾਧਾਰੀ ਸਰਕਾਰ ਦੇ ਸਾਹਮਣੇ ਰੱਖਣਗੇ ਤਾਂ ਕਿ ਭਾਰਤ ਦੇ ਪੱਖ ਨੂੰ ਇੱਕ ਵਿਸ਼ਵ ਰਾਜਨੀਤਿਕ ਕੂਟਨੀਤੀ ਦੇ ਤਹਿਤ ਅਮਲ ਵਿੱਚ ਲਿਆਂਦਾ ਜਾ ਸਕੇ ।

ਅਜਿਹਾ ਪਹਿਲੀ ਵਾਰ ਨਹੀਂ ਹੋਇਆ ਹੈ ਜਦੋਂ ਇਹ ਝੂਠ ਨੂੰ ਝੂਠ ਦੱਸਣ ਲਈ ਇਹ ਕੋਸ਼ਿਸ਼ਾਂ ਭਾਰਤ ਵੱਲੋਂ ਕੀਤੀਆਂ ਗਈਆਂ ਹਨ । ਇਸ ਤੋਂ ਪਹਿਲਾਂ ਵੀ ਰਾਜਨੀਤਿਕ ਦਲਾਂ ਦੇ ਲੋਕਾਂ ਨੂੰ ਅਲੱਗ ਅਲੱਗ ਥਾਵਾਂ 'ਤੇ ਦੇਸ਼ ਦੇ ਹੱਕ ਵਿੱਚ ਪ੍ਰਚਾਰ ਪ੍ਰਸਾਰ ਕਰਨ ਲਈ ਭੇਜਿਆ ਜਾਂਦਾ ਰਿਹਾ ਹੈ।ਪ੍ਰਾਪਤ ਸੂਚਨਾਵਾਂ ਦੇ ਅਨੁਸਾਰ ਇਸ ਵਾਰ ਭਾਰਤ ਸਰਕਾਰ ਬੇਹੱਦ ਤਿਆਰੀ ਦੇ ਨਾਲ ਸਬੂਤਾਂ ਨਾਲ ਬਹਿਸ ਅਤੇ ਭਾਰਤ ਤੇ ਪਾਰਲੀਮੈਂਟੇਰੀਅਨ ਉਹ ਵਕਤਾ ਜਿਹੜੇ ਧੂੰਆਂਧਾਰ ਅੰਗਰੇਜ਼ੀ ਅਤੇ ਦੂਜੀਆਂ ਭਾਸ਼ਾਵਾਂ ਬੋਲ ਸਕਦੇ ਹਨ ਅਤੇ ਜਿਨ੍ਹਾਂ ਦੀ ਇੱਕ ਪਾਰਲੀਮੈਂਟੇਰੀਅਨ ਤੌਰ 'ਤੇ ਆਪਣੀ ਇੱਕ ਪਹਿਚਾਣ ਹੈ, ਉਹਨਾਂ ਨੂੰ ਭੇਜਿਆ ਜਾ ਰਿਹਾ ਹੈ ।

ਇਨ੍ਹਾਂ ਦਲਾਂ ਵਿਚ ਮਿਸਾਲ ਦੇ ਤੌਰ 'ਤੇ ਸ਼ਸ਼ੀ ਥਰੂਰ ਤੋਂ ਲੈ ਕੇ ਓਬੈਸੀ ਤੱਕ ਇਸ ਰਾਜਨੀਤਿਕ ਭਾਰਤੀ ਦਲ ਦੇ ਮੈਂਬਰ ਹੋਣਗੇ । ਇਹੀ ਭਾਰਤ ਦੇ ਲੋਕ ਰਾਜ ਦੀ ਇੱਕ ਵੱਡੀ ਪਹਿਚਾਣ ਹੈ ਕਿ ਜਦ ਦੇਸ਼ 'ਤੇ ਸੰਕਟ ਆਉਂਦਾ ਤੇ ਪਾਰਟੀ ਸਮੂਹ ਦਲਾਂ ਤੋਂ ਉੱਠ ਕੇ ਭਾਰਤ ਵਾਸਤੇ ਇਕੱਠੇ ਹੋ ਕੇ ਕੰਮ ਕਰਦੇ ਹਨ । ਰਾਜਨੀਤੀ ਦੇਸ਼ ਦੀਆਂ ਸੀਮਾਵਾਂ ਦੇ ਅੰਦਰ ਹੈ ਬਾਹਰ ਭਾਰਤ ਦਾ ਪ੍ਰਤੀਨਿਧ ਹੈ । ਤੇ ਇਸੇ ਮੁੱਦਿਆਂ ਨੂੰ ਚਲਦੇ ਹੋਏ ਭਾਰਤ ਹੁਣ ਆਪਣੇ ਡੈਲੀਗੇਟ ਭੇਜ ਰਿਹਾ ਹੈ। ਭਾਰਤ ਸਰਕਾਰ ਵੱਲੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਅਪ੍ਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਦੀ ਹਾਲਤ ਵਿਗੜਨ ਤੋਂ ਬਾਅਦ ਹੁਣ ਭਾਰਤੀ ਸਿਆਸਤਦਾਨ ਪਾਕਿਸਤਾਨ ਨੂੰ ਦੁਨੀਆ ਸਾਹਮਣੇ ਬੇਨਕਾਬ ਕਰਨ ਜਾ ਰਹੇ ਹਨ। ਰਾਜਨੀਤੀ ਵਿੱਚ ਆਪਸੀ ਮਤਭੇਦਾਂ ਨੂੰ ਪਿੱਛੇ ਛੱਡ ਕੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੇ ਸੱਤ ਸੰਸਦ ਮੈਂਬਰ ਵਿਦੇਸ਼ ਦੌਰੇ 'ਤੇ ਜਾ ਰਹੇ ਹਨ। ਇਹ ਸੱਤ ਮੈਂਬਰੀ ਵਫ਼ਦ ਦੁਨੀਆ ਭਰ ਵਿੱਚ ਆਪ੍ਰੇਸ਼ਨ ਸਿੰਦੂਰ ਬਾਰੇ ਆਪਣੇ ਵਿਚਾਰ ਪੇਸ਼ ਕਰੇਗਾ।

ਇਸ ਵਫ਼ਦ ਵਿੱਚ ਸੀਨੀਅਰ ਕਾਂਗਰਸ ਨੇਤਾ ਸ਼ਸ਼ੀ ਥਰੂਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ । ਤੁਹਾਨੂੰ ਦੱਸ ਦੇਈਏ ਕਿ ਸ਼ਸ਼ੀ ਥਰੂਰ ਆਪ੍ਰੇਸ਼ਨ ਸਿੰਦੂਰ ਬਾਰੇ ਬਹੁਤ ਬੋਲਦੇ ਰਹੇ ਹਨ । ਉਹ ਲਗਾਤਾਰ ਭਾਰਤੀ ਫ਼ੌਜ ਅਤੇ ਕੇਂਦਰ ਸਰਕਾਰ ਦੀ ਪ੍ਰਸ਼ੰਸਾ ਕਰਦੇ ਰਹੇ ਹਨ।

ਇਸ ਵਫ਼ਦ ਵਿੱਚ ਸ਼ਸ਼ੀ ਥਰੂਰ ਤੋਂ ਇਲਾਵਾ ਭਾਜਪਾ ਆਗੂ ਰਵੀਸ਼ੰਕਰ ਪ੍ਰਸਾਦ, ਜੇਡੀਯੂ ਆਗੂ ਸੰਜੇ ਕੁਮਾਰ ਝਾਅ, ਭਾਜਪਾ ਆਗੂ ਬੈਜਯੰਤ ਪਾਂਡਾ, ਡੀਐਮਕੇ ਆਗੂ ਕਨੀਮੋਝੀ ਕਰੁਣਾਨਿਧੀ, ਐਨਸੀਪੀ (ਸਪਾ) ਆਗੂ ਸੁਪ੍ਰੀਆ ਸੁਲੇ ਅਤੇ ਸ਼ਿਵ ਸੈਨਾ ਆਗੂ ਸ੍ਰੀਕਾਂਤ ਏਕਨਾਥ ਸ਼ਿੰਦੇ ਸ਼ਾਮਲ ਹੋਣਗੇ।

ਉਧਰ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ, ਕੇਂਦਰੀ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕੇਂਦਰੀ ਮੰਤਰੀ ਕਿਰੇਨ ਰਿਜਿਜੂ ਨੇ ਟਵੀਟ ਕੀਤਾ, ਭਾਰਤ ਮਹੱਤਵਪੂਰਨ ਪਲਾਂ 'ਤੇ ਇੱਕਜੁੱਟ ਖੜ੍ਹਾ ਹੈ । ਸੱਤ ਸਰਬ-ਪਾਰਟੀ ਵਫ਼ਦ ਜਲਦੀ ਹੀ ਮੁੱਖ ਭਾਈਵਾਲ ਦੇਸ਼ਾਂ ਦਾ ਦੌਰਾ ਕਰਨਗੇ, ਜੋ ਅੱਤਵਾਦ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਦਾ ਸਾਡਾ ਸਾਂਝਾ ਸੰਦੇਸ਼ ਲੈ ਕੇ ਜਾਣਗੇ । ਰਾਜਨੀਤੀ ਅਤੇ ਮਤਭੇਦਾਂ ਤੋਂ ਪਰੇ ਰਾਸ਼ਟਰੀ ਏਕਤਾ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਬਿੰਬ ।ਇਹ ਸਰਬ-ਪਾਰਟੀ ਵਫ਼ਦ ਅਮਰੀਕਾ, ਯੂਕੇ, ਯੂਏਈ, ਦੱਖਣੀ ਅਫਰੀਕਾ, ਜਪਾਨ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਹੋਰ ਮੈਂਬਰ ਦੇਸ਼ਾਂ ਦਾ ਦੌਰਾ ਕਰ ਸਕਦਾ ਹੈ । ਵਿਦੇਸ਼ੀ ਦੌਰੇ ਦੌਰਾਨ ਵਫ਼ਦ ਇਹ ਦੱਸਣ ਦੀ ਕੋਸ਼ਿਸ਼ ਕਰੇਗਾ ਕਿ ਭਾਰਤ ਅੱਤਵਾਦ ਨਾਲ ਕਿਵੇਂ ਲੜ ਰਿਹਾ ਹੈ। ਇਸ ਦੇ ਨਾਲ ਹੀ ਪੂਰੀ ਦੁਨੀਆ ਨੂੰ ਅੱਤਵਾਦ ਵਿਰੁੱਧ ਇੱਕਜੁੱਟ ਹੋਣ ਦੀ ਲੋੜ ਹੈ।ਇਹ ਪਹਿਲੀ ਵਾਰ ਹੈ ਜਦੋਂ ਕੇਂਦਰ ਸਰਕਾਰ ਕਈ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਇਸ ਤਰ੍ਹਾਂ ਵਿਦੇਸ਼ੀ ਦੌਰੇ 'ਤੇ ਭੇਜ ਰਹੀ ਹੈ। ਇਸਦਾ ਉਦੇਸ਼ ਕਸ਼ਮੀਰ ਤੇ ਭਾਰਤ ਦੇ ਸਟੈਂਡ ਨੂੰ ਸਪੱਸ਼ਟ ਕਰਨਾ ਹੈ ਅਤੇ ਨਾਲ ਹੀ ਸਰਹੱਦ ਪਾਰ ਅੱਤਵਾਦ ਅਤੇ ਪਾਕਿਸਤਾਨ ਦੀ ਅੱਤਵਾਦੀ ਭੂਮਿਕਾ ਨੂੰ ਉਜਾਗਰ ਕਰਨਾ ਹੈ।ਇਹ ਇਹ ਵੀ ਵਰਨਣਯੋਗ ਹੈ ਕਿ ISIS ਮਾਡਿਊਲ ਭਾਰਤ ਨੂੰ ਦਹਿਸ਼ਤਜ਼ਦਾ ਕਰਨ ਦੀ ਸਾਜ਼ਿਸ਼ ਰਚ ਰਿਹਾ ਸੀ, NIA ਨੇ 2 ਅੱਤਵਾਦੀਆਂ ਨੂੰ ਕੀਤਾ ਗ੍ਰਿਫ਼ਤਾਰ ਇਹ ਵੀ ਪੜ੍ਹੋ: ਪਾਕਿਸਤਾਨ ਦਾ ਗਲਾ ਘੁੱਟਣ ਤੁਲਬੁਲ ਪ੍ਰੋਜੈਕਟ ਕੀ ਹੈ , ਜਿਸ 'ਤੇ ਉਮਰ ਅਤੇ ਮਹਿਬੂਬਾ ਵਿੱਚ ਝੜਪ ਹੋਈ ਸੀ। ਇਸ ਪੂਰੇ ਪ੍ਰੋਗਰਾਮ ਵਿੱਚ ਕੇਂਦਰੀ ਮੰਤਰੀ ਕਿਰੇਨ ਰਿਜੀਜੂ ਮੋਹਰੀ ਭੂਮਿਕਾ ਨਿਭਾ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ 22 ਅਪ੍ਰੈਲ ਨੂੰ ਅੱਤਵਾਦੀਆਂ ਨੇ ਕਸ਼ਮੀਰ ਵਿੱਚ ਮਾਸੂਮ ਸੈਲਾਨੀਆਂ 'ਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ, ਭਾਰਤ ਨੇ ਪਾਕਿਸਤਾਨੀ ਅੱਤਵਾਦੀਆਂ ਨੂੰ ਸਬਕ ਸਿਖਾਉਣ ਲਈ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ । ਅੱਤਵਾਦੀਆਂ ਵਿਰੁੱਧ ਕੀਤੀ ਗਈ ਕਾਰਵਾਈ ਤੋਂ ਪਾਕਿਸਤਾਨ ਗੁੱਸੇ ਵਿੱਚ ਆ ਗਿਆ ਅਤੇ ਉਸਨੇ ਮਿਜ਼ਾਈਲ ਅਤੇ ਡਰੋਨ ਹਮਲੇ ਸ਼ੁਰੂ ਕਰ ਦਿੱਤੇ। ਇਸ ਦੇ ਜਵਾਬ ਵਿੱਚ ਭਾਰਤ ਨੇ ਇਸ ਤਰ੍ਹਾਂ ਹਮਲਾ ਕੀਤਾ ਕਿ ਪਾਕਿਸਤਾਨ ਦੇ ਜ਼ਖ਼ਮ ਹੋਰ ਡੂੰਘੇ ਹੋ ਗਏ । ਹੁਣ ਭਾਰਤ ਅੰਤਰਰਾਸ਼ਟਰੀ ਪੱਧਰ 'ਤੇ ਪਾਕਿਸਤਾਨ ਨੂੰ ਬੇਨਕਾਬ ਕਰਨ ਲਈ ਆਪਣੇ ਸੱਤ ਮਾਹਰ ਭੇਜ ਰਿਹਾ ਹੈ ।

ਉਧਰ ਕਾਂਗਰਸ ਵੱਲੋਂ ਭੇਜੇ ਗਏ ਨਾਵਾਂ ਦੀ ਚੋਣ ਨਹੀਂ ਕੀਤੀ ਗਈ ।ਸੀਨੀਅਰ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਕਿ ਕੇਂਦਰੀ ਮੰਤਰੀ ਕਿਰਨ ਰਿਜੀਜੂ ਨੇ ਕਾਂਗਰਸ ਪ੍ਰਧਾਨ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੋਂ ਚਾਰ ਸੰਸਦ ਮੈਂਬਰਾਂ ਦੇ ਨਾਮ ਮੰਗੇ ਸਨ ਜਿਨ੍ਹਾਂ ਨੂੰ ਵਫ਼ਦ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ । ਇਸ ਤੋਂ ਬਾਅਦ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਾਂਗਰਸ ਵੱਲੋਂ ਕਿਰਨ ਰਿਜੀਜੂ ਨੂੰ ਇੱਕ ਪੱਤਰ ਲਿਖਿਆ ਅਤੇ ਚਾਰ ਨਾਮ ਸੌਂਪੇ । ਇਹ ਨਾਮ ਸਨ, ਆਨੰਦ ਸ਼ਰਮਾ, ਗੌਰਵ ਗੋਗੋਈ, ਸਈਦ ਨਸੀਰ ਹੁਸੈਨ ਅਤੇ ਰਾਜਾ ਬਰਾੜ । ਤੁਹਾਨੂੰ ਦੱਸ ਦੇਈਏ ਕਿ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਵਫ਼ਦ ਵਿੱਚ ਜਗ੍ਹਾ ਨਹੀਂ ਦਿੱਤੀ ਗਈ ਹੈ ।ਇਥੇ ਇਹ ਵੀ ਵਰਨਣਯੋਗ ਹੈ ਕਿ ਸਰਕਾਰ ਨੇ ਆਪਣੀ ਮਰਜ਼ੀ ਦੇ ਉਹ ਤੇਜ਼ ਤਰਾਰ ਸੰਸਦ ਇਹਨਾਂ ਦਲਾਂ ਵਿੱਚ ਚੁਣੇ ਹਨ ਤਾਂ ਜੋ ਭਾਰਤ ਦੀ ਸਹੀ ਤਸਵੀਰ ਨੂੰ ਮੌਕੇ 'ਤੇ ਰੱਖਿਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾ ਸਕਣ । ਬਹੁਤ ਘੱਟ ਦਲਾਂ ਦੀ ਪਾਰਟੀ ਚੁਆਇਸ 'ਤੇ ਧਿਆਨ ਦਿੱਤਾ ਗਿਆ ਹੈ । ਪਾਰਲੀਮੈਂਟ ਏਰੀਅਨ ਦੀ ਕਾਰਕਰਦਗੀ 'ਤੇ ਧਿਆਨ ਦਿੱਤਾ ਗਿਆ ਹੈ ਤੇ ਇਸ ਵੇਲੇ ਕਾਂਗਰਸ ਦੇ ਆਗੂ ਸਲਮਾਨ ਅਤੇ ਨੇਤਾ ਸ਼ਸ਼ੀ ਥਰੂਰ ਨੂੰ ਚੁਣਿਆ ਗਿਆ ਹੈ ਜੋ ਬੇਹੱਦ ਤਜਰਬਾਕਾਰ ਅਤੇ ਵਿਦੇਸ਼ ਮੰਤਰੀ ਤੱਕ ਦੇ ਅਹੁਦਿਆਂ 'ਤੇ ਰਹਿ ਚੁੱਕੇ ਹਨ।

# ਪੰਜਾਬ ਪੁਲਿਸ ਦੀਆਂ ਕਾਲੀਆਂ ਭੇਡਾਂ ਕਿੱਥੇ ਲੁਕੀਆਂ !

ਕਮਲਜੀਤ ਸਿੰਘ ਬਨਵੈਤ
98147 34035



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਦੋਂ ਇਹ ਕਹਿੰਦੇ ਹਨ ਕਿ ਨਸ਼ੇ ਦਾ ਕਾਰੋਬਾਰ ਸਿਆਸੀ ਲੀਡਰਾਂ, ਪੁਲਿਸ ਅਤੇ ਅਫਸਰਸ਼ਾਹੀ ਦੇ ਗੱਠਜੋੜ ਨਾਲ ਚੱਲਦਾ ਹੈ ਤਾਂ ਇਸ ਦੇ ਅਰਥ ਆਮ ਨਹੀਂ ਰਹਿ ਜਾਂਦੇ ਹਨ। ਜਦੋਂ ਵਿਰੋਧੀ ਧਿਰ ਇਹੋ ਜਿਹੇ ਦੋਸ਼ ਮੜਦੀ ਹੈ ਤਾਂ ਸੱਤਾਧਾਰੀਆਂ ਨੂੰ ਮਿਰਚਾਂ ਲੱਗਣ ਲੱਗ ਜਾਂਦੀਆਂ ਹਨ । ਵਿਰੋਧੀ ਧਿਰ ਵਿੱਚ ਹੁੰਦਿਆਂ ਭਗਵੰਤ ਸਿੰਘ ਮਾਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਕਤਲ ਦਾ ਪਰਚਾ ਦਰਜ ਕਰਨ ਦੀ ਮੰਗ ਇਸ ਕਰਕੇ ਕਰ ਦਿੱਤੀ ਸੀ ਕਿਉਂਕਿ ਉਹਨਾਂ ਦੀ ਸਰਕਾਰ ਦੇ ਹੁੰਦਿਆਂ ਤਰਨਤਾਰਨ ਜ਼ਿਲ੍ਹੇ ਵਿਚ ਜਾਅਲੀ ਸ਼ਰਾਬ ਪੀਣ ਨਾਲ 121 ਜਣਿਆਂ ਦੀ ਮੌਤ ਹੋ ਗਈ ਸੀ । ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਕੋਲ ਮੁੱਖ ਮੰਤਰੀ ਦੇ ਅਹੁਦੇ ਦੇ ਨਾਲ ਨਾਲ ਆਬਕਾਰੀ ਵਿਭਾਗ ਦਾ ਵੀ ਚਾਰਜ ਵੀ ਸੀ । ਹੁਣ ਉਹ ਆਪ ਮੁੱਖ ਮੰਤਰੀ ਹਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕੋਲ ਆਬਕਾਰੀ ਵਿਭਾਗ ਦਾ ਚਾਰਜ ਹੈ । ਹੁਣ ਮਜੀਠਾ ਹਲਕੇ ਵਿੱਚ ਜਦੋਂ ਨਕਲੀ ਸ਼ਰਾਬ ਪੀਣ ਨਾਲ 28 ਮੌਤਾਂ ਹੋ ਗਈਆਂ ਹਨ ਤਾਂ ਮਾਨ ਜਾਂ ਭਗਵੰਤ ਉੱਤੇ ਪਰਚਾ ਦਰਜ ਕਰਨਾ ਨਹੀਂ ਬਣਦਾ ਹੈ । ਜਾਂ ਉਹਨਾਂ ਦੀ ਆਪਣੀ ਜ਼ਮੀਰ ਝੰਜੋੜਨ ਤੋਂ ਪਿਛਾਂਹ ਹੱਟ ਗਈ ਹੈ।

ਹੁਣ ਜਦੋਂ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਗਿਆ ਹੈ ਤਾਂ ਇਸ ਵੇਲੇ ਜਾਅਲੀ ਸ਼ਰਾਬ ਦਾ ਸ਼ਰੇਆਮ ਵਿਕਣਾ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਇੱਥੇ ਬੱਸ ਨਹੀਂ ਜਦੋਂ ਸੰਗਰੂਰ ਜੇਲ੍ਹ ਦੇ ਡੀਐਸਪੀ ਆਪ ਨਸ਼ੇ ਦੀ ਸਪਲਾਈ ਕਰਦੇ ਫੜ੍ਹੇ ਗਏ ਹਨ ਤਾਂ ਹਾਲੇ ਵੀ ਇਹ ਕਹਿਣਾ ਔਖਾ ਹੈ ਕਿ ਆਪਣੇ ਅਫਸਰਾਂ ਅੰਦਰ ਸਰਕਾਰ ਦਾ ਕੋਈ ਭੈਅ ਨਹੀਂ ਹੈ। ਕਾਲੀ ਥਾਰ ਵਾਲੀ ਬੀਬੀ ਅਮਨਦੀਪ ਕੌਰ ਜ਼ਮਾਨਤ ਕਰਾ ਕੇ ਆਪ ਜੇਲ ਤੋਂ ਬਾਹਰ ਆ ਗਈ ਹੈ ਤੇ ਜਿਨ੍ਹਾਂ ਵੱਡੇ ਪੁਲਿਸ ਅਫਸਰਾਂ ਦੇ ਸਿਰ ਉੱਤੇ ਬੁੱਲੇ ਲੁੱਟਦੀ ਰਹੀ ਹੈ, ਉਹਨਾਂ ਦੀ ਹਵਾ ਬਣਨ ਨੂੰ ਵੀ ਕਿਸੇ ਨੇ ਦੇਖਿਆ ਤੱਕ ਨਹੀਂ ਹੈ ਹਾਲਾਂਕਿ ਉਹ ਸ਼ਰੇਆਮ ਤਸਵੀਰਾਂ ਦਿਖਾਉਂਦੀ ਫਿਰਦੀ ਰਹੀ ਸੀ।

ਦੂਰ ਨਾ ਜਾਈਏ ਤਾਂ ਪੰਜਾਬ ਪੁਲਿਸ ਦੇ ਬਰਖ਼ਾਸਤ ਏਆਈਜੀ ਰਾਜਜੀਤ ਸਿੰਘ ਤਿੰਨ ਸਾਲਾਂ ਤੋਂ ਹੱਥ ਨਹੀਂ ਆ ਰਹੇ ਹਨ। ਉਹਨਾਂ ਦੀ ਕੋਠੀ ਵੱਲ ਨੂੰ ਸਰਕਾਰ ਦਾ ਬੁਲਡੋਜ਼ਰ ਵੀ ਨਹੀਂ ਚੜ੍ਹਿਆ ਹੈ। ਪੰਜਾਬ ਪੁਲਿਸ ਦੇ ਇਹ ਅਧਿਕਾਰੀ ਲੁਕਣ ਛੁਪਾਈ ਖੇਡਣ ਦਾ ਮਾਹਿਰ ਤਾਂ ਪਹਿਲਾਂ ਹੀ ਸੀ, ਉੱਪਰੋਂ ਪੁਲਿਸ ਦੀ ਹਮਦਰਦੀ ਨਾਲੋਂ ਨਾਲ ਚੱਲ ਰਹੀ ਹੈ। ਹੋਰ ਤਾਂ ਹੋਰ ਪੰਜਾਬ ਪੁਲਿਸ ਦੇ ਇੱਕ ਸਾਬਕਾ ਡੀਜੀਪੀ ਦਾ ਨਾਂ ਵੀ ਨਸ਼ਾ ਤਸਕਰਾਂ ਵਿੱਚ ਬੋਲਦਾ ਰਿਹਾ । ਇਹ ਵੱਖਰੀ ਗੱਲ ਹੈ ਕਿ ਉਹਦਾ ਨਾਂ ਵਿੱਚ ਪਿਆ ਰਹਿ ਗਿਆ ਹੈ।


ਸਤੰਬਰ 2024 ਨੂੰ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਜਦੋਂ ਪੁਲਿਸ ਦੀ ਕਾਰਗੁਜ਼ਾਰੀ ਨੂੰ ਲੈ ਕੇ ਵਿਧਾਨ ਸਭਾ ਵਿੱਚ ਰੌਲਾ ਪੈ ਗਿਆ ਸੀ ਤਾਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਦੇ ਕਾਰਜਕਾਰੀ ਡੀਜੀਪੀ ਗੌਰਵ ਯਾਦਵ ਤੋਂ ਪੁਲਿਸ ਅੰਦਰਲੀਆਂ ਕਾਲੀਆਂ ਭੇਡਾਂ ਦੀ ਸੂਚੀ ਮੰਗ ਲਈ ਸੀ । ਵਿਧਾਨ ਸਭਾ ਦੇ ਸੈਸ਼ਨ ਖਤਮ ਹੋਏ ਨੂੰ ਅੱਧਾ ਸਾਲ ਬੀਤ ਗਿਆ ਹੈ। ਪਰ ਪੁਲਿਸ ਮੁਖੀ ਨੂੰ ਆਪਣੇ ਵਿਭਾਗ ਅੰਦਰਲੀਆਂ ਲੁਕੀਆਂ ਕਾਲੀਆਂ ਭੇਡਾਂ ਹਾਲੇ ਤੱਕ ਨਹੀਂ ਲੱਭੀਆਂ ਹਨ । ਪੰਜਾਬ ਵਿਧਾਨ ਸਭਾ ਦੇ ਸਪੀਕਰ ਜੇ ਗੌਰਵ ਯਾਦਵ ਨੂੰ ਵਿਭਾਗ ਅੰਦਰ ਲੁਕੀਆਂ ਚਿੱਟੀਆਂ ਭੇਡਾਂ ਲੱਭਣ ਲਈ ਕਹਿ ਦਿੰਦੇ ਤਾਂ ਸ਼ਾਇਦ ਉਹਨਾਂ ਦਾ ਕੰਮ ਸੁਖਾਲਾ ਹੋ ਜਾਣਾ ਸੀ । ਇਥੇ ਹੀ ਬੱਸ ਨਹੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੁਲਿਸ ਦੇ ਦਾਗੀ ਅਫਸਰਾਂ ਦੀ ਵਾਰ-ਵਾਰ ਲਿਸਟ ਮੰਗੀ ਜਾਂਦੀ ਰਹੀ ਪਰ ਸਰਕਾਰ ਦੀ ਆਨਾ-ਕਾਨੀ ਚਲਦੀ ਰਹੀ ਹਾਲਾਂਕਿ ਅਦਾਲਤ ਨੇ ਲਾਹਨਤਾਂ ਵੀ ਪਈਆਂ ਸਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਪੁਲਿਸ ਦੇ ਅੰਮ੍ਰਿਤਸਰ ਨਾਲ ਸਬੰਧਤ ਇੱਕ ਹੋਰ ਅਧਿਕਾਰੀ ਨੂੰ ਜਦੋਂ ਡਰੱਗ ਸਮੱਗਲਿੰਗ ਅਤੇ ਰਿਸ਼ਵਤ ਦੇ ਦੋਸ਼ ਵਿੱਚ ਮਾਮਲੇ ਦੀ ਜਾਂਚ ਕਰਕੇ ਰਿਪੋਰਟ ਦੇਣ ਲਈ ਕਿਹਾ ਤਾਂ ਉਨ੍ਹਾਂ ਨੇ ਅੱਗੇ ਇਹ ਕੰਮ ਆਪਣੇ ਡੀਐਸਪੀ ਨੂੰ ਸੌਂਪ ਦਿੱਤਾ ਸੀ । ਅਦਾਲਤ ਨੇ ਝਾੜ ਝੰਬ ਕੀਤੀ ਤਾਂ ਕਿਤੇ ਇਹ ਅਧਿਕਾਰੀ ਲੀਹ ਉੱਤੇ ਆਇਆ ਹੈ । ਉਦੋਂ ਤਾਂ ਹੈਰਾਨੀ ਦੀ ਹੱਦ ਹੀ ਹੋ ਗਈ ਜਦੋਂ ਰਣਜੀਤ ਸਿੰਘ ਨਾਂ ਦਾ ਪੰਜਾਬ ਪੁਲਿਸ ਦਾ ਸਿਪਾਹੀ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਪਖਾਨੇ ਵਿੱਚ ਨਸ਼ੇ ਦਾ ਟੀਕਾ ਲਾਉਂਦਾ ਫੜਿਆ ਗਿਆ। ਇਹ ਘਟਨਾ ਮੋਗੇ ਦੇ ਇੱਕ ਪਿੰਡ ਦੀ ਹੈ । ਪੰਜਾਬ ਪੁਲਿਸ ਜਿਸ ਨੂੰ ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਮੂਹਰੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਜੇ ਉਸ ਨੂੰ ਨਸ਼ੇ ਦੀ ਇੰਨੀ ਤਲਬ ਲੱਗਦੀ ਹੈ ਕਿ ਉਹ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਜਾ ਵੜਦੀ ਹੈ । ਪੰਜਾਬ ਪੁਲਿਸ ਦੇ ਕਿੰਨੇ ਮੁਲਾਜ਼ਮਾਂ ਦੀਆਂ ਸ਼ਰਾਬੀ ਹਾਲਤ ਵਿੱਚ ਸੜਕ 'ਤੇ ਡਿੱਗਦਿਆਂ ਦੀਆਂ ਵੀਡੀਓ ਵਾਇਰਲ ਹੋ ਰਹੀਆਂ ਹਨ । ਪੰਜਾਬ ਦੇ ਮੁੱਖ ਮੰਤਰੀ ਜਿੰਨਾ ਕੋਲ ਗ੍ਰਹਿ ਵਿਭਾਗ ਦਾ ਚਾਰਜ ਹੈ ਕਿ ਉਹਨਾਂ ਦੇ ਦੇਖਣ ਤੋਂ ਪਹਿਲਾਂ ਹੀ ਇਹ ਡਿਲੀਟ ਕਰ ਦਿੱਤੀਆਂ ਜਾਂਦੀਆਂ ਹਨ ।

ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਲੜਾਈ ਨੂੰ ਉਸ ਵੇਲੇ ਗ੍ਰਹਿਣ ਲੱਗ ਗਿਆ, ਜਦੋਂ ਲੋਕਾਂ ਨੇ ਮਗਰਮੱਛਾਂ ਨੂੰ ਛੱਡ ਕੇ ਪੂੰਗਾਂ ਨੂੰ ਜਾਲ ਵਿੱਚ ਫਸਾਉਣਾ ਸ਼ੁਰੂ ਕਰ ਲਿਆ । ਨਸ਼ਾ ਤਸਕਰਾਂ ਦੇ ਘਰਾਂ ਉੱਤੇ ਬੁਲਡੋਜ਼ਰ ਚੜ੍ਹਾਏ ਗਏ ਪਰ ਵੱਡਿਆਂ ਵੱਲ ਨੂੰ ਮੂੰਹ ਕਰਨ ਦਾ ਹੀਆ ਨਾ ਪਿਆ। ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਲਗਾਤਾਰ ਬੁਲਡੋਜ਼ਰ ਮੁਹਿੰਮ ਅਤੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਆਲੋਚਨਾਤਮਕ ਚਿੰਤਾ ਜ਼ਾਹਿਰ ਕਰਦੇ ਆ ਰਹੇ ਹਨ ਪਰ ਉਹਨਾਂ ਨੇ ਇਹਦੇ ਵਿਚ ਖੱਟਿਆ ਕੁਝ ਨਹੀਂ ਗੁਆਇਆ ਹੀ ਗੁਆਇਆ ਹੈ। ਉਹ ਵੀ ਅੱਖਾਂ ਮੀਚ ਕੇ ਪਾਰਟੀ ਸੁਪਰੀਮੋ ਦੇ ਸੋਹਲੇ ਗਾਉਂਦੇ ਰਹਿੰਦੇ ਤਾਂ ਸ਼ਾਇਦ ਝੰਡੀ ਵਾਲੀ ਕਾਰ ਨੂੰ ਹੱਥ ਪੈ ਜਾਂਦਾ । ਉਹਨਾਂ ਨੇ ਆਪਣੀ ਜਾਗਦੀ ਜ਼ਮੀਰ ਸੌਣ ਨਹੀਂ ਦਿੱਤੀ ਹੈ। ਇਸੇ ਦੌਰਾਨ ਜਦੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਨਵਾਂ ਸ਼ਹਿਰ ਨੇੜਲੇ ਪਿੰਡ ਜਾਡਲਾ ਵਿੱਚ ਦਾਅਵਾ ਕਰਦੇ ਹਨ ਕਿ ਪੰਜਾਬ ਦਾ ਕੋਈ ਮੰਤਰੀ ਨਸ਼ਾ ਨਹੀਂ ਕਰਦਾ ਹੈ ਤਾਂ ਇਸ ਦਾ ਖ਼ਮਿਆਜ਼ਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੁਗਤਣਾ ਪੈ ਜਾਂਦਾ ਹੈ । ਲੋਕ ਇੱਕਦਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਡੋਪ ਟੈਸਟ ਕਰਾਉਣ ਦੀ ਭਾਜੀ ਪਾ ਦਿੰਦੇ ਹਨ। ਅਰਵਿੰਦ ਕੇਜਰੀਵਾਲ ਆਪਣੇ ਮੰਤਰੀਆਂ ਦੀ ਗਰੰਟੀ ਚੁੱਕਦੇ ਹਨ ਜਿਹੜੇ ਦਿੱਲੀ ਦੇ ਮੁੱਖ ਮੰਤਰੀ ਹੁੰਦਿਆਂ ਸ਼ਰਾਬ ਨੀਤੀ ਵਿੱਚ ਘਪਲੇ ਦੇ ਦੋਸ਼ਾਂ ਹੇਠ ਆਪਣੇ ਦੋ ਵਜ਼ੀਰ ਸਾਥੀਆਂ ਮੁਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨਾਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਮਹੀਨਿਆਂਬੱਧੀ ਰਹਿ ਕੇ ਆਏ ਹਨ।

ਪੰਜਾਬ ਸਰਕਾਰ ਨੇ ਜਦੋਂ ਜਾਡਲਾ ਤੇ ਲੰਗੜੋਆ ਤੋਂ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਹੈ ਤਾਂ ਉਸ ਵੇਲੇ ਆਪ ਦੇ ਸੁਪਰੀਮੋ ਪੰਜਾਬ ਵਿੱਚੋਂ ਨਸ਼ਾ ਲਗਭਗ ਖਤਮ ਹੋਣ ਦਾ ਦਾਅਵਾ ਕਰਦੇ ਹਨ । ਹੈ ਨਾ ਹਾਸੋਹੀਣੀ ਗੱਲ ! ਅਰਵਿੰਦ ਕੇਜਰੀਵਾਲ ਕਹਿੰਦੇ ਹਨ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਦੀਆਂ ਕਾਰਾਂ ਰਾਹੀਂ ਨਸ਼ਿਆਂ ਦੀ ਤਸਕਰੀ ਹੁੰਦੀ ਸੀ ਪਰ ਹੁਣ ਪੰਜਾਬ 'ਚੋਂ ਨਸ਼ਾ ਲਗਭਗ ਖਤਮ ਹੋ ਚੁੱਕਾ ਹੈ । ਢਾਈ ਮਹੀਨਿਆਂ ਵਿੱਚ 10 ਹਜ਼ਾਰ ਨਸ਼ਾ ਤਸਕਰਾਂ ਨੂੰ ਜੇਲ੍ਹ ਭੇਜਿਆ ਗਿਆ ਹੈ, ਜਿਨ੍ਹਾਂ ਵਿੱਚੋਂ 8000 ਵੱਡੇ ਨਸ਼ਾ ਤਸਕਰ ਹਨ । ਮੁੱਖ ਮੰਤਰੀ ਮਾਨ ਨੇ ਲੋਕਾਂ ਦੀ ਨਬਜ਼ 'ਤੇ ਹੱਥ ਧਰਦਿਆਂ ਕਿਹਾ ਕਿ ਜੇ ਘਰ ਵਿੱਚ ਕੋਈ ਨਸ਼ਾ ਕਰਦਾ ਹੈ ਤਾਂ ਸਭ ਤੋਂ ਵੱਧ ਪੀੜ ਹੁੰਦੀ ਹੈ। ਨਸ਼ਾ ਮੁਕਤੀ ਯਾਤਰਾ ਤਹਿਤ ਸੂਬਾ ਸਰਕਾਰ ਹਰ ਪਿੰਡ ਮੁਹੱਲੇ ਤੇ ਵਾਰਡ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰੇਗੀ।

ਪੰਜਾਬ ਵਿੱਚ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਦਾ ਵਹਿਣ ਰੁਕਣਾ ਤਾਂ ਇੱਕ ਪਾਸੇ ਰਿਹਾ ਹਾਲੇ ਇਸ ਦੀ ਰਫ਼ਤਾਰ ਵੀ ਮੱਠੀ ਨਹੀਂ ਹੋਈ ਹੈ । ਸਰਕਾਰ ਇਸ਼ਤਿਹਾਰਬਾਜ਼ੀ ਕਰਕੇ ਲੋਕਾਂ ਨੂੰ ਭਰਮਾਉਣ ਦਾ ਭਰਮ ਦਿਲ ਵਿੱਚ ਪਾਲ ਰਹੀ ਹੈ । ਜਿੰਨਾ ਚਿਰ ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਜੀਅ ਜਾਨ ਨਹੀਂ ਲਾਈ ਜਾਂਦੀ ਉਨਾਂ ਚਿਰ ਇਹ ਮੁਹਿੰਮ ਉਸੇ ਤਰ੍ਹਾਂ ਦੀ ਦਿਸਦੀ ਰਹੇਗੀ। ਜਿਵੇਂ ਕੈਪਟਨ ਅਮਰਿੰਦਰ ਸਿੰਘ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਤਲਵੰਡੀ ਸਾਬੋ ਵਿਖੇ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਪੰਜਾਬ 'ਚੋਂ ਇੱਕ ਹਫ਼ਤੇ ਅੰਦਰ ਨਸ਼ੇ ਖਤਮ ਕਰਨ ਦੀ ਸਹੁੰ ਚੁੱਕੀ ਸੀ । ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ 24 ਘੰਟਿਆਂ ਦੇ ਅੰਦਰ ਅੰਦਰ ਦੋਸ਼ੀਆਂ ਨੂੰ ਜੇਲ੍ਹ ਅੰਦਰ ਸੁੱਟਣ ਦਾ ਭਰੋਸਾ ਦਿੱਤਾ ਸੀ । ਪੰਜਾਬ ਅੰਦਰ ਸਰਕਾਰ ਬਦਲੀ ਹੈ ਪਰ ਬਦਲਾਅ ਦਿਸਿਆ ਨਹੀਂ ਹੈ। ਉਹ ਬਦਲਾਅ ਜਿਸ ਨੂੰ ਦੇਖਣ ਦੀ ਉਮੀਦ ਨਾਲ ਪੰਜਾਬੀਆਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਰੱਦ ਕਰ ਦਿੱਤਾ ਸੀ । ਨਸ਼ਿਆਂ ਨੇ ਦੋ ਸਰਕਾਰਾਂ ਲੈ ਲਈਆਂ ਸਨ ਹੁਣ ਤੀਜੀ ਸਰਕਾਰ ਨਾਲ ਦੇਖੋ ਕਿਸ ਭਾਅ ਵਿਕਦੀ ਹੈ। ਪੰਜਾਬ ਦੀ ਪੁਲਿਸ ਨੂੰ ਵੀ ਹੱਥ ਪਾਉਣਾ ਖਾਲਾ ਜੀ ਦਾ ਬਾੜਾ ਨਹੀਂ ਹੈ । ਉਹ ਡੇਰੇ ਦਾ ਸਾਧ ਸੰਤ ਕੀ ਹੋਇਆ ਜਾਂ ਸਰਕਾਰੀ ਲੀਡਰ ਤੇ ਮੰਤਰੀ ਸੰਤਰੀ ਕੀ ਹੋਇਆ ਜੇ ਲੋਕਾਂ ਨੂੰ ਮੁੰਡੇ ਦੇ ਕੇ ਘਰਾਂ ਨੂੰ ਤੋਰਨ ਦਾ ਗੁਰ ਨਾ ਜਾਣਦਾ ਹੋਵੇ ।

# ਜਾਤੀਗਤ ਜਨਗਣਨਾ ਦੇ ਭਵਿੱਖ ਮੁਖੀ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਪ੍ਰਭਾਵ



ਆਤਮਾ ਸਿੰਘ ਪਮਾਰ
ਮੋ.89680 56200

ਭਾਰਤ ਦੇਸ਼ ਅੰਦਰ ਹਜ਼ਾਰਾਂ ਸਾਲਾਂ ਤੋਂ ਵਰਣ ਵਿਵਸਥਾ ਬਕਾਇਦਾ ਰੂਪ 'ਚ ਬਾਦਸਤੂਰ ਚੱਲ ਰਹੀ ਹੈ । ਇਸੇ ਅਧਾਰ 'ਤੇ ਹੀ ਦੇਸ਼ ਦੀ ਸਮੁੱਚੀ ਅਬਾਦੀ ਨੂੰ ਚਹੁੰ ਵਰਣਾਂ 'ਚ ਵੰਡਿਆ ਗਿਆ ਹੈ। ਜਿਵੇਂ ਬ੍ਰਾਹਮਣ, ਵੈਸ਼, ਕਸ਼ੱਤਰੀ ਅਤੇ ਸ਼ੂਦਰ। ਮੰਨਿਆ ਇਹ ਵੀ ਜਾਂਦਾ ਹੈ ਕਿ ਇਹ ਵੰਡ ਉਸ ਸਮੇਂ ਪਿਤਾ ਪੁਰਖੀ ਕਿੱਤਾ ਅਧਾਰਿਤ ਹੀ ਕੀਤੀ ਗਈ ਸੀ। ਸਵਾਲ ਪੈਦਾ ਹੁੰਦਾ ਹੈ ਕਿ ਕੁਦਰਤੀ ਵਿਧੀ ਵਿਧਾਨ ਅਨੁਸਾਰ ਜਦੋਂ ਹਰ ਵਿਅਕਤੀ ਦੀ ਪੈਦਾਇਸ਼ੀ ਪ੍ਰਕਿਰਿਆ ਦਾ ਢੰਗ ਤਰੀਕਾ ਇੱਕ ਸਮਾਨ ਹੈ ਤਾਂ ਇਸ ਵੰਡ ਦਾ ਅਧਾਰ ਅਤੇ ਪ੍ਰਸੰਗਿਕਤਾ ਕਿੰਨੀ ਕੁ ਸਾਰਥਕ ਹੈ ? ਜੇਕਰ ਇਸ ਵੰਡ ਨੂੰ ਗੈਰਮਨੁੱਖੀ ਜਾਂ ਗੈਰ ਕੁਦਰਤੀ ਵੀ ਕਹਿ ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਪਿਛਲੇ ਕੁੱਝ ਸਮੇਂ ਤੋਂ ਦੇਸ਼ 'ਚ ਕੰਮ ਕਰ ਰਹੇ ਪੱਛੜੇ ਵਰਗਾਂ ਦੇ ਸੰਗਠਨਾਂ, ਦੇਸ਼ ਦੀ ਪਾਰਲੀਮੈਂਟ 'ਚ ਮੁੱਖ ਵਿਰੋਧੀ ਧਿਰ ਕਾਂਗਰਸ ਅਤੇ ਹੋਰ ਸਰਗਰਮ ਜੱਥੇਬੰਦੀਆਂ ਵੱਲੋਂ ਜਾਤੀਗਤ ਗਣਨਾ ਦੇ ਮਸਲੇ ਨੂੰ ਪ੍ਰਮੁੱਖਤਾ ਨਾਲ ਉਭਾਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਅੱਗੇ ਜ਼ੋਰਦਾਰ ਢੰਗ ਨਾਲ ਮੰਗ ਰੱਖੀ ਗਈ ਸੀ ਕਿ ਆਗਾਮੀ ਜਨਗਣਨਾ ਸਿਰਫ਼ ਤੇ ਸਿਰਫ਼ ਜਾਤੀ ਅਧਾਰਿਤ ਹੀ ਕਰਵਾਈ ਜਾਵੇ। ਇਸ ਮੰਗ ਨੂੰ ਸਵੀਕਾਰਦਿਆਂ ਪਿਛਲੇ ਦਿਨੀਂ ਕੇਂਦਰੀ ਕੈਬਨਿਟ ਵੱਲੋਂ ਉਕਤ ਗਣਨਾ ਨੂੰ ਰਸਮੀ ਤੌਰ 'ਤੇ ਹਰੀ ਝੰਡੀ ਵੀ ਦੇ ਦਿੱਤੀ ਗਈ ਹੈ। ਹੱਥਲੇ ਲੇਖ 'ਚ ਇਸ ਗਣਨਾ ਦੇ ਦੇਸ਼ ਦੀ ਰਾਜਨੀਤਕ ਸਮਾਜਿਕ ਅਤੇ ਆਰਥਿਕ ਦਿਸ਼ਾ/ਦਸ਼ਾ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਆਪਣੀ ਤੁੱਛ ਜਿਹੀ ਬੁੱਧੀ ਅਨੁਸਾਰ ਚਰਚਾ ਕਰਨ ਦਾ ਨਿਗੁਣਾ ਜਿਹਾ ਯਤਨ ਕੀਤਾ ਜਾ ਰਿਹਾ ਹੈ । ਭਾਰਤੀ ਸੰਵਿਧਾਨ ਅਨੁਸਾਰ ਦੇਸ਼ 'ਚ ਹਰ ਦਸ ਸਾਲ ਬਾਅਦ ਜਨਗਣਨਾ ਦਾ ਪ੍ਰਾਵਧਾਨ ਕੀਤਾ ਗਿਆ ਹੈ। ਪ੍ਰੰਤੂ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਲ 2011 ਤੋਂ ਬਾਅਦ ਅੱਜ ਤੱਕ ਵੀ ਇਹ ਕਾਰਜ ਸੰਭਵ ਨਹੀਂ ਹੋ ਸਕਿਆ। ਇਸ ਪਿੱਛੇ ਜ਼ਿੰਮੇਵਾਰ ਲੋਕਾਂ ਵੱਲੋਂ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਪਿਛਲੇ ਸਾਲਾਂ ਦੌਰਾਨ ਸੰਸਾਰ ਪੱਧਰ 'ਤੇ ਕੋਵਿਡ ਵਰਗੀ ਕੁਦਰਤੀ ਆਫ਼ਤ ਕਾਰਨ ਇਸ ਨੂੰ ਅਮਲ 'ਚ ਨਹੀਂ ਲਿਆਂਦਾ ਜਾ ਸਕਿਆ । ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ ਸਮੇਂ ਪ੍ਰਚਾਰ ਦੌਰਾਨ ਕਾਂਗਰਸ ਅਤੇ ਜਨਤਕ ਜੱਥੇਬੰਦੀਆਂ ਵੱਲੋਂ ਜਾਤੀਗਤ ਗਣਨਾ ਦੀ ਮੰਗ ਨੂੰ ਖੂਬ ਪ੍ਰਚਾਰਿਆ ਗਿਆ ਅਤੇ ਕਾਂਗਰਸ ਵੱਲੋਂ ਤਾਂ ਇਸ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਦਰਜ ਕਰਕੇ ਵੀ ਜਨਤਾ ਨਾਲ ਵਾਅਦਾ ਕੀਤਾ ਗਿਆ ਸੀ ਕਿ ਸੱਤਾ ਪ੍ਰਾਪਤੀ ਉਪਰੰਤ ਇਸ ਨੂੰ ਬਾਕਾਇਦਾ ਰੂਪ 'ਚ ਲਾਗੂ ਕਰਕੇ ਦੇਸ਼ ਦੀਆਂ ਸਮੁੱਚੀਆਂ ਜਾਤਾਂ ਦੀ ਵਿਸਥਾਰਿਤ ਜਾਣਕਾਰੀ ਇਕੱਤਰ ਕੀਤੀ ਜਾਵੇਗੀ । ਕਾਂਗਰਸ ਦੀ ਸਰਕਾਰ ਨਾ ਬਣਨ ਕਾਰਨ ਇਸ ਨੂੰ ਵਿਰੋਧੀ ਧਿਰ 'ਚ ਬੈਠਨ ਨਾਲ ਹੀ ਸਬਰ ਕਰਨਾ ਪਿਆ । ਵਿਰੋਧੀ ਧਿਰ ਦੇ ਆਗੂ ਵਜੋਂ ਪਾਰਲੀਮੈਂਟ ਸੈਸ਼ਨ ਦੌਰਾਨ ਵੀ ਸ੍ਰੀ ਰਾਹੁਲ ਗਾਂਧੀ ਵੱਲੋਂ ਬਾਕੀ ਮੁੱਦਿਆਂ ਦੇ ਨਾਲ ਨਾਲ ਇਸ ਮੁੱਦੇ ਨੂੰ ਵੀ ਜ਼ੋਰਦਾਰ ਤਰੀਕੇ ਨਾਲ ਉਭਾਰਿਆ ਜਾਂਦਾ ਰਿਹਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅੰਗਰੇਜ਼ ਹਕੂਮਤ ਸਮੇਂ ਸਿਰਫ਼ ਸਾਲ 1931 'ਚ ਹੀ ਜਾਤੀਗਤ ਗਣਨਾ ਹੋਈ ਸੀ । ਉਸ ਤੋਂ ਬਾਅਦ ਅਜ਼ਾਦ ਭਾਰਤ 'ਚ ਕਦੇ ਵੀ ਅਜਿਹਾ ਕੁੱਝ ਸੰਭਵ ਨਹੀਂ ਹੋ ਸਕਿਆ । ਇੱਥੇ ਇੱਕ ਗੱਲ ਸਪੱਸ਼ਟ ਹੈ ਅਤੇ ਆਮ ਲੋਕਾਂ 'ਚ ਚਰਚਾ ਵੀ ਹੈ ਕਿ ਕਿ ਦੇਸ਼ ਦੀ ਸੱਤਾ 'ਤੇ ਕਾਂਗਰਸ ਲੰਬਾ ਸਮਾਂ ਕਾਬਜ਼ ਰਹੀ ਹੈ, ਇਸ ਨੇ ਆਪਣੇ ਕਾਰਜਕਾਲ ਦੌਰਾਨ ਅਜਿਹਾ ਜੋਖ਼ਮ ਲੈਣਾ ਮੁਨਾਸਿਬ ਕਿਉਂ ਨਹੀਂ ਸਮਝਿਆ ? ਇਹ ਵੀ ਇੱਕ ਕੌੜਾ ਸੱਚ ਹੈ ਕਿ ਧੁਰ ਅੰਦਰੋਂ ਇੱਕ ਵੀ ਅਜਿਹਾ ਰਾਜਨੀਤਿਕ ਦਲ ਨਹੀਂ ਜੋ ਇਸ ਤਰ੍ਹਾਂ ਦੀ ਗਣਨਾ ਕਰਵਾਉਣ ਲਈ ਸਿਧਾਂਤਕ ਤੌਰ 'ਤੇ ਤਿਆਰ ਹੋਵੇ । ਸਿਆਸੀ ਮਜਬੂਰੀ ਵੱਸ ਹਿੱਕ 'ਤੇ ਪੱਥਰ ਰੱਖ ਕੇ ਜਾਂ ਕੌੜਾ ਘੁੱਟ ਭਰਨ ਵਰਗਾ ਫੈਸਲਾ ਲੈਣਾ ਪੈ ਜਾਵੇ ਤਾਂ ਇਹ ਫਸ ਗਈ ਤਾਂ ਫਟਕਣ ਵਾਲੀ ਗੱਲ ਭਾਵੇਂ ਹੋ ਜਾਵੇ । ਦੇਸ਼ ਵਿਚਲੀਆਂ ਅਨੁਸੂਚਿਤ ਅਤੇ ਅਨੁਸੂਚਿਤ ਜਨ ਜਾਤੀਆਂ ਦੀ ਮਰਦਮਸ਼ੁਮਾਰੀ ਹੁੰਦੀ ਤਾਂ ਹੈ ਪ੍ਰੰਤੂ ਇਸ ਵਿੱਚ ਹਰ ਜਾਤੀ ਦਾ ਵੇਰਵਾ ਵੱਖਰੇ ਵੱਖਰੇ ਰੂਪ 'ਚ ਅੰਕਿਤ ਨਹੀਂ ਹੁੰਦਾ।ਇਸ ਮੰਗ ਦੇ ਜ਼ੋਰ ਪਕੜਨ ਦਾ ਵੱਡਾ ਅਤੇ ਅਹਿਮ ਕਾਰਨ ਇਹ ਹੈ ਕਿ ਦੇਸ਼ ਦੇ ਪੱਛੜੇ ਵਰਗਾਂ ਦੀ ਮਰਦਮਸ਼ੁਮਾਰੀ ਦੌਰਾਨ ਕਦੇ ਗਿਣਤੀ ਹੋਈ ਹੀ ਨਹੀਂ । ਜਾਪਦਾ ਹੈ ਜਿਵੇਂ ਕਿਸੇ ਵਿਸ਼ੇਸ਼ ਯੋਜਨਾ ਤਹਿਤ ਹੀ ਇਸ ਵਰਗ ਨੂੰ ਗਿਣਤੀ ਤੋਂ ਬਾਹਰ ਰੱਖਿਆ ਗਿਆ ਹੋਵੇ । ਆਮ ਧਾਰਨਾ ਹੈ ਕਿ ਰਾਜਨੀਤਕ ਦਲ ਤਾਂ ਆਪਣੇ ਸਿਆਸੀ ਮੁਫਾਦਾਂ ਲਈ ਅਜਿਹੀ ਮੰਗ ਕਰ ਸਕਦੇ ਹਨ ਅਤੇ ਭਵਿੱਖ 'ਚ ਵੀ ਸਤਾ ਪ੍ਰਾਪਤੀ ਲਈ ਅਜਿਹਾ ਵਰਤਾਰਾ ਜਾਰੀ ਰਹੇਗਾ । ਪ੍ਰੰਤੂ ਅੱਜ ਕੱਲ੍ਹ ਦੇਸ਼ ਦੇ ਪੱਛੜੇ ਵਰਗ ਵੀ ਸੋਸ਼ਲ, ਇਲੈਕਟ੍ਰੌਨਿਕ ਅਤੇ ਪ੍ਰਿੰਟ ਮੀਡੀਏ ਦੀ ਆਮਦ ਕਾਰਨ ਆਪਣੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੇ ਹਨ ਅਤੇ ਉਨ੍ਹਾਂ ਨੇ ਵੀ ਸਰਕਾਰਾਂ ਤੱਕ ਆਪਣੀ ਅਵਾਜ਼ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਲੋਕਾਂ ਦਾ ਮੰਨਣਾ ਹੈ ਕਿ ਜਦੋਂ ਸਰਕਾਰ ਦੇ ਰਿਕਾਰਡ 'ਚ ਸਾਡੇ ਅੰਕੜੇ ਅੰਕਿਤ ਹੀ ਨਹੀਂ ਤਾਂ ਜਨਤਕ ਭਲਾਈ ਦੀਆਂ ਸਕੀਮਾਂ ਦਾ ਲਾਭ, ਰਾਜਨੀਤਕ ਅਤੇ ਆਰਥਿਕ ਖੇਤਰ 'ਚ ਬਣਦੀ ਹਿੱਸੇਦਾਰੀ ਅਸੀਂ ਕਿਵੇਂ ਅਤੇ ਕਿਸ ਅਧਾਰ 'ਤੇ ਪ੍ਰਾਪਤ ਕਰ ਸਕਾਂਗੇ। ਕੇਂਦਰੀ ਕੈਬਨਿਟ ਅਤੇ ਸਰਕਾਰ ਦਾ ਸਾਰਾ ਧਿਆਨ ਸਿਰਫ ਪੱਛੜੀਆਂ ਸ਼੍ਰੇਣੀਆਂ ਦੀ ਗਣਨਾ 'ਤੇ ਹੀ ਜ਼ਿਆਦਾ ਕੇਂਦਰਤ ਮੰਨਿਆ ਜਾਂਦਾ ਹੈ, ਕਿਉਂਕਿ ਸਰਕਾਰ ਦਾ ਮੰਨਣਾ ਹੈ ਕਿ ਜਨਰਲ ਵਰਗ ਦੀ ਮਰਦਮਸ਼ੁਮਾਰੀ ਤਾਂ ਪਹਿਲਾਂ ਵੀ ਹੁੰਦੀ ਹੀ ਹੈ। ਪ੍ਰੰਤੂ ਜ਼ਮੀਨੀ ਪੱਧਰ 'ਤੇ ਇਹ ਚਰਚਾ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ ਕਿ ਗਿਣਤੀ ਦੇਸ਼ 'ਚ ਵਸਦੇ ਸਮੁੱਚੇ ਜਨਰਲ ਵਰਗ ਦੀ ਵੀ ਜਾਤਾਂ ਅਤੇ ਕਬੀਲਿਆਂ ਅਨੁਸਾਰ ਵੱਖਰੇ ਵੱਖਰੇ ਤੌਰ 'ਤੇ ਹੀ ਕਰਵਾਈ ਜਾਵੇ, ਤਾਂ ਕਿ ਸਰਕਾਰੀ ਨੌਕਰੀਆਂ, ਪ੍ਰਾਪਰਟੀ, ਵੱਡੇ ਉਦਯੋਗਾਂ, ਨਿਆਂਪਾਲਿਕਾ ਤੋਂ ਇਲਾਵਾ ਕਾਰਜਪਾਲਿਕਾ ਅਤੇ ਰਾਜਨੀਤਕ ਉੱਚ ਅਹੁਦਿਆਂ ਆਦਿ ਦੀ ਕਾਣੀ ਵੰਡ ਬਾਰੇ ਵੀ ਉਨ੍ਹਾਂ ਦੀ ਗਿਣਤੀ ਅਨੁਸਾਰ ਸਹੀ ਅਤੇ ਤੱਥਾਂ ਸਹਿਤ ਅੰਕੜੇ ਜਨਤਕ ਤੌਰ 'ਤੇ ਸਾਹਮਣੇ ਆ ਸਕਣ । ਆਮ ਲੋਕ ਅਤੇ ਰਾਜਨੀਤੀ ਦੇ ਜਾਣੂੰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਜਿਹੜੀ ਸਰਕਾਰ ਇਸ ਗਣਨਾ ਨੂੰ ਇਹ ਕਹਿੰਦਿਆਂ ਪਾਣੀ ਪੀ ਪੀ ਕੋਸਦੀ ਰਹੀ ਹੈ ਕਿ ਇਸ ਨਾਲ ਦੇਸ਼ 'ਚ ਅਫ਼ਰਾ ਤਫਰੀ ਅਤੇ ਅਰਾਜਕਤਾ ਦਾ ਮਾਹੌਲ ਬਣਨ ਤੋਂ ਇਲਾਵਾ ਦੇਸ਼ 'ਚ ਵੰਡੀਆਂ ਪੈ ਜਾਣਗੀਆਂ ਅਤੇ ਇਹ ਭਾਈਚਾਰਕ ਸਾਂਝ ਲਈ ਖ਼ਤਰਾ ਹੈ ਅਤੇ ਇਸ ਮੰਗ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਹੀ ਕਰ ਦਿੱਤਾ ਸੀ ਹੁਣ ਅਜਿਹਾ ਕੀ ਭਾਣਾ ਵਰਤ ਗਿਆ ਕਿ ਸਰਕਾਰ ਨੂੰ ਇਸ ਦਾ ਬਾਕਾਇਦਾ ਰੂਪ 'ਚ ਐਲਾਨ ਵੀ ਕਰਨਾ ਪੈ ਗਿਆ । ਮੀਡੀਆ ਰਿਪੋਰਟਾਂ ਅਨੁਸਾਰ ਲੋਕ ਸਵਾਲ ਖੜ੍ਹੇ ਕਰ ਰਹੇ ਹਨ ਕਿ,ਕੀ ਸਰਕਾਰ ਵਿਰੋਧੀ ਧਿਰ ਦੇ ਦਬਾਅ 'ਚ ਆ ਗਈ ਹੈ ਜਾਂ ਫਿਰ ਜਨਤਕ ਜੱਥੇਬੰਦੀਆਂ ਦੇ ਕਿਸੇ ਵੱਡੇ ਰੋਹ ਦਾ ਖਦਸ਼ਾ ਦਰਪੇਸ਼ ਹੈ ? ਰਾਜਸੀ ਪੰਡਤਾਂ ਦਾ ਮੰਨਣਾ ਹੈ ਕਿ ਅਜਿਹਾ ਕੁੱਝ ਵੀ ਨਹੀਂ ਸਗੋਂ ਇਸ ਨੂੰ ਤਾਂ ਇੱਕ ਰਾਜਨੀਤਕ ਪੈਂਤੜੇ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ। ਇਸ ਦੇ ਕੁੱਝ ਕਾਰਨਾਂ ਦੀ ਉਨ੍ਹਾਂ ਵੱਲੋਂ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਜਿਨ੍ਹਾਂ 'ਚੋਂ ਸਭ ਤੋਂ ਪਹਿਲਾ ਅਤੇ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਸਮੇਂ ਸਰਕਾਰ ਜਿਨ੍ਹਾਂ ਵਿਸਾਖੀਆਂ ਸਹਾਰੇ ਚੱਲ ਰਹੀ ਹੈ, ਜਾਤੀ ਗਣਨਾ ਕਰਵਾਉਣ ਦੇ ਅਸਲ ਸੂਤਰਧਾਰ ਹੀ ਉਹ ਲੋਕ ਹਨ । ਇਹ ਨੰਗਾ ਚਿੱਟਾ ਸਿਧਾਂਤ ਹੈ ਕਿ ਰਾਜਨੀਤੀ ਬੇਵਿਸ਼ਵਾਸੀ ਅਤੇ ਤਿਲਕਣਬਾਜ਼ੀ ਦੀ ਖੇਡ ਹੈ । ਕਦੋਂ ਕੋਈ ਖਿਡਾਰੀ ਦਾਅ ਪੇਚ ਲਗਾ ਜਾਵੇ, ਇਸ ਨੂੰ ਸਮਝਣਾ ਕਠਿਨ ਹੀ ਨਹੀਂ ਅਸੰਭਵ ਵੀ ਹੈ। ਦੂਸਰਾ ਬਿਹਾਰ ਸਮੇਤ ਹੋਰ ਸੂਬਿਆਂ ਦੀਆਂ ਚੋਣਾਂ ਵੀ ਸਿਰ 'ਤੇ ਹਨ, ਬੀ ਜੇ ਪੀ ਇਸ ਤਰ੍ਹਾਂ ਦਾ ਸੰਵੇਦਨਸ਼ੀਲ ਮੁੱਦਾ ਤਾਂ ਕੀ ਸਾਧਾਰਨ ਮੁੱਦਾ ਵੀ ਵਿਰੋਧੀਆਂ ਦੇ ਪੱਲੇ ਛੱਡਣ ਦਾ ਜੋਖ਼ਮ ਨਹੀਂ ਲੈ ਸਕਦੀ। ਤੀਸਰਾ ਅਖ਼ਬਾਰੀ ਸੁਰਖੀਆਂ ਦੱਸਦੀਆਂ ਹਨ ਕਿ ਸੰਘ ਨਾ ਚਾਹੁੰਦਿਆਂ ਵੀ ਇਹਨਾਂ ਵਰਗਾਂ ਦੇ ਵੱਡੇ ਵੋਟ ਬੈਂਕ ਨੂੰ ਖਿਸਕਣ ਨਹੀਂ ਦੇਣਾ ਚਾਹੁੰਦਾ। ਜਾਣਕਾਰੀ ਅਨੁਸਾਰ ਇਹੀ ਕਾਰਨ ਸੀ ਕਿ ਪਿਛਲੇ ਸਮੇਂ ਦੌਰਾਨ ਸੰਘ ਦੇ ਹੈਡਕੁਆਰਟਰ ਨਾਗਪੁਰ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਪੱਛੜਿਆਂ ਅਤੇ ਦਲਿਤ ਵਰਗ ਨੂੰ ਅਣਗੌਲਿਆਂ ਨਾ ਕਰਨ ਬਾਰੇ ਵੀ ਸੁਹਿਰਦਤਾ ਅਤੇ ਗੰਭੀਰਤਾ ਨਾਲ ਇਸ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਿਆ ਗਿਆ । ਉਕਤ ਵਿਚਾਰ ਚਰਚਾ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਅਮਲੀ ਰੂਪ 'ਚ ਦੇਸ਼ ਦੇ ਕੁੱਲ ਬਸ਼ਿੰਦਿਆਂ ਦੀ ਗਿਣਤੀ ਪੂਰੇ ਵੇਰਵਿਆਂ ਸਹਿਤ ਅਤੇ ਇਕੱਲੀ ਇਕੱਲੀ ਜਾਤੀ ਅਨੁਸਾਰ ਹੋ ਜਾਵੇ, ਜਿਸ ਦੀ ਸੰਭਾਵਨਾ ਵੀ ਹਾਲੇ ਸ਼ੰਕਾਵਾਂ ਦੇ ਘੇਰੇ 'ਚ ਹੀ ਹੈ, ਕਿਉਂਕਿ ਅਜੇ ਤੱਕ ਸਰਕਾਰ ਵੱਲੋਂ ਇਸ ਦੀ ਕੋਈ ਸਮਾਂ ਸੀਮਾ ਨਿਰਧਾਰਿਤ ਹੀ ਨਹੀਂ ਕੀਤੀ ਗਈ ਤਾਂ ਭਾਰਤ ਦੇ ਲੋਕਾਂ ਦੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਦਿਸ਼ਾ ਅਤੇ ਦਸ਼ਾ 'ਚ ਵੱਡੀਆਂ ਤਬਦੀਲੀਆਂ ਦੀ ਸੰਭਾਵਨਾ ਬਣ ਸਕਦੀ ਹੈ । ਇਸ ਤਰ੍ਹਾਂ ਹੋਣ ਨਾਲ ਸਥਾਨਕ ਪੱਧਰ ਤੋਂ ਲੈ ਕੇ ਰਾਜਨੀਤਕ ਖੇਤਰ ਵਿਚਲੇ ਉੱਚ ਪੱਧਰੀ ਅਹੁਦਿਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀਆਂ ਰਾਖਵੀਆਂ ਸੀਟਾਂ ਨੂੰ ਮੁੜ ਤੋਂ ਨਿਰਧਾਰਿਤ ਕਰਨਾ ਹੋਵੇਗਾ। ਜਿਸ ਨਾਲ ਸੱਤਾ ਦੀ ਚਾਬੀ ਅਤੇ ਕਬਜ਼ੇ 'ਚ ਕੋਈ ਮਿਸਾਲੀ ਮੋੜ ਆਉਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਸ ਤਰ੍ਹਾਂ ਦੀ ਸਥਿਤੀ 'ਚ ਹਰ ਵਰਗ ਆਪਣੇ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਦਾਅਵੇਦਾਰੀ ਪੇਸ਼ ਕਰਦਾ ਨਜ਼ਰ ਆਵੇਗਾ। ਸਰਕਾਰ ਦੀਆਂ ਪੰਜ ਸਾਲਾ ਯੋਜਨਾਵਾਂ ਦਾ ਰੰਗ ਰੂਪ ਅਤੇ ਬਜਟ ਵੀ ਆਮ ਨਾਲੋਂ ਹੱਟ ਕੇ ਹੀ ਹੋਵੇਗਾ। ਅਜਿਹਾ ਹੋਣ ਨਾਲ ਜਦੋਂ ਸਭ ਵਰਗਾਂ ਦੀ ਸਥਿਤੀ ਚਿੱਟੇ ਦਿਨ ਵਾਂਗ ਸਾਫ ਹੋ ਗਈ ਤਾਂ ਜਿੱਥੇ ਹਰ ਕਿਸੇ ਨੂੰ ਹਰੇਕ ਪੱਖੋਂ ਸਮਾਨਤਾ ਦਾ ਅਹਿਸਾਸ ਹੋਵੇਗਾ, ਉੱਥੇ ਸਮਾਜਿਕ ਅਤੇ ਆਰਥਿਕ ਬਰਾਬਰੀ ਅਤੇ ਸੰਵਿਧਾਨ ਅਨੁਸਾਰ ਕਾਨੂੰਨੀ ਮਾਨਤਾ ਤੋਂ ਇਲਾਵਾ ਕੁਦਰਤੀ ਨਿਆਂ ਦਾ ਝਲਕਾਰਾ ਪੈਣ ਦੀਆਂ ਸੰਭਾਵਨਾਵਾਂ ਬਣਦੀਆਂ ਵੀ ਨਜ਼ਰੀ ਪੈ ਸਕਦੀਆਂ ਹਨ । ਜਿਸ ਨਾਲ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰ 'ਚ ਵੀ ਜ਼ਿਕਰਯੋਗ ਬਦਲਾਅ ਸੰਭਵ ਹੋ ਸਕਦੇ ਹਨ। ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਹਰ ਤਰ੍ਹਾਂ ਦਾ ਪਾੜਾ ਵੀ ਕੁੱਝ ਹੱਦ ਤੱਕ ਮਿਟਣ ਦੇ ਨਾਲ ਨਾਲ ਕੁਦਰਤੀ ਨਿਆਂ ਦਾ ਝਲਕਾਰਾ ਵੀ ਪੈਂਦਾ ਦਿਖਾਈ ਦੇਵੇਗਾ । ਇਸ ਸਭ ਕੁੱਝ ਦੇ ਬਾਵਜੂਦ ਵੀ ਇੱਕ ਗੱਲ ਵਿਚਾਰਨਯੋਗ ਹੈ ਕਿ ਸਦੀਆਂ ਤੋਂ ਚੱਲ ਰਹੀ ਕਿਸੇ ਵਿਸ਼ੇਸ਼ ਵਰਗ ਦੀ ਅਜਾਰੇਦਾਰੀ ਅਤੇ ਗ਼ਲਬਾ ਕੀ ਇੰਨਾ ਜਲਦੀ ਅਤੇ ਸੌਖਿਆਂ ਹੀ ਖਤਮ ਹੋ ਸਕਦਾ ਹੈ? ਇਸ ਬਾਰੇ ਹਾਲ ਦੀ ਘੜੀ ਕੁੱਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਤਾਂ ਹੋਵੇਗੀ ਹੀ ਅਤੇ ਨਾਲ ਹੀ ਗੈਰ ਪ੍ਰਸੰਗਕ ਵੀ, ਕਿਉਂਕਿ ਇਸ ਦਾ ਸਹੀ ਅਤੇ ਢੁਕਵਾਂ ਉੱਤਰ ਭਵਿੱਖ ਦੇ ਗਰਭ 'ਚ ਹੀ ਦੇਖਿਆ ਜਾ ਸਕਦਾ ਹੈ। ਫਿਰ ਵੀ ਇਹ ਹਾਂ ਪੱਖੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਹੋਏ ਇਹਨਾਂ ਵਰਗਾਂ ਦੇ ਮਾਣ ਸਨਮਾਨ ਅਤੇ ਇਹਨਾਂ ਦੀਆਂ ਭਵਿੱਖੀ ਨਸਲਾਂ ਦੀ ਬਿਹਤਰੀ ਲਈ ਦੇਰ ਨਾਲ ਲਏ ਗਏ ਇਸ ਦਰੁੱਸਤ ਫੈਸਲੇ ਨੂੰ ਚਾਨਣ ਦੀ ਇੱਕ ਨਵੀਂ ਅਤੇ ਸੁਨਹਿਰੀ ਕਿਰਨ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ।




# ਨਸ਼ਾ ਤਸਕਰਾਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਅੱਗੇ ਗੋਡੇ ਟੇਕਣੇ ਹੀ ਪੈਣਗੇ : ਧਾਲੀਵਾਲ



ਅਜਨਾਲਾ, 17 ਮਈ (ਸੁਖਦੇਵ ਸਿੰਘ ਖਾਲਸਾ): ਅੱਜ ਹਲਕਾ ਅਜਨਾਲਾ 'ਚ ਕੌਮਾਂਤਰੀ ਭਾਰਤ ਪਾਕਿ ਸਰਹੱਦ ਦੇ ਨੇੜੇ ਪਿੰਡ ਬਲੜਵਾਲ, ਪਿੰਡ ਅਬਾਦੀ ਹਰਨਾਮ ਸਿੰਘ ਤੇ ਪਿੰਡ ਦੀਦੋਵਾਲੀ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਤਹਿਤ ਕਰਵਾਈਆਂ ਗਈਆਂ ਪ੍ਰਭਾਵਸ਼ਾਲੀ ਜਾਗਰੂਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਨਸ਼ਾ ਮੁਕਤੀ ਯਾਤਰਾ ਨਸ਼ਾ ਮੁਕਤ ਪੰਜਾਬ ਬਣੇਗਾ, ਦੇਸ਼ ਦੀ ਸ਼ਾਨ ਨਾਅਰਾ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪ੍ਰਚੰਡ ਰੂਪ 'ਚ ਛੇੜੇ ਗਏ ਯੁੱਧ ਨਸ਼ਿਆਂ ਵਿਰੁੱਧ ਅੱਗੇ ਨਸ਼ਾ ਤਸਕਰਾਂ ਨੂੰ ਆਪਣੇ ਗੋਡੇ ਟੇਕਣੇ ਹੀ ਪੈਣਗੇ, ਕਿਉਂਕਿ ਸੂਬਾ ਮਾਨ ਸਰਕਾਰ ਨੇ ਨਸ਼ਾ ਤਸਕਰੀ ਦਾ ਕਾਨੂੰਨੀ ਸ਼ਿਕੰਜੇ 'ਚ ਮਹਾਂ ਵਿਨਾਸ਼ ਕਰਨ ਲਈ ਪ੍ਰਣ ਲਿਆ ਹੋਇਆ ਹੈ। ਮੰਤਰੀ ਧਾਲੀਵਾਲ ਨੇ ਕਿਹਾ ਕਿ ਸਾਬਕਾ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ 'ਚ ਧਕੇਲਣ ਲਈ ਕੋਈ ਕਸਰ ਨਹੀਂ ਛੱਡੀ ਅਤੇ ਪੰਜਾਬ ਦੀ ਕੌਮੀ ਪੱਧਰ 'ਤੇ ਹੁੰਦੀ ਬਦਨਾਮੀ ਦੇ ਮੱਦੇਨਜ਼ਰ ਬਾਲੀਵੁੱਡ ਤੇ ਪੰਜਾਬੀ ਸਿਨੇਮਾ ਨੇ ਇਸ ਮੁੱਦੇ ਨੂੰ ਵਪਾਰਕ ਨੁਕਤੇ ਨਾਲ ਭੁਨਾਉਣ ਲਈ ਉਡਦਾ ਪੰਜਾਬ ਆਦਿ ਜਿਹੀਆਂ ਪੰਜਾਬੀਆਂ ਦੇ ਨਸ਼ਿਆਂ 'ਚ ਗ੍ਰਸਤ ਹੋਣ ਦੀਆਂ ਫਿਲਮਾਂ ਬਣਾਈਆਂ, ਪਰ ਹੁਣ ਉਡਦਾ ਪੰਜਾਬ ਨਹੀਂ ਸਗੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਬਦਲਦਾ ਪੰਜਾਬ ਰੰਗਲਾ ਪੰਜਾਬ ਦੀ ਸਿਰਜਣਾ ਹੋ ਰਹੀ ਹੈ। ਜਿਸ ਦੌਰਾਨ ਹੁਣ ਨੌਜਵਾਨ ਪੀੜ੍ਹੀ ਚਿੱਟਾ (ਨਸ਼ਾ) ਵੇਚਦੇ, ਚਿੱਟੇ ਦੇ ਟੀਕੇ ਲਗਾਉਂਦੇ ਜਾਂ ਹੋਰ ਸਿੰਥੈਟਿਕ ਨਸ਼ੇ ਕਰਦੇ ਨਹੀਂ, ਸਗੋਂ ਖੇਡਾਂ ਦੇ ਮੈਦਾਨ 'ਚ ਆਪਣੇ ਸਿਹਤਮੰਦ ਜੁੱਸੇ ਦਾ ਪ੍ਰਗਟਾਵਾ ਕਰਦੇ, ਨੌਕਰੀਆਂ ਸਣੇ ਸਵੈ ਰੁਜ਼ਗਾਰ 'ਚ ਮੱਲਾਂ ਮਾਰਦੇ ਹੋਏ ਆਪਣੇ ਰੰਗੀ ਰੰਗਲੇ ਪੰਜਾਬ ਦੀ ਸਿਰਜਣਾ ਕਰਦੇ ਹੋਏ ਨੌਜੁਆਨ ਦਿਸਣਗੇ। ਇਨ੍ਹਾਂ ਨਸ਼ਾ ਰੈਲੀਆਂ ਦੌਰਾਨ ਮੰਤਰੀ ਧਾਲੀਵਾਲ ਵੱਲੋਂ ਅਫਸਰਾਂ ਸਮੇਤ, ਡਿਫੈਂਸ ਕਮੇਟੀਆਂ, ਪੰਚਾਇਤਾਂ, ਨੰਬਰਦਾਰਾਂ ਤੇ ਹੋਰ ਮੋਹਤਬਰਾਂ ਨੂੰ ਨਸ਼ਿਆਂ ਵਿਰੁੱਧ ਹਲਫ ਦਿਵਾਇਆ ਗਿਆ। ਇਸ ਮੌਕੇ 'ਤੇ ਐਸਡੀਐਮ ਅਜਨਾਲਾ ਰਵਿੰਦਰ ਸਿੰਘ ਅਰੋੜਾ, ਡੀਐਸਪੀ ਗੁਰਵਿੰਦਰ ਸਿੰਘ, ਬੀਡੀਪੀਓ ਅਜਨਾਲਾ ਸਿਤਾਰਾ ਸਿੰਘ ਵਿਰਕ, ਐਸਐਚਓ ਅਜਨਾਲਾ ਮੁਖਤਿਆਰ ਸਿੰਘ ਆਦਿ ਵੱਖ ਵੱਖ ਵਿਭਾਗਾਂ ਦੇ ਅਫਸਰਾਂ ਤੋਂ ਇਲਾਵਾ ਦੇ ਪੰਚ ਸਰਪੰਚ ਵੱਡੀ ਗਿਣਤੀ 'ਚ ਮੌਜੂਦ ਸਨ।

# ਸਫ਼ਾਈ ਲਈ 'ਆਪ' ਆਗੂ ਸੜਕਾਂ 'ਤੇ ਉੱਤਰੇ

ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ) : ਅੰਮ੍ਰਿਤਸਰ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਦਰੁਸਤ ਕਰਨ ਲਈ ਅੱਜ ਆਮ ਆਦਮੀ ਪਾਰਟੀ ਦੇ ਸਾਰੇ ਨੇਤਾਵਾਂ ਨੇ ਆਪ ਸੜਕਾਂ ਉੱਤੇ ਉਤਰ ਕੇ ਸਫਾਈ ਕੀਤੀ ਅਤੇ ਸ਼ਹਿਰ ਵਾਸੀਆਂ ਨੂੰ ਸ਼ਹਿਰ ਸਾਫ ਰੱਖਣ ਲਈ ਪ੍ਰੇਰਿਆ। ਦੱਸਣ ਯੋਗ ਹੈ ਕਿ ਸ਼ਹਿਰ ਦੀ ਸਫਾਈ ਨੂੰ ਲੈ ਕੇ ਕੇਵਲ ਮਿਊਂਸੀਪਲ ਕਾਰਪੋਰੇਸ਼ਨ ਹੀ ਨਹੀਂ ਸਥਾਨਕ ਸਰਕਾਰਾਂ ਮੰਤਰਾਲਾ ਵੀ ਲਗਾਤਾਰ ਯਤਨ ਕਰ ਰਿਹਾ ਹੈ। ਬੀਤੇ ਕੁਝ ਹਫਤਿਆਂ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਆਪੋ ਆਪਣੇ ਹਲਕਿਆਂ ਵਿੱਚ ਸਫਾਈ ਮੁਹਿੰਮ ਵਿੱਚ ਯੋਗਦਾਨ ਪਾ ਰਹੇ ਹਨ।

ਅੱਜ ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ ਨੇ ਸੁੱਕਾ ਤਲਾਬ ਮੰਦਰ ਸੁਲਤਾਨਵਿੰਡ ਰੋਡ, ਡਾਕਟਰ ਜੀਵਨਜੋਤ ਕੌਰ ਵਿਧਾਇਕ ਅੰਮ੍ਰਿਤਸਰ ਪੂਰਬੀ ਨੇ ਨਿਊ ਅੰਮ੍ਰਿਤਸਰ, ਡਾਕਟਰ ਅਜੇ ਗੁਪਤਾ ਵਿਧਾਇਕ ਅੰਮ੍ਰਿਤਸਰ ਕੇਂਦਰੀ ਨੇ ਹਾਥੀ ਗੇਟ ਤੋਂ ਮੈਡੀਸਨ ਮਾਰਕੀਟ ਤੱਕ, ਡਾਕਟਰ ਜਸਬੀਰ ਸਿੰਘ ਸੰਧੂ ਵਿਧਾਇਕ ਅੰਮ੍ਰਿਤਸਰ ਪੱਛਮੀ ਨੇ ਕੋਟ ਖਾਲਸਾ ਅਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਨੇ ਸੱਤ ਏਕੜ ਪਾਰਕ ਵਿੱਚ ਪਹੁੰਚ ਕੇ ਸ਼ਹਿਰ ਵਾਸੀਆਂ ਨੂੰ ਨਾਲ ਲੈ ਕੇ ਖੁਦ ਸਫਾਈ ਕੀਤੀ।ਡਾਕਟਰ ਨਿੱਜਰ ਨੇ ਸ਼ਹਿਰ ਵਾਸੀਆਂ ਨੂੰ ਮੁਖਾਤਿਬ ਹੁੰਦੇ ਕਿਹਾ ਕਿ ਇਹ ਗੁਰੂ ਨਗਰੀ ਵਿੱਚ ਲੱਖਾਂ ਲੋਕ ਰੋਜ਼ ਆਉਂਦੇ ਹਨ, ਅਸੀਂ ਇੱਥੋਂ ਦੇ ਰਹਿਣ ਵਾਲੇ ਹਾਂ, ਜੇਕਰ ਅਸੀਂ ਸਫਾਈ ਨਹੀਂ ਰੱਖਾਂਗੇ ਤਾਂ ਕੌਣ ਰੱਖੇਗਾ ? ਉਹਨਾਂ ਕਿਹਾ ਕਿ ਕੇਵਲ ਕਾਰਪੋਰੇਸ਼ਨ ਦੇ ਸਿਰ ਉੱਤੇ ਸ਼ਹਿਰ ਸਾਫ ਨਹੀਂ ਰਹਿ ਸਕਦਾ, ਇਸ ਵਿੱਚ ਸਾਨੂੰ ਸਾਰਿਆਂ ਨੂੰ ਆਪਣਾ ਯੋਗਦਾਨ ਪਾਉਣਾ ਪਵੇਗਾ।

# ਬੰਡਾਲਾ, ਸਫੀਪੁਰ ਅਤੇ ਜਾਣੀਆਂ 'ਚ ਕੀਤੀ ਨਸ਼ਾ ਮੁਕਤੀ ਯਾਤਰਾ

## ਨਸ਼ਾ ਮੁਕਤੀ ਯਾਤਰਾ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰਹੇਗੀ : ਈ.ਟੀ.ਓ.



ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ): ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਆਪਣੇ ਹਲਕੇ ਜੰਡਿਆਲਾ ਗੁਰੂ ਦੇ ਪਿੰਡ ਬੰਡਾਲਾ, ਜਾਣੀਆ ਅਤੇ ਸਫੀਪੁਰ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਭਾਗ ਲੈਂਦੇ ਹੋਏ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਦੀ ਵਿੱਢੀ ਮੁਹਿੰਮ ਤਹਿਤ ਅੱਜ ਤੋਂ ਰਾਜ ਭਰ ਦੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਹ ਹੁਣ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਹੀ ਹਟੇਗੀ। ਉਨ੍ਹਾਂ ਕਿਹਾ ਕਿ ਇਹ ਯਾਤਰਾ, ਜੋ ਕਿ ਜਾਗਰੂਕਤਾ ਸਭਾਵਾਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਰਾਹੀਂ ਹਰ ਘਰ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ ਅਤੇ ਲੋਕਾਂ ਦੇ ਸਰਗਰਮ ਸਹਿਯੋਗ ਦੀ ਵੀ ਬੇਹਦ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਜੋਂ ਹੁਣ ਸਰਕਾਰ ਵੱਲੋਂ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਗਈ ਹੈ ਤਾਂ ਕਿ ਪਿੰਡ ਪੱਧਰ 'ਤੇ ਜਾ ਕੇ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨਾਗਰਿਕਾਂ ਨੂੰ ਜਾਣੂੰ ਕਰਵਾਇਆ ਜਾ ਸਕੇ। ਉਹਨਾਂ ਕਿਹਾ ਕਿ ਪੰਚਾਇਤ ਵਿਭਾਗ, ਪੁਲਿਸ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਰਗਰਮ ਹਨ ਅਤੇ ਹਰੇਕ ਪੱਖ ਤੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਆਪਣੇ ਸੰਬੋਧਨ ਵਿੱਚ ਉਹਨਾਂ ਨੇ ਲੋਕਾਂ ਨੂੰ ਨਸ਼ਾ ਤਸਕਰਾਂ ਖਿਲਾਫ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੀ ਜਾ ਰਹੀ ਕਾਰਵਾਈ ਬਾਰੇ ਵਿਸਥਾਰ ਵਿੱਚ ਜਾਣੂੰ ਕਰਵਾਇਆ। ਉਹਨਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਨਸ਼ੇ ਦੀ ਦਲਦਲ ਵਿੱਚ ਫਸ ਚੁੱਕੇ ਰੋਗੀਆਂ ਦਾ ਇਲਾਜ ਸਰਕਾਰ ਵੱਲੋਂ ਚਲਾਏ ਜਾ ਰਹੇ ਮੁਫਤ ਨਸ਼ਾ ਛੁਡਾਊ ਕੇਂਦਰਾਂ ਵਿੱਚ ਜਰੂਰ ਕਰਵਾਉਣ। ਉਹਨਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਦੇ ਦਿਨ ਹੁਣ ਪੁੱਗ ਚੁੱਕੇ ਹਨ ਅਤੇ ਇਹ ਜਾਂ ਤਾਂ ਜੇਲ੍ਹਾਂ ਵਿੱਚ ਹੋਣਗੇ ਜਾਂ ਪੰਜਾਬ ਛੱਡ ਜਾਣਗੇ। ਉਹਨਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਤੁਸੀਂ ਆਪੋ ਆਪਣੇ ਇਲਾਕੇ ਵਿੱਚ ਇਸ ਮੁੱਦੇ ਉੱਤੇ ਪਹਿਰਾ ਰੱਖੋ ਅਤੇ ਜੋ ਵੀ ਦੋਸ਼ੀ ਹੈ ਉਸ ਦੀ ਸੂਚਨਾ ਸਾਡੇ ਨਾਲ ਸਾਂਝੀ ਕਰੋ। ਅਸੀਂ ਕਿਸੇ ਦਾ ਨਾਮ ਦੱਸੇ ਬਗੈਰ ਅਜਿਹੀ ਕਾਰਵਾਈ ਕਰਾਂਗੇ ਕਿ ਉਸ ਦੀਆਂ ਆਉਣ ਵਾਲੀਆਂ ਪੁਸ਼ਤਾਂ ਵੀ ਯਾਦ ਰੱਖਣਗੀਆਂ। ਇਸ ਮੌਕੇ ਪਿੰਡਾਂ ਦੇ ਸਰਪੰਚ, ਪੰਚ, ਮੋਹਤਬਰ, ਬੱਚੇ, ਜਵਾਨ, ਬਜ਼ੁਰਗ ਵੱਡੀ ਗਿਣਤੀ ਅਤੇ ਉਤਸ਼ਾਹ ਵਿੱਚ ਭਾਗ ਲੈਂਦੇ ਵਿਖਾਈ ਦਿੱਤੇ।

# ਵਿਸ਼ਵ ਵਾਤਾਵਰਨ ਦਿਵਸ ਮੌਕੇ ਜਾਗਰੂਕਤਾ ਸਮਾਗਮ




ਜਲੰਧਰ, 17 ਮਈ, (ਸੰਦੀਪ ਕੌਲ) : ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ (ਪੀ.ਪੀ.ਸੀ.ਬੀ.), ਖੇਤਰੀ ਦਫ਼ਤਰ-1, ਜਲੰਧਰ ਵੱਲੋਂ ਵਿਸ਼ਵ ਵਾਤਾਵਰਨ ਦਿਵਸ-2025 ਮੌਕੇ ਸਥਾਨਕ ਲਾਰੈਂਸ ਇੰਟਰਨੈਸ਼ਨਲ ਸਕੂਲ ਵਿਖੇ ਵਿਸ਼ੇਸ਼ ਜਾਗਰੂਕਤਾ ਸਮਾਗਮ ਕਰਵਾਇਆ ਗਿਆ।

ਐਕਸੀਅਨ ਸੰਦੀਪ ਕੁਮਾਰ ਨੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਸੰਦੀਪ ਕੁਮਾਰ ਨੇ ਦੱਸਿਆ ਕਿ ਇਸ ਸਾਲ ਦਾ ਵਿਸ਼ਾ ਨੌਜਵਾਨ ਪੀੜ੍ਹੀ ਨੂੰ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਅਤੇ ਇਸਦੀ ਵਰਤੋਂ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਜਾਗਰੂਕ ਕਰਨ 'ਤੇ ਕੇਂਦਰਿਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਨ-ਯੋਧੇ ਬਣਨ ਦੀ ਅਪੀਲ ਕਰਦਿਆਂ ਪਲਾਸਟਿਕ ਪ੍ਰਦੂਸ਼ਨ ਨੂੰ ਰੋਕਣ ਲਈ ਚੁੱਕੇ ਜਾ ਰਹੇ ਉਪਰਾਲਿਆਂ ਵਿੱਚ ਸਰਗਰਮ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਇਸ ਦੌਰਾਨ ਇਸ ਸਾਲ ਦੇ ਵਿਸ਼ੇ 'ਕੌਂਬੈਟ ਪਲਾਸਟਿਕ ਪਲਿਊਸ਼ਨ' 'ਤੇ ਡਰਾਇੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਸਿਰਜਣਾਤਮਕਤਾ ਅਤੇ ਵਾਤਾਵਰਨ ਪ੍ਰਤੀ ਚੇਤਨਾ ਦਾ ਪ੍ਰਦਰਸ਼ਨ ਕੀਤਾ। ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਲਾਤਮਕ ਯੋਗਦਾਨ ਲਈ ਇਨਾਮ ਦਿੱਤੇ ਗਏ।

ਐਸ.ਡੀ.ਓ. ਰੋਜਰਟ ਧਮੀਜਾ ਨੇ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਸਕੂਲ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਲਈ ਪੁਖ਼ਤਾ ਪ੍ਰਬੰਧ : ਮੈਨੇਜਰ



ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ) : ਰੂਹਾਨੀਅਤ ਦੇ ਕੇਂਦਰ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੇਸ਼ ਵਿਦੇਸ਼ਾਂ ਤੋਂ ਲੱਖਾਂ ਸ਼ਰਧਾਲੂ ਅਤੇ ਸੈਲਾਨੀ ਰੋਜਾਨਾ ਆਉਂਦੇ ਹਨ ਅਤੇ ਖਾਸ ਗੱਲ ਇਹ ਹੈ ਕਿ ਸੰਗਤ ਦੀ ਆਮਦ ਤੇ ਕਦੇ ਵੀ ਸਰਦੀ, ਗਰਮੀ, ਮੀਂਹ ਹਨੇਰੀ ਝੱਖੜ ਆਦਿ ਦਾ ਕੋਈ ਅਸਰ ਨਹੀਂ ਪੈਂਦਾ ਸਗੋਂ ਸ਼ਰਧਾਲੂਆਂ ਦੀ ਸ਼ਰਧਾ ਭਾਵਨਾ ਹਮੇਸ਼ਾਂ ਸਰਦੀ ਗਰਮੀ ਤੇ ਭਾਰੀ ਪੈਂਦੀ ਹੈ। ਹੁਣ ਭਾਵੇਂ ਗਰਮੀ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਅਜਿਹੇ 'ਚ ਜਦੋਂ ਤਾਪਮਾਨ 42 ਡਿਗਰੀ ਸੈਲਸੀਅਸ ਤਕ ਪਹੁੰਚ ਚੁੱਕਿਆ ਹੈ ਤਾਂ ਸੰਗਤ ਆਮ ਵਾਂਗ ਹੀ ਵੱਡੀ ਗਿਣਤੀ 'ਚ ਗੁਰੂ ਰਾਮਦਾਸ ਦੇ ਦਰ ਦਾ ਅਸ਼ੀਰਵਾਦ ਲੈਣ ਆ ਰਹੀ ਹੈ ਤੇ ਸੰਗਤ ਦੀ ਸੁੱਖ ਸਹੂਲਤ ਲਈ ਹਮੇਸ਼ਾ ਯਤਨਸ਼ੀਲ ਸ਼੍ਰੋਮਣੀ ਕਮੇਟੀ ਵੱਲੋਂ ਅਨੇਕਾਂ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਅਨੁਸਾਰ ਸ਼ਰਧਾਲੂਆਂ ਨੂੰ ਤਪਦੀ ਗਰਮੀ ਤੋਂ ਬਚਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਸਮੁੱਚੀ ਪਰਿਕਰਮਾ 'ਚ 4-4 ਟਾਟ ਵਿਛਾ ਕੇ ਇੱਕ ਇੱਕ ਘੰਟੇ ਬਾਅਦ ਪਾਣੀ ਦਾ ਛਿੜਕਾਅ ਕੀਤਾ ਜਾ ਰਿਹਾ ਹੈ ਤਾਂ ਜੋ ਸੰਗਤ ਦੇ ਪੈਰਾਂ ਨੂੰ ਸੇਕ ਨਾ ਪਹੁੰਚੇ, ਇਸ ਦੇ ਨਾਲ ਨਾਲ ਦਰਸ਼ਨੀ ਡਿਓਢੀ ਦੇ ਬਾਹਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠ ਟੈਂਟ ਲਗਾਇਆ ਗਿਆ ਹੈ ਤਾਂ ਜੋ ਸ਼ਰਧਾਲੂਆਂ ਨੂੰ ਤਿੱਖੀ ਧੁੱਪ ਦੀ ਤਪਸ਼ ਤੋਂ ਰਾਹਤ ਮਿਲ ਸਕੇ ਇਸੇ ਟੈਂਟ 'ਚ ਪਾਣੀ ਦੀ ਸਹੂਲਤ ਵਾਲੇ ਅਨੇਕਾਂ ਪੱਖੇ ਲਗਾਏ ਗਏ ਹਨ, ਜਿਸ ਨਾਲ ਏ.ਸੀ. ਵਰਗਾ ਮਾਹੌਲ ਬਣ ਜਾਂਦਾ ਹੈ। ਅਜਿਹੇ ਟੈਂਟ (ਕਨਾਤਾਂ) ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਗੁਰੂ ਰਾਮਦਾਸ ਲੰਗਰ ਘਰ ਅਤੇ ਘੰਟਾ ਘਰ ਪ੍ਰਵੇਸ਼ ਦੁਆਰ ਦੇ ਬਾਹਰ ਵੀ ਲਗਾਏ ਗਏ ਹਨ। ਇਸ ਤੋਂ ਇਲਾਵਾ ਦਰਸ਼ਨੀ ਡਿਓਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਜਾਂਦੇ ਪੁੱਲ ਤੇ ਸ਼ੈਡ ਪਾ ਕੇ ਠੰਢੀ ਹਵਾ ਵਾਲੇ ਪੱਖੇ ਲਗਾ ਕੇ ਸੁਖਾਵਾਂ ਮਾਹੌਲ ਸਿਰਜਿਆ ਗਿਆ ਹੈ। ਪ੍ਰਬੰਧਕਾਂ ਵੱਲੋਂ ਪਰਿਕਰਮਾ 'ਚ ਵੀ ਅਨੇਕਾਂ ਥਾਵਾਂ 'ਤੇ ਏਅਰ ਕੂਲਰਾਂ ਤੇ ਪੱਖਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਸ੍ਰੀ ਦਰਬਾਰ ਸਾਹਿਬ ਦੇ ਪਾਵਨ ਪਵਿਤਰ ਸਰੋਵਰ ਦੇ ਚਾਰੋਂ ਨੁਕਰਾਂ 'ਚ ਮੌਜੂਦ ਛਬੀਲਾਂ ਤੋਂ ਠੰਢਾ ਮਿੱਠਾ ਜਲ ਵਰਤਾਇਆ ਜਾ ਰਿਹਾ ਹੈ। ਮੈਨੇਜਰ ਭਗਵੰਤ ਸਿੰਘ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੀਆਂ ਸਾਰੀਆਂ ਸਰਾਵਾਂ ਦੇ ਕਮਰਿਆਂ 'ਚ ਏ.ਸੀ. ਅਤੇ ਏਅਰ ਕੂਲਰਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਲਦ ਸ਼ੁਰੂ ਹੋਣ ਜਾ ਰਹੀਆਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕਿਉਂਕਿ ਸੰਗਤ ਦੀ ਆਮਦ ਦੁਗਣੀ ਹੋ ਜਾਂਦੀ ਹੈ ਤਾਂ ਇਸ ਦੇ ਮੱਦੇਨਜ਼ਰ ਸੰਗਤ ਲਈ ਰਿਹਾਇਸ਼, ਲੰਗਰ, ਪਾਰਕਿੰਗ ਅਤੇ ਮੈਡੀਕਲ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਸੰਗਤ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉੱਧਰ ਗਰਮੀ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਪ੍ਰਬੰਧਾਂ ਤੋਂ ਸੰਗਤ ਅਤਿਅੰਤ ਪ੍ਰਸੰਨ ਨਜ਼ਰ ਆ ਰਹੀ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਸ਼ਰਧਾਲੂਆਂ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਅੰਦਰ ਦਾਖਲ ਹੁੰਦਿਆਂ ਹੀ ਉਨ੍ਹਾਂ ਨੂੰ ਸਕੂਨ ਸ਼ਾਂਤੀ ਮਿਲੀ, ਉਸ ਨਾਲ ਗਰਮੀ ਦਾ ਅਹਿਸਾਸ ਹੀ ਨਹੀਂ ਰਿਹਾ। ਸ਼ਰਧਾਲੂਆਂ ਨੇ ਗਰਮੀ ਦੇ ਮੱਦੇਨਜ਼ਰ ਕੀਤੇ ਪ੍ਰਬੰਧਾਂ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ।

# ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਦੇ 10+2 ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ



ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਿਦਿਆਰਥੀਆਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 10+2 ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ । ਕਾਲਜ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਦੱਸਿਆ ਕਿ 10+2 ਨਾਨ ਮੈਡੀਕਲ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ ਨੇ 95% ਅੰਕ ਹਾਸਲ ਕਰਕੇ ਪਹਿਲਾ ਸਥਾਨ, ਦੀਵੇਸ਼ ਸਿੰਘ ਨੇ 79% ਅੰਕ ਨਾਲ ਦੂਜਾ ਅਤੇ ਦਮਨਦੀਪ ਸਿੰਘ ਨੇ 78% ਅੰਕ ਨਾਲ ਤੀਜਾ ਸਥਾਨ ਹਾਸਲ ਕੀਤਾ । ਮੈਡੀਕਲ ਦੀ ਵਿਦਿਆਰਥਣ ਰਜਿੰਦਰ ਕੌਰ ਨੇ 86.4% ਅੰਕ ਹਾਸਲ ਕਰਕੇ ਪਹਿਲਾ ਸਥਾਨ, ਜਸਪ੍ਰੀਤ ਕੌਰ ਨੇ 80% ਨਾਲ ਦੂਜਾ ਅਤੇ ਪਰਲੀਨ ਕੌਰ ਨੇ 78.2% ਅੰਕਾਂ ਨਾਲ਼ ਤੀਜਾ ਸਥਾਨ ਹਾਸਲ ਕੀਤਾ । ਕਮਰਸ ਦੀ ਵਿਦਿਆਰਥਣ ਗੁਨਗੁਨ ਕੌਰ ਨੇ 90% ਅੰਕਾ ਨਾਲ ਪਹਿਲਾ, ਪਰਾਚੀ ਨੇ 88.2% ਅੰਕਾਂ ਨਾਲ ਦੂਜਾ ਸਥਾਨ ਅਤੇ ਅਮਨਪ੍ਰੀਤ ਸਿੰਘ ਨੇ 87.2% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਕੀਤਾ । ਆਰਟਸ ਦੀ ਵਿਦਿਆਰਥਣ ਹਰਨੂਰ ਕੌਰ ਨੇ 88.4% ਅੰਕਾਂ ਨਾਲ ਪਹਿਲਾ ਸਥਾਨ, ਤਮੰਨਾ ਨੇ 86.4% ਅੰਕਾਂ ਨਾਲ ਦੂਜਾ ਅਤੇ ਹਰਕਿਰਨ ਕੌਰ ਨੇ 85.4% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਇਸ ਤੋਂ ਇਲਾਵਾ 32 ਵਿਦਿਆਰਥੀਆਂ ਨੇ 80% ਤੋਂ ਉੱਪਰ, 72 ਵਿਦਿਆਰਥੀਆਂ ਨੇ 70% ਤੋ 80% ਅਤੇ 60 ਵਿਦਿਆਰਥੀਆਂ ਨੇ 60% ਤੋ 70% ਅੰਕ ਹਾਸਲ ਕੀਤੇ । ਉਨ੍ਹਾਂ ਦੱਸਿਆ ਕਿ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ । ਕਾਲਜ ਪ੍ਰਿੰਸੀਪਲ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਇਸ ਵਧੀਆ ਨਤੀਜੇ ਦਾ ਸਿਹਰਾ ਮਿਹਨਤੀ ਸਟਾਫ ਨੂੰ ਦਿੱਤਾ । ਇਸ ਵਧੀਆ ਕਾਰਗੁਜ਼ਾਰੀ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਜੀ ਧਾਮੀ ਅਤੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਨੇ ਕਾਲਜ ਪ੍ਰਿੰਸੀਪਲ, ਸਟਾਫ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਲਈ ਸ਼ੁਭ ਇੱਛਾਵਾਂ ਦਿੱਤੀਆਂ । ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਤ ਹੁੰਦਿਆਂ ਪੜ੍ਹਾਈ ਦਾ ਇਕ ਪੜਾਅ ਪੂਰਾ ਹੋਣ ਤੋਂ ਬਾਅਦ ਕਾਲਜ ਵਿੱਚ ਚੱਲ ਰਹੇ ਉਚੇਰੀ ਸਿੱਖਿਆ ਦੇ ਕੋਰਸਾਂ ਵਿੱਚ ਦਾਖਲਾ ਲੈ ਕੇ ਹੋਰ ਵੀ ਮਿਹਨਤ ਕਰਕੇ ਜ਼ਿੰਦਗੀ ਵਿੱਚ ਸਫਲਤਾ ਹਾਸਲ ਕਰਨ ਲਈ ਕਿਹਾ ।ਇਸ ਮੌਕੇ ਪ੍ਰੋ. ਜਤਿੰਦਰ ਕੌਰ ਰਜਿਸਟਰਾਰ, ਪ੍ਰੋ. ਸਾਹਿਬ ਸਿੰਘ ਸੀਨੀਅਰ ਸੈਕੰਡਰੀ ਇੰਚਾਰਜ ਅਤੇ ਸਮੂਹ ਸਟਾਫ ਹਾਜ਼ਰ ਸੀ ।

# ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਬੈਗ ਅਤੇ ਸਟੇਸ਼ਨਰੀ ਵੰਡੀ



ਅਜਨਾਲਾ/ਚੇਤਨਪੁਰਾ, 17 ਮਈ, (ਸੁਖਦੇਵ ਸਿੰਘ ਖਾਲਸਾ) : ਪਿੰਡ ਚੇਤਨਪੁਰਾ ਦੇ ਕਾਮਰੇਡ ਸੋਹਣ ਸਿੰਘ ਜੋਸ਼ ਸਰਕਾਰੀ ਹਾਈ ਸਕੂਲ ਵਿਖੇ ਅੱਜ ਮਨਜੀਤ ਸਿੰਘ ਰਿਟਾ ਕਾਨੂੰਗੋ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਬੈਗ ਅਤੇ ਕਾਪੀਆਂ,ਪੈੱਨ ਸਕੂਲ ਦੀ ਅਸੈਂਬਲੀ ਮੌਕੇ ਵਿਦਿਆਰਥੀਆਂ ਨੂੰ ਤਕਸੀਮ ਕੀਤੇ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਸੋਹਣ ਸਿੰਘ ਜੋਸ਼ ਬੜੇ ਵੱਡੇ ਆਜਾਦੀ ਘੁਲਾਟੀਏ ਹੋਏ ਹਨ ਅਤੇ ਸਾਨੂੰ ਮਾਣ ਹੈ ਕਿ ਅਸੀਂ ਉਸ ਪਿੰਡ ਦੇ ਵਸਨੀਕ ਹਾਂ ਅਤੇ ਇਸ ਪਿੰਡ ਤੇ ਨੇੜੇ ਦੇ ਪਿੰਡਾਂ ਵਿੱਚੋਂ ਵਿਦਿਆਰਥੀਆਂ ਇਸ ਸਕੂਲ ਵਿੱਚ ਵਿੱਦਿਆ ਲੈਣ ਵਾਸਤੇ ਆਉਂਦੇ ਹਨ। ਕਾਮਰੇਡ ਸੋਹਣ ਸਿੰਘ ਜੋਸ਼ ਦੀਆਂ ਸਿਖਿਆਵਾਂ ਤੋਂ ਪ੍ਰੇਰਤ ਹੋ ਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰਨ ਅਤੇ ਹਰ ਇਕ ਬੱਚੇ ਦਾ ਹੱਕ ਹੈ, ਕਿ ਉਹ ਸਕੂਲ ਆਕੇ ਮੁਢਲੀ ਪੜ੍ਹਾਈ ਪੂਰੀ ਕਰੇ ਅਤੇ ਚੰਗੇ ਨੰਬਰਾਂ ਨਾਲ ਪਾਸ ਹੋਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇਗੀ ਅਤੇ ਇਸ ਦੇ ਨਾਲ ਹੀ ਸਕੂਲ ਦੇ ਸਾਰੇ ਵਿਦਿਆਰਥੀਆਂ ਕੋਲੋਂ ਇਹ ਪ੍ਰਣ ਲਿਆ, ਕਿ ਅੱਜ ਤੋਂ ਗਰਾਊਂਡ ਵਿੱਚ ਲੱਗੇ ਰੁੱਖਾਂ ਵਿੱਚੋ ਇਕ ਰੁੱਖ ਨੂੰ ਅਪਨਾ ਕਿ ਰੋਜਾਨਾ ਪਾਣੀ ਨਾਲ ਸਿੰਚਿਤ ਕੀਤਾ ਜਾਵੇ, ਤਾਂਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਯਾਦਗਾਰ ਬਣ ਸਕੇ। ਇਸ ਮੌਕੇ ਮਨਜੀਤ ਸਿੰਘ ਰਿਟਾ ਕਾਨੂੰਗੋ ਤੋਂ ਇਲਾਵਾ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਜਨੀ ਨਰੂਲਾ, ਰਣਬੀਰ ਕੌਰ, ਕੁਲਵਿੰਦਰ ਕੌਰ, ਉਪਿੰਦਰ ਕੌਰ, ਪੂਜਾ ਚਾਵਲਾ, ਰਮੇਸ਼ ਕੁਮਾਰ, ਵਿਕਰਮਜੀਤ ਸਿੰਘ, ਸਤਨਾਮ ਸਿੰਘ, ਸੁਖਦੀਪ ਸਿੰਘ ਆਦਿ ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ



ਅੰਮ੍ਰਿਤਸਰ, 17 ਮਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਆਦਰਸ਼ਪਿੰਦਰ ਸਿੰਘ ਮਾਨ ਅਤੇ ਸਰਜੋਤ ਸਿੰਘ ਸਾਹਨੀ ਦੀ ਦੀਵਾਨ ਦੇ ਮੁੱਖ ਅਦਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਜੀ.ਟੀ.ਰੋਡ ਦੇ ਨਵੇਂ ਮੈਂਬਰਜ਼ ਇੰਚਾਰਜ ਵਜੋਂ ਨਿਯੁਕਤੀ ਕੀਤੀ ਗਈ। ਏ.ਪੀ.ਐਸ ਮਾਨ ਪੰਜਾਬ ਐਂਡ ਸਿੰਧ ਬੈਂਕ ਤੋਂ ਚੀਫ਼ ਮੈਨੇਜਰ ਵਜੋਂ ਰਿਟਾਇਰ ਹਨ। ਜੋ ਕਿ ਵਰਤਮਾਨ ਸਮੇਂ ਵਿਚ ਦੀਵਾਨ ਦੀ ਕਾਰਜ—ਸਾਧਕ ਕਮੇਟੀ, ਫਾਇਨਾਂਸ ਕਮੇਟੀ, ਬਜਟ ਰਿਵਿਉ ਕਮੇਟੀ ਦਾ ਹਿੱਸਾ ਬਣਕੇ ਵਿੱਤੀ ਪੱਖੋਂ ਅਹਿਮ ਯੋਗਦਾਨ ਦੇ ਰਹੇ ਹਨ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ ਦੇ ਮੈਂਬਰ ਇੰਚਾਰਜ ਵਜੋਂ ਵੀ ਸੇਵਾਵਾਂ ਦੇ ਨਿਭਾ ਰਹੇ ਹਨ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ ਫਰੀਡਮ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਜਾਇੰਟ ਸਕੱਤਰ ਇੰਜੀ: ਜਸਪਾਲ ਸਿੰਘ, ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਰਾਬਿੰਦਰਬੀਰ ਸਿੰਘ ਭੱਲਾ, ਹਰਿੰਦਰਪਾਲ ਸਿੰਘ ਸੇਠੀ, ਪ੍ਰੋ.ਭੁਪਿੰਦਰ ਸਿੰਘ ਸੇਠੀ, ਪ੍ਰੋ.ਸੁਖਬੀਰ ਸਿੰਘ, ਡਾ.ਆਤਮਜੀਤ ਸਿੰਘ ਬਸਰਾ, ਕਮਲਜੀਤ ਸਿੰਘ ਕੋਹਲੀ, ਹਰਜੀਤ ਸਿੰਘ ਸੱਚਦੇਵਾ, ਅਮਰਦੀਪ ਸਿੰਘ ਰਾਜੇਵਾਲ, ਮਨਪ੍ਰੀਤ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਬਵੇਜਾ, ਗੁਰਪ੍ਰੀਤ ਸਿੰਘ ਸੇਠੀ, ਸਰਬਜੋਤ ਸਿੰਘ, ਜਤਿੰਦਰਬੀਰ ਸਿੰਘ, ਮਨਪ੍ਰੀਤ ਸਿੰਘ (ਲੁਧਿਆਣਾ) ਰਵਿੰਦਰ ਸਿੰਘ, ਨਵਜੋਤ ਸਿੰਘ (ਤਰਨਤਾਰਨ) ਨੇ ਵੀ ਨਵ—ਨਿਯੁਕਤ ਮੈਂਬਰਜ਼ ਇੰਚਾਰਜ ਨੂੰ ਨਵੇਂ ਅਹੁੱਦਿਆਂ ਦੀ ਵਧਾਈ ਦਿੰਦਿਆਂ ਸ਼ੁੱਭ ਕਾਮਨਾਵਾਂ ਦਿੱਤੀਆਂ।

# ਆਦਰਸ਼ ਸੀਨੀਆਰ ਸੈਕੰਡਰੀ ਸਕੂਲ ਮਾਨਾਂਵਾਲਾ ਦੇ ਵਿਦਿਆਰਥੀਆਂ ਨੇ ਦਸਵੀਂ 'ਚ ਸ਼ਾਨਦਾਰ ਅੰਕ ਹਾਸਲ ਕੀਤੇ



ਅੰਮ੍ਰਿਤਸਰ, 17 ਮਈ, (ਗੁਰਦਿਆਲ ਸਿੰਘ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਕਲਾਸ ਦੇ ਐਲਾਨੇ ਨਤੀਜਿਆਂ ਵਿੱਚ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਓ (ਕੈਨੇਡਾ) ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ ਦੀ ਦੇਖ ਰੇਖ ਹੇਠ ਚਲਦੇ ਭਗਤ ਪੂਰਨ ਸਿੰਘ ਆਦਰਸ਼ ਸੀਨੀਆਰ ਸੈਕੰਡਰੀ ਸਕੂਲ, ਮਾਨਾਂਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਲੈ ਕੇ ਪਿੰਗਲਵਾੜਾ ਸੰਸਥਾ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ।ਇਸ ਮੌਕੇ ਤਿੰਨ ਵਿਦਿਆਰਥਣਾਂ ਕਿਰਨਪ੍ਰੀਤ ਕੌਰ, ਨਵਨੀਤ ਕੌਰ ਅਤੇ ਜਸਪ੍ਰੀਤ ਕੌਰ ਨੇ 94.3% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਹਿਕਪ੍ਰੀਤ ਕੌਰ ਨੇ 94.1% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਅਨੂਪ੍ਰੀਤ ਕੌਰ ਨੇ 94% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ।ਇਸ ਮੌਕੇ ਉਚੇਚੇ ਤੌਰ 'ਤੇ ਵਿਦਿਆਰਥੀਆਂ ਅਤੇ ਸਟਾਫ ਦਾ ਮੂੰਹ ਮਿੱਠਾ ਕਰਾਉਣ ਅਤੇ ਵਧਾਈ ਦੇਣ ਲਈ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ ਅਤੇ ਰਾਜਬੀਰ ਸਿੰਘ, ਮੈਂਬਰ ਪਿੰਗਲਵਾੜਾ ਸੁਸਾਇਟੀ ਉਚੇਚੇ ਤੌਰ 'ਤੇ ਸਕੂਲ ਕੈਂਪਸ ਵਿੱਚ ਪੁੱਜੇ। ਉਨ੍ਹਾਂ ਦੱਸਿਆ ਕਿ ਸਾਰੇ ਵਿਦਿਆਰਥੀ ਬਹੁਤ ਸੋਹਣੇ ਅੰਕ ਲੈ ਕੇ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਪਿੰਗਲਵਾੜਾ ਸੁਸਾਇਟੀ ਵੱਲੋਂ ਇਹ ਸਕੂਲ ਅਤੇ ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਦੇ ਸਾਰੇ ਵਿਦਿਆਰਥੀਆਂ ਨੇ ਭਗਤ ਪੂਰਨ ਸਿੰਘ ਅਤੇ ਦੇਸ਼ ਵਿਦੇਸ਼ ਵਿਚ ਬੈਠੀਆਂ ਸੰਗਤਾਂ ਦੀਆਂ ਅਸੀਸਾਂ ਨਾਲ ਵਿੱਦਿਆ ਦੇ ਖੇਤਰ ਵਿਚ ਹਰ ਸਾਲ ਦੀ ਤਰ੍ਹਾਂ ਨਿਵੇਕਲੀਆਂ ਮੱਲਾਂ ਮਾਰ ਕੇ ਇਤਿਹਾਸ ਰਚਿਆ ਹੈ। ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਦੀ ਇਕ ਵਿਦਿਆਰਥਣ ਦੀਕਸ਼ਾ ਨੇ ਪੰਜਾਬ ਵਿਚੋਂ 97.08% ਅੰਕ ਲੈ ਕੇ 19ਵੇਂ ਸਥਾਨ 'ਤੇ ਮੈਰਿਟ ਸੂਚੀ ਵਿਚ ਆਪਣਾ ਨਾਂ ਦਰਜ ਕਰਾਇਆ ਹੈ। ਇਸ ਮੌਕੇ ਯੋਗੇਸ਼ ਸੂਰੀ, ਡਾ. ਅਮਰਜੀਤ ਸਿੰਘ ਗਿੱਲ, ਗੁਰਨਾਇਬ ਸਿੰਘ, ਤੇਜਿੰਦਰਭਾਨ ਸਿੰਘ ਬੇਦੀ, ਤਿਲਕ ਰਾਜ, ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ. ਲਖਵਿੰਦਰ ਕੌਰ ਬੁੱਟਰ ਕਲਾਂ ਸਕੂਲ ਕਾਦੀਆਂ ਅਤੇ ਸਕੂਲ ਦਾ ਸਟਾਫ ਹਾਜਰ ਸੀ।

# ਡੀ.ਏ.ਵੀ. ਸਕੂਲ ਅਵਾਂਖਾ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਦੀਨਾਨਗਰ, 17 ਮਈ, (ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ) : ਐੱਸ. ਐੱਸ. ਡੀ. ਏ. ਵੀ.ਸੀਨੀਅਰ ਸੀ. ਸੈਕ. ਸਕੂਲ ਅਵਾਂਖਾ ਦੀਨਾਨਗਰ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਇਸ ਸਾਲ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਤ ਪ੍ਰਤੀਸ਼ਤ ਰਿਹਾ। ਇਸ ਸੰਸਥਾ ਵਿੱਚ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਸੁਸ਼ੀਲ ਕੁਮਾਰ ਵਰਮਾ ਨੇ ਦੱਸਿਆ ਕਿ ਜਮਾਤ ਦੱਸਵੀਂ ਦੇ ਸਾਰੇ 85 ਵਿਦਿਆਰਥੀ ਚੰਗੇ ਅੰਕ ਹਾਸਲ ਕਰ ਕੇ ਸਫਲ ਹੋਏ ਹਨ। ਕੁੱਲ 85 ਵਿਦਿਆਰਥੀਆਂ ਵਿਚੋਂ ਅਮਾਨਤ ਕੌਰ ਨੇ 584 (90%) ਅੰਕ ਹਾਸਲ ਕਰ ਪਹਿਲਾ ਸਥਾਨ, ਜਨੇਸ਼ਾ ਨੇ 578 (88.9%) ਅੰਕ ਹਾਸਲ ਕਰ ਕੇ ਦੂਸਰਾ ਸਥਾਨ, ਅੰਕਸ਼ਿਕਾ ਨੇ 574 (88.3%) ਅੰਕ ਹਾਸਲ ਕਰ ਕਰ ਕੇ ਤੀਸਰਾ ਸਥਾਨ ਅਤੇ ਜਾਨਵੀ ਨੇ 573 (88.1%) ਅੰਕ ਹਾਸਲ ਕਰ ਕੇ ਚੌਥਾ ਸਥਾਨ ਹਾਸਲ ਕੀਤਾ।

ਸਕੂਲ ਪ੍ਰਬੰਧਕ ਸਮਿਤੀ ਦੇ ਪ੍ਰਧਾਨ ਸ਼੍ਰੀ ਅਰਵਿੰਦ ਮਹਿਤਾ ਜੀ, ਸਚਿਵ ਮਧੁਰ ਭਾਸ਼ੀਣੀ ਅਤੇ ਮੈਨੇਜਰ ਸ਼੍ਰੀ ਰਾਜਨ ਮਹਿਤਾ ਨੇ ਬੱਚਿਆ ਦੀ ਇਸ ਉਪਲੱਬਧੀ ਦਾ ਸ਼ਰੇਹ ਬੱਚਿਆਂ ਦੇ ਮਾਪਿਆਂ ਅਤੇ ਉਹਨਾਂ ਦੇ ਅਧਿਆਪਕਾਂ ਨੂੰ ਦਿੱਤਾ ਅਤੇ ਬੱਚਿਆਂ ਦੀ ਦਿਨ ਦੂੱਗਣੀ ਰਾਤ ਚੂਗਣੀ ਤਰੱਕੀ ਦੀ ਆਸ਼ਾ ਕੀਤੀ। ਪ੍ਰਿੰਸੀਪਲ ਸ਼੍ਰੀ ਸੁਸ਼ੀਲ ਕੁਮਾਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉੱਪ ਪ੍ਰਿੰਸੀਪਲ ਸ਼੍ਰੀ ਮਤੀ ਰਚਨਾ ਸੈਣੀ ਅਤੇ ਪੀ. ਆਰ. ਓ. ਸੰਦੀਪ ਠਾਕੁਰ ਨੇ ਇਸ ਮੌਕੇ 'ਤੇ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਚਾਰ ਗੁਰੂ ਸਾਹਿਬਾਨ ਦਾ ਪ੍ਰਕਾਸ਼ ਪੁਰਬ ਮਨਾਇਆ



ਅੰਮ੍ਰਿਤਸਰ, 17 ਮਈ, (ਗੁਰਦਿਆਲ ਸਿੰਘ) : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਉਤਸ਼ਾਹ ਪ੍ਰੇਰਨਾ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀਬੀਆਂ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਅੱਜ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਪੂਰਨ ਸਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਗੁਰੂ ਦੇ ਜਸ ਗਾਉਂਦਿਆਂ ਮਨਾਇਆ ਗਿਆ।

ਬੀਬੀ ਕੌਲਾਂ ਜੀ ਭਲਾਈ ਕੇਂਦਰ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਪਰਮਜੀਤ ਕੌਰ ਪੰਮਾ ਦੇ ਜਥੇ ਸਮੇਤ ਹੋਰ ਵੀ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਇਸ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕੇ ਲੰਗਰ ਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਦੀਆਂ ਸੇਵਾਵਾਂ ਅਤੁੱਟ ਵਰਤੀਆਂ। ਬੀਬੀ ਪਰਮਜੀਤ ਕੌਰ ਪੰਮਾ ਦੇ ਜਥੇ ਦੀਆਂ ਬੀਬੀਆਂ ਨੇ ਸੁਖਮਨੀ ਸਾਹਿਬ ਦੇ ਜਾਪ ਉਪਰੰਤ ਗੁਰੂ ਸਾਹਿਬਾਨਾਂ ਦੇ ਰਚਿਤ ਸ਼ਬਦਾਂ ਨੂੰ ਮਿੱਠੀ ਤੇ ਰਸੀਲੀ ਸੁਰ ਵਿੱਚ ਸੰਗਤੀ ਰੂਪ ਵਿੱਚ ਕੀਰਤਨ ਕੀਤਾ। ਵਾਰ ਵਾਰ ਖਾਲਸਾਈ ਜੈਕਾਰੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ, ਗੁਰਬਰ ਅਕਾਲ ਸਤਿ ਸ੍ਰੀ ਅਕਾਲ ਨੇ ਗੁਰਦੁਆਰਾ ਸਾਹਿਬ ਵਿਚ ਵਖਰਾ ਮਾਹੌਲ ਸਿਰਜ ਦਿੱਤਾ।

ਇਸ ਮੌਕੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਚਾਰ ਗੁਰੂ ਸਾਹਿਬਾਨ ਦੇ ਜੀਵਨ ਤੇ ਉਨ੍ਹਾਂ ਵੱਲੋਂ ਮਨੁੱਖਤਾ ਲਈ ਘਾਲੀਆ ਘਾਲਨਾਵਾਂ ਬਾਰੇ ਭਾਵਪੂਰਤ ਤਰੀਕੇ ਨਾਲ ਆਪਣੇ ਸੰਬੋਧਨ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਉਨ੍ਹਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੁੱਢਾ ਦਲ ਦੇ ਚੌਥੇ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਏਸੇ ਅਸਥਾਨ 'ਤੇ ਸ੍ਰੀ ਅਖੰਡ ਸਾਹਿਬ ਅਰੰਭ ਕੀਤੇ ਗਏ ਹਨ, ਜਿਨ੍ਹਾਂ ਦੇ ਭੋਗ 18 ਮਈ ਨੂੰ ਪੈਣਗੇ, ਉਪਰੰਤ ਗੁਰਮਤਿ ਸਮਾਗਮ ਹੋਵੇਗਾ। ਉਨ੍ਹਾਂ ਸਭਨਾਂ ਬੀਬੀਆਂ ਨੂੰ ਹੁੰਮਹੁੰਮਾ ਪੁਜਣ ਦੀ ਅਪੀਲ ਕੀਤੀ। ਉਪਰੰਤ ਬੁੱਢਾ ਦਲ ਵੱਲੋਂ ਬੀਬੀ ਪਰਮਜੀਤ ਕੌਰ ਪੰਮਾ ਨਿਊ ਅੰਮ੍ਰਿਤਸਰ, ਬੀਬੀ ਪਰਮਜੀਤ ਕੌਰ ਪਿੰਕੀ ਜਥਾ ਚਰਨ ਕੰਵਲ ਬੀਬੀਆਂ ਸ੍ਰੀ ਦਰਬਾਰ ਸਾਹਿਬ, ਬੀਬੀ ਸੁਖਜੀਤ ਕੌਰ ਰੋਜ਼ੀ, ਬੀਬੀ ਹਰਪ੍ਰੀਤ ਕੌਰ ਮੁਖੀ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੇਵਾ ਸੁਸਾਇਟੀ ਅਤੇ ਬੀਬੀ ਤੇਜ ਕੌਰ ਨੂੰ ਵਿਸ਼ੇਸ਼ ਯਾਦਗਾਰੀ ਸਨਮਾਨ ਚਿੰਨ੍ਹ ਤੇ ਸਿਰਪਾਓ ਨਾਲ ਸਨਮਾਨਿਤ ਕੀਤਾ। ਬੀਬੀਆਂ ਦੇ ਜਥਿਆਂ ਵੱਲੋਂ ਗੁ: ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਪ੍ਰਵਾਹ ਨਿਰੰਤਰ ਚੱਲ ਰਹੇ ਹਨ। ਇਸ ਸਮੇਂ ਬਾਬਾ ਭਗਤ ਸਿੰਘ, ਬਾਬਾ ਅਮਰੀਕ ਸਿੰਘ, ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਸ਼ਹੀਦ ਭਾਈ ਫ਼ੌਜਾ ਸਿੰਘ ਚੈਰੀਟੇਬਲ ਟਰੱਸਟ ਦੀ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



ਅੰਮ੍ਰਿਤਸਰ, 17 ਮਈ, (ਗੁਰਦਿਆਲ ਸਿੰਘ) : ਇੰਦਰਜੀਤ ਸਿੰਘ ਬਾਗੀ ਚੇਅਰਮੈਨ, ਰਘੁਬੀਰ ਸਿੰਘ ਜਨਰਲ ਸਕੱਤਰ ਅਤੇ ਟਰੱਸਟੀ ਮੈਂਬਰਾਂ ਦੀ ਪ੍ਰੇਰਨਾ ਉਤਸ਼ਾਹ ਦੇ ਸਹਿਯੋਗ ਸਦਕਾ ਸ਼ਹੀਦ ਭਾਈ ਫੌਜਾ ਸਿੰਘ ਪਬਲਿਕ ਚੈਰੀਟੇਬਲ ਟਰੱਸਟ ਬਟਾਲਾ ਰੋਡ ਵਿਖੇ ਗਰੀਬ ਤੇ ਸ਼ਹੀਦ ਪ੍ਰੀਵਾਰਾਂ ਦੀਆਂ ਪੜ੍ਹਦੀਆਂ ਵਿਦਿਆਰਥਣਾਂ ਨੇ ਆਪਣੀ ਪੜ੍ਹਾਈ ਵਿੱਚ ਮੇਹਨਤ, ਲਗਨ ਦੇ ਜ਼ੌਹਰ ਵਿਖਾਏ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਦੇ ਸਲਾਨਾ ਇਮਤਿਹਾਨ ਵਿੱਚ ਚੰਗੇ ਅੰਕ ਲੈ ਕੇ ਪਾਸ ਹੋਈਆਂ ਹਨ। ਜਿਸ ਵਿੱਚ ਰਵਿੰਦਰ ਕੌਰ (521), ਨੇਹਾ ਕੌਰ (521), ਖੁਸ਼ਪ੍ਰੀਤ ਕੌਰ (483), ਸੁਖਦੀਪ ਕੌਰ (460), ਪੂਜਾ (359), ਮਨਪ੍ਰੀਤ ਕੌਰ ਨੇ 564 ਅੰਕ ਲੈ ਕੇ ਆਪਣੇ ਮਾਪਿਆ ਅਤੇ ਟਰੱਸਟ ਦਾ ਨਾਮ ਰੋਸ਼ਨ ਕੀਤਾ ਹੈ। ਇਹ ਜਾਣਕਾਰੀ ਸੁਖਪਾਲ ਸਿੰਘ ਨਿਗਰਾਨ ਨੇ ਪ੍ਰੈਸ ਨਾਲ ਸਾਂਝੀ ਕੀਤੀ।

# ਐਮ.ਪੀ. ਅਰੋੜਾ ਨੇ ਪੰਜਾਬ ਲਈ ਉਦਯੋਗਿਕ ਰੋਡਮੈਪ ਬਾਰੇ ਕੀਤਾ ਖੁਲਾਸਾ ਲੁਧਿਆਣਾ ਲਈ ਵੱਡਾ ਹੁਲਾਰਾ

## ਹਲਵਾਰਾ ਹਵਾਈ ਅੱਡੇ ਦਾ ਉਦਘਾਟਨ ਜਲਦੀ ਹੋਣ ਦੀ ਉਮੀਦ



ਲੁਧਿਆਣਾ, 17 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਸ਼ੁੱਕਰਵਾਰ ਨੂੰ ਸਰਕਟ ਹਾਊਸ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਲ 2025-26 ਲਈ ਪੰਜਾਬ ਦੇ ਉਦਯੋਗਿਕ ਖੇਤਰ ਲਈ ਇੱਕ ਵਿਸਤ੍ਰਿਤ ਰੋਡਮੈਪ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਲੁਧਿਆਣਾ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਅਰੋੜਾ ਨੇ ਐਲਾਨ ਕੀਤਾ ਕਿ ਜ਼ਮੀਨ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਪੀਐਸਆਈਈਸੀ ਨਵੇਂ ਉਦਯੋਗਿਕ ਫੋਕਲ ਪੁਆਇੰਟਾਂ ਦੇ ਵਿਕਾਸ ਲਈ ਲੈਂਡ ਬੈਂਕਾਂ ਦਾ ਗਠਨ ਕਰੇਗਾ। ਉਦਯੋਗਿਕ ਪਲਾਟਾਂ ਦੀ ਨਿਯਮਤ ਨਿਲਾਮੀ ਵੀ ਦੁਬਾਰਾ ਸ਼ੁਰੂ ਕੀਤੀ ਜਾਵੇਗੀ, ਜਿਸ ਨਾਲ ਲੁਧਿਆਣਾ ਦੇ ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ (ਐਮਐਸਐਮਈਜ਼) ਨੂੰ ਵਿਸਥਾਰ ਅਤੇ ਵਿਕਾਸ ਦਾ ਬਹੁਤ ਜ਼ਰੂਰੀ ਮੌਕਾ ਮਿਲੇਗਾ।

ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ਉਦਯੋਗਿਕ ਪ੍ਰੋਤਸਾਹਨ ਵੰਡਣ ਲਈ 250 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਕਾਰੋਬਾਰਾਂ ਨੂੰ ਸਮੇਂ ਸਿਰ ਸਹਾਇਤਾ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪ੍ਰੋਤਸਾਹਨਾਂ ਦੀ ਤੇਜ਼ ਅਤੇ ਕੁਸ਼ਲ ਵੰਡ ਨੂੰ ਯਕੀਨੀ ਬਣਾਇਆ ਜਾਵੇਗਾ। ਲੁਧਿਆਣਾ ਪੰਜਾਬ ਦਾ ਪ੍ਰਮੁੱਖ ਉਦਯੋਗਿਕ ਕੇਂਦਰ ਹੋਣ ਕਰਕੇ ਕੁੱਲ ਪ੍ਰੋਤਸਾਹਨ ਵੰਡ ਦਾ 50% ਤੋਂ ਵੱਧ ਹਿੱਸਾ ਪਾਉਂਦਾ ਹੈ। ਹਰੀ ਊਰਜਾ ਵੱਲ ਇੱਕ ਵੱਡੇ ਕਦਮ ਨੂੰ ਉਜਾਗਰ ਕਰਦੇ ਹੋਏ ਐਮਪੀ ਅਰੋੜਾ ਨੇ ਕਿਹਾ ਕਿ ਸਰਕਾਰ ਨੇ ਮੌਜੂਦਾ ਬਾਇਲਰਾਂ ਨੂੰ ਝੋਨੇ ਦੀ ਪਰਾਲੀ ਨਾਲ ਚੱਲਣ ਵਾਲੇ ਬਾਇਲਰਾਂ ਵਿੱਚ ਬਦਲਣ ਵਿੱਚ ਉਦਯੋਗਾਂ ਦੀ ਸਹਾਇਤਾ ਲਈ 60 ਕਰੋੜ ਰੁਪਏ ਦੀ ਪੂੰਜੀ ਸਬਸਿਡੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਲੁਧਿਆਣਾ ਜਿਸ ਕੋਲ ਪੰਜਾਬ ਦੇ ਲੱਗਭੱਗ 20% ਬਾਇਲਰ ਹਨ ਤੋਂ ਇਸ ਵਾਤਾਵਰਣ-ਅਨੁਕੂਲ ਪਹਿਲਕਦਮੀ ਦਾ ਵੱਡਾ ਲਾਭਪਾਤਰੀ ਹੋਣ ਦੀ ਉਮੀਦ ਹੈ। ਮੌਜੂਦਾ ਫੋਕਲ ਪੁਆਇੰਟਾਂ ਵਿੱਚੋਂ 26 ਦਾ ਪ੍ਰਬੰਧਨ ਪੀਐਸਆਈਈਸੀ ਵੱਲੋਂ ਕੀਤਾ ਜਾਂਦਾ ਹੈ ਅਤੇ ਲੱਗਭੱਗ 33 ਦਾ ਪ੍ਰਬੰਧਨ ਸਥਾਨਕ ਸਰਕਾਰੀ ਸੰਸਥਾਵਾਂ ਵੱਲੋਂ ਕੀਤਾ ਜਾਂਦਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਸਬੰਧ ਵਿੱਚ ਸੋਮਵਾਰ ਤੱਕ ਐਲਾਨ ਹੋਣ ਦੀ ਉਮੀਦ ਹੈ। ਐਮਐਸਐਮਈਜ਼ ਲਈ ਭੁਗਤਾਨਾਂ ਵਿੱਚ ਦੇਰੀ ਨਾਲ ਸਬੰਧਤ ਚਿੰਤਾਵਾਂ ਨੂੰ ਸੰਬੋਧਿਤ ਕਰਦੇ ਹੋਏ ਅਰੋੜਾ ਨੇ ਦੱਸਿਆ ਕਿ ਸਰਕਾਰ ਇੱਕ ਔਨਲਾਈਨ ਵਿਵਾਦ ਨਿਵਾਰਣ ਵਿਧੀ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਹੈ। ਇਹ ਪਲੇਟਫਾਰਮ ਲੁਧਿਆਣਾ ਦੇ ਉਦਯੋਗਪਤੀਆਂ ਨੂੰ ਔਨਲਾਈਨ ਸੁਣਵਾਈਆਂ ਵਿੱਚ ਹਿੱਸਾ ਲੈਣ ਅਤੇ ਦਸਤਾਵੇਜ਼ ਡਿਜੀਟਲ ਰੂਪ ਵਿੱਚ ਜਮ੍ਹਾਂ ਕਰਾਉਣ ਦੇ ਯੋਗ ਬਣਾਏਗਾ ਜਿਸ ਨਾਲ ਪ੍ਰਕਿਰਿਆਤਮਕ ਦੇਰੀ ਵਿੱਚ ਕਾਫ਼ੀ ਕਮੀ ਆਵੇਗੀ।


# ਵੋਟਾਂ ਖ਼ਾਤਰ ਮੁਫ਼ਤ ਸਮਾਨ ਦੇਣ ਦੇ ਲਾਰੇ ਅਤੇ ਨਾਅਰੇ ਪੰਜਾਬ ਨੂੰ ਨਿਕੰਮਾ ਅਤੇ ਕਰਜ਼ਾਈ ਬਣਾ ਰਹੇ ਹਨ : ਬਾਵਾ



ਲੁਧਿਆਣਾ, 17 ਮਈ (ਰਵਿੰਦਰ ਸਿੰਘ ਨਿੱਝਰ/ਕਰਨੈਲ ਸਿੰਘ ਐੱਮ.ਏ.) : ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸਨ ਕੁਮਾਰ ਬਾਵਾ ਨੇ ਕਿਹਾ ਕਿ ਨਸ਼ਾ ਮੁਕਤੀ ਲਈ ਯਾਤਰਾ ਨਹੀਂ ਸਗੋਂ ਪੰਜਾਬ ਪ੍ਰਤੀ ਸੁਹਿਰਦ ਹੋ ਕੇ ਯਤਨ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਹਰ ਲੋੜ ਜਾਂ ਸਮੱਸਿਆ ਨੂੰ ਹਮੇਸ਼ਾ ਸਿਆਸੀ ਤੱਕੜੀ ਵਿੱਚ ਤੋਲ ਕੇ ਫੈਸਲਾ ਲੈਣਾ ਹੋ ਸਕਦਾ ਕਿਸੇ ਸਿਆਸੀ ਪਾਰਟੀ ਨੂੰ ਕੁਝ ਫਾਇਦਾ ਹੋ ਜਾਵੇ, ਪਰ ਮੂਲ ਰੂਪ ਵਿੱਚ ਉਹ ਪੰਜਾਬ ਦਾ ਨੁਕਸਾਨ ਕਰਦਾ ਹੈ। ਅੱਜ 4 ਲੱਖ ਕਰੋੜ ਦੇ ਕਰਜੇ ਨਾਲ ਹਰ ਪੰਜਾਬੀ ਕਰਜਾਈ ਹੈ ਜਿਹੜੇ ਕਹਿੰਦੇ ਸੀ ਕਿ ਅਸੀਂ ਆਮ ਆਦਮੀ ਹਾਂ, ਲੱਗਦਾ ਹੈ ਹੁਣ ਇਹਨਾਂ ਨਾਲੋਂ ਪੰਜਾਬ ਵਿੱਚ ਕੋਈ ਖਾਸ ਆਦਮੀ ਨਹੀਂ ਰਿਹਾ। ਬਾਵਾ ਨੇ ਕਿਹਾ, ਪੰਜਾਬ ਦੇ ਨੌਜਵਾਨਾਂ ਦੇ ਹੱਥਾਂ ਨੂੰ ਕੰਮ ਦਈਏ। ਫਸਲਾਂ ਵਿੱਚ ਵਿਭਿੰਨਤਾ ਲਿਆਈਏ। ਪਿੰਡਾਂ ਵਿੱਚ ਜਾ ਕੇ ਗ੍ਰਾਮਸੇਵਕ, ਪਟਵਾਰੀ, ਬੀ.ਡੀ.ਪੀ.ਓ ਹਰ ਪਿੰਡ ਜਾ ਕੇ ਪਿੰਡ ਦਾ ਡੇਟਾ ਬਣਾਉਣ। ਕਿੰਨੇ ਹੱਥ ਵਿਹਲੇ ਹਨ ਜਾਂ ਨਸ਼ਿਆਂ ਦੀ ਦਲ-ਦਲ ਵਿੱਚ ਕਿੰਨੇ ਲੋਕ ਡੁੱਬੇ ਹੋਏ ਹਨ..? ਪੁਲਿਸ ਦਾ ਵੀ ਇਹ ਸਭ ਲਈ ਅਹਿਮ ਰੋਲ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਜਾ ਕੇ ਨਸ਼ੇ ਛੁਡਵਾਉਣ ਦੇ ਯਤਨਾਂ ਦੀ ਲੋੜ ਹੈ। ਸ਼ਹਿਰ ਵਿੱਚ ਲੱਗੇ ਵੱਡੇ-ਵੱਡੇ ਬੋਰਡ ਪਿੰਡਾਂ ਵਿੱਚ ਨਸਾ ਛਡਾਉਣ ਲਈ ਸਹਾਈ ਨਹੀਂ ਹੋ ਸਕਦੇ। ਧੰਨ ਬਰਬਾਦੀ ਰੋਕਣ ਦੀ ਵੀ ਲੋੜ ਹੈ।


ਬਾਵਾ ਨੇ ਕਿਹਾ ਕਿ ਵੋਟ ਸਮੇਂ ਨਸੇ ਵੰਡਣ ਵਾਲੇ ਨੇਤਾਵਾਂ ਦਾ ਸਮਾਜਿਕ ਬਾਈਕਾਟ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ ਅੱਗੇ ਆਉਣ। ਨੌਜਵਾਨ ਅਤੇ ਕਲੱਬਾਂ ਇਸ ਲਈ ਮੋਹਰੀ ਰੋਲ ਅਦਾ ਕਰਨ। ਸਾਡੇ ਧਾਰਮਿਕ ਅਸਥਾਨਾਂ ਤੋਂ ਵੀ ਨਸ਼ਿਆਂ ਖਿਲਾਫ ਸਿੱਖਿਆ ਦਿੱਤੀ ਜਾਵੇ, ਕਿਉਂਕਿ ਨਸਾ ਮੁਕਤ ਇਨਸਾਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ ਮੁਤਾਬਕ ਸੱਚੀ ਕਿਰਤ, ਨਾਮ ਜਪਣਾ ਅਤੇ ਵੰਡ ਛਕਣ ਦੇ ਵਡਮੁੱਲੇ ਬਚਨਾਂ 'ਤੇ ਪਹਿਰਾ ਦੇ ਸਕਦਾ ਹੈ।

# ਨਸ਼ਿਆਂ ਦੇ ਸਮੱਗਲਰੋ 'ਪਿੰਡ ਨਾ ਛੱਡਿਓ, ਨਸ਼ਾ ਛੱਡ ਦਿਓ...!' ਨਹੀਂ ਤਾਂ ਰਗੜੇ ਜਾਓਗੇ : ਬੀਬੀ ਮਾਣੂੰਕੇ



ਜਗਰਾਓਂ, 17 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਓਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਪੰਜਾਬ ਸਰਕਾਰ ਵੱਲੋਂ ਨੌਜੁਆਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਹਲਕੇ ਦੇ ਪਿੰਡ ਬਾਰਦੇਕੇ, ਮੀਰਪੁਰ ਹਾਂਸ ਅਤੇ ਗਗੜਾ ਵਿੱਚ ਨਗਰ ਨਿਵਾਸੀਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ ਅਤੇ ਮਾਰੂ ਨਸ਼ਿਆਂ ਦੇ ਹੱਲੇ ਨੂੰ ਰੋਕਣ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਇਹਨਾਂ ਪਿੰਡਾਂ ਦੇ ਰੱਖੇ ਗਏ ਵੱਖ-ਵੱਖ ਸਮਾਗਮਾਂ ਨੂੰ ਸੰਬੋਧਨ ਕਰਦੇ ਹੋਏ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਨਸ਼ਿਆਂ ਦੇ ਸਮੱਗਲਰਾਂ ਨੂੰ ਤਾੜਨਾਂ ਕਰਦੇ ਹੋਏ ਆਖਿਆ ਕਿ 'ਪਿੰਡ ਨਾ ਛੱਡਿਓ, ਨਸ਼ਾ ਛੱਡ ਦਿਓ...! ਨਹੀਂ ਤਾਂ ਰਗੜੇ ਜਾਓਗੇ', ਕਿਉਂਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਸਮੱਗਲਰਾਂ ਨੂੰ ਜ਼ੇਲਾਂ ਵਿੱਚ ਡੱਕਣ ਦੀ ਪੂਰੀ ਤਿਆਰੀ ਕੀਤੀ ਹੋਈ ਹੈ। ਉਹਨਾਂ ਨਗਰ ਨਿਵਾਸੀਆਂ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਸਰਪੰਚ, ਪੰਚਾਇਤ ਮੈਂਬਰ ਜਾਂ ਨੰਬਰਦਾਰ ਕਿਸੇ ਵੀ ਚਿੱਟੇ ਦੇ ਸਮੱਗਲਰ ਜਾਂ ਨਸ਼ੇੜੀ ਦੀ ਸਹਾਇਤਾ ਲਈ ਸਿਫਾਰਸ਼ ਕਰਕੇ ਜਾਂ ਸਾਥ ਦੇਵੇਗਾ ਤਾਂ ਉਸ ਵਿਰੁੱਧ ਵੀ ਸਖਤ ਕਾਰਵਾਈ ਹੋ ਸਕਦੀ ਹੈ ਅਤੇ ਉਸਦਾ ਆਹੁਦਾ ਵੀ ਖੁੱਸ ਸਕਦਾ ਹੈ। ਵਿਧਾਇਕਾ ਮਾਣੂੰਕੇ ਨੇ ਨੌਜੁਆਨਾਂ ਨੂੰ ਅਪੀਲ ਕਰਦੇ ਹੋਏ ਆਖਿਆ ਕਿ ਉਹ ਖੇਡਾਂ ਦੇ ਮੈਦਾਨਾਂ ਨਾਲ ਜੁੜਨ ਅਤੇ ਪੰਜਾਬ ਸਰਕਾਰ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨੌਜੁਆਨਾਂ ਨੂੰ ਖੇਡ ਗਰਾਊਂਡਾਂ ਬਣਾਕੇ ਦੇਵੇਗੀ ਅਤੇ ਖੇਡਾਂ ਦਾ ਸਮਾਨ ਮੁਹੱਈਆ ਕਰਵਾਵੇਗੀ ਅਤੇ ਨਸ਼ਾ ਛੱਡਣ ਵਾਲੇ ਨੌਜੁਆਨਾਂ ਨੂੰ 'ਨਸ਼ਾ ਛੁਡਾਊ' ਕੇਂਦਰਾਂ ਵਿੱਚ ਭਰਤੀ ਕਰਕੇ ਉਹਨਾਂ ਦੀ ਮੱਦਦ ਕੀਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਜਿਹੜਾ ਪਿੰਡ ਪੂਰੀ ਤਰਾਂ ਨਸ਼ਾ ਮੁਕਤ ਹੋਵੇਗਾ, ਤਾਂ ਪੰਜਾਬ ਸਰਕਾਰ ਵੱਲੋਂ ਉਸ ਪਿੰਡ ਦਾ ਸਨਮਾਨ ਕੀਤਾ ਜਾਵੇਗਾ ਅਤੇ ਵਿਸ਼ੇਸ਼ ਗਰਾਂਟ ਵੀ ਜਾਰੀ ਕੀਤੀ ਜਾਵੇਗੀ।

# ਇੰਸਪੈਕਟਰ ਬਲਵਿੰਦਰ ਸਿੰਘ ਨੇ ਮਾਡਲ ਟਾਊਨ ਥਾਣੇ ਦਾ ਚਾਰਜ ਸੰਭਾਲਿਆ



ਲੁਧਿਆਣਾ, 17 ਮਈ (ਕਰਨੈਲ ਸਿੰਘ ਐੱਮ.ਏ.) : ਸੀਪੀ ਸਵਪਨ ਸ਼ਰਮਾ ਨੇ ਹਾਲ ਹੀ ਵਿੱਚ ਇੰਸਪੈਕਟਰ ਬਲਵਿੰਦਰ ਸਿੰਘ ਦਾ ਤਬਾਦਲਾ ਕਰਕੇ ਉਨ੍ਹਾਂ ਨੂੰ ਮਾਡਲ ਟਾਊਨ ਪੁਲਿਸ ਸਟੇਸ਼ਨ ਇੰਚਾਰਜ ਨਿਯੁਕਤ ਕੀਤਾ ਹੈ, ਜਿਸ ਤੋਂ ਬਾਅਦ ਇੰਸਪੈਕਟਰ ਬਲਵਿੰਦਰ ਸਿੰਘ ਨੇ ਚਾਰਜ ਸੰਭਾਲ ਲਿਆ ਹੈ। ਚਾਰਜ ਸੰਭਾਲਣ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਬਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾ ਫਰਜ਼ ਲੋਕਾਂ ਦੀ ਸੁਰੱਖਿਆ ਨੂੰ ਪਹਿਲ ਦੇਣਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਡੀਜੀਪੀ ਪੰਜਾਬ ਅਤੇ ਸੀਪੀ ਲੁਧਿਆਣਾ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਦਾ ਸੁਨੇਹਾ ਦਿੰਦੇ ਹੋਏ, ਇਲਾਕੇ ਵਿੱਚ ਕੋਈ ਵੀ ਗੈਰ-ਕਾਨੂੰਨੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪੰਜਾਬੀ ਸਾਹਿਤ ਅਕਾਡਮੀ ਵੱਲੋਂ ਜਗਜੀਤ ਕੌਰ ਅਤੇ ਅਰਵਿੰਦਰਪਾਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਲੁਧਿਆਣਾ, 17 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਅਤੇ ਸਮੂਹ ਮੈਂਬਰਾਂ ਵਲੋਂ ਪ੍ਰੋ. ਜਗਜੀਤ ਕੌਰ ਅਤੇ ਅਰਵਿੰਦਰਪਾਲ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਕਾਡਮੀ ਦੇ ਜੀਵਨ ਮੈਂਬਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵੀ. ਸੀ. ਡਾ. ਸ. ਪ. ਸਿੰਘ ਦੀ ਜੀਵਨ ਸਾਥਣ ਪ੍ਰੋ. ਜਗਜੀਤ ਕੌਰ ਅਤੇ ਉੱਘੇ ਗ਼ਜ਼ਲਗੋ ਸਰਦਾਰ ਪੰਛੀ ਦੇ ਸਪੁੱਤਰ ਅਰਵਿੰਦਰਪਾਲ ਸਿੰਘ ਦੇ ਵਿਛੋੜੇ ਨਾਲ ਪਰਿਵਾਰਾਂ ਨੂੰ ਗਹਿਰੀ ਸੱਟ ਵੱਜੀ ਹੈ। ਇਸ ਦੁੱਖ ਦੀ ਘੜੀ ਅਕਾਡਮੀ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ। ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਸੁਰਜੀਤ ਅਲਬੇਲਾ, ਪ੍ਰਗਟ ਇੰਕੋਲਾਹਾ ਆਦਿ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# ਲੁਧਿਆਣਾ 'ਚ ਅਰਬਨ ਅਸਟੇਟ ਬਣਾਉਣ ਲਈ 24311 ਏਕੜ ਜ਼ਮੀਨ ਅਕੈਵਾਇਰ ਕਰਨ ਦਾ ਫ਼ੈਸਲਾ ਤੁਰੰਤ ਰੱਦ ਕੀਤਾ ਜਾਵੇ : ਸੁਖਬੀਰ



ਲੁਧਿਆਣਾ, 17 ਮਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਮੰਗ ਕੀਤੀ ਕਿ ਲੁਧਿਆਣਾ ਦੇ 32 ਪਿੰਡਾਂ ਵਿਚ ਅਰਬਨ ਅਸਟੇਟ ਡਵੈਪ ਕਰਨ ਦੇ ਨਾਂ 'ਤੇ 24311 ਏਕੜ ਜ਼ਮੀਨ ਐਕਵਾਇਰ ਕਰਨ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ ਅਤੇ ਉਹਨਾਂ ਕਿਹਾ ਕਿ ਇਹ ਕਦਮ ਕਿਸਾਨ ਵਿਰੋਧੀ ਹੈ ਜਿਸਦਾ ਇਕਲੌਤਾ ਮਕਸਦ ਆਮ ਆਦਮੀ ਪਾਰਟੀ (ਆਪ) ਦੇ ਖਜਾਨੇ ਭਰਾ ਹੈ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਆਪ ਸਰਕਾਰ ਨੇ ਅਰਬਨ ਅਸਟੇਟ ਬਣਾਉਣ ਵਾਸਤੇ 24311 ਏਕੜ ਜ਼ਮੀਨ ਐਕਵਾਇਰ ਕਰਨ ਦਾ ਫੈਸਲਾ ਕੀਤਾ ਹੈ ਜਦੋ ਕਿ ਇਹ ਸਕੀਮ ਪਹਿਲਾਂ ਹੀ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਫੇਲ੍ਹ ਹੋ ਗਈ ਹੈ।

ਉਹਨਾਂ ਕਿਹਾ ਕਿ ਇਹ ਹੋਰ ਵੀ ਨਿੰਦਣਯੋਗ ਗੱਲ ਹੈ ਕਿ ਇਹ ਫੈਸਲਾ ਉਹਨਾਂ ਕਿਸਾਨਾਂ ਦੀ ਸਹਿਮਤੀ ਤੋਂ ਬਗੈਰ ਲਿਆ ਗਿਆ ਹੈ, ਜਿਹਨਾਂ ਦੀ ਜ਼ਮੀਨ ਉਹਨਾਂ ਤੋਂ ਖੋਹੀ ਜਾ ਰਹੀ ਹੈ। ਉਹਨਾਂ ਕਿਹਾ ਕਿ ਹਜਾਰਾਂ ਕਿਸਾਨ ਬੇਜਮੀਨੇ ਹੋ ਜਾਣਗੇ ਤੇ ਇਹ ਫੈਸਲਾ ਉਹਨਾਂ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰੇਗਾ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੋ ਦਿਸ ਰਿਹਾ ਹੈ, ਉਸ ਨਾਲੋਂ ਬਹੁਤ ਜ਼ਿਆਦਾ ਹੋ ਰਿਹਾ ਹੈ। ਆਪ ਸਰਕਾਰ ਆਪਣੀਆਂ ਪਬਲੀਸਿਟੀ ਸਕੀਮਾਂ ਵਾਸਤੇ ਫੰਡ ਇਕੱਠੇ ਕਰਨ ਵਾਸਤੇ ਪੱਬਾਂ ਭਾਰ ਹੈ।

ਉਹਨਾਂ ਕਿਹਾ ਕਿ ਪਹਿਲਾਂ ਸਰਕਾਰ ਨੇ ਮੁਹਾਲੀ ਵਿਚ ਇਸ ਉਦੇਸ ਵਾਸਤੇ ਜ਼ਮੀਨ ਐਕਵਾਇਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਲੁਧਿਆਣਾ ਦੇ ਕਿਸਾਨਾਂ ਨੂੰ ਅਰਵਿੰਦ ਕੇਜਰੀਵਾਲ ਅਤੇ ਮਨੀਸ ਸਿਸੋਦੀਆ ਦੇ ਖਜਾਨੇ ਭਰਨ ਦੀ ਭਗਵੰਤ ਮਾਨ ਦੀ ਇੱਛਾ ਵਾਸਤੇ ਸ਼ਹੀਦ ਕੀਤਾ ਜਾ ਰਿਹਾ ਹੈ ਤਾਂ ਜੋ ਭਗਵੰਤ ਮਾਨ ਦੀ ਕੁਰਸੀ ਕਾਇਮ ਰਹੇ।

# ਸਵਾਮੀ ਰੂਪ ਚੰਦ ਜੈਨ ਸੀ: ਸੈ: ਪਬਲਿਕ ਸਕੂਲ ਜਗਰਾਓਂ ਦਾ ਦਸਵੀਂ ਦਾ ਨਤੀਜਾ 100 ਫ਼ੀਸਦੀ ਰਿਹਾ



ਜਗਰਾਓਂ, 17 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਮੇਸ਼ਾ ਦੀ ਤਰ੍ਹਾਂ ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਜੀ ਅਤੇ ਮਾਣਯੋਗ ਸਮੂਹ ਮੈਨੇਜਮੈਂਟ ਦੇ ਸਮੁੱਚੇ ਸਹਿਯੋਗ ਨਾਲ ਵਿਦਿਆਰਥੀ ਹਰ ਖੇਤਰ ਵਿੱਚ ਆਪਣੀਆਂ ਸਿਰ ਕੱਢ ਪੁਜੀਸ਼ਨਾਂ ਪ੍ਰਾਪਤ ਕਰਕੇ ਉੱਚੀਆਂ ਬੁਲੰਦੀਆਂ ਨੂੰ ਛੂਹਦੇ ਆ ਰਹੇ ਹਨ। ਬਾਰ੍ਹਵੀਂ ਜਮਾਤ ਦੇ ਸਿਰ ਕੱਢ ਨਤੀਜਿਆਂ ਤੋਂ ਬਾਅਦ ਦਸਵੀਂ ਸ਼੍ਰੇਣੀ ਦੇ ਨਤੀਜਿਆਂ ਵਿੱਚ ਵੀ ਵਿਦਿਆਰਥੀਆਂ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਹ ਨਤੀਜੇ ਸਕੂਲ ਦੀ ਉੱਚ ਗੁਣਵੱਤਾ ਵਾਲੀ ਸਿੱਖਿਆ ਅਤੇ ਯੋਗ ਅਗਵਾਈ ਦੇ ਨਾਲ ਨਾਲ ਵਿਦਿਆਰਥੀਆਂ ਦੀ ਮਿਹਨਤ ਦਾ ਪਰਿਣਾਮ ਹੈ। ਹਰ ਸਾਲ ਵਿਦਿਆਰਥੀ 80% ਅਤੇ 90% ਤੋਂ ਉੱਪਰ ਅੰਕ ਲੈ ਕੇ ਸਕੂਲ ਦੀ ਉਤਕ੍ਰਿਸ਼ਟਤਾ ਨੂੰ ਦਰਸਾਉਂਦੇ ਹਨ। ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਜੀ ਨੇ ਇਹ ਵਿਸ਼ਵਾਸ ਦਿਲਾਉਂਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਹਰ ਖੇਤਰ ਵਿੱਚ ਅਵੱਲ ਆਉਣ ਦਾ ਸਿਲਸਿਲਾ ਲਗਾਤਾਰ ਚੱਲਦਾ ਆ ਰਿਹਾ ਹੈ ਅੱਗੇ ਤੋਂ ਵੀ ਚਲਦਾ ਰਹੇਗਾ। ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਜੀ ਨੇ ਇਹਨਾਂ ਬੱਚਿਆਂ 'ਤੇ ਮਾਣ ਤੇ ਖੁਸ਼ੀ ਮਹਿਸੂਸ ਕਰਦਿਆਂ ਪੁਜੀਸ਼ਨਾਂ ਘੋਸ਼ਿਤ ਕੀਤੀਆਂ। ਦਸਵੀਂ ਸ਼੍ਰੇਣੀ ਦੀ ਵਿਦਿਆਰਥਣ ਇਸ਼ਾਨਾ ਕੌਰ ਨੇ 91.38 ? ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ, ਅਨਮੋਲ ਗੁਪਤਾ ਨੇ 86.76 ਲੈ ਕੇ ਦੂਜਾ ਸਥਾਨ, ਅਤੇ ਸੁਖਮਨਪ੍ਰੀਤ ਕੌਰ ਗਿੱਲ ਨੇ85.38 ਤੀਜਾ ਸਥਾਨ ਹਾਸਿਲ ਕੀਤਾ। ਬਾਕੀ ਬੱਚਿਆਂ ਨੇ ਵੀ 80 ਪ੍ਰਤੀਸ਼ਤ ਤੋਂ ਉਪਰ ਅੰਕ ਲਏ ਅਤੇ ਨਤੀਜਾ 100 ਫੀਸਦੀ ਰਿਹਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਵਾਰਡ 41 'ਚ ਕਰਾਏ ਸਮਾਗਮ 'ਚ ਹੋਇਆ ਭਾਰੀ ਇਕੱਠ



ਲੁਧਿਆਣਾ, 17 ਮਈ (ਰਵਿੰਦਰ ਸਿੰਘ ਨਿੱਝਰ): ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਥਾਵਾਂ 'ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਮਾਗਮ ਕਰਵਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕੇ। ਇਸੇ ਕੜੀ ਅਧੀਨ ਸਥਾਨਕ ਵਾਰਡ ਨੰਬਰ 41 ਵਿੱਚ ਕੌਂਸਲਰ ਮਮਤਾ ਰਾਣੀ ਅਤੇ ਇਲਾਕੇ ਦੇ ਸੇਵਾਦਾਰ ਮਨੀ ਦੂਆ ਦੀ ਅਗਵਾਈ ਹੇਠ ਇੱਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਹੋਰ ਲੋਕ ਸ਼ਾਮਿਲ ਹੋਏ। ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਆਖਿਆ ਕਿ ਪਿਛਲੀਆਂ ਸਰਕਾਰਾਂ ਨੇ ਨਸ਼ੇ ਖਤਮ ਕਰਨ ਦੀ ਬਜਾਏ ਨਸ਼ਾ ਸਮਗਲਰਾਂ ਨੂੰ ਹੱਲਾਸ਼ੇਰੀ ਦਿੱਤੀ ਜਿਸ ਕਾਰਨ ਦਿਨੋ ਦਿਨ ਨਸ਼ੇ ਦਾ ਕਾਰੋਬਾਰ ਵੱਧਦਾ ਹੀ ਗਿਆ। ਪਰੰਤੂ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਨੇ ਨਸ਼ਿਆਂ ਵਿਰੁੱਧ ਵੱਡੇ ਪੱਧਰ 'ਤੇ ਯੁੱਧ ਸ਼ੁਰੂ ਕੀਤਾ ਹੋਇਆ ਹੈ ਜੋ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਕੇ ਹੀ ਸਮਾਪਤ ਹੋਵੇਗਾ। ਕੌਂਸਲਰ ਮਮਤਾ ਰਾਣੀ ਨੇ ਆਖਿਆ ਕਿ ਸਾਨੂੰ ਸਰਕਾਰ ਦੁਆਰਾ ਸ਼ੁਰੂ ਕੀਤੇ ਨਸ਼ਿਆਂ ਵਿਰੁੱਧ ਯੁੱਧ ਵਿੱਚ ਸਰਕਾਰ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ ਕਿਓਂਕਿ ਲੋਕਾਂ ਆਮ ਲੋਕਾਂ ਦੇ ਸਾਥ ਤੋਂ ਬਿਨਾਂ ਸਰਕਾਰ ਦੀ ਕੋਈ ਵੀ ਮੁਹਿੰਮ ਸਫਲ ਨਹੀਂ ਹੋ ਸਕਦੀ। ਸਾਬਕਾ ਕੌਂਸਲਰ ਕੁਲਦੀਪ ਸਿੰਘ ਬਿੱਟਾ ਨੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਲੜਾਈ ਦੇ ਨਾਲ ਨਾਲ ਵੱਡੇ ਪੱਧਰ ਤੇ ਵਿਕਾਸ ਕਾਰਜ ਵੀ ਕਰਵਾਏ ਜਾ ਰਹੇ ਹਨ। ਉਹਨਾਂ ਵਿਧਾਇਕ ਸਿੱਧੂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜਿਹੜੇ ਜਿਹੜੇ ਇਲਾਕਿਆਂ ਵਿੱਚ ਵਿਕਾਸ ਕਾਰਜ ਪੂਰੀ ਰਫਤਾਰ ਨਾਲ ਨਹੀਂ ਚੱਲ ਰਹੇ ਉਹਨਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਪੂਰੇ ਹਲਕੇ ਵਿੱਚ ਕੋਈ ਵੀ ਵਾਰਡ ਜਾਂ ਕੋਈ ਵੀ ਗਲੀ ਮਹੱਲਾ ਵਿਕਾਸ ਪੱਖੋਂ ਊਣਾ ਨਾ ਰਹੇ।

# ਸਨਮਤੀ ਵਿਮਲ ਜੈਨ ਸਕੂਲ ਦੀ ਵਿਦਿਆਰਥਣ ਸਿਮਰਤ ਕੌਰ ਅਰੋੜਾ ਨੇ ਮਾਰੀ ਬਾਜ਼ੀ, ਜਗਰਾਓਂ ਤਹਿਸੀਲ 'ਚ ਦੂਸਰੇ ਸਥਾਨ 'ਤੇ ਰਹੀ




ਜਗਰਾਓਂ, 17 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਜਗਰਾਓਂ ਦੀ ਵਿਦਿਆਰਥਣ ਸਿਮਰਤ ਕੌਰ ਅਰੋੜਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਪੰਜਾਬ ਦੀ ਮੈਰਿਟ ਸੂਚੀ ਵਿੱਚ ਆਪਣਾ 20 ਵੀ ਸਥਾਨ ਦਰਜ ਕਰਵਾ ਕੇ ਆਪਣੇ ਸਕੂਲ ਦੀ ਸ਼ਾਨਦਾਰ ਅਕਾਦਮਿਕ ਪਰੰਪਰਾ ਨੂੰ ਜਾਰੀ ਰੱਖਦਿਆਂ ਹੋਏ ਸਕੂਲ ਦੇ ਨਾਂ ਨੂੰ ਚਾਰ ਚੰਨ ਲਗਾਏ। ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਨਤੀਜਿਆਂ ਬਾਰੇ ਦੱਸਦਿਆਂ ਕਿਹਾ ਕਿ ਸਨਮਤੀ ਸਕੂਲ ਇਲਾਕੇ ਦੀ ਅਜਿਹੀ ਮੋਹਰੀ ਵਿੱਦਿਅਕ ਸੰਸਥਾ ਹੈ ਜਿਸ ਦੇ ਵਿਦਿਆਰਥੀ ਆਏ ਦਿਨ ਬੁਲੰਦੀਆਂ ਨੂੰ ਛੂਹਣ ਵਾਲੀਆਂ ਪ੍ਰਾਪਤੀਆਂ ਦਰਜ ਕਰਦੇ ਹਨ। ਉਨ੍ਹਾਂ ਨੇ ਆਪਣੀ ਬੇਹੱਦ ਖੁਸ਼ੀ ਜਾਹਰ ਕਰਦੇ ਹੋਵੇ ਨਤੀਜਿਆ 'ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕੇ ਸਕੂਲ ਦੀ ਬਹੁਤ ਹੀ ਹੋਣਹਾਰ ਵਿਦਿਆਰਥਣ ਸਿਮਰਤ ਕੌਰ ਅਰੋੜਾ ਨੇ 96.92 ਫ਼ੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਵਿੱਚੋਂ 20 ਵਾਂ ਸਥਾਨ, ਜਗਰਾਉਂ ਤਹਿਸੀਲ ਵਿੱਚੋਂ ਦੂਸਰਾ ਅਤੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਤਰਨਪ੍ਰੀਤ ਕੌਰ ਨੇ 95.07 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਸਰਾ ਸਥਾਨ ਅਰੁਸ਼ੀ ਨੇ 94.46 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਸਰਾ ਰਿਧੀਮਾ ਨੇ 93.84 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਸੁਖਦੀਪ ਸਿੰਘ ਅਤੇ ਤਰੁਣ ਕੁਮਾਰ ਨੇ ਸਾਂਝੇ ਤੌਰ 'ਤੇ 93.38 ਫੀਸਦੀ ਅੰਕ ਲੈ ਕੇ ਪੰਜਵਾਂ ਸਥਾਨ, ਪ੍ਰਭਜੋਤ ਕੌਰ ਨੇ 90.46 ਫੀਸਦੀ ਅੰਕ ਲੈ ਕੇ ਛੇਵਾਂ ਸਥਾਨ, ਨਵਦੀਪ ਸਿੰਘ ਨੇ 89.69 ਫੀਸਦੀ ਅੰਕ ਪ੍ਰਾਪਤ ਕਰਕੇ ਸੱਤਵਾਂ ਸਥਾਨ, ਆਰਤੀ ਦੇਵੀ ਨੇ 89.53 ਫੀਸਦੀ ਅੰਕ ਪ੍ਰਾਪਤ ਕਰਕੇ ਅੱਠਵਾਂ ਸਥਾਨ, ਇਸੇ ਹੀ ਪ੍ਰਕਾਰ ਨਿਰਮਤ ਕੌਰ ਤੇ ਖ਼ੁਸ਼ੀ ਯਾਦਵ ਨੇ ਸਾਂਝੇ ਰੂਪ ਵਿੱਚ 89.38 ਫ਼ੀਸਦੀ ਅੰਕ ਲੈ ਕੇ ਨੌਵਾਂ ਸਥਾਨ ਅਤੇ ਜੁਝਾਰ ਸਿੰਘ ਨੇ 88.92 ਫ਼ੀਸਦੀ ਅੰਕ ਲੈ ਕੇ ਦਸਵਾਂ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ।

# ਗੁਰੂ ਨਾਨਕ ਮਿਸ਼ਨ ਸੀ: ਸੈਕ: ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ 100 ਫ਼ੀਸਦੀ ਰਿਹਾ

ਲੁਧਿਆਣਾ, 17 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਗੁਰੂ ਨਾਨਕ ਮਿਸਨ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ 100% ਨਤੀਜੇ ਦੇ ਨਾਲ ਸਕੂਲ ਦਾ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਅਵੱਲ ਆਉਣ ਵਾਲੇ ਵਿਦਿਆਰਥੀਆਂ ਦਾ ਅਤੇ ਉਨ੍ਹਾਂ ਦੇ ਮਾਪਿਆਂ ਦਾ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ, ਐਮ ਡੀ ਮੈਡਮ ਮਧੂ ਬਾਲਾ ਐਚ ਓ ਡੀ ਡਾ ਰੇਨੂਕਾ ਤੇ ਸੀਨੀਅਰ ਕੋਆਰਡੀਨੇਟਰ ਅਮਨ ਜਯੋਤੀ, ਜੂਨੀਅਰ ਕੋਆਰਡੀਨੇਟਰ ਜਸਪ੍ਰੀਤ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਆਉਣ ਵਾਲੇ ਸਮਿਆਂ ਵਿੱਚ ਵੀ ਖੂਬ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਬੱਚਿਆਂ ਦੇ ਮਾਪਿਆਂ ਵੱਲੋਂ ਸਮੂਹ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਨਾਮ ਸਿਮਰਨ ਅਭਿਆਸ ਅੱਜ



ਲੁਧਿਆਣਾ, 17 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 18 ਜੂਨ ਦਿਨ ਐਤਵਾਰ ਨੂੰ ਰਾਤ 7-00 ਵਜੇ ਤੋਂ 8-00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍: ਮਨਜੀਤ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਨੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

# ਐਮ.ਪੀ. ਅਰੋੜਾ ਨੇ ਵਿਦਿਆਰਥੀਆਂ ਨਾਲ ਪਾਈ ਸਾਂਝ, ਵੰਡੀਆਂ ਵਰਦੀਆਂ



ਲੁਧਿਆਣਾ, 17 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਸਦ ਸੰਜੀਵ ਅਰੋੜਾ ਨੇ ਸ਼ਨੀਵਾਰ ਨੂੰ ਲੁਧਿਆਣਾ ਦੇ ਸਰਾਭਾ ਨਗਰ ਦੇ ਸਰਕਾਰੀ ਹਾਈ ਸਕੂਲ ਵਿਖੇ ਵਿਦਿਆਰਥੀਆਂ ਨੂੰ ਸਕੂਲ ਵਰਦੀਆਂ ਵੰਡੀਆਂ। ਇਹ ਸਮਾਗਮ ਪੰਜਾਬ ਸਰਕਾਰ ਦੀ ਪ੍ਰਮੁੱਖ ਪਹਿਲਕਦਮੀ ਪਹਿਲ ਤਹਿਤ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਬੋਲਦਿਆਂ ਅਰੋੜਾ ਨੇ ਇਸ ਪ੍ਰੋਜੈਕਟ ਦੇ ਦੋਹਰੇ ਉਦੇਸ਼ਾਂ 'ਤੇ ਚਾਨਣਾ ਪਾਇਆ ਜੋ ਨਾ ਸਿਰਫ਼ ਸਿੱਖਿਆ ਦਾ ਸਮਰਥਨ ਕਰਦਾ ਹੈ ਬਲਕਿ ਮਹਿਲਾ ਸਸ਼ਕਤੀਕਰਨ ਦਾ ਵੀ ਸਮਰਥਨ ਕਰਦਾ ਹੈ। ਉਨ੍ਹਾਂ ਕਿਹਾ ਕਿ ਪਹਿਲ ਦੇ ਤਹਿਤ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਆਰਥਿਕ ਤੌਰ 'ਤੇ ਪਿੱਛੜੀਆਂ ਔਰਤਾਂ ਨੂੰ ਸਕੂਲ ਵਰਦੀਆਂ ਸਿਲਾਈ ਕਰਨ ਦਾ ਕੰਮ ਸੌਂਪਿਆ ਗਿਆ ਹੈ। ਇਹ ਪਹਿਲ ਨਾ ਸਿਰਫ਼ ਔਰਤਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਦੀ ਹੈ ਸਗੋਂ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਮੁਫ਼ਤ ਵਿੱਚ ਮਿਆਰੀ ਵਰਦੀਆਂ ਮਿਲਣ। ਅਰੋੜਾ ਨੇ ਕਿਹਾ ਕਿ ਇਹ ਪ੍ਰੋਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ 'ਤੇ ਸ਼ੁਰੂ ਕੀਤਾ ਗਿਆ ਸੀ ਜਿਨ੍ਹਾਂ ਨੇ ਇੱਕ ਅਜਿਹੇ ਮਾਡਲ ਦੀ ਕਲਪਨਾ ਕੀਤੀ ਸੀ ਜਿੱਥੇ ਇੱਕ ਪ੍ਰੋਗਰਾਮ ਰਾਹੀਂ ਬੱਚਿਆਂ ਅਤੇ ਔਰਤਾਂ ਦੋਵਾਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਇਹ ਪਹਿਲਕਦਮੀ ਸਮਾਵੇਸ਼ੀ ਵਿਕਾਸ ਵੱਲ ਇੱਕ ਸੋਚ-ਸਮਝ ਕੇ ਚੁੱਕਿਆ ਗਿਆ ਕਦਮ ਹੈ। ਜਿੱਥੇ ਬੱਚੇ ਆਪਣੀਆਂ ਨਵੀਆਂ ਵਰਦੀਆਂ ਵਿੱਚ ਉਤਸ਼ਾਹਿਤ ਅਤੇ ਆਤਮਵਿਸ਼ਵਾਸ ਮਹਿਸੂਸ ਕਰਦੇ ਹਨ ਉੱਥੇ ਹੀ ਸਵੈ-ਸਹਾਇਤਾ ਸਮੂਹ ਦੀਆਂ ਔਰਤਾਂ ਅਰਥਪੂਰਨ ਕੰਮ ਰਾਹੀਂ ਆਰਥਿਕ ਆਜ਼ਾਦੀ ਪ੍ਰਾਪਤ ਕਰਦੀਆਂ ਹਨ। ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਇਹ ਪਹਿਲ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਦੇ ਅਧੀਨ ਆਉਣ ਵਾਲੇ ਕੁੱਲ 31 ਸਰਕਾਰੀ ਸਕੂਲਾਂ ਨੂੰ ਕਵਰ ਕਰੇਗੀ। ਵਰਦੀਆਂ ਵੰਡੇ ਜਾਣ ਦੀ ਮੁਹਿੰਮ ਤੋਂ ਲਗਭਗ 7,500 ਵਿਦਿਆਰਥੀਆਂ ਨੂੰ ਲਾਭ ਹੋਣ ਦੀ ਉਮੀਦ ਹੈ। ਬਾਅਦ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਅਰੋੜਾ ਨੇ ਪ੍ਰੋਜੈਕਟ ਦੀ ਪ੍ਰਗਤੀ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਾਰੇ ਯੋਗ ਸਕੂਲੀ ਬੱਚਿਆਂ ਨੂੰ ਵਰਦੀਆਂ ਦੀ ਵੰਡ ਅਗਲੇ ਹਫ਼ਤੇ ਤੱਕ ਪੂਰੀ ਹੋ ਜਾਵੇਗੀ। ਉਨ੍ਹਾਂ ਬੱਚਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਅਤੇ ਨਵੀਂ ਵਰਦੀ ਪ੍ਰਾਪਤ ਕਰਨ 'ਤੇ ਉਨ੍ਹਾਂ ਦੇ ਉਤਸ਼ਾਹ ਨੂੰ ਦੇਖ ਕੇ ਆਪਣੀ ਖੁਸ਼ੀ ਸਾਂਝੀ ਕੀਤੀ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

# ਨਸ਼ਾ ਅਤੇ ਨਸ਼ਾ ਤਸਕਰਾਂ ਦੇ ਖ਼ਾਤਮੇ ਤੱਕ ਨਸ਼ਿਆਂ ਵਿਰੁੱਧ ਜੰਗ ਜਾਰੀ ਰਹੇਗੀ : ਮੰਤਰੀ ਸੌਂਦ



ਲੁਧਿਆਣਾ, 17 ਮਈ (ਵਿਸ਼ਾਲ ਸ਼ਰਮਾ) : ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਿੱਚ ਸ਼ਨੀਵਾਰ ਨੂੰ ਨਸ਼ਾ ਮੁਕਤੀ ਯਾਤਰਾ ਤਹਿਤ ਹਲਕਾ ਖੰਨਾ ਦੇ ਪਿੰਡ ਇਸ਼ਨਪੁਰ, ਹੋਲ ਅਤੇ ਬੌਂਪੁਰ ਵਿੱਚ ਪਹੁੰਚ ਕੇ ਪਿੰਡ ਪੱਧਰ ਅਤੇ ਵਾਰਡ ਪੱਧਰ ਦੀਆਂ ਰੱਖਿਆ ਕਮੇਟੀਆਂ ਨਾਲ ਜਾਗਰੂਕਤਾ ਸਮਾਗਮਾਂ ਵਿੱਚ ਸ਼ਿਰਕਤ ਕੀਤੀ ਅਤੇ ਵੱਡੀ ਗਿਣਤੀ ਪਹੁੰਚੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ। ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਨਸ਼ਿਆਂ ਤੇ ਨਸ਼ਾ ਤਸਕਰਾਂ ਦੇ ਖਾਤਮੇ ਤੱਕ ਨਸ਼ਿਆਂ ਵਿਰੁੱਧ ਜੰਗ ਜਾਰੀ ਰਹੇਗੀ ਤੇ ਰਾਜ ਨੂੰ ਤਰੱਕੀ ਦੀਆਂ ਬੁਲੰਦੀਆਂ ਤੇ ਲਿਜਾ ਕੇ ਪੰਜਾਬ ਨੂੰ ਦੇਸ਼ ਦਾ ਵਿਕਾਸ ਪੱਖੋਂ ਮੋਹਰੀ ਸੂਬਾ ਬਣਾਇਆ ਜਾਵੇਗਾ ਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁੜ ਤੋਂ ਰੰਗਲਾ ਪੰਜਾਬ ਬਣੇਗਾ। ਉਨ੍ਹਾਂ ਪੇਂਡੂ ਰੱਖਿਆ ਕਮੇਟੀਆਂ, ਪੰਚਾਇਤਾਂ ਦੇ ਨੁਮਾਇੰਦਿਆਂ ਅਤੇ ਪਿੰਡ ਵਾਸੀਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰਕੇ ਨਸ਼ਿਆਂ ਵਿੱਚ ਗ੍ਰਸਤ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਅਜਿਹੇ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ।

# ਡਾ. ਅਜੀਤ ਕੌਰ ਨੂੰ ਰਾਮਗੜ੍ਹੀਆ ਗਰਲਜ਼ ਕਾਲਜ ਦੀ ਪ੍ਰਿੰਸੀਪਲ ਨਿਯੁਕਤ ਕੀਤਾ



ਲੁਧਿਆਣਾ, 17 ਮਈ (ਵਿਸ਼ਾਲ ਸ਼ਰਮਾ) : ਰਾਮਗੜ੍ਹੀਆ ਗਰਲਜ਼ ਕਾਲਜ ਦੇ ਪ੍ਰਬੰਧਨ ਅਤੇ ਫੈਕਲਟੀ ਨੇ ਵਣਜ ਵਿਭਾਗ ਦੇ ਮਾਣਯੋਗ ਮੁਖੀ ਡਾ.ਅਜੀਤ ਕੌਰ ਦਾ ਰਸਮੀ ਤੌਰ 'ਤੇ ਸੰਸਥਾ ਦੇ ਪ੍ਰਿੰਸੀਪਲ ਵਜੋਂ ਭੂਮਿਕਾ ਸੰਭਾਲਣ 'ਤੇ ਨਿੱਘਾ ਅਤੇ ਦਿਲੋਂ ਸਵਾਗਤ ਕੀਤਾ। ਡਾ.ਕੌਰ ਇੱਕ ਪ੍ਰਸਿੱਧ ਅਕਾਦਮਿਕ ਅਤੇ ਸਮਰਪਿਤ ਸਿੱਖਿਅਕ, ਕਈ ਸਾਲਾਂ ਤੋਂ ਕਾਲਜ ਦਾ ਇੱਕ ਅਨਿੱਖੜਵਾਂ ਅੰਗ ਰਹੀ ਹੈ ਜਿਸਨੇ ਦੂਰਦਰਸ਼ੀ ਅਤੇ ਉੱਤਮਤਾ ਨਾਲ ਵਣਜ ਵਿਭਾਗ ਦੀ ਅਗਵਾਈ ਕੀਤੀ ਹੈ। ਉਨ੍ਹਾਂ ਦੀ ਨਿਯੁਕਤੀ ਕਾਲਜ ਦੇ ਅਕਾਦਮਿਕ ਵਿਲੱਖਣਤਾ ਅਤੇ ਸੰਪੂਰਨ ਵਿਕਾਸ ਵੱਲ ਯਾਤਰਾ ਵਿੱਚ ਇੱਕ ਨਵਾਂ ਅਧਿਆਇ ਹੈ। ਰਣਜੋਧ ਸਿੰਘ ਪ੍ਰਧਾਨ, ਗੁਰਚਰਨ ਸਿੰਘ ਲੋਟੇ, ਜਨਰਲ ਸਕੱਤਰ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਨੇ ਡਾ. ਕੌਰ ਨੂੰ ਉਨ੍ਹਾਂ ਦੀ ਨਵੀਂ ਭੂਮਿਕਾ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਨੇ ਉਨ੍ਹਾਂ ਨੂੰ ਗਿਆਨ ਅਤੇ ਬੁੱਧੀ ਦਾ ਖਜ਼ਾਨਾ ਕਹਿ ਕੇ ਪ੍ਰਸ਼ੰਸਾ ਕੀਤੀ ਅਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਅਗਵਾਈ ਇੱਕ ਵਧੇਰੇ ਸਮਾਵੇਸ਼ੀ, ਹਮਦਰਦੀ ਭਰਿਆ ਅਤੇ ਪ੍ਰਗਤੀਸ਼ੀਲ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕਰੇਗੀ।

# ਭਾਜਪਾ ਮੰਤਰੀ 'ਤੇ ਦੇਸ਼ ਧਰੋਹੀ ਮਾਮਲਾ ਨਿਆਂਪਾਲਿਕਾ ਪ੍ਰਤੀ ਭਰੋਸਾ

ਮੁੱਲਾਂਪੁਰ ਦਾਖਾ, 17 ਮਈ (ਦਵਿੰਦਰ ਸਿੰਘ ਲੰਮੇਂ) : ਭਾਜਪਾ ਆਗੂ ਦੇਸ਼ ਵਿੱਚ ਫਿਰਕਾਪ੍ਰਸਤੀ ਫੈਲਾਉਣ ਵਾਲੇ ਬਿਆਨ ਦੇ ਕੇ ਦੇਸ਼ ਦੀ ਧਰਮ ਨਿਰਪੱਖਤਾ ਅਤੇ ਏਕਤਾ ਤੇ ਅਖੰਡਤਾ ਨੂੰ ਢਾਅ ਲਾਉਂਦੇ ਰਹਿੰਦੇ ਹਨ, ਜਿਹਨਾਂ ਵਿੱਚੋਂ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵਿਜੇ ਸ਼ਾਹ ਹਨ, ਜਿਹਨਾਂ ਵਿਰੁੱਧ ਅਦਾਲਤ ਦੇ ਹੁਕਮਾਂ 'ਤੇ ਦੇਸ਼ ਧਰੋਹੀ ਦਾ ਕੇਸ ਦਰਜ ਕੀਤਾ ਗਿਆ ਹੈ, ਜਿਸਤੋਂ ਨਿਆਂਪਾਲਿਕਾ ਪ੍ਰਤੀ ਭਰੋਸਾ ਅਤੇ ਤਸੱਲੀ ਦਾ ਪ੍ਰਗਟਾਵਾ ਹੁੰਦਾ ਹੈ।

ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕੀਤਾ। ਉਹਨਾਂ ਕਿਹਾ ਕਿ ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਤੋਂ ਬਦਲਾ ਲੈਣ ਲਈ ਕੀਤੇ ਹਮਲਿਆਂ ਵਿੱਚ ਭਾਰਤ ਨੂੰ ਸਫ਼ਲਤਾ ਮਿਲੀ ਸੀ। ਇਸ ਲੜਾਈ ਵਿੱਚ ਕਰਨਲ ਸੋਫ਼ੀਆ ਕੁਰੈਸੀ ਦਾ ਵੱਡਾ ਯੋਗਦਾਨ ਸੀ। ਕਰਨਲ ਸੋਫ਼ੀਆ ਦੀ ਬਹਾਦਰੀ ਅਤੇ ਦੇਸ਼ ਸੇਵਾ ਦੀ ਦੁਨੀਆਂ ਭਰ ਵਿੱਚ ਸ਼ਲਾਘਾ ਹੋ ਰਹੀ ਹੈ। ਪਰ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਤੇ ਭਾਜਪਾ ਆਗੂ ਵਿਜੇ ਸ਼ਾਹ ਵੱਲੋਂ ਇੰਦੌਰ ਵਿੱਚ ਕਰਨਲ ਸੋਫ਼ੀਆ ਨੂੰ 'ਅੱਤਵਾਦੀਆਂ ਦੀ ਭੈਣ ਕਹਿਣ ਦਾ ਦਿੱਤਾ ਬਿਆਨ ਦੇਸ਼ ਵਿਰੋਧੀ ਹੈ। ਜਿਸ ਕਾਰਨ ਉਸਦੇ ਬਿਆਨ ਵਿਰੁੱਧ ਦੇਸ਼ ਭਰ ਵਿੱਚ ਰੋਸ ਉੱਠਿਆ, ਤਾਂ ਮਾਨਯੋਗ ਹਾਈਕੋਰਟ ਮੱਧ ਪ੍ਰਦੇਸ਼ ਵੱਲੋਂ ਆਪਣੇ ਤੌਰ 'ਤੇ ਹੀ ਗੰਭੀਰ ਨੋਟਿਸ ਲੈਂਦਿਆਂ ਵਿਜੇ ਸ਼ਾਹ 'ਤੇ ਮੁਕੱਦਮਾ ਦਰਜ ਕਰਨ ਦੇ ਸੂਬਾ ਸਰਕਾਰ ਨੂੰ ਹੁਕਮ ਜਾਰੀ ਕੀਤੇ ਗਏ।

# ਨੈਸ਼ਨਲ ਲੋਕ ਅਦਾਲਤ 24 ਮਈ ਨੂੰ

ਲੁਧਿਆਣਾ, 17 ਮਈ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਕਚਹਿਰੀਆਂ ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ 24 ਮਈ, 2025 ਦਿਨ ਸ਼ਨੀਵਾਰ ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਦੇ ਮਾਧਿਅਮ ਰਾਹੀਂ ਆਪਣੇ ਝਗੜਿਆਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਸ੍ਰੀਮਤੀ ਸੁਮਿਤ ਸੱਭਰਵਾਲ ਵੱਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਕੀਤਾ ਗਿਆ।


ਉਨ੍ਹਾਂ ਕਿਹਾ ਕਿ ਆਮ ਲੋਕਾਂ ਦੇ ਆਪਸੀ ਝਗੜਿਆਂ ਦਾ ਛੇਤੀ ਅਤੇ ਸਸਤੇ ਢੰਗ ਨਾਲ ਨਿਪਟਾਰਾ ਕਰਵਾਉਣ ਦੇ ਮੰਤਵ ਨਾਲ ਆਗਾਮੀ 24 ਮਈ (ਸ਼ਨੀਵਾਰ) ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵੱਲੋਂ 'ਨੈਸ਼ਨਲ ਲੋਕ ਅਦਾਲਤ' ਰਾਹੀਂ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਇਆ ਜਾਵੇਗਾ। ਸਕੱਤਰ ਸ੍ਰੀਮਤੀ ਸੱਭਰਵਾਲ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸਿਵਲ ਕੇਸ ਜਿਵੇਂ ਕਿ ਕਿਰਾਇਆ, ਬੈਂਕ ਦੀ ਰਿਕਵਰੀ, ਮਾਲ ਮਾਮਲੇ, ਬਿਜਲੀ ਅਤੇ ਪਾਣੀ ਦੇ ਬਿੱਲਾਂ (ਚੋਰੀ ਦੇ ਕੇਸਾਂ ਨੂੰ ਛੱਡ ਕੇ), ਤਨਖਾਹਾਂ ਅਤੇ ਭੱਤਿਆਂ ਅਤੇ ਸੇਵਾ ਮੁਕਤ ਲਾਭਾਂ ਨਾਲ ਸਬੰਧਤ ਮਾਮਲੇ, ਜੰਗਲਾਤ ਐਕਟ ਦੇ ਕੇਸ, ਤਬਾਹੀ ਮੁਆਵਜ਼ਾ, ਫੌਜਦਾਰੀ ਮਿਕਦਾਰ ਮਾਮਲੇ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਦੇ ਅਧੀਨ ਸ਼ਿਕਾਇਤਾਂ, ਕਵਰਡ ਮਾਮਲਿਆਂ ਦੀ ਸੁਣਵਾਈ ਸਿਵਲ ਜੱਜਾਂ ਜਾਂ ਜੁਡੀਸ਼ੀਅਲ ਮੈਜਿਸਟਰੇਟਾਂ ਦੁਆਰਾ ਲੋਕ ਅਦਾਲਤ ਵਿੱਚ ਕੀਤੀ ਜਾਵੇਗੀ।

# ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀ: ਸੈ: ਸਕੂਲ ਅਰਬਨ ਅਸਟੇਟ ਫੇਜ਼-1, ਪਟਿਆਲਾ ਦਾ ਨਤੀਜਾ 100 ਫ਼ੀਸਦੀ ਰਿਹਾ




ਲੁਧਿਆਣਾ, 17 ਮਈ (ਕਰਨੈਲ ਸਿੰਘ ਐੱਮ.ਏ.) : ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀ: ਸੈ: ਸਕੂਲ ਅਰਬਨ ਅਸਟੇਟ ਫੇਜ਼-1, ਪਟਿਆਲਾ ਲਈ ਬਹੁਤ ਉਪਲੱਬਧੀ 'ਤੇ ਖ਼ੁਸ਼ੀ ਵਾਲੀ ਗੱਲ ਹੈ ਕਿ ਲਗਾਤਾਰ 31 ਸਾਲ ਤੋਂ ਹੁਣ ਤੱਕ ਸਕੂਲ ਦਾ 100% ਰਿਜਲਟ ਰਿਹਾ ਅਤੇ ਇਸ ਵਾਰ ਵੀ ਸਾਰੇ ਵਿਦਿਆਰਥੀਆਂ ਨੇ ਬਾਰ੍ਹਵੀਂ ਜਮਾਤ ਪਹਿਲੇ ਦਰਜੇ ਵਿੱਚ ਪਾਸੇ ਕੀਤੀ। ਸਾਇੰਸ, ਕਾਮਰਸ ਅਤੇ ਆਰਟਸ ਤਿੰਨੋਂ ਸਟਰੀਮ ਦੇ ਵਿਦਿਆਰਥੀਆਂ ਨੇ ਆਪਣਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ 12 ਵਿਦਿਆਰਥੀਆਂ ਦੇ ਨੰਬਰ 90% ਤੋਂ ਉੱਪਰ ਰਹੇ ਅਤੇ ਬਾਕੀ ਵਿਦਿਆਰਥੀਆਂ ਨੇ 80% ਤੋਂ ਉੱਪਰ ਨੰਬਰ ਪ੍ਰਾਪਤ ਕੀਤੇ। ਇਸ ਮੌਕੇ ਉੱਤੇ ਸਕੂਲ ਦੇ ਪ੍ਰਿੰਸੀਪਲ ਹਿੰਮਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਕੂਲ ਦੇ ਡਾਇਰੈਕਟਰ ਰਮਣੀਕ ਸਿੰਘ ਘੁੰਮਣ ਨੇ ਬੱਚੇ, ਸਟਾਫ ਅਤੇ ਮਾਪਿਆਂ ਦਾ ਧੰਨਵਾਦ ਕੀਤਾ। ਜਿਨ੍ਹਾਂ ਦੇ ਸਹਿਯੋਗ ਕਾਰਨ ਸਕੂਲ ਇਹ ਉਪਲਬਧੀ ਹਾਸਿਲ ਕਰ ਸਕਿਆ। ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਜੀ ਨੇ ਕਿਹਾ ਕਿ ਸਾਡੇ ਸਕੂਲ ਦਾ ਮੁੱਖ ਮੰਤਵ ਵਿਦਿਆਰਥੀਆਂ ਦੇ ਭਵਿੱਖ ਨੂੰ ਸਹੀ ਸੇਧ ਦੇਣਾ ਹੈ ਤਾਂ ਕਿ ਉਹ ਆਪਣੇ ਮਾਪਿਆਂ, ਸਕੂਲ ਅਤੇ ਦੇਸ਼ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖ ਸਕਣ ਅਤੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਜਿਹੜੇ ਵਿਦਿਆਰਥੀ ਪੰਜਾਬ ਵਿੱਚੋਂ ਫਸਟ ਜਾਂ ਮੈਰਿਟ ਲਿਸਟ ਵਿੱਚ ਆਉਣਗੇ, ਉਹਨਾਂ ਨੂੰ ਵੱਡੀ ਪੱਧਰ 'ਤੇ ਸਨਮਾਨਿਤ ਕੀਤਾ ਜਾਵੇਗਾ।

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਨਤੀਜੇ 'ਚ ਪੀ.ਐਮ. ਸ਼੍ਰੀ ਸੀ: ਸੈ: ਸਕੂਲ, ਡੇਹਲੋਂ ਦਾ ਨਤੀਜਾ ਸ਼ਾਨਦਾਰ ਰਿਹਾ



ਡੇਹਲੋਂ, 17 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨ ਕੀਤੇ ਗਏ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਪੀ. ਐਮ. ਸ਼੍ਰੀ ਸ.ਸਕੂਲ, ਡੇਹਲੋਂ (ਲੁਧਿਆਣਾ) ਦੇ ਵਿਦਿਆਰਥੀਆਂ ਨੇ ਮੱਲ੍ਹਾਂ ਮਾਰ ਕੇ ਸਕੂਲ, ਮਾਪੇ, ਅਧਿਆਪਕਾਂ ਦਾ ਨਾਮ ਇਲਾਕੇ ਵਿੱਚ ਰੋਸ਼ਨ ਕੀਤਾ। ਸਾਇੰਸ ਗਰੁੱਪ ਦੀ ਵਿਦਿਆਰਥਣ ਕੋਮਲ ਅਰੋੜਾ 500 ਅੰਕਾਂ ਵਿੱਚੋਂ 95.6%ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਨਿੰਦਰਪਾਲ ਸਿੰਘ ਗਰੇਵਾਲ ਨੇ 90.8% ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਲਵਪ੍ਰੀਤ ਕੌਰ ਨੇ 90.4% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਮਰਸ ਗਰੁੱਪ ਵਿੱਚੋਂ ਕ੍ਰਮਵਾਰ ਮੁਸਕਾਨ ਨੇ 85.6%ਅੰਕਾਂ ਨਾਲ ਪਹਿਲਾ, ਮਨਪ੍ਰੀਤ ਕੌਰ ਨੇ 82.8% ਨਾਲ ਦੂਸਰਾ ਅਤੇ ਮੁਸਕਾਨ ਕੱਕੜ ਨੇ 81.4% ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਵੋਕੇਸ਼ਨਲ ਗਰੁੱਪ ਅਧੀਨ ਮਾਰਕੀਟਿੰਗ ਵਿੱਚੋਂ ਕਮਵਾਰ ਰਾਜਪ੍ਰੀਤ ਕੌਰ ਨੇ 92.8%, ਨਵਪ੍ਰੀਤ ਕੌਰ ਅਤੇ ਅਰਸ਼ਪ੍ਰੀਤ ਕੌਰ ਨੇ 92.2% ਕਰਨਦੀਪ ਕੌਰ ਨੇ 87.6% ਅੰਕ ਪ੍ਰਾਪਤ ਕਰ ਕੇ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚੋਂ ਹਰਲੀਨ ਕੌਰ ਨੇ 92.6% ਸ਼ਬਨਮ ਅਤੇ ਖੁਸ਼ਪ੍ਰੀਤ ਕੌਰ ਨੇ 872 %, ਮਹਿਕ ਸ਼ਰਮਾਂ ਨੇ 86.2% ਅੰਕ ਹਾਸਲ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਵੋਕੇਸ਼ਨਲ ਅਧੀਨ ਮਕੈਨੀਕਲ ਵਿੱਚੋਂ ਸੁਖਮਨਵੀਰ ਸਿੰਘ ਨੇ 85.8%, ਗਗਨਦੀਪ ਸਿੰਘ ਨੇ 83.2%, ਦਿਲਜੋਤ ਨਾਥ ਅਤੇ ਜਤਿੰਦਰ ਸਿੰਘ ਨੇ 81.8 ਅੰਕ ਹਾਸਲ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ।

# ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ 20 ਦੀ ਦੇਸ਼ ਪੱਧਰੀ ਹੜਤਾਲ ਲਈ ਪਿੰਡਾਂ 'ਚ ਲਾਮਬੰਦੀ



ਮੁੱਲਾਂਪੁਰ ਦਾਖਾ, 17 ਮਈ (ਦਵਿੰਦਰ ਸਿੰਘ ਲੰਮੇਂ) : ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ 20 ਮਈ ਦੀ ਦੇਸ਼ ਪੱਧਰੀ ਹੜਤਾਲ ਲਈ ਪਿੰਡਾ 'ਚ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਕਿਸਾਨ ਮਜ਼ਦੂਰ ਮੋਰਚਾ ਪੰਜਾਬ ਦੇ ਪ੍ਰੋਗਰਾਮ ਅਨੁਸਾਰ ਭਾਰਤ ਦੀਆਂ ਸਮੂਹ ਮਜ਼ਦੂਰ ਅਤੇ ਮੁਲਾਜ਼ਮ ਟਰੇਡ ਯੂਨੀਅਨਾਂ ਦੀ ਸਾਂਝੀ ਦੇਸ਼ ਵਿਆਪੀ ਹੜਤਾਲ ਦੀ ਭਰਾਤਰੀ ਹਮਾਇਤ ਲਈ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਪਿੰਡ -ਪਿੰਡ ਜਾਕੇ ਕਿਸਾਨਾਂ, ਮਜਦੂਰਾਂ ਅਤੇ ਨੌਜਵਾਨਾਂ ਨਾਲ ਸੰਪਰਕ ਬਣਾਏ ਜਾ ਰਹੇ ਹਨ। ਗੁਰਦੁਆਰਾ ਮੁਸ਼ਕੀਆਣਾ ਸਾਹਿਬ ਮੁੱਲਾਂਪੁਰ ਵਿਖੇ ਹੋਈ ਮੀਟਿੰਗ ਇਦ ਜਾਣਕਾਰੀ ਦਿੰਦਿਆਂ ਗੁਰਦਿਆਲ ਸਿੰਘ ਤਲਵੰਡੀ, ਜਸਦੇਵ ਸਿੰਘ ਲਲਤੋਂ ਅਤੇ ਅਮਰੀਕ ਸਿੰਘ ਤਲਵੰਡੀ ਨੇ ਕਿਹਾ ਕਿ ਟਰੇਡ ਯੂਨੀਅਨਾਂ ਦੀ ਦੇਸ਼ ਪੱਧਰੀ ਹੜਤਾਲ ਦੇ ਏਜੰਡੇ ਵਿੱਚ ਜਿੱਥੇ ਨਿੱਜੀਕਰਨ, ਉਦਾਰੀ ਕਰਨ, ਸੰਸਾਰੀਕਰਨ ਅਤੇ ਠੇਕਾ ਭਰਤੀ ਨੀਤੀ ਨੂੰ ਵਾਪਸ ਲੈਣ ਅਤੇ ਕੇਂਦਰੀ/ਸੂਬਾਈ ਵਿਭਾਗਾਂ 'ਚ ਖਾਲੀ ਪਈਆਂ ਇਕ ਕਰੋੜ ਤੋਂ ਉੱਪਰ ਖਾਲੀ ਅਸਾਮੀਆਂ 'ਤੇ ਪੜ੍ਹੇ ਲਿਖੇ ਅਤੇ ਯੋਗ ਬੇਰੁਜ਼ਗਾਰ ਨੌਜਵਾਨਾਂ ਦੀ ਫੌਰੀ ਪੱਕੀ ਰੈਗੂਲਰ ਭਰਤੀ ਕਰਨ ਸਮੇਤ ਮਜ਼ਦੂਰਾਂ, ਮੁਲਾਜ਼ਮਾਂ ਦੀਆਂ ਦਰਜਨ ਤੋਂ ਉਪਰ ਹੱਕੀ ਤੇ ਵਾਜਬ ਮੰਗਾਂ ਨੂੰ ਦਰਜ ਕੀਤਾ ਗਿਆ ਹੈ। ਉੱਥੇ ਕਿਸਾਨਾਂ ਲਈ ਐਮਐਸਪੀ ਦੀ ਗਰੰਟੀ ਵਾਲਾ ਕਾਨੂੰਨ ਫੌਰੀ ਲਾਗੂ ਕਰਵਾਉਣ ਅਤੇ ਕਿਸਾਨਾਂ, ਮਜ਼ਦੂਰਾਂ ਲਈ ਕਰਜਾ ਮੁਕਤੀ ਲਾਜ਼ਮੀ ਲਾਗੂ ਕਰਨ ਵਰਗੀਆਂ ਅਹਿਮ ਮੰਗਾਂ ਨੂੰ ਵੀ ਮੰਗ ਪੱਤਰ ਵਿੱਚ ਸ਼ਾਮਲ ਕੀਤਾ ਗਿਆ ਹੈ।

# ਜਥੇਦਾਰ ਦਾਦੂਵਾਲ ਦਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਹੋਣਾ ਮਾਣ ਵਾਲੀ ਗੱਲ : ਸੰਤ ਜਗੇੜਾ



ਲੁਧਿਆਣਾ, 17 ਮਈ (ਰਵਿੰਦਰ ਸਿੰਘ ਨਿੱਝਰ) : ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਦਾਦੂਵਾਲ ਨੂੰ ਮੈਂਬਰ ਮਨੋਨੀਤ ਕਰਨਾ ਸਮੁੱਚੇ ਸੰਤ ਸਮਾਜ ਅਤੇ ਧਰਮ ਪ੍ਰਚਾਰਕਾਂ ਲਈ ਮਾਣ ਵਾਲੀ ਗੱਲ ਹੈ ਇਹਨਾ ਸਬਦਾਂ ਦਾ ਪ੍ਰਗਟਾਵਾ ਅੱਜ ਇੰਟਰਨੈਸਨਲ ਸੰਤ ਸਮਾਜ ਦੇ ਮੁੱਖੀ ਸੰਤ ਸਮਸੇਰ ਸਿੰਘ ਜਗੇੜਾ ਨੇ ਕੀਤਾ ਓਹਨਾ ਆਖਿਆ ਕਿ ਜਥੇਦਾਰ ਦਾਦੂਵਾਲ ਕਿਸੇ ਪਹਿਚਾਣ ਦੇ ਮੁਹਤਾਜ ਨਹੀਂ ਹਨ ਅਤੇ ਕੌਮ ਨੂੰ ਜਿਥੇ ਕਿਤੇ ਵੀ ਭੀੜ ਬਣੀ ਹੈ ਜਥੇਦਾਰ ਨੇ ਮੋਹਰੀ ਹੋ ਕੇ ਕੌਮ ਲਈ ਸਟੈਂਡ ਲਿਆ ਹੈ ਅਤੇ ਕੌਮ ਦੇ ਹੱਕ ਵਿੱਚ ਮਸਲੇ ਹੱਲ ਕਰਵਾਏ ਹਨ। ਓਹਨਾਂ ਆਖਿਆ ਕਿ ਹਰਿਆਣਾ ਗੁਰਦੁਆਰਾ ਕਮੇਟੀ ਦਾ ਮੈਂਬਰ ਨਾਮਜਦ ਹੋਣ ਤੇ ਦਾਦੂਵਾਲ ਇੱਕ ਆਮ ਸਿੱਖ ਦੀ ਆਵਾਜ ਸਰਕਾਰੇ ਦਰਬਾਰੇ ਅਸਾਨੀ ਨਾਲ ਪਹੁੰਚਾ ਸਕਣਗੇ ਓਹਨਾਂ ਅੱਗੇ ਆਖਿਆ ਕਿ ਜਥੇਦਾਰ ਦਾਦੂਵਾਲ ਦਾ ਸਨਮਾਨ ਜਲਦੀ ਹੀ ਸੰਤ ਸਮਾਜ ਵੱਲੋਂ ਕੀਤਾ ਜਾਵੇਗਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਮੁਹਿੰਮ ਦਾ ਆਗਾਜ਼ : ਹਰਜੋਤ ਸਿੰਘ ਬੈਂਸ



ਸ੍ਰੀ ਅਨੰਦਪੁਰ ਸਾਹਿਬ, 17 ਮਈ (ਤਰਲੋਚਨ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ 'ਚੋਂ ਨਸ਼ਾ ਮੁਕਤ ਕਰਨ ਲਈ ਹਰ ਸੰਭਵ ਯਤਨ ਤੇ ਕ੍ਰਾਂਤੀਕਾਰੀ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਦੇ ਤਹਿਤ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ-ਵੱਖ 3 ਪਿੰਡਾਂ ਵਿਚ 'ਨਸ਼ਾ ਮੁਕਤੀ ਯਾਤਰਾ' ਦੀ ਸ਼ੁਰੂਆਤ ਕੀਤੀ ਗਈ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਭਾਸ਼ਾ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਗੰਭੀਰਪੁਰ ਵਿਖੇ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਇਹ ਯਾਤਰਾ ਲੋਕ ਲਹਿਰ ਵਜੋਂ ਉਭਰੇਗੀ। ਪੰਜਾਬ ਸਰਕਾਰ ਦਾ ਇਕੋ-ਇਕ ਉਦੇਸ਼ ਹੈ ਹਰ ਪਿੰਡ, ਹਰ ਘਰ ਨੂੰ ਨਸ਼ਾ ਮੁਕਤ ਕਰਨਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨਾਲ ਮਿਲ ਕੇ ਪੰਜਾਬ ਨੂੰ ਬਰਬਾਦ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚੋਂ ਨਸ਼ਾ ਖਤਮ ਕਰਕੇ ਹੀ ਦਮ ਲਵੇਗੀ। ਉਨ੍ਹਾਂ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਸ਼ਾਮਲ ਹੋ ਕੇ ਆਪਣਾ ਫਰਜ਼ ਜ਼ਰੂਰ ਨਿਭਾਉਣ। ਉਨ੍ਹਾਂ ਨੇ ਨੌਜਵਾਨਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਜੇਕਰ ਨਸ਼ਾ ਕਰਨਾ ਹੈ ਤਾਂ ਸਿੱਖਿਆ, ਮਿਹਨਤ ਦੀ ਕਰੋ, ਜਿਸ ਦੀ ਰੰਗਤ ਪੁਸ਼ਤਾਂ ਤੱਕ ਰਹੇਗੀ। ਉਨ੍ਹਾਂ ਇਹ ਵੀ ਕਿਹਾ ਨਸ਼ਾ ਇਕ ਐਸੀ ਅਲਾਮਤ ਹੈ, ਜਿਸ ਦਾ ਧੱਬਾ ਸਾਰੀ ਜ਼ਿੰਦਗੀ ਨਹੀਂ ਉਤਰਦਾ ਅਤੇ ਜ਼ਿੰਦਗੀ ਦੀ ਰੌਸ਼ਨੀ ਨੂੰ ਸਲਾਖਾਂ ਪਿੱਛੇ ਲੈ ਜਾਂਦਾ ਹੈ। ਇਸ ਮੌਕੇ ਹਰਪ੍ਰੀਤ ਸਿੰਘ ਕਾਹਲੋਂ ਜ਼ਿਲ੍ਹਾ ਕੋਆਰਡੀਨੇਟਰ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਹਿਤੇਸ਼ ਸ਼ਰਮਾ ਹਲਕਾ ਕੋਆਰਡੀਨੇਟਰ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਐਡਵੋਕੇਟ ਨਿਸ਼ਾ ਗੁਪਤਾ, ਨੀਰਜ ਸ਼ਰਮਾ, ਦਲਜੀਤ ਸਿੰਘ ਕਾਕਾ, ਅਭਿਨਾਸ਼ ਸ਼ਰਮਾ ਐਕਸੀਅਨ, ਐਡਵੋਕੇਟ ਮੀਨਾ ਕਾਲੀਆ ਸਰਪੰਚ, ਬਚਿੱਤਰ ਸਿੰਘ ਬੈਂਸ, ਗੁਰਮੇਲ ਸਿੰਘ, ਸੁਖਦੀਪ ਸਿੰਘ ਸਰਪੰਚ, ਮੋਹਣ ਸਿੰਘ ਸਰਪੰਚ, ਭਗਵੰਤ ਸਿੰਘ ਸਰਪੰਚ, ਲੱਕੀ ਕਪਲਾ ਸਰਪੰਚ, ਮਧੂ ਬਾਲਾ ਸਰਪੰਚ, ਜਗਤਾਰ ਸਿੰਘ ਸਰਪੰਚ, ਛੰਜੂ ਰਾਮ, ਰਜਤ ਠੇਕੇਦਾਰ, ਸੁਖਦੇਵ ਕੁਮਾਰ, ਅਸ਼ੋਕ ਕੁਮਾਰ, ਸੋਢੀ ਰਾਮ, ਹਰਦੇਵ ਸਿੰਘ ਪੰਚ, ਬਲਵਿੰਦਰ ਸਿੰਘ ਪੰਚ, ਰਿਤੂ ਸ਼ਰਮਾ ਪੰਚ, ਸੱਤੂ, ਰਾਮ ਕੁਮਾਰ ਕਾਲੀਆ ਨੰਬਰਦਾਰ, ਰਾਜ ਕੁਮਾਰ ਫੌਜੀ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਭੋਗਪੁਰ 'ਚ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ



ਭੋਗਪੁਰ, 17 ਮਈ (ਜੰਡੀਰ ਸੈਣੀ): ਭੋਗਪੁਰ ਮੇਨ ਬਾਜ਼ਾਰ ਜੀਟੀ ਰੋਡ 'ਤੇ ਬਣੀ ਹੋਈ ਨਰਸਰੀ ਵਿੱਚ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਲੱਗੇ ਹੋਏ ਸੀਸੀ ਕੈਮਰਿਆਂ ਤੋਂ ਪਤਾ ਲੱਗਿਆ ਹੈ ਕਿ ਨਰਸਰੀ ਵਿੱਚ ਸਕਿਉਰਿਟੀ ਗਾਰਡ ਦੀ ਨੌਕਰੀ ਕਰ ਰਹੇ ਮੁਲਾਜ਼ਮ ਵੱਲੋਂ ਹੀ ਚੋਰੀ ਕੀਤੀ ਗਈ ਹੈ। ਨਰਸਰੀ ਦੇ ਮੁੱਖ ਸ਼ੇਰ ਖਾਨ ਨੇ ਕਿਹਾ ਕਿ ਜਦੋਂ ਤੋਂ ਨਰਸਰੀ ਵਿੱਚ ਸਕਿਉਰਟੀ ਲਗਾਈ ਗਈ ਹੈ, ਉਦੋਂ ਤੋਂ ਹੀ ਨਰਸਰੀ ਵਿੱਚ ਚੋਰੀਆਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਹਨਾਂ ਕਿਹਾ ਕਈ ਵਾਰ ਪੁਲਿਸ ਪ੍ਰਸ਼ਾਸਨ ਨੂੰ ਚੋਰੀਆਂ ਦੇ ਸਬੰਧ ਵਿੱਚ ਸ਼ਿਕਾਇਤ ਕੀਤੀ ਗਈ ਸੀ ਪਰ ਚੋਰਾਂ ਦਾ ਕੋਈ ਪਤਾ ਨਹੀਂ ਸੀ ਚੱਲਿਆ। ਜਿਸ ਕਰਕੇ ਨਰਸਰੀ ਵਿੱਚ ਸੀਸੀ ਕੈਮਰੇ ਲਗਵਾਏ ਗਏ ਸਨ ਅਤੇ ਹੁਣ ਫਿਰ ਦੁਬਾਰਾ ਨਰਸਰੀ ਵਿੱਚ ਚੋਰੀ ਹੋਈ ਤਾਂ ਲੱਗੇ ਹੋਏ ਸੀਸੀ ਕੈਮਰਿਆਂ ਤੋਂ ਪਤਾ ਚੱਲਿਆ ਕੀ ਨਰਸਰੀ ਦੇ ਸਕਿਉਰਟੀ ਗਾਰਡ ਵੱਲੋਂ ਹੀ ਚੋਰੀ ਕੀਤੀ ਗਈ ਹੈ। ਇਹ ਵੀ ਸੱਚ ਹੈ ਕਿ ਭੋਗਪੁਰ ਇਲਾਕੇ ਵਿੱਚ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੇ ਸਬੰਧ ਵਿੱਚ ਥਾਣਾ ਭੋਗਪੁਰ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਪੁਲਿਸ ਦੀ ਅਗਲੇਰੀ ਕਾਰਵਾਈ ਜਾਰੀ ਹੈ।

# ਭਿਆਨਕ ਹਾਦਸੇ 'ਚ 10 ਸਾਲ ਦੀ ਬੱਚੀ ਸਮੇਤ ਚਾਰ ਦੀ ਮੌਤ, ਦੋ ਜ਼ਖ਼ਮੀ

ਜ਼ੀਰਾ, 17 ਮਈ (ਦੀਪਕ ਭਾਰਗੋ): ਅਕਸਰ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਜਿਸ ਦੌਰਾਨ ਤੇਜ਼ ਰਫਤਾਰ ਜਾਂ ਓਵਰਟੇਕਿੰਗ ਕਾਰਨ ਕਈਆਂ ਦੀ ਜਾਨ ਚਲੀ ਜਾਂਦੀ ਹੈ ਤੇ ਕਈ ਇਸ ਤਰ੍ਹਾਂ ਦੇ ਹਾਦਸਾ ਗ੍ਰਸਤ ਹੋ ਜਾਂਦੇ ਹਨ ਤੇ ਸਾਰੀ ਉਮਰ ਲਈ ਅਪਾਹਜ ਹੋ ਜਾਂਦੇ ਹਨ। ਇਸੇ ਤਰ੍ਹਾਂ ਅੱਜ ਜ਼ੀਰਾ ਦੇ ਨਜ਼ਦੀਕ ਅੰਮ੍ਰਿਤਸਰ-ਬਠਿੰਡਾ ਕੌਮੀ ਮਾਰਗ-54 'ਤੇ ਸਥਿਤ ਪਿੰਡ ਮਲਸੀਆਂ ਕਲਾਂ ਨੇੜੇ ਅੱਜ ਕਾਰ ਤੇ ਕੈਂਟਰ ਦੀ ਟੱਕਰ ਦੌਰਾਨ ਮਾਂ-ਧੀ ਸਮੇਤ ਚਾਰ ਜਣਿਆਂ ਦੀ ਦਰਦਨਾਕ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਨੂਰ ਜ਼ਿਲ੍ਹਾ ਹਨੂੰਮਾਨਗੜ੍ਹ ਰਾਜਸਥਾਨ ਤੋਂ ਛੇ ਜੀਆਂ ਦਾ ਇਕ ਪਰਿਵਾਰ ਕਰੇਟਾ ਗੱਡੀ ਨੰਬਰ ਐੱਚ.ਆਰ.06.ਬੀ.ਜੇ-0361 'ਤੇ ਬਿਆਸ ਮੱਥਾ ਟੇਕਣ ਜਾ ਰਿਹਾ ਸੀ ਕਿ ਪਿੰਡ ਮਲਸੀਆਂ ਨਜ਼ਦੀਕ ਉਨ੍ਹਾਂ ਦੀ ਗੱਡੀ ਅੱਗੇ ਜਾ ਰਹੇ ਕੈਂਟਰ ਨੰਬਰ ਪੀ.ਬੀ.04.ਏ.ਡੀ-0185, ਜਿਸ ਵਿਚ ਸੀਮਿੰਟ ਦੀਆਂ ਪਾਈਪਾਂ ਲੋਡ ਕੀਤੀਆਂ ਹੋਈਆਂ ਸਨ, ਨੂੰ ਓਵਰਟੇਕ ਕਰਦਿਆਂ ਉਸ ਨਾਲ ਜਾ ਟਕਰਾਈ। ਟੱਕਰ ਏਨੀ ਭਿਆਨਕ ਸੀ ਕਿ ਆਇਸ਼ਰ ਕੈਂਟਰ ਦੇ ਪਿਛਲੇ ਟਾਇਰਾਂ ਵਾਲਾ ਹਿੱਸਾ ਬਾਡੀ ਤੋਂ ਅਲੱਗ ਹੋ ਗਿਆ ਤੇ ਕਰੇਟਾ ਕਾਰ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਹਾਦਸੇ ਦੌਰਾਨ ਕਾਰ ਚਲਾ ਰਹੇ ਚੇਤਨ ਨਾਮੀ ਵਿਅਕਤੀ ਦੀ ਪਤਨੀ ਕੋਮਲ ਅਤੇ ਉਸ ਦੀ ਧੀ ਭਾਗਸਿਆ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੇ ਤਾਏ ਦੇ ਲੜਕੇ ਜਤਿੰਦਰ ਨੇ ਸਿਵਲ ਹਸਪਤਾਲ ਜ਼ੀਰਾ ਵਿਖੇ ਪਹੁੰਚ ਕੇ ਦਮ ਤੋੜ ਦਿੱਤਾ। ਇਸ ਮੌਕੇ ਜ਼ਖ਼ਮੀਆਂ ਵਿਚ ਪਾਰਵਤੀ ਦੇਵੀ, ਡਿੰਪਲ ਤੇ ਗੱਡੀ ਚਲਾ ਰਿਹਾ ਚੇਤਨ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਡਿੰਪਲ ਦੀ ਹਾਲਤ ਬਹੁਤ ਗੰਭੀਰ ਦੱਸੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦਿਆਂ ਮੌਕੇ 'ਤੇ ਪਹੁੰਚੇ ਸਦਰ ਥਾਣਾ ਜ਼ੀਰਾ ਦੇ ਐੱਸ.ਐੱਚ.ਓ. ਬਲਜਿੰਦਰ ਸਿੰਘ ਨੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਜ਼ੀਰਾ ਤੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਪਹੁੰਚਾਇਆ ਤੇ ਹਾਦਸਾ ਗ੍ਰਸਤ ਗੱਡੀਆਂ ਨੂੰ ਇਕ ਪਾਸੇ ਕਰਵਾ ਕੇ ਟ੍ਰੈਫ਼ਿਕ ਨੂੰ ਬਹਾਲ ਕਰਵਾਇਆ।



# 20 ਸਾਲ ਬੀਤਣ ਦੇ ਬਾਵਜੂਦ ਨਹੀਂ ਚਾਲੂ ਹੋ ਸਕਿਆ ਲੱਖਾਂ ਰੁਪਏ ਨਾਲ ਲਗਾਇਆ ਟਿਊਬਵੈੱਲ



ਅਮਲੋਹ, 17 ਮਈ (ਜਸਵੰਤ ਸਿੰਘ): ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਸਵੱਛ ਪੀਣ ਵਾਲਾ ਪਾਣੀ ਲੋਕਾਂ ਨੂੰ ਦੇਣ ਦੀਆਂ ਰੋਜ਼ਾਨਾ ਡੀਂਗਾਂ ਮਾਰੀਆਂ ਜਾ ਰਹੀਆਂ ਹਨ ਜਦੋਂ ਕਿ ਦੂਜੇ ਪਾਸੇ ਲੱਖਾਂ ਰੁਪਏ ਦੀ ਲਾਗਤ ਨਾਲ ਅਮਲੋਹ ਦੇ ਕਿਲ੍ਹੇ ਅੰਦਰ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਵਾਲਾ 15 ਹਾਰਸ ਪਾਵਰ ਦਾ ਟਿਊਬਵੈਲ 20 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਚਾਲੂ ਨਹੀਂ ਹੋ ਸਕਿਆ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਮਿਊਂਸਪਲ ਡਿਵੈਲਪਮੈਂਟ ਫੰਡਾਂ ਅਧੀਨ 100 ਪ੍ਰਤੀਸ਼ਤ ਜਲ ਸਪਲਾਈ ਮੁਹੱਈਆ ਕਰਨ ਦੀ ਯੋਜਨਾ ਤਹਿਤ ਉਸ ਸਮੇਂ ਦੀ ਸਥਾਨਕ ਸਰਕਾਰ, ਕਿਰਤ ਅਤੇ ਰੁਜ਼ਗਾਰ ਸੰਸਦੀ ਮਾਮਲੇ ਅਤੇ ਚੋਣ ਮੰਤਰੀ ਚੌਧਰੀ ਜਗਜੀਤ ਸਿੰਘ ਨੇ ਉਸ ਸਮੇਂ ਦੇ ਪਾਰਲੀਮਾਨੀ ਸਕੱਤਰ ਸਾਧੂ ਸਿੰਘ ਧਰਮਸੋਤ ਦੇ ਯਤਨਾਂ ਸਦਕਾ 24.2.2006 ਨੂੰ ਇਸ ਦਾ ਨੀਂਹ ਪੱਥਰ ਰਖਿਆ ਸੀ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਉਸ ਸਮੇਂ ਦੇ ਚੇਅਰਮੈਨ ਜਸਬੀਰ ਸਿੰਘ ਗਿੱਲ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਹੈਰਾਨੀ ਵਾਲੀ ਗੱਲ ਹੈ ਕਿ 20 ਸਾਲ ਦੇ ਕਰੀਬ ਸਮਾਂ ਬੀਤ ਜਾਣ ਦੇ ਬਾਵਜੂਦ ਇਹ ਟਿਊਬਵੈਲ ਅਜੇ ਤੱਕ ਚਾਲੂ ਨਹੀਂ ਹੋਇਆ, ਜਿਸ ਕਾਰਨ ਟਿਊਬਵੈਲ ਦੀ ਜਗ੍ਹਾ ਦਾ ਸ਼ਿਕਾਰ ਹੋ ਰਿਹਾ ਹੈ ਜਦੋਂ ਕਿ ਉਸ ਸਮੇਂ ਦਾ ਰੱਖਿਆ ਨੀਂਹ ਪੱਥਰ ਵੀ ਤਰਸਯੋਗ ਹਾਲਤ ਵਿਚ ਜਾ ਰਿਹਾ ਹੈ। ਸ਼ਹਿਰ ਦੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰਾਂ ਨੂੰ ਉਨ੍ਹਾਂ ਕਾਰਜਾਂ ਦਾ ਹੀ ਨੀਂਹ ਪੱਥਰ ਰੱਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਉਹ ਪੂਰਾ ਕਰ ਸਕਣ। ਇਸ ਸਬੰਧੀ ਜਦੋਂ ਨਗਰ ਕੌਂਸਲ ਅਮਲੋਹ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਚਾਰਜ ਲੈਣ ਤੋਂ ਪਹਿਲਾਂ ਦਾ ਇਹ ਮਾਮਲਾ ਹੈ, ਜਿਸ ਦੀ ਉਹ ਜਾਂਚ ਕਰਕੇ ਅਗਲੀ ਕਾਰਵਾਈ ਕਰਨਗੇ।

# ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਅੰਤਰਰਾਸ਼ਟਰੀ ਪੱਧਰ ਦਾ ਬਣਾਉਣ ਲਈ ਲਗਾਤਾਰ ਯਤਨਸ਼ੀਲ : ਵਿਧਾਇਕ ਭੁੱਲਰ



ਫਿਰੋਜ਼ਪੁਰ, 17 ਮਈ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਪੰਜਾਬ ਸਰਕਾਰ ਸਿੱਖਿਆ ਨੂੰ ਤਰਜੀਹ ਦੇ ਰਹੀ ਹੈ, ਜਿਸ ਕਾਰਨ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਬਿਹਤਰ, ਸੁਰੱਖਿਅਤ ਅਤੇ ਆਧੁਨਿਕ ਵਿਦਿਅਕ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ ਨੇ ਅੱਜ ਫਿਰੋਜ਼ਪੁਰ ਸ਼ਹਿਰੀ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਝੁੱਗੇ ਕੇਸਰ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਸਿਟੀ ਸਕੂਲ, ਸਰਕਾਰੀ ਪ੍ਰਾਇਮਰੀ ਸਕੂਲ ਕੇਂਦਰੀ ਜੇਲ੍ਹ, ਸਰਕਾਰੀ ਪ੍ਰਾਇਮਰੀ ਮਾਡਲ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਿਰੋਜ਼ਪੁਰ ਵਿੱਚ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਉਪਰੰਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮੁਨੀਲਾ ਅਰੋੜਾ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਕੋਮਲ ਅਰੋੜਾ, ਬੀ.ਪੀ.ਈ.ਓ. ਰਣਜੀਤ ਸਿੰਘ, ਬੀ.ਪੀ.ਈ.ਓ. ਸੁਮਨਦੀਪ ਕੌਰ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਗੁਣਵੱਤਾ ਵਿਚ ਕਾਫ਼ੀ ਸੁਧਾਰ ਹੋਇਆ ਹੈ, ਜਿਸ ਕਾਰਨ ਇਨ੍ਹਾਂ ਸਕੂਲਾਂ ਵਿਚ ਦਾਖਲੇ ਲਈ ਮੁਕਾਬਲਾ ਵੀ ਵੱਧ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਵਿੱਚ ਸਿੱਖਿਆ ਦੇ ਮਿਆਰ ਨੂੰ ਅੰਤਰਰਾਸ਼ਟਰੀ ਪੱਧਰ ਦਾ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਇੱਕੋ ਇੱਕ ਅਜਿਹਾ ਮਾਧਿਅਮ ਹੈ ਜੋ ਵਿਅਕਤੀ ਨੂੰ ਉਸਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਦਾ ਹੈ ਅਤੇ ਉਸਨੂੰ ਸਮਾਜ ਵਿਚ ਸਕਾਰਾਤਮਕ ਬਦਲਾਅ ਲਿਆਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਸਿੱਖਿਅਤ ਸਮਾਜ ਹੀ ਕਿਸੇ ਮਜ਼ਬੂਤ ਤੇ ਸ਼ਕਤੀਸ਼ਾਲੀ ਰਾਸ਼ਟਰ ਦੀ ਨੀਂਹ ਬਣਦਾ ਹੈ। ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ ਸਿੱਖਿਆ ਹਲਕਾ ਕੋਆਰਡੀਨੇਟਰ, ਹਿਮਾਂਸ਼ੂ ਠੱਕਰ, ਦਲੇਰ ਸਿੰਘ ਭੁੱਲਰ, ਰਜਨੀਸ਼ ਕੁਮਾਰ ਸ਼ਰਮਾ, ਨਿਤਿਸ਼ਾ, ਗੁਰਬਚਨ ਸਿੰਘ ਜ਼ੈਲਦਾਰ, ਬਲਕਾਰ ਸਿੰਘ ਗਿੱਲ, ਸੰਦੀਪ ਟੰਡਨ, ਸੁਰਿੰਦਰ ਸਿੰਘ ਗਿੱਲ, ਗਗਨ ਕੰਡੋਤ, ਨਿਰਮਲ ਸਿੰਘ ਰੱਜੀਵਾਲਾ, ਸ਼ਰਨਜੀਤ ਸਿੰਘ ਲਹਿਰੀ, ਨਰਿੰਦਰ ਗਰੇਵਾਲ, ਹਰਮੀਤ ਸਿੰਘ ਖਾਈ, ਬਿੱਟੂ ਰਮੇਸ਼ ਸਰਪੰਚ, ਬਿੱਟੂ, ਮਲਕੀਤ ਸਿੰਘ ਸਰਪੰਚ, ਰਣਜੀਤ ਸਿੰਘ ਸਰਪੰਚ ਸਮੇਤ ਕਈ ਪਤਵੰਤੇ ਮੌਜੂਦ ਸਨ।

# ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀ ਭਵਿੱਖ 'ਚ ਯਕੀਨੀ ਤੌਰ 'ਤੇ ਵੱਡੀਆਂ ਪ੍ਰਾਪਤੀਆਂ ਦਰਜ ਕਰਨਗੇ : ਰਾਏ



ਫਤਹਿਗੜ੍ਹ ਸਾਹਿਬ, 17 ਮਈ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਪੂਰਾ ਕੀਤਾ ਜਾ ਰਿਹਾ ਹੈ, ਜਿਸ ਦੀ ਪ੍ਰਤੱਖ ਮਿਸਾਲ ਸਿੱਖਿਆ ਦੇ ਖੇਤਰ ਵਿੱਚ ਆਈ ਵੱਡੀ ਕ੍ਰਾਂਤੀ ਹੈ। ਇਹ ਪ੍ਰਗਟਾਵਾ ਫਤਹਿਗੜ੍ਹ ਸਾਹਿਬ ਵਿਧਾਨ ਸਭਾ ਹਲਕੇ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਅੱਜ ਹਲਕੇ ਦੇ ਵੱਖ-ਵੱਖ 7 ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਆਯੋਜਿਤ ਉਦਘਾਟਨੀ ਸਮਾਗਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਵਿਧਾਇਕ ਲਖਬੀਰ ਸਿੰਘ ਰਾਏ ਨੇ 36.05 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਸਕੂਲਾਂ ਵਿੱਚ ਹੋਏ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਹਰੇਕ ਸੁਵਿਧਾ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਤੋਂ ਸਾਨੂੰ ਪੂਰੀ ਆਸ ਬੱਝਦੀ ਹੈ ਕਿ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਆਉਣ ਵਾਲੇ ਸਮੇਂ ਵਿੱਚ ਵੀ ਅਹਿਮ ਪ੍ਰਾਪਤੀਆਂ ਦਰਜ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਵਿਧਾਇਕ ਸਿੱਧੇ ਤੌਰ 'ਤੇ ਰਾਬਤਾ ਕਰਕੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇ ਆਧਾਰ ਉੱਤੇ ਪੂਰਾ ਕਰਨਾ ਯਕੀਨੀ ਬਣਾ ਰਹੇ ਹਨ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਅਗਵਾਈ ਦੇ ਹੇਠ ਹੁਣ ਤੱਕ ਸੂਬੇ ਦੇ 56 ਹਜ਼ਾਰ ਤੋਂ ਵਧੇਰੇ ਹੁਨਰਮੰਦ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ, ਜੋ ਕਿ ਇੱਕ ਵੱਡੀ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀ ਆਪਣੀ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਸਾਲਾਨਾ ਪ੍ਰੀਖਿਆਵਾਂ ਵਿੱਚ ਮੋਹਰੀ ਸਥਾਨ ਹਾਸਲ ਕਰਨ ਦੇ ਨਾਲ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੀ ਵਧੀਆ ਪੁਜ਼ੀਸ਼ਨਾਂ ਹਾਸਲ ਕਰਨਗੇ ਅਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਕੇ ਆਪਣੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਣਗੇ। ਇਸ ਮੌਕੇ ਅਸ਼ੀਸ਼ ਅੱਤਰੀ, ਮੋਹਿਤ ਸੂਦ, ਅਸ਼ੀਸ਼ ਸੂਦ, ਨਰਿੰਦਰ ਸਿੰਘ, ਅਮਰਜੀਤ ਦੁਭਾਲੀ, ਸਤੀਸ਼ ਲਟਰ, ਜਸਵੀਰ ਕੌਰ ਸਰਪੰਚ, ਨੰਬਰਦਾਰ ਜਰਨੈਲ ਸਿੰਘ ਵੀ ਮੌਜੂਦ ਸਨ।

# ਸੂਰਮਿਆਂ ਦੀ ਧਰਤੀ 'ਤੇ ਨਸ਼ਿਆਂ ਦਾ ਕੋਈ ਕੰਮ ਨਹੀਂ : ਸੁਭਾਸ਼ ਸੂਦ



ਮੰਡੀ ਗੋਬਿੰਦਗੜ੍ਹ, 17 ਮਈ (ਸੂਦ): ਸੂਰਮਿਆਂ ਦੀ ਧਰਤੀ 'ਤੇ ਨਸ਼ਿਆਂ ਦਾ ਕੋਈ ਕੰਮ ਨਹੀਂ। ਗੁਰੂਆਂ-ਪੈਗੰਬਰਾਂ ਅਤੇ ਬਾਹਰੀ ਹਮਲਿਆਂ ਦਾ ਮੂੰਹ ਤੋੜ ਜੁਆਬ ਦੇਣ ਵਾਲੇ ਬਹਾਦਰਾਂ ਅਤੇ ਵੀਰਾਂ ਦੀ ਧਰਤੀ ਤੋਂ ਨਸ਼ੇ ਨੂੰ ਖਤਮ ਕਰਨ ਲਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ 'ਚ ਸਮਾਜ ਦਾ ਸਾਥ ਜ਼ਰੂਰੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੀਆਰਟੀਸੀ ਦੇ ਸਾਬਕਾ ਡਾਇਰੈਕਟਰ ਸੁਭਾਸ਼ ਸੂਦ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਿਛਲੇ 2 ਮਹੀਨਿਆਂ ਤੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਗਈ ਮੁਹਿੰਮ 'ਤੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਦੀ ਧਰਤੀ ਧਰਮ ਅਤੇ ਸੰਸਕ੍ਰਿਤੀ ਦੀ ਰੱਖਿਆ ਦਾ ਪ੍ਰਤੀਕ ਹੈ। ਇੱਥੋਂ ਦੀ ਧਰਤੀ ਨੇ ਜ਼ੁਲਮ ਵਿਰੁੱਧ ਬਲੀਦਾਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਮਹਾਨ ਧਰਤੀ 'ਤੇ ਪੈਦਾ ਹੋਣ ਵਾਲੇ ਬਹਾਦਰ ਪੰਜਾਬੀਆਂ ਨੂੰ ਅੱਜ ਬਾਹਰੀ ਤਾਕਤਾਂ ਵੱਲੋਂ ਸਰੀਰਕ ਤੌਰ 'ਤੇ ਕਮਜ਼ੋਰ ਕਰਨ ਦੀ ਇਸ ਸਾਜਿਸ਼ ਦਾ ਸਾਨੂੰ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ 'ਚ ਸਰਕਾਰ ਵੱਲੋਂ ਆਰੰਭੀ ਲੜਾਈ 'ਚ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਪੰਜਾਬੀਆਂ ਨੂੰ ਮਹਾਨ ਵਿਰਸਾ ਯਾਦ ਕਰਵਾਉਂਦੇ ਹੋਏ ਕਿਹਾ ਕਿ ਸਰਹੱਦਾਂ ਦੀ ਰਾਖੀ ਕਰਨ ਦੇ ਨਾਲ-ਨਾਲ ਪੰਜਾਬੀਆਂ ਨੇ ਹੀ ਦੇਸ਼ ਦੇ ਅਨਾਜ ਦੇ ਭੰਡਾਰ ਭਰੇ ਸਨ। ਇਸ ਲਈ ਹੁਣ ਜਦੋਂ ਪੰਜਾਬ ਅੱਗੇ ਨਸ਼ਿਆਂ ਦੀ ਚੁਣੌਤੀ ਬਣ ਖੜ੍ਹੀ ਹੈ ਤਾਂ ਸਾਨੂੰ ਫ਼ਿਰ ਤੋਂ ਇੱਕ ਵਾਰ ਜਨ ਅੰਦੋਲਨ ਦੇ ਰੂਪ 'ਚ ਇਸ ਦੇ ਖਾਤਮੇ ਲਈ ਉੱਠ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਦੋ ਮਹੀਨੇ ਤੋਂ ਆਰੰਭੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਹੁਣ ਪੰਜਾਬ ਦੇ ਹਰ ਜਾਗਰੂਕ ਨਾਗਰਿਕ ਲਈ ਮੌਕਾ ਹੈ ਕਿ ਉਹ ਇਸ ਲੜਾਈ 'ਚ ਸਰਕਾਰ ਦਾ ਸਾਥ ਦੇਵੇ ਅਤੇ ਪੰਜਾਬ ਦੀ ਧਰਤੀ ਨੂੰ ਨਸ਼ਾ ਮੁਕਤ ਬਣਾਵੇ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਕਾਰਜ ਨੂੰ ਸਮਾਜਿਕ ਰੂਪ 'ਚ ਕੀਤਾ ਜਾਵੇ ਤਾਂ ਸਫ਼ਲਤਾ ਜ਼ਰੂਰ ਮਿਲਦੀ ਹੈ।

# ਸੇਫ਼ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ 'ਤੇ ਸਕੂਲੀ ਵਾਹਨ ਹੋਣਗੇ ਜ਼ਬਤ : ਆਰ.ਟੀ.ਓ.



ਫ਼ਤਹਿਗੜ੍ਹ ਸਾਹਿਬ, 17 ਮਈ (ਹਰਪ੍ਰੀਤ ਕੌਰ ਟਿਵਾਣਾ): ਸਟੇਟ ਟਰਾਂਸਪੋਰਟ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚ ਸੇਫ਼ ਸਕੂਲ ਵਾਹਨ ਪਾਲਸੀ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਅਸੀਂ ਪੂਰੀ ਤਰ੍ਹਾਂ ਵਚਨਬੱਧ ਹਾਂ ਅਤੇ ਜੇਕਰ ਜਾਂਚ ਪੜਤਾਲ ਦੌਰਾਨ ਕਿਸੇ ਵੀ ਸਕੂਲ ਦਾ ਵਾਹਨ, ਸੇਫ ਸਕੂਲ ਵਾਹਨ ਪਾਲਸੀ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਜ਼ਬਤ ਕਰ ਲਿਆ ਜਾਵੇਗਾ। ਇਹ ਪ੍ਰਗਟਾਵਾ ਆਰ.ਟੀ.ਓ- ਕਮ-ਅਮਲੋਹ ਦੇ ਉਪ ਮੰਡਲ ਮੈਜਿਸਟਰੇਟ ਸ਼੍ਰੀ ਚੇਤਨ ਬੰਗੜ ਨੇ ਅੱਜ ਫ਼ਤਹਿਗੜ੍ਹ ਸਾਹਿਬ ਵਿਖੇ ਸਕੂਲੀ ਵਾਹਨਾਂ ਦੀ ਅਚਨਚੇਤ ਚੈਕਿੰਗ ਦੌਰਾਨ ਕੀਤਾ। ਆਰ.ਟੀ.ਓ ਚੇਤਨ ਬੰਗੜ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਵਿਦਿਆਰਥੀਆਂ ਦੀ ਜਾਨ ਨੂੰ ਜ਼ੋਖਮ ਵਿੱਚ ਨਹੀਂ ਪਾਇਆ ਜਾ ਸਕਦਾ ਅਤੇ ਜਿਹੜੇ ਸਕੂਲਾਂ ਦੇ ਮੁਖੀ ਵਾਰ ਵਾਰ ਕੀਤੀਆਂ ਜਾ ਰਹੀਆਂ ਪ੍ਰਸ਼ਾਸਨਿਕ ਅਪੀਲਾਂ ਦੇ ਬਾਵਜੂਦ ਸੇਫ ਸਕੂਲ ਵਾਹਨ ਪਾਲਸੀ ਦੀ ਉਲੰਘਣਾ ਕਰਦੇ ਪਾਏ ਜਾਣਗੇ। ਉਨ੍ਹਾਂ ਖਿਲਾਫ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਅਤੇ ਪੁਲਿਸ ਅਧਿਕਾਰੀਆਂ ਨੂੰ ਸਕੂਲੀ ਵਾਹਨਾਂ ਦੀ ਨਿਯਮਿਤ ਜਾਂਚ ਨੂੰ ਹੋਰ ਤੇਜ਼ ਕਰਨ ਦੀ ਹਦਾਇਤ ਕੀਤੀ। ਆਰ.ਟੀ.ਓ ਚੇਤਨ ਬੰਗੜ ਨੇ ਕਿਹਾ ਕਿ ਸਕੂਲੀ ਵਾਹਨਾਂ ਵਿੱਚ ਫਸਟ ਏਡ ਬਾਕਸ, ਅੱਗ ਨਿਯੰਤ੍ਰਣ ਯੰਤਰਾਂ, ਐਮਰਜੈਂਸੀ ਦਰਵਾਜ਼ਾ, ਪਰਮਿਟ, ਮਹਿਲਾ ਸਹਾਇਕ, ਸੀਟਾਂ ਦੀ ਸਮਰੱਥਾ ਆਦਿ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਹੈ ਅਤੇ ਜਿਹੜਾ ਵੀ ਸਕੂਲ ਇਨ੍ਹਾਂ ਲਾਜ਼ਮੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰੇਗਾ ਉਸ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਸਹਾਇਕ ਥਾਣੇਦਾਰ ਰਾਜਵੰਤ ਸਿੰਘ ਬਣੇ ਸਬ-ਇੰਸਪੈਕਟਰ



ਮੰਡੀ ਗੋਬਿੰਦਗੜ੍ਹ, 17 ਮਈ (ਸੂਦ): ਥਾਣਾ ਮੰਡੀ ਗੋਬਿੰਦਗੜ੍ਹ ਵਿਚ ਬਤੌਰ ਸਹਾਇਕ ਥਾਣੇਦਾਰ ਵਜੋਂ ਕੰਮ ਕਰਦੇ ਰਾਜਵੰਤ ਸਿੰਘ ਨੂੰ ਵਿਭਾਗ ਵਿਚ ਵਧੀਆ ਸੇਵਾਵਾਂ ਪ੍ਰਤੀ ਤਰੱਕੀ ਦੇ ਕੇ ਸਬ ਇੰਸਪੈਕਟਰ ਬਣਾਇਆ ਗਿਆ। ਥਾਣਾ ਮੰਡੀ ਗੋਬਿੰਦਗੜ੍ਹ ਦੇ ਮੁੱਖੀ ਮਨਪ੍ਰੀਤ ਸਿੰਘ ਦਿਓਲ ਨੇ ਉਸ ਦੇ ਸਟਾਰ ਲਗਾ ਕੇ ਇਹ ਤਰੱਕੀ ਦਿੱਤੀ। ਸ਼੍ਰੀ ਰਾਜਵੰਤ ਸਿੰਘ ਨੇ ਵਿਭਾਗ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਭਵਿੱਖ ਵਿਚ ਵੀ ਆਪਣੀ ਮਿਹਨਤ ਤਨਦੇਹੀ ਨਾਲ ਕਰਦਾ ਰਹੇਗਾ ਤੇ ਲੋਕਾਂ ਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹੇਗਾ।

# ਦਸਮੇਸ਼ ਗਰਲਜ਼ ਕਾਲਜ ਦੀਆਂ ਬੀ.ਏ. ਬੀ.ਐੱਡ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਪੱਧਰ 'ਤੇ ਕੀਤਾ ਕਾਲਜ ਦਾ ਨਾਮ ਰੌਸ਼ਨ

ਮੁਕੇਰੀਆਂ, 17 ਮਈ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖਸ਼ ਮੁਕੇਰੀਆਂ ਦੀਆਂ ਵਿਦਿਆਰਥਣਾਂ ਆਪਣੀ ਮਿਹਨਤ ਸਦਕਾ ਯੂਨੀਵਰਸਿਟੀ ਪੱਧਰ 'ਤੇ ਕਾਲਜ ਦਾ ਨਾਮ ਰੌਸ਼ਨ ਕਰ ਰਹੀਆਂ ਹਨ ਕਾਲਜ ਪ੍ਰਿੰਸੀਪਲ ਡਾ ਕਰਮਜੀਤ ਕੌਰ ਬਰਾੜ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਬੀ.ਏ. ਬੀ.ਐਡ (ਸਮੈਸਟਰ ਪੰਜਵਾਂ) ਦੀ ਵਿਦਿਆਰਥਣ ਸਮਾਈਲ ਕਾਲਕਟ ਨੇ 88% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਤੀਜਾ, ਸ਼੍ਰੇਆ ਨੇ 87.4% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਚੌਥਾ ਅਤੇ ਸਨਮਪ੍ਰੀਤ ਕੌਰ ਨੇ 87.3%ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਸਥਾਨ ਹਾਸਲ ਕੀਤਾ। ਵਿਦਿਆਰਥਣਾਂ ਦੀ ਇਸ ਸਫਲਤਾ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਰਵਿੰਦਰ ਸਿੰਘ ਚੱਕ ਅਤੇ ਸਮੂਹ ਮੈਂਬਰਾਂ ਨੇ ਬੀ.ਏ.ਬੀ.ਐਡ ਵਿਭਾਗ ਦੇ ਮੁਖੀ ਅੰਜਲੀ ਮੌਂਗਾ, ਸਹਾਇਕ ਪ੍ਰੋਫੈਸਰ ਅਨੂ ਲਤਾ, ਸਹਾਇਕ ਪ੍ਰੋਫੈਸਰ ਰੇਨੂੰ ਗੁਪਤਾ, ਸਹਾਇਕ ਪ੍ਰੋਫੈਸਰ ਸ਼ਿਖਾ ਸ਼ਰਮਾ, ਸਹਾਇਕ ਪ੍ਰੋਫੈਸਰ ਸਤਵੰਤ ਕੌਰ, ਸਮੂਹ ਸਟਾਫ਼, ਵਿਦਿਆਰਥਣਾਂ ਅਤੇ ਮਾਪਿਆਂ ਨੂੰ ਮੁਬਾਰਕ ਦਿੱਤੀ ਤੇ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਮੇਘਾ ਸਚਦੇਵਾ ਦੇ ਜਨਮਦਿਨ 'ਤੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡੇਗੀ ਡਾ. ਬੀ.ਡੀ. ਸਚਦੇਵਾ ਵੈੱਲਫੇਅਰ ਸੁਸਾਇਟੀ



ਫ਼ਾਜ਼ਿਲਕਾ, 17 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਮਾਜ ਸੇਵਾ ਲਈ ਵਚਨਬੱਧ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਵੱਲੋਂ ਇੱਕ ਅਨੋਖੀ ਮਿਸਾਲ ਕਾਇਮ ਕਰਦਿਆਂ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਦੀ ਧੀ ਮੇਘਾ ਸਚਦੇਵਾ ਦਾ ਜਨਮਦਿਨ ਸਮਾਜਿਕ ਢੰਗ ਨਾਲ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ। ਜਨਮਦਿਨ ਨੂੰ ਮਨਾਉਣ ਲਈ ਰਵਾਇਤੀ ਪਾਰਟੀ ਜਾਂ ਸੈਲੀਬ੍ਰੇਸ਼ਨ ਦੀ ਥਾਂ, ਸੋਸਾਇਟੀ ਵੱਲੋਂ ਅੱਜ 18 ਮਈ ਦਿਨ ਐਤਵਾਰ ਨੂੰ ਸਵੇਰੇ 9 ਵਜੇ ਰਾਜਾ ਸਿਨੇਮਾ ਰੋਡ, ਲੇਬਰ ਚੌਂਕ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਣ ਦੀ ਯੋਜਨਾ ਬਣਾਈ ਗਈ ਹੈ। ਇਸ ਉਪਰਾਲੇ ਰਾਹੀਂ ਨਾ ਸਿਰਫ਼ ਮੇਘਾ ਦਾ ਜਨਮਦਿਨ ਯਾਦਗਾਰ ਬਣਾਇਆ ਜਾਵੇਗਾ, ਸਗੋਂ ਲੋੜਵੰਦਾਂ ਦੀ ਮਦਦ ਕਰਕੇ ਸਮਾਜਿਕ ਜ਼ਿੰਮੇਵਾਰੀ ਵੀ ਨਿਭਾਈ ਜਾਵੇਗੀ। ਅਜੈ ਸਚਦੇਵਾ ਅਤੇ ਪੂਜਾ ਲੂਥਰਾ ਸਚਦੇਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਸਾਇਟੀ ਦੀ ਪਹਿਚਾਣ ਹੀ ਲੋਕ ਸੇਵਾ ਹੈ। ਉਨ੍ਹਾਂ ਦੱਸਿਆ ਕਿ ਸੋਸਾਇਟੀ ਦੇ ਹਰ ਮੈਂਬਰ ਦੇ ਜਨਮਦਿਨ ਜਾਂ ਹੋਰ ਵਿਸ਼ੇਸ਼ ਮੌਕਿਆਂ 'ਤੇ ਭੋਜਨ, ਰਾਸ਼ਨ, ਕੱਪੜੇ ਜਾਂ ਹੋਰ ਜ਼ਰੂਰੀ ਚੀਜ਼ਾਂ ਲੋੜਵੰਦ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ। ਇਹ ਯਤਨ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਕਰਨ ਦੇ ਨਾਲ-ਨਾਲ ਸਮਾਜ ਵਿੱਚ ਇੱਕ ਸਕਾਰਾਤਮਕ ਸੁਨੇਹਾ ਵੀ ਪਹੁੰਚਾਏਗਾ। ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ, ਸਿਹਤ ਅਤੇ ਸਮਾਜਿਕ ਸੇਵਾ ਦੇ ਹੋਰ ਖੇਤਰਾਂ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਇਸ ਸੋਸਾਇਟੀ ਦਾ ਮੁੱਖ ਉਦੇਸ਼ ਕਮਜ਼ੋਰ ਅਤੇ ਪਿਛੜੇ ਵਰਗਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ ਹੈ। ਉਨ੍ਹਾਂ ਕਿਹਾ, ਸਾਡੀ ਸੋਸਾਇਟੀ ਦਾ ਮੰਨਣਾ ਹੈ ਕਿ ਖ਼ੁਸ਼ੀਆਂ ਨੂੰ ਸਾਂਝਾ ਕਰਨ ਨਾਲ ਹੀ ਅਸਲ ਖ਼ੁਸ਼ੀ ਮਿਲਦੀ ਹੈ।

# ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਵਿਭਾਗ ਵੱਲੋਂ ਆਯੋਜਿਤ ਵਰਕਸ਼ਾਪ ਸਫ਼ਲਤਾਪੂਰਵਕ ਸੰਪੰਨ



ਫ਼ਤਹਿਗੜ੍ਹ ਸਾਹਿਬ, 17 ਮਈ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵੱਲੋਂ ਆਯੋਜਿਤ ਇੱਕ ਹਫ਼ਤੇ ਦੀ ਫ਼ੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫੀ ਵਰਕਸ਼ਾਪ ਸਫ਼ਲਤਾਪੂਰਵਕ ਸੰਪੰਨ ਹੋ ਗਈ, ਜਿਸ ਵਿਚ ਵੱਖ-ਵੱਖ ਸਕੂਲਾਂ ਦੇ ਬਾਰ੍ਹਵੀਂ ਪਾਸ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਜਿੱਥੇ ਫ਼ੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫੀ ਦੇ ਵੱਖ-ਵੱਖ ਵਿਹਾਰਕ, ਨੈਤਿਕ ਅਤੇ ਤਕਨੀਕੀ ਪਹਿਲੂਆਂ ਬਾਰੇ ਦੱਸਿਆ ਗਿਆ, ਉਥੇ ਨਾਲ ਹੀ ਗ੍ਰਾਫਿਕ ਡਿਜ਼ਾਇਨਿੰਗ, ਲੋਗੋ ਡਿਜ਼ਾਈਨਿੰਗ, ਪੋਸਟਰ ਡਿਜ਼ਾਈਨਿੰਗ, ਥੰਬਨੇਲ ਡਿਜ਼ਾਈਨਿੰਗ, ਬ੍ਰਾਂਡਿੰਗ, ਯੂਟਿਊਬ ਟਰੇਨਿੰਗ ਆਦਿ ਵਿਸ਼ਿਆਂ ਸਬੰਧੀ ਅਹਿਮ ਜਾਣਕਾਰੀ ਪ੍ਰਦਾਨ ਕੀਤੀ ਗਈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪੱਤਰਕਾਰੀ ਵਿਭਾਗ ਦੇ ਇਸ ਉਸਾਰੂ ਉਪਰਾਲੇ ਦੀ ਸ਼ਲਾਘਾ ਕਰਦਿਆਂ ਅਤੇ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਫ਼ੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫੀ ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਬਾਰੇ ਜਾਣਨ ਦਾ ਅਵਸਰ ਮਿਲਿਆ ਜੋ ਵਿਦਿਆਰਥੀਆਂ ਦੇ ਸੰਚਾਰ ਹੁਨਰ ਅਤੇ ਸ਼ਖ਼ਸੀਅਤ ਉਸਾਰੀ ਲਈ ਲਾਹੇਵੰਦ ਸਾਬਤ ਹੋਵੇਗਾ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਫ਼ੋਟੋਗ੍ਰਾਫ਼ੀ, ਵੀਡੀਓਗ੍ਰਾਫੀ, ਫੋਟੋ ਅਤੇ ਵੀਡੀਓ ਸੰਪਾਦਨ ਦੀ ਬੁਨਿਆਦੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਦੀ ਕਲਾਤਮਕ ਅਤੇ ਰਚਨਾਤਮਕ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਵਿਹਾਰਕ ਸਿਖਲਾਈ ਵੀ ਪ੍ਰਦਾਨ ਕੀਤੀ ਗਈ। ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਕਾਲਜ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਮਾਤਾ ਗੁਜਰੀ ਕਾਲਜ ਵਿੱਚ ਸਾਲ 2006 ਤੋਂ ਪੱਤਰਕਾਰੀ ਵਿਭਾਗ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਵਿਭਾਗ ਤੋਂ ਪੜ੍ਹੇ ਵਿਦਿਆਰਥੀਆਂ ਨੇ ਵੱਖ-ਵੱਖ ਨਾਮਵਰ ਮੀਡੀਆ ਸੰਸਥਾਵਾਂ ਵਿੱਚ ਚੰਗੇ ਮੁਕਾਮ ਹਾਸਲ ਕੀਤੇ ਹਨ।

# ਕੈਂਬਰਿਜ ਸਕੂਲ ਦਾ ਬਾਰ੍ਹਵੀਂ ਤੇ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਲੋਹੀਆਂ ਖਾਸ, 17 ਮਈ (ਸਬਪ੍ਰੀਤ ਸਿੰਘ): ਇਲਾਕਾ ਲੋਹੀਆਂ ਖਾਸ ਤੇ ਸੁਲਤਾਨਪੁਰ ਲੋਧੀ ਵਿਖੇ ਆਪਣੀ ਵਿਲੱਖਣ ਪਹਿਚਾਣ ਰੱਖਣ ਵਾਲੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਸੁਲਤਾਨਪੁਰ ਲੋਧੀ ਦਾ ਸੀ.ਬੀ.ਐਸ.ਈ ਵੱਲੋਂ ਐਲਾਨਿਆ ਗਿਆ ਬਾਰ੍ਹਵੀਂ ਅਤੇ ਦੱਸਵੀਂ ਕਲਾਸ ਦਾ ਬਹੁਤ ਸ਼ਾਨਦਾਰ ਰਿਹਾ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਨੇ ਜਾਣਕਾਰੀ ਸਾਂਝੇ ਕਰਦਿਆਂ ਦੱਸਿਆ ਕਿ ਸਕੂਲ ਦੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਵਿੱਚ ਸ਼ਾਮਲ ਅਨੁਰੀਤ ਕੌਰ ਅਤੇ ਮਿਲਣਜੋਤ ਕੌਰ ਨੇ ਪਹਿਲਾ ਸਥਾਨ, ਤੀਰਥਪ੍ਰੀਤ ਕੌਰ ਨੇ ਦੂਸਰਾ, ਨਵਰੀਤ ਕੌਰ ਨੇ ਤੀਸਰਾ, ਅਰਸ਼ਪ੍ਰੀਤ ਕੌਰ ਨੇ ਚੌਥਾ ਅਤੇ ਕ੍ਰਿਸ਼ ਸ਼ਰਮਾ ਨੇ ਸਕੂਲ ਵਿਚੋਂ ਪੰਜਵਾਂ ਸਥਾਨ ਪ੍ਰਾਪਤ ਕੀਤਾ। ਜਦਕਿ ਦੱਸਵੀਂ ਕਲਾਸ ਦੇ ਹੋਣਹਾਰ ਵਿਦਿਆਰਥੀਆਂ ਵਿੱਚ ਸ਼ਾਮਲ ਕਿਰਨਦੀਪ ਗਿੱਲ ਨੇ 89% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅਨੰਦ ਕੁਮਾਰ ਨੇ 88% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਅਮਰਪ੍ਰੀਤ ਸਿੰਘ ਨੇ 85% ਅੰਕ ਪ੍ਰਾਪਤ ਕਰਕੇ ਸਕੂਲ ਵਿਚੋਂ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਸੈਣੀ ਨੇ ਇਹ ਜਾਣਕਾਰੀ ਸਾਂਝਿਆਂ ਕਰਦਿਆਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ। ਸਕੂਲ ਦੇ ਚੇਅਰਮੈਨ ਸਵਰਨ ਸਿੰਘ ਖਾਲਸਾ, ਐਜੂਕੇਸ਼ਨ ਡਾਇਰੈਕਟਰ ਰਾਜਵਿੰਦਰ ਕੌਰ ਖਾਲਸਾ, ਐਮ.ਡੀ ਐਡਵੋਕੇਟ ਮਨਬੀਰ ਸਿੰਘ ਤੇ ਕਮਲਪ੍ਰੀਤ ਕੌਰ, ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਅਤੇ ਵਾਈਸ ਪ੍ਰਿੰਸੀਪਲ ਆਸ਼ੂ ਵਾਹੀ ਨੇ ਬੱਚਿਆਂ ਅਤੇ ਮਾਪਿਆਂ ਨੂੰ ਵਧੀਆ ਨਤੀਜੇ ਆਉਣ 'ਤੇ ਵਧਾਈ ਦਿੱਤੀ ਅਤੇ ਅਜਿਹੀਆਂ ਹੋਰ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਨੇ ਬੱਚਿਆਂ ਨੂੰ ਅਗਲੇ ਇਮਤਿਹਾਨਾਂ ਵਿੱਚ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਆ ਤਾਂ ਜੋ ਬੱਚੇ ਆਪਣੀ ਜ਼ਿੰਦਗੀ ਵਿੱਚ ਆਪਣੇ ਮਾਤਾ ਪਿਤਾ ਦੇ ਸੁਪਨਿਆਂ ਨੂੰ ਪੂਰੇ ਕਰ ਸਕਣ। ਇਸ ਮੌਕੇ 'ਤੇ ਸਟਾਫ ਸੈਕਟਰੀ ਸੰਜੇ ਸੌਰੰਗ ਤੇ ਸਵਲੀਨ ਕੌਰ, ਕੋਆਰਡੀਨੇਟਰ ਮਨੀਸ਼ ਕੁਮਾਰ, ਡਸਿੱਪਲਨ ਇੰਚਾਰਜ ਮਾ: ਗੁਰਜੀਤ ਸਿੰਘ, ਮੀਡੀਆ ਕੋਆਰਡੀਨੇਟਰ ਸਬਪ੍ਰੀਤ ਸਿੰਘ, ਸੰਜੀਵ ਕੁਮਾਰ ਤੇ ਸਮੁੱਚਾ ਸਕੂਲ ਦਾ ਸਟਾਫ ਮੌਜੂਦ ਸੀ।

# ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ ਬਾਰ੍ਹਵੀਂ 'ਚ ਪ੍ਰਾਪਤ ਕੀਤੇ ਸੌ ਫ਼ੀਸਦੀ ਅੰਕ



ਬੜੂ ਸਾਹਿਬ, 17 ਮਈ (ਅੰਮ੍ਰਿਤਪਾਲ ਸਿੰਘ): ਕਲਗੀਧਰ ਟਰੱਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਵੱਲੋਂ ਜਾਰੀ ਕੀਤੇ ਗਏ ਸੈਸ਼ਨ 2024-25 ਦੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸੌ ਫੀਸਦੀ ਸਫਲਤਾ ਹਾਸਲ ਕਰਕੇ ਸਕੂਲ, ਪਿੰਡ ਅਤੇ ਇਲਾਕੇ ਦਾ ਮਾਣ ਵਧਾਇਆ ਹੈ। ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਆਪਣੀ ਮਿਹਨਤ, ਸੰਘਰਸ਼ ਅਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਨੂੰ ਸਹੀ ਸਾਬਤ ਕੀਤਾ। ਅਕਾਲ ਅਕੈਡਮੀ ਦੇ ਪ੍ਰਿੰਸੀਪਲ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ, ਇਹ ਨਤੀਜਾ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਸਾਡਾ ਮਿਸ਼ਨ ਸਿਰਫ ਅਕਾਦਮਿਕਤਾ ਤੱਕ ਸੀਮਿਤ ਨਹੀਂ, ਸਗੋਂ ਵਿਅਕਤੀਕਤ ਅਤੇ ਅਧਿਆਤਮਿਕ ਵਿਕਾਸ ਨੂੰ ਵੀ ਉਤਸ਼ਾਹਿਤ ਕਰਨਾ ਹੈ। ਸ਼ਾਨਦਾਰ ਨਤੀਜੇ ਹਾਸਲ ਕਰਨ ਵਾਲੇ ਵਿਦਿਆਰਥੀ: ਸਨੇਹਾ - 93.8% ਅਤੇ ਹਰਮਨ ਕੌਰ ਨੇ 86.2% ਅੰਕ ਹਾਸਲ ਕੀਤੇ। ਇਸ ਤੋਂ ਇਲਾਵਾ ਅਮਾਨਤ ਦੀਪ ਕੌਰ, ਅਰਮਾਨ ਸਿੰਘ ਅਤੇ ਅਮਨਦੀਪ ਸਿੰਘ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਮੂਹ ਅਧਿਆਪਕ ਵਰਗ ਨੇ ਮਾਪਿਆਂ ਨੂੰ ਅਤੇ ਵਿਦਿਆਰਥੀਆਂ ਨੂੰ ਦਿਲੋਂ ਵਧਾਈਆਂ ਅਤੇ ਉਨ੍ਹਾਂ ਦੇ ਚਮਕਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਲਾਲਾ ਫੂਲ ਚੰਦ ਬਾਂਸਲ ਸਰਵਹਿੱਤਕਾਰੀ ਵਿਦਿਆਲਿਆ 'ਚ ਮਾਂ ਦਿਵਸ ਮਨਾਇਆ



ਅਮਲੋਹ, 17 ਮਈ (ਜਸਵੰਤ ਸਿੰਘ): ਲਾਲਾ ਫੂਲ ਚੰਦ ਬਾਂਸਲ ਸਰਵਹਿੱਤਕਾਰੀ ਵਿਦਿਆ ਮੰਦਰ ਅਮਲੋਹ ਵਿਖੇ ਮਾਂ ਦਿਵਸ ਸਕੂਲ ਦੇ ਮੁੱਖ ਸਰਪ੍ਰਸਤ ਪ੍ਰਦੀਪ ਬਾਂਸਲ ਦੀ ਅਗਵਾਈ ਹੇਠ ਬਹੁਤ ਉਤਸ਼ਾਹ ਅਤੇ ਭਾਵਨਾਤਮਕ ਮਾਹੌਲ ਨਾਲ ਮਨਾਇਆ ਗਿਆ। ਸਮਾਗਮ ਵਿਚ ਸ਼੍ਰੀਮਤੀ ਜਸਪਾਲ ਕੌਰ ਗਰੇਵਾਲ ਸਹਾਇਕ ਫੂਡ ਸੇਫਟੀ ਅਫਸਰ (ਏਐਫਐਸਓ) ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਇੱਕ ਅਧਿਆਪਕ ਸਿਰਫ਼ ਸਿੱਖਿਆ ਦੇਣ ਵਾਲਾ ਹੀ ਨਹੀਂ ਹੁੰਦਾ ਸਗੋਂ ਉਹ ਇੱਕ ਮਾਂ ਦੀ ਭੂਮਿਕਾ ਵੀ ਨਿਭਾਉਂਦਾ ਹੈ। ਜਿਸ ਤਰ੍ਹਾਂ ਇੱਕ ਮਾਂ ਆਪਣੇ ਬੱਚੇ ਨੂੰ ਪਿਆਰ, ਸੁਰੱਖਿਆ ਅਤੇ ਪਾਲਣ-ਪੋਸ਼ਣ ਦਿੰਦੀ ਹੈ, ਉਸੇ ਤਰ੍ਹਾਂ ਇੱਕ ਅਧਿਆਪਕ ਵੀ ਜ਼ਿੰਦਗੀ ਦੀ ਕਦਰ ਕਰਦਾ ਹੈ। ਮਾਂ ਸਾਡੇ ਜੀਵਨ ਦੀ ਪਹਿਲੀ ਅਧਿਆਪਕਾ ਹੈ ਅਤੇ ਉਸਦੀ ਭੂਮਿਕਾ ਬੇਮਿਸਾਲ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਰਾਜਪਾਲ ਗਰਗ, ਖਜ਼ਾਨਚੀ ਮੁਨੀਸ਼ ਗੋਇਲ, ਉਪ ਪ੍ਰਿੰਸੀਪਲ ਆਂਚਲ ਰਾਣੀ, ਸ਼ਿਸ਼ੂ ਵਾਟਿਕਾ ਹੈੱਡ ਮੀਨਾ ਰਾਣੀ, ਅਧਿਆਪਕਾ ਭਾਵਨਾ ਰਾਣੀ ਅਤੇ ਦਵਿੰਦਰ ਕੌਰ ਆਦਿ ਹਾਜ਼ਰ ਸਨ। ਪ੍ਰੋਗਰਾਮ ਦਾ ਸੰਚਾਲਨ ਅਧਿਆਪਕਾ ਜਾਨਵੀ, ਮੁਸਕਾਨ ਅਤੇ ਨੇਹਾ ਰਾਣੀ ਨੇ ਕੀਤਾ। ਇਸ ਮੌਕੇ ਨੇਹਾ ਰਾਣੀ ਨੇ ਕਿਹਾ ਕਿ ਮਾਂ ਦਾ ਪਿਆਰ ਪਰਮਾਤਮਾ ਵੱਲੋਂ ਦਿੱਤਾ ਗਿਆ ਸਭ ਤੋਂ ਖ਼ੂਬਸੂਰਤ ਤੋਹਫ਼ਾ ਹੈ ਜੋ ਜ਼ਿੰਦਗੀ ਭਰ ਸਾਡੇ ਨਾਲ ਰਹਿੰਦਾ ਹੈ ਅਤੇ ਸਾਨੂੰ ਹਰ ਮੁਸ਼ਕਲ ਨਾਲ ਲੜਨ ਦੀ ਤਾਕਤ ਦਿੰਦਾ ਹੈ। ਵਿਦਿਆਰਥੀਆਂ ਵੱਲੋਂ ਮਾਂ ਬਣਨ 'ਤੇ ਆਧਾਰਿਤ ਸੁੰਦਰ ਕਵਿਤਾਵਾਂ ਅਤੇ ਸੁੰਦਰ ਨਾਚ ਪੇਸ਼ ਕੀਤੇ ਗਏ। ਮਾਵਾਂ ਲਈ ਵਿਸ਼ੇਸ਼ ਗਤੀਵਿਧੀਆਂ ਵੀ ਆਯੋਜਿਤ ਕੀਤੀਆਂ ਗਈਆਂ, ਜਿਸ ਵਿੱਚ ਸਾਰੀਆਂ ਮਾਵਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਨੰਦ ਮਾਣਿਆ। ਇਹ ਸਮਾਗਮ ਸਾਰਿਆਂ ਲਈ ਇੱਕ ਭਾਵਨਾਤਮਕ, ਪ੍ਰੇਰਨਾਦਾਇਕ ਅਤੇ ਯਾਦਗਾਰੀ ਅਨੁਭਵ ਸੀ।

# 1984 ਦੇ ਪੀੜਤ ਪਰਿਵਾਰ 40 ਸਾਲ ਤੋਂ ਕਰ ਰਹੇ ਨੇ ਇੰਤਜ਼ਾਰ, ਸਰਕਾਰ ਦੇਵੇ ਇਨਸਾਫ਼: ਬਲਦੇਵ ਸਿੰਘ

ਧਾਰੀਵਾਲ, 17 ਮਈ (ਚ.ਨ.ਸ): ਮਜੀਠਾ ਹਲਕੇ 'ਚ ਜ਼ਹਿਰੀਲੀ ਸ਼ਰਾਬ ਨਾਲ ਹੋਈ ਕਰੀਬ 23 ਮੌਤਾਂ 'ਤੇ ਦੁੱਖ ਪ੍ਰਗਟ ਕਰਦੇ ਹੋਏ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜ਼ਹਿਰੀਲੀ ਸ਼ਰਾਬ ਨਾਲ ਮਰੇ ਲੋਕਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਭੋਗ ਤੋਂ ਪਹਿਲਾਂ ਦਸ-ਦਸ ਲੱਖ ਦੇ ਚੈੱਕ ਅਤੇ ਜ਼ੇਰੇ ਇਲਾਜ ਵਿਅਕਤੀਆਂ ਨੂੰ ਦੋ-ਦੋ ਲੱਖ ਰੁਪਏ ਤੇ ਮੁਫ਼ਤ ਇਲਾਜ ਅਤੇ ਮ੍ਰਿਤਕ ਦੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦੇ ਫ਼ੈਸਲੇ 'ਤੇ ਹੈਰਾਨੀ ਪ੍ਰਗਟ ਕਰਦੇ ਕਿਹਾ ਕਿ ਜੂਨ 1984 ਦੇ ਪੀੜਤਾਂ ਦੀ ਜੋ ਦੁਰਦਸ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਹੈ, ਇਹ ਸਿੱਖ ਇਤਿਹਾਸ ਦੇ ਕਾਲੇ ਅੱਖਰਾਂ ਵਿੱਚ ਲਿਖਿਆ ਜਾਵੇਗਾ।ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਧਰਮੀ ਫ਼ੌਜੀਆਂ ਦੀਆਂ ਕੁਰਬਾਨੀਆਂ ਦੀ ਬੇਕਦਰੀ, ਸਿੱਖ ਕੈਦੀਆਂ ਨੂੰ ਤੇ ਝੂਠੇ ਮੁਕਾਬਲਿਆਂ ਵਿੱਚ ਮਾਰਿਆਂ ਗਿਆ ਨੂੰ ਰਾਜਨੀਤਿਕਾਂ ਵੱਲੋਂ ਰੱਲ ਕੇ ਅਤਿਵਾਦੀ ਐਲਾਨਿਆ ਗਿਆ, ਜਦਕਿ ਜੂਨ 1984 ਦੌਰਾਨ ਟੈਂਕ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਵਾਲਿਆਂ ਨੂੰ ਰਾਸ਼ਟਰਪਤੀ ਵੱਲੋਂ ਰੈਂਕ, ਮੈਡਲ ਦੇ ਕੇ ਸਨਮਾਨਤ ਕੀਤਾ ਗਿਆ ਸੀ ਤੇ ਨਵੰਬਰ 1984 ਦੌਰਾਨ ਦਿੱਲੀ ਸਮੇਤ ਹੋਰ ਰਾਜਾਂ ਵਿੱਚ ਸਿੱਖਾਂ ਨੂੰ ਟਾਇਰ ਪਾ ਕੇ ਸਾੜਨ ਵਾਲਿਆਂ ਨੂੰ ਕੁਰਸੀਆਂ ਤੇ ਅਹੁਦੇ ਦੇ ਕੇ ਨਿਵਾਜਿਆ ਗਿਆ, ਜਦਕਿ 40 ਸਾਲ ਤੋਂ ਇਨ੍ਹਾਂ ਨੂੰ ਅਦਾਲਤਾਂ 'ਚੋਂ ਬਚਾਉਣ ਦੇ ਹੱਥਕੰਡੇ ਜਾਰੀ ਹਨ। ਸਿੱਖ ਧਰਮ ਅਤੇ ਕੌਮ ਦੀ ਖਾਤਰ ਕੁਰਬਾਨੀਆਂ ਦੇਣ ਵਾਲੇ ਸ਼ਹੀਦ ਧਰਮੀ ਫ਼ੌਜੀਆਂ ਦੇ ਬਿਰਧ ਮਾਤਾ-ਪਿਤਾ ਨੂੰ ਦੋ ਮੀਟਰ ਦੇ ਸਿਰੋਪਾਓ ਤੋਂ ਬਗ਼ੈਰ ਅਤੇ ਆਪਣੇ ਸ਼ਹੀਦ ਬੱਚਿਆਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਦੇਖਣ ਦੀ ਆਸ ਲਗਾਈ ਬੈਠੇ ਕੁੱਝ ਇਸ ਦੁਨੀਆਂ ਤੋਂ ਰੁਖ਼ਸਤ ਕਰ ਗਏ, ਜਦ ਕਿ ਜ਼ਖਮੀ ਸਿੱਖ ਧਰਮੀ ਫੌਜੀ, ਜੇਲ੍ਹਾਂ ਕੱਟਣ ਵਾਲੇ ਸਿੱਖ ਧਰਮੀ ਫੌਜੀ, ਅੰਗ ਗਵਾ ਕੇ ਘਰਾਂ ਵਿੱਚ ਬੈਠੇ ਧਰਮੀ ਫ਼ੌਜੀ ਇਨਸਾਫ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੱਕਰ ਤੇ ਚੱਕਰ ਲਗਾਈ ਜਾਂਦੇ ਹਨ, ਜਦਕਿ ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਨੂੰ ਇਨਸਾਫ ਦੀ ਉਡੀਕ ਕਰਨ ਦੀ ਲੋੜ ਨਹੀਂ ਪਈ।

# 1984 ਸਿੱਖ ਕਤਲੇਆਮ ਕੇਸ 'ਚ ਮਨਜੀਤ ਸਿੰਘ ਜੀ.ਕੇ. ਦਾ ਬਿਆਨ ਦਰਜ ਕਰਨ ਦਾ ਕੰਮ ਪੂਰਾ

ਨਵੀਂ ਦਿੱਲੀ, 17 ਮਈ (ਚ.ਨ.ਸ): ਦਿੱਲੀ ਦੀ ਇੱਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਬਿਆਨ ਦਰਜ ਕਰਨ ਦਾ ਕੰਮ ਪੂਰਾ ਕਰ ਲਿਆ ਹੈ। ਵਿਸ਼ੇਸ਼ ਜੱਜ ਜਿਤੇਂਦਰ ਸਿੰਘ ਦੇ ਸਾਹਮਣੇ ਪੇਸ਼ ਹੁੰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇੱਕ ਪੈਨ ਡਰਾਈਵ ਮਿਲੀ ਸੀ, ਜਿਸ ਵਿਚ ਟਾਈਟਲਰ ਦੀ ਆਵਾਜ਼ ਰਿਕਾਰਡਿੰਗ ਸੀ, ਜਿਸ ਵਿੱਚ ਉਹ ਕਤਲੇਆਮ ਵਿਚ ਆਪਣੀ ਭੂਮਿਕਾ ਕਬੂਲ ਕਰ ਰਿਹਾ ਹੈ। ਜੱਜ ਨੇ ਕਿਹਾ ਕਿ ਇਹ ਮਾਮਲਾ ਮਨਜੀਤ ਸਿੰਘ ਜੀ.ਕੇ. ਤੋਂ ਹੋਰ ਪੁੱਛ-ਪੜਤਾਲ ਕੀਤੀ ਗਈ ਹੈ ਤੇ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 4 ਜੂਨ ਨੂੰ ਹੋਵੇਗੀ। ਆਪਣੀ ਗਵਾਹੀ ਦੌਰਾਨ ਜੀ.ਕੇ. ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ 2018 ਵਿੱਚ ਉਸ ਦੇ ਘਰ ਇਕ ਲਿਫਾਫਾ ਮਿਲਿਆ ਸੀ। ਜਿਸ ਵਿੱਚ ਇਕ ਚਿੱਠੀ ਤੇ ਪੈਨ ਡਰਾਈਵ ਸੀ, ਜਿਸ ਨੂੰ ਬਾਅਦ ਵਿੱਚ ਉਸ ਨੇ ਸੀ.ਬੀ.ਆਈ. ਨੂੰ ਸੌਂਪ ਦਿੱਤਾ ਸੀ, ਜੋ ਇਸ ਮਾਮਲੇ ਦੀ ਜਾਂਚ ਕਰ ਰਹੀ ਸੀ। ਜੀ.ਕੇ. ਨੇ ਕਿਹਾ ਕਿ ਟਾਈਟਲਰ ਜੋ ਅਦਾਲਤ 'ਚ ਮੌਜੂਦ ਸੀ, ਨੇ ਕੇਸ ਦੇ ਇੱਕ ਗਵਾਹ ਨੂੰ ਧਮਕੀ ਦਿੱਤੀ। ਉਨ੍ਹਾਂ ਨੇ 21 ਅਪ੍ਰੈਲ ਤੋਂ ਬਾਅਦ ਅੱਜ ਆਪਣਾ ਬਿਆਨ ਦਰਜ ਕਰਵਾਉਣਾ ਜਾਰੀ ਰੱਖਿਆ। ਇਹਹ ਮਾਮਲਾ 1984 'ਚ ਕੌਮੀ ਰਾਜਧਾਨੀ ਦੇ ਗੁਰਦੁਆਰਾ ਪੁਲ ਬੰਗਸ਼ ਵਿਖੇ ਤਿੰਨ ਵਿਅਕਤੀਆਂ ਦੇ ਕਤਲ ਨਾਲ ਜੁੜਿਆ ਹੋਇਆ ਹੈ।

# ਵੱਖ-ਵੱਖ ਮੁਕੱਦਮਿਆਂ 'ਚ 90 ਨਸ਼ੀਲੀਆਂ ਗੋਲ਼ੀਆਂ ਤੇ 98250 ਐੱਮ.ਐੱਲ. ਨਾਜਾਇਜ਼ ਸ਼ਰਾਬ ਸਮੇਤ 4 ਦੋਸ਼ੀ ਗ੍ਰਿਫ਼ਤਾਰ



ਗੁਰਦਾਸਪੁਰ, 17 ਮਈ (ਜਗੀਰ ਸਿੰਘ ਮੰਡ): ਮੁੱਖ ਮੰਤਰੀ ਮਾਨ ਵੱਲੋਂ ਐਲਾਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਸਦਰ ਗੁਰਦਾਸਪੁਰ ਵਿਖੇ ਦੋਸ਼ੀ ਚਰਨਜੀਤ ਨੂੰ ਕਾਬੂ ਕਰਕੇ ਉਸ ਕੋਲੋਂ 90 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਕੀਤੀਆਂ ਗਈਆਂ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 22-61-85 ਐਨਡੀਪੀਸੀ ਐਕਟ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਕੀਤਾ ਗਿਆ। ਥਾਣਾ ਦੀਨਾਨਗਰ ਵਿਖੇ 02 ਵੱਖ-ਵੱਖ ਮੁਕੱਦਮਿਆਂ ਵਿੱਚ 01 ਔਰਤ ਕੋਲੋਂ 34500 ਐੱਮ.ਐੱਲ ਨਾਜਾਇਜ਼ ਸ਼ਰਾਬ ਤੇ 02 ਔਰਤਾਂ ਕੋਲੋਂ 63750 ਐੱਮ.ਐੱਲ ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ਣਾਂ ਦੇ ਖਿਲਾਫ਼ ਮੁਕੱਦਮੇ ਬਾ-ਜੁਰਮ 61-1-14 ਆਬਕਾਰੀ ਐਕਟ, 123, 62 ਬੀਐੱਨਐੱਸ ਥਾਣਾ ਦੀਨਾਨਗਰ ਵਿਖੇ ਦਰਜ ਕੀਤੇ ਗਏ। ਆਦਿੱਤਯ, ਆਈ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖਿਲਾਫ਼ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਤੂੜੀ ਨਾਲ ਭਰੀਆਂ ਓਵਰਲੋਡ ਟਰੈਕਟਰ-ਟਰਾਲੀਆਂ ਨਾਲ ਹੋ ਰਹੇ ਨੇ ਹਾਦਸੇ



ਗੜ੍ਹਸ਼ੰਕਰ, 17 ਮਈ (ਅਜਮੇਰ ਸਿੰਘ ਭਨੋਟ): ਗੜ੍ਹਸ਼ੰਕਰ ਹੁਸ਼ਿਆਰਪੁਰ ਰੋਡ 'ਤੇ ਸਥਿਤ ਸੈਲਾ ਖੁਰਦ ਦੀ ਕੁਆਂਟਮ ਪੇਪਰ ਮਿੱਲ ਨੂੰ ਜਾਣ ਵਾਲੀਆਂ ਤੂੜੀ ਨਾਲ ਭਰੀਆਂ ਓਵਰਲੋਡ ਟਰੈਕਟਰ-ਟਰਾਲੀਆਂ ਕਾਰਨ ਲਗਾਤਾਰ ਹਾਦਸੇ ਵਾਪਰ ਰਹੇ ਹਨ। ਇਸੀ ਤਰ੍ਹਾਂ ਦਾ ਇੱਕ ਹੋਰ ਹਾਦਸਾ ਗੜ੍ਹਸ਼ੰਕਰ ਬੰਗਾ ਰੋਡ ਨਜ਼ਦੀਕ ਨਿਰੰਕਾਰੀ ਸਤਿਸੰਗ ਭਵਨ ਦੇ ਕੋਲ ਤੂੜੀ ਨਾਲ ਭਰੀ ਹੋਈ ਓਵਰਲੋਡ ਟਰੈਕਟਰ-ਟਰਾਲੀ ਦੇ ਪਿਛਲੇ ਪਾਸੇ ਕਾਰ ਦੀ ਟੱਕਰ ਹੋ ਗਈ, ਜਿਸ ਦੇ ਕਾਰਨ ਗੱਡੀ ਨੁਕਸਾਨੀ ਗਈ। ਹਾਦਸੇ ਦੇ ਵਿੱਚ ਰਾਹਤ ਵਾਲੀ ਖਬਰ ਇਹ ਰਹੀ ਕਿ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ ਪ੍ਰੰਤੂ ਗੱਡੀ ਟਰੈਕਟਰ ਟਰਾਲੀ ਦੇ ਪਿਛਲੇ ਪਾਸੇ ਲੱਦੀ ਹੋਈ ਤੂੜੀ ਦੇ ਵਿੱਚ ਫਸ ਗਈ। ਇਨ੍ਹਾਂ ਹਾਦਸਿਆਂ ਦੇ ਸਬੰਧ ਵਿੱਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਕਿਹਾ ਕਿ ਮੋਟਰ ਵਹੀਕਲ ਐਕਟ ਦੇ ਤਹਿਤ ਟਰੈਕਟਰ-ਟਰਾਲੀਆਂ ਰਾਹੀਂ ਤੂੜੀ ਢੋਣਾ ਗੈਰ-ਕਾਨੂੰਨੀ ਹੈ ਪ੍ਰੰਤੂ ਪੇਪਰ ਮਿੱਲ ਅਤੇ ਸਬੰਧਤ ਵਿਭਾਗ ਦੀ ਮਿਲੀਭੁਗਤ ਨਾਲ ਸੜਕਾਂ ਦੇ ਉੱਪਰ ਇਨ੍ਹਾਂ ਓਵਰਲੋਡ ਤੂੜੀ ਨਾਲ ਭਰੀਆਂ ਟਰੈਕਟਰ-ਟਰਾਲੀਆਂ ਦੇ ਕਾਰਨ ਹਾਦਸੇ ਵਾਪਰ ਰਹੇ ਹਨ।

# ਨਸ਼ਿਆਂ ਤੋਂ ਮੁਕਤ ਹੋਏ ਪਿੰਡ ਲੰਗੜੋਆ ਦੇ ਵਾਸੀਆਂ ਵੱਲੋਂ ਮੁੱਖ ਮੰਤਰੀ ਦੀ ਭਰਵੀਂ ਸ਼ਲਾਘਾ

ਲੰਗੜੋਆ/(ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ), 17 ਮਈ (ਪ੍ਰੋ. ਇਰਵਿੰਦਰ ਕੌਰ): ਕਿਸੇ ਸਮੇਂ ਨਸ਼ਿਆਂ ਦੇ ਕੇਂਦਰ ਵਜੋਂ ਜਾਣੇ ਜਾਂਦੇ ਪਿੰਡ ਲੰਗੜੋਆ ਨੂੰ ਹੁਣ ਨਸ਼ਾ ਮੁਕਤ ਪਿੰਡ ਹੋਣ ਦਾ ਮਾਣ ਹਾਸਲ ਹੋਇਆ ਹੈ। ਇਸ ਪਿੰਡ ਦੇ ਵਸਨੀਕਾਂ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਦੀ ਇਤਿਹਾਸਕ ਮੁਹਿੰਮ ਚਲਾਉਣ ਲਈ ਭਰਵੀਂ ਸ਼ਲਾਘਾ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਪਿੰਡ ਵਾਸੀ ਜਤਿੰਦਰ ਰਣਜੀਤ ਸਿੰਘ ਨੇ ਕਿਹਾ ਕਿ ਇਸ ਮੁਹਿੰਮ ਨੇ ਪਿੰਡ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ, ਜਿਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਪਿੰਡ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾ ਦਿੱਤਾ



ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਦਮ 'ਰੰਗਲਾ ਪੰਜਾਬ' ਵੱਲ ਵੱਡੀ ਪੁਲਾਂਘ ਹੈ ਕਿਉਂਕਿ ਉਨ੍ਹਾਂ ਦੇ ਪਿੰਡ ਨੂੰ ਨਸ਼ਾ ਮੁਕਤ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਨਾਲ ਪਿੰਡ ਦੀ ਇੱਕ ਹੋਰ ਵਸਨੀਕ ਵੰਸ਼ਿਕਾ ਸੋਨੀ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੇ ਪਲ ਹਨ ਕਿ ਪੰਜਾਬ ਸਰਕਾਰ ਸੂਬੇ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪਿੰਡ ਨਸ਼ਿਆਂ ਦਾ ਕੇਂਦਰ ਹੁੰਦਾ ਸੀ ਪਰ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਪਿੰਡ ਨੂੰ ਨਸ਼ਾ ਮੁਕਤ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਦੇ ਪਿੰਡ ਵਿੱਚ ਨਸ਼ਿਆਂ ਦੀ ਮੁਫ਼ਤ ਵਿਕਰੀ ਹੁੰਦੀ ਸੀ, ਹੁਣ ਇਹ ਪਿੰਡ ਖੇਡਾਂ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਨਸ਼ਾ ਤਸਕਰਾਂ ਵਿਰੁੱਧ ਬੁਲਡੋਜ਼ਰ ਮੁਹਿੰਮ ਸ਼ੁਰੂ ਕਰਨ ਲਈ ਮੁੱਖ ਮੰਤਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਪਿੰਡ ਪ੍ਰਗਤੀਸ਼ੀਲ ਬਣੇਗਾ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਸੀਨੀਅਰ ਆਪ ਆਗੂ ਮਨੀਸ਼ ਸਿਸੋਦੀਆ, ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ, ਵਿਧਾਇਕ ਸੰਤੋਸ਼ ਕਟਾਰੀਆ ਤੇ ਹੋਰ ਆਗੂ ਵੀ ਮੌਜੂਦ ਸਨ।

# ਝੋਨੇ ਦੀ ਸਿੱਧੀ ਬਿਜਾਈ ਨਾਲ ਲੇਬਰ ਤੇ ਪਾਣੀ ਦੀ ਬੱਚਤ: ਡਾ. ਬਲਵਿੰਦਰ ਸਿੰਘ ਛੀਨਾ



ਬਿਆਸ, 17 ਮਈ (ਰਾਕੇਸ਼ ਸਲਵਾਨ): ਮਾਣਯੋਗ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਹੁਕਮਾਂ ਤਹਿਤ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾਉਣ ਲਈ ਪਿੰਡ ਪੱਧਰ 'ਤੇ ਕੈਂਪ ਲਗਾ ਕੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਤਹਿਤ ਗੱਲਬਾਤ ਕਰਦਿਆਂ ਬਲਾਕ ਖੇਤੀਬਾੜੀ ਅਫਸਰ ਰਈਆਂ ਡਾ. ਬਲਵਿੰਦਰ ਸਿੰਘ ਛੀਨਾ ਨੇ ਦੱਸਿਆ ਕਿ ਇਸ ਵਾਰ ਕੁੱਲ ਬਲਾਕ ਰਈਆਂ ਨੂੰ 3000 ਏਕੜ ਸਿੱਧੀ ਬਜਾਈ ਕਰਵਾਉਣ ਦਾ ਟੀਚਾ ਅਲਾਟ ਹੋਇਆ। ਜਿਸ ਤਹਿਤ ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਬਲਾਕ ਰਈਆਂ ਦੇ ਕਿਸਾਨਾਂ ਨੇ ਪਿਛਲੀ ਵਾਰ ਰਿਕਾਰਡ ਤੋੜ ਡੀ.ਐੱਸ.ਆਰ. ਦੀ ਬਿਜਾਈ ਕਰਕੇ ਵਧੀਆ ਝਾੜ ਪ੍ਰਾਪਤ ਕੀਤਾ ਸੀ ਤੇ ਇਸ ਵਾਰ ਵੀ ਕਿਸਾਨ ਇਸ ਵਿਧੀ ਨੂੰ ਅਪਨਾਉਣ ਕੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਂਦੀ ਪ੍ਰੋਤਸਾਹਨ ਰਾਸ਼ੀ 1500 ਰੁਪਏ ਪ੍ਰਤੀ ਏਕੜ ਦਾ ਲਾਭ ਲੈ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਦੇ ਨਾਲ ਜਿੱਥੇ ਲੇਬਰ ਖਰਚੇ ਘੱਟਦੇ ਹਨ ਉਥੇ ਪਾਣੀ ਦੀ ਵੀ 15 ਤੋਂ 20% ਤੱਕ ਬੱਚਤ ਵੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਲਈ ਕੇਵਲ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀਬੀ 1509, ਪੀਬੀ 1692 ਤੇ ਪੀ.ਆਰ. 126 ਆਦਿ ਦੀ ਹੀ ਵਰਤੋਂ ਕਰਨ ਤੇ ਸਿੱਧੀ ਬਿਜਾਈ ਕਰਨ ਤੋਂ ਪਹਿਲਾਂ ਕਿਸਾਨ ਲੇਜ਼ਰ ਕਰਾਹੇ ਦੀ ਵਰਤੋਂ ਜ਼ਰੂਰ ਕਰਨ ਕਿਉਂਕਿ ਇਸ ਨਾਲ ਪਾਣੀ ਦੀ ਕਾਫੀ ਬੱਚਤ ਹੁੰਦੀ ਹੈ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਦੀ ਪ੍ਰੋਤਸਾਹਨ ਰਾਸ਼ੀ ਲੈਣ ਲਈ ਪੋਰਟਲ 'ਤੇ 30 ਜੂਨ ਤੱਕ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ ਤਾਂ ਜੋ ਵੱਧ ਤੋਂ ਵੱਧ ਕਿਸਾਨ ਇਸ ਸਕੀਮ ਦਾ ਲਾਭ ਲੈ ਸਕਣ। ਝੋਨੇ ਦੀ ਸਿੱਧੀ ਬਿਜਾਈ ਸਬੰਧੀ ਵਧੇਰੇ ਜਾਣਕਾਰੀ ਲਈ ਕਿਸਾਨ ਕਿਸੇ ਵੀ ਸਮੇਂ ਖੇਤੀਬਾੜੀ ਮਹਿਕਮੇ ਦੇ ਅਧਿਕਾਰੀ/ਕਰਮਚਾਰੀਆਂ ਨਾਲ ਰਾਬਤਾ ਕਰ ਸਕਦੇ ਹਨ।

# ਵਿਨਫੋਰਡ ਵਰਲਡ ਸਕੂਲ ਵੱਲੋਂ ਤੀਜੀ ਇਨਵੈਸਟਚਰ ਸੈਰੇਮਨੀ ਦਾ ਹੋਇਆ ਸ਼ਾਨਦਾਰ ਆਯੋਜਨ



ਬਟਾਲਾ,17 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਵਿਨਫੋਰਡ ਵਰਲਡ ਸਕੂਲ ਬੁੱਲੋਵਾਲ ਵਿਖੇ ਬੜੇ ਮਾਣ ਵਾਲਾ ਪਲ ਸੀ ਜਦੋਂ ਬੀਤੇ ਦਿਨੀਂ ਸਕੂਲ ਵੱਲੋਂ ਆਪਣੀ ਤੀਜੀ ਇਨਵੈਸਟਚਰ ਸੈਰੇਮਨੀ ਦਾ ਆਯੋਜਨ ਬੜੇ ਧੂਮ-ਧਾਮ ਨਾਲ ਕੀਤਾ ਗਿਆ। ਇਨਵੈਸਟਚਰ ਸੈਰੇਮਨੀ ਇੱਕ ਮਹੱਤਵਪੂਰਨ ਮੌਕਾ ਹੁੰਦਾ ਹੈ, ਜਿੱਥੇ ਇੱਕ ਸਕੂਲ ਆਪਣੇ ਆਉਣ ਵਾਲੇ ਆਗੂਆਂ ਨੂੰ ਕੁਝ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸੌਂਪਦਾ ਹੈ। ਬੱਚਿਆਂ ਨੂੰ ਜ਼ਿੰਮੇਵਾਰੀ ਸੌਂਪਣਾ ਤੇ ਅਧਿਕਾਰ ਦੇਣਾ ਮਹੱਤਵਪੂਰਨ ਹੈ ਕਿਉਂਕਿ ਇਹ ਉਨ੍ਹਾਂ ਨੂੰ ਇੱਕ ਸਮੇਂ ਸ਼ਕਤੀਸ਼ਾਲੀ ਅਤੇ ਦੇਖਭਾਲ ਕਰਨ ਦੇ ਜੀਵਨ ਭਰ ਦੇ ਹੁਨਰ ਸਿਖਾਉਂਦਾ ਹੈ। ਸੈਰੇਮਨੀ ਦੀ ਸ਼ੁਰੂਆਤ ਇੱਕ ਖਾਸ ਸਭਾ ਦੁਆਰਾ ਹੋਈ ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਦਿਵਿਆ ਗੌਤਮ ਤੇ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਿਕਰਮਜੀਤ ਸਿੰਘ ਬਾਠ ਹੁਰਾਂ ਦਾ ਸਵਾਗਤ ਸਕੂਲ ਦੇ ਸ਼ਾਨਦਾਰ ਬੈਂਡ ਦੁਆਰਾ ਕੀਤਾ ਗਿਆ। ਉਪਰੰਤ ਸਮਾਰੋਹ ਦੀ ਸ਼ੁਰੂਆਤ ਜੋਤੀ ਪ੍ਰਕਾਸ਼ ਕਰਕੇ ਕੀਤੀ ਗਈ। ਇਸ ਮੌਕੇ ਸਕੂਲ ਦੇ ਪਹਿਲੇ ਹੈੱਡ ਬੁਆਏ ਸਰਤਾਜ ਸਿੰਘ, ਹੈੱਡ ਗਰਲ ਰਮਨਦੀਪ ਕੌਰ ਅਤੇ ਸਪੋਰਟਸ ਇੰਚਾਰਜ ਰਣਵੀਰ ਸਿੰਘ ਦੀ ਚੋਣ ਕੀਤੀ ਗਈ। ਨਾਲ ਹੀ ਸਕੂਲ ਦੇ ਚਾਰ ਵੱਖ-ਵੱਖ ਹਾਊਸਾਂ ਗ੍ਰਾਹਮ ਹਾਊਸ ਦੇ ਕੈਪਟਨ ਅਸ਼ਮੀਤ ਕੌਰ, ਵਾਈਸ ਕੈਪਟਨ ਅਭਿਜੋਤ ਸਿੰਘ, ਆਇਨਸਟਾਈਨ ਹਾਊਸ ਦੇ ਕੈਪਟਨ ਰਿਸ਼ਮਰੀਤ ਸਿੰਘ, ਵਾਈਸ ਕੈਪਟਨ ਸੁਖਮਨਪ੍ਰੀਤ ਕੌਰ, ਨਿਊਟਨ ਹਾਊਸ ਦੇ ਕੈਪਟਨ ਸਿਮਰਜੀਤ ਕੌਰ, ਵਾਈਸ ਕੈਪਟਨ ਕਰਨਪ੍ਰੀਤ ਸਿੰਘ, ਡਾਰਵਿਨ ਹਾਊਸ ਦੇ ਕੈਪਟਨ ਅਰਮਾਨਦੀਪ ਸਿੰਘ, ਵਾਈਸ ਕੈਪਟਨ ਹਰਨੂਰ ਸਿੰਘ ਵੀ ਨਿਯੁਕਤ ਕੀਤੇ ਗਏ। ਸਾਬਕਾ ਹਾਊਸ ਕੈਪਟਨਾਂ ਵੱਲੋਂ ਨਵੇਂ ਚੁਣੇ ਕੈਪਟਨਾਂ ਨੂੰ ਝੰਡੇ ਸੌਂਪੇ ਗਏ। ਉਪਰੰਤ ਪ੍ਰਿੰਸੀਪਲ ਮੈਡਮ, ਚੇਅਰਮੈਨ ਬਾਠ ਅਤੇ ਹਾਊਸ ਮਾਸਟਰਾਂ ਵੱਲੋਂ ਨਵੇਂ ਨਿਯੁਕਤ ਵਿਦਿਆਰਥੀਆਂ ਨੂੰ ਬੈਜ ਅਤੇ ਸੈਸ਼ ਨਾਲ ਸਨਮਾਨਤ ਕੀਤਾ ਗਿਆ ਅਤੇ ਨਵੇਂ ਚੁਣੇ ਮੈਂਬਰਾਂ ਨੂੰ ਅਹੁਦੇ ਦੀ ਸਹੁੰ ਵੀ ਚੁਕਾਈ ਗਈ। ਪ੍ਰਿੰਸੀਪਲ ਨੇ ਨਵ ਨਿਯੁਕਤ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਅਹੁਦੇ ਦੇ ਨਾਲ ਆਪਣੇ-ਆਪ ਦੀ, ਆਪਣੇ ਸਕੂਲ ਅਤੇ ਸਾਥੀਆਂ ਪ੍ਰਤੀ ਜ਼ਿੰਮੇਵਾਰੀ ਆਉਂਦੀ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਸਾਥੀਆਂ ਅਤੇ ਜੂਨੀਅਰਾਂ ਲਈ ਰੋਲ ਮਾਡਲ ਬਣਨ ਦੀ ਸਲਾਹ ਦਿੱਤੀ। ਸਮਾਗਮ ਸਕੂਲ ਗੀਤ ਨਾਲ ਸਮਾਪਤ ਹੋਇਆ। ਇਸ ਮੌਕੇ ਸਮੂਹ ਵਿਦਿਆਰਥੀ ਤੇ ਸਟਾਫ ਮੈਂਬਰ ਹਾਜ਼ਰ ਸਨ।

# ਪਿੰਡ ਪੀਰ ਦੀ ਸੈਨ ਵਿਖੇ ਪੰਜ ਆਬ ਸੋਸ਼ਲ ਵੈੱਲਫੇਅਰ ਸੁਸਾਇਟੀ ਨੇ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਖੋਲ੍ਹਿਆ

☛ਸਿਲਾਈ ਟੀਚਰ ਨੂੰ ਹਰ ਮਹੀਨੇ ਮਿਲੇਗਾ ਚੋਖਾ ਸਨਮਾਨ-ਯੋਗ ਭੱਤਾ: ਸਰਪੰਚ ਸਿਮਰਦੀਪ ਸਿੰਘ



ਧਾਰੀਵਾਲ, 17 ਮਈ (ਅਸ਼ੋਕ ਕੁਮਾਰ): ਸਰਪੰਚ ਸਿਮਰਦੀਪ ਸਿੰਘ ਸੋਹਲ ਦੇ ਯਤਨਾਂ ਸਦਕਾ ਪੰਜ ਆਬ ਸੋਸ਼ਲ ਵੈੱਲਫੇਅਰ ਸੁਸਾਇਟੀ ਰਜਿ. ਪੰਜਾਬ ਵੱਲੋਂ ਬਲਾਕ ਧਾਰੀਵਾਲ ਦੇ ਪਿੰਡ ਪੀਰ ਦੀ ਸੈਨ ਵਿਖੇ ਮੁਫਤ ਸਿਲਾਈ ਸਿਖਲਾਈ ਸੈਂਟਰ ਖੋਲ੍ਹਿਆ ਗਿਆ। ਇਸ ਦਾ ਉਦਘਾਟਨ ਪੰਜ ਆਬ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਚੇਅਰਮੈਨ ਉਮਕਾਰ ਸਿੰਘ ਤੇ ਪ੍ਰਧਾਨ ਦਿਲਬਾਗ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਲੜਕੀਆਂ ਨੂੰ ਹੁਨਰਮੰਦ ਬਣਾ ਕੇ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇਹ ਮੁਫਤ ਸਿਲਾਈ ਸਿਖਲਾਈ ਸੈਂਟਰ ਖੋਲ੍ਹੇ ਜਾ ਰਹੇ ਹਨ, ਜਿਸ ਦੌਰਾਨ ਲੜਕੀਆਂ ਨੂੰ ਬਿਲਕੁਲ ਮੁਫਤ ਸਿਲਾਈ ਸਿਖਲਾਈ ਦਿੱਤੀ ਜਾਵੇਗੀ, ਜਦਕਿ ਸਿਲਾਈ ਟੀਚਰ ਨੂੰ ਮਹੀਨਾਵਾਰ ਸੇਵਾ-ਫਲ ਵੀ ਬੇਹਤਰ ਦਿੱਤਾ ਜਾਵੇਗਾ, ਜਿਸ ਕਰਕੇ ਸਿਲਾਈ ਟੀਚਰ ਪੂਰੀ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਬੱਚੀਆਂ ਨੂੰ ਸਿਲਾਈ ਦੀ ਸਿਖਲਾਈ ਦੇਵੇਗੀ। ਉਨ੍ਹਾਂ ਨੇ ਦੱਸਿਆ ਕਿ ਮਨਜੀਤ ਸਿੰਘ ਨਿਊਯਾਰਕ ਤੇ ਮਾਸਟਰ ਗੁਰਨਾਮ ਸਿੰਘ ਨਿਊਯਾਰਕ ਕੀਰਤ ਕਰੋ ਨਾਮ ਜਪੋ ਵੰਡ ਛੱਕੋ ਦੇ ਉਪਦੇਸ਼ ਦੇ ਚੱਲਦਿਆਂ ਆਪਣੀ ਨੇਕ ਕਮਾਈ ਦਾ ਦਸਵੰਧ ਭੇਜਦੇ ਹਨ, ਜਿਸ ਨਾਲ ਤਿੰਨ ਸਿਲਾਈ ਸੈਂਟਰਾਂ ਤੋਂ ਇਲਾਵਾ ਮਨੁੱਖਤਾ ਦੇ ਭਲੇ ਸਬੰਧੀ ਕਈ ਪ੍ਰਕਾਰ ਦੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਚੇਅਰਮੈਨ ਉਮਕਾਰ ਸਿੰਘ ਨੇ ਦੱਸਿਆ ਕਿ ਲੜਕੀਆਂ ਦਾ ਛੇ ਮਹੀਨੇ ਦਾ ਕੋਰਸ ਪੂਰਾ ਹੋਣ ਉਪਰੰਤ ਸਰਟੀਫਿਕੇਟ ਸਮੇਤ ਹਰੇਕ ਲੜਕੀ ਨੂੰ ਇੱਕ-ਇੱਕ ਸਿਲਾਈ ਮਸ਼ੀਨ ਮੁਫਤ ਦਿੱਤੀ ਜਾਵੇਗੀ। ਇਸ ਮੌਕੇ 'ਤੇ ਸਰਪੰਚ ਸਿਮਰਦੀਪ ਸਿੰਘ ਸੋਹਲ, ਪੰਚ ਪਰਮਜੀਤ ਸਿੰਘ, ਪੰਜ ਇਕਬਾਲ ਮਸੀਹ, ਪੰਜ ਜਸਵਿੰਦਰ ਕੌਰ, ਪੰਚ ਜਸਪਾਲ ਕੌਰ, ਪੰਚ ਤਰਲੋਚਨ ਸਿੰਘ, ਪਿੰਡ ਦੀਆਂ ਸਖਸ਼ੀਅਤਾਂ ਰਛਪਾਲ ਸਿੰਘ, ਸ਼ਮਸ਼ੇਰ ਸਿੰਘ, ਡਾ. ਬਲਕਾਰ ਸਿੰਘ, ਸ਼ਿਵਚਰਨ ਸਿੰਘ ਸਮੇਤ ਪਿੰਡ ਵਾਸੀਆਂ ਨੇ ਪੰਜ ਆਬ ਸੋਸ਼ਲ ਵੈੱਲਫੇਅਰ ਸੁਸਾਇਟੀ ਦਾ ਧੰਨਵਾਦ ਕਰਦਿਆ ਕਿਹਾ ਕਿ ਉਹ ਸਿਲਾਈ ਸੈਂਟਰ ਨੂੰ ਸੁਚੱਜੇ ਢੰਗ ਨਾਲ ਚਲਾਈ ਰੱਖਣ ਸਬੰਧੀ ਸਿਲਾਈ ਟੀਚਰ ਨਰਿੰਦਰ ਕੌਰ ਨੂੰ ਪੂਰਾ ਸਹਿਯੋਗ ਕਰਨਗੇ।

# ਫੀਸਾਂ 'ਚ ਵਾਧੇ ਨੂੰ ਲੈ ਕੇ ਮਾਪਿਆਂ ਨੇ ਐੱਮ.ਆਰ. ਸਕੂਲ ਪਨਾਮ ਮੂਹਰੇ ਕੀਤਾ ਰੋਸ ਪ੍ਰਗਟਾਵਾ



ਗੜ੍ਹਸ਼ੰਕਰ, 17 ਮਈ (ਅਜਮੇਰ ਸਿੰਘ ਭਨੋਟ): ਚੰਡੀਗੜ੍ਹ ਮੁੱਖ ਸੜਕ 'ਤੇ ਪੈਂਦੇ ਐੱਮ.ਆਰ. ਇੰਟਰਨੈਸ਼ਨਲ ਸਕੂਲ ਪਨਾਮ ਮੂਹਰੇ ਸਕੂਲੀ ਵਿਦਿਆਰਥੀਆਂ ਦੇ ਕੁਝ ਮਾਪਿਆਂ ਵੱਲੋਂ ਫੀਸਾਂ 'ਚ ਕੀਤੇ ਜਾ ਰਹੇ ਵਾਧੇ ਨੂੰ ਲੈ ਕੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਦੀਪਕ ਕੁਮਾਰ ਸ਼ੁੱਭ ਦੇਵੀ ਵਾਸੀ ਭਾਰਾਪੁਰ, ਸੁਰਿੰਦਰ ਸਿੰਘ ਪਿੰਡ ਦਿਆਲਾਂ, ਜਸਵਿੰਦਰ ਸਿੰਘ, ਸੋਹਣ ਸਿੰਘ ਦਿਆਲਾਂ, ਰਜਿੰਦਰ ਕੌਰ, ਕਮਲਜੀਤ ਕੌਰ, ਹਰਪ੍ਰੀਤ ਕੌਰ, ਹਰਜੀਤ ਕੌਰ, ਰਾਜਵੰਤ ਕੌਰ ਆਦਿ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਇਸ ਸਕੂਲ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਪੜ੍ਹਦੇ ਹਨ ਤੇ ਸਕੂਲ ਪ੍ਰਬੰਧਕਾਂ ਵੱਲੋਂ ਨਰਸਰੀ, ਯੂ.ਕੇ.ਜੀ. ਕਲਾਸਾਂ ਤੋਂ ਲੈ ਕੇ ਹੀ ਹਰ ਮਹੀਨੇ 8 ਪ੍ਰਤੀਸ਼ਤ ਦੇ ਹਿਸਾਬ ਨਾਲ ਫੀਸ ਵਿੱਚ ਵਾਧਾ ਕੀਤਾ ਜਾ ਰਿਹਾ ਹੈ, ਜੋ ਕਿ ਮੱਧ ਵਰਗ ਨਾਲ ਸਬੰਧਤ ਪਰਿਵਾਰਾਂ ਲਈ ਬਹੁਤ ਹੀ ਜ਼ਿਆਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਵਾਧੂ ਆਰਥਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਪਹਿਲਾਂ ਵੀ ਸਕੂਲ ਪ੍ਰਬੰਧਕਾਂ ਨਾਲ ਕਈ ਵਾਰੀ ਗੱਲਬਾਤ ਕੀਤੀ ਪਰ ਬਿਨਾਂ ਕੋਈ ਹੱਲ ਕੀਤਿਆ ਟਾਲ-ਮਟੋਲ ਕਰਕੇ ਹੀ ਡੰਗ ਟਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮਾਪਿਆਂ ਨੇ ਦੱਸਿਆ ਕਿ ਬੱਸਾਂ ਦੇ ਕਿਰਾਏ ਵਿੱਚ ਵੀ ਹਰ ਸਾਲ ਬੇਹੱਦ ਵਾਧਾ ਕੀਤਾ ਜਾਂਦਾ ਹੈ ਭਾਵੇਂ ਕਿ ਉਨ੍ਹਾਂ ਦੇ ਪਿੰਡ ਸਕੂਲ ਤੋਂ ਬਹੁਤੀ ਜ਼ਿਆਦਾ ਦੂਰ ਨਹੀਂ ਪਰ ਫਿਰ ਵੀ ਉਨ੍ਹਾਂ ਤੋਂ ਵਾਧੂ ਕਰਾਇਆ ਵਸੂਲਿਆ ਜਾ ਰਿਹਾ ਹੈ।

# ਜਨਤਾ ਮਾਡਰਨ ਸੀਨੀ. ਸੈਕੰ. ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



ਚੌਂਕ ਮਹਿਤਾ, 17 ਮਈ (ਬਲਜਿੰਦਰ ਸਿੰਘ ਰੰਧਾਵਾ): ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜਨਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ ਦਾ ਦਸਵੀਂ ਸ਼੍ਰੇਣੀ ਦਾ ਬੋਰਡ ਪ੍ਰੀਖਿਆ ਦਾ ਨਤੀਜਾ ਇਸ ਵਾਰ ਵੀ ਬਹੁਤ ਸ਼ਾਨਦਾਰ ਰਿਹਾ। ਸਕੂਲ ਵਿਦਿਆਰਥਣ ਗੁਰਕੰਵਲਪ੍ਰੀਤ ਕੌਰ ਨੇ 94 ਫੀਸਦੀ ਨੰਬਰ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸੁਨੇਹਾ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਸੁਖਮਨਪਾਲ ਸਿੰਘ ਅਤੇ ਚੇਤਨਪ੍ਰੀਤ ਸਿੰਘ ਨੇ 86 ਫੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਦੇ ਕੁੱਲ ਅਪੀਅਰ ਹੋਏ 38 ਵਿਦਿਆਥਰੀਆਂ ਵਿਚੋਂ 18 ਨੇ 80 ਤੋਂ 90 ਫੀਸਦੀ ਅੰਕ ਹਾਸਲ ਕੀਤੇ। ਬਾਕੀ ਵਿਦਿਆਰਥੀ ਵੀ 75 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕਰਨ ਵਿੱਚ ਸਫਲ ਰਹੇ। ਸਕੂਲ ਚੇਅਰਮੈਨ ਪਰਮਜੀਤ ਸਿੰਘ ਸੰਧੂ ਨੇ ਸ਼ਾਨਦਾਰ ਨਤੀਜੇ ਲਈ ਸਮੂਹ ਵਿਦਿਆਰਥੀਆਂ, ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਮੈਨੇਜਮੈਂਟ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਉਪਲੱਬਧੀ ਲਈ ਸਨਮਾਨਤ ਕਰਦਿਆਂ ਉਜਵੱਲ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਸਕੂਲ ਡਾਇਰੈਕਟਰ ਸੁਖਬੀਰ ਕੌਰ ਸੰਧੂ, ਡਾਇਰੈਕਟਰ ਡਾ.ਖ਼ੁਸ਼ਪ੍ਰੀਤ ਕੌਰ ਸੰਧੂ, ਡਾ. ਜਸਪ੍ਰੀਤ ਸਿੰਘ ਸੰਧੂ, ਸਕੂਲ ਪ੍ਰਿੰਸੀਪਲ ਸਤਵਿੰਦਰ ਕੌਰ ਰੰਧਾਵਾ, ਸਮੂਹ ਸਟਾਫ, ਵਿਦਿਆਰਥੀ ਤੇ ਮਾਪੇ ਹਾਜ਼ਰ ਸਨ।

# ਰਿਆੜਕੀ ਸੰਸਥਾ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

## ਦਸਵੀਂ ਤੇ ਬਾਰ੍ਹਵੀਂ 'ਚ ਪਹਿਲਾ ਸਥਾਨ ਹਾਸਲ ਕਰਨ ਵਾਲਿਆਂ ਨੂੰ 1100-1100 ਦੀ ਨਗਦ ਰਾਸ਼ੀ ਨਾਲ ਕੀਤਾ ਸਨਮਾਨਤ



ਕਾਹਨੂੰਵਾਨ, 17 ਮਈ (ਕੁਲਜੀਤ ਸਿੰਘ ਖੋਖਰ): ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੀ ਸਰਪ੍ਰਸਤੀ ਹੇਠ ਚੱਲ ਰਹੇ ਸੀਨੀਅਰ ਸੈਕੰਡਰੀ ਦੇ ਦਸਵੀਂ ਜਮਾਤ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਨਤੀਜਾ ਸੌ ਫੀਸਦੀ ਫਸਟ ਡਵੀਜ਼ਨਾਂ ਨਾਲ ਅਤਿ ਸ਼ਾਨਦਾਰ ਰਿਹਾ।ਜਿਸ ਵਿੱਚ 70 ਵਿਦਿਆਰਥੀ ਅਪੀਅਰ ਹੋਏ ਤੇ 70 ਹੀ ਵਿਦਿਆਰਥੀਆਂ ਨੇ ਪਹਿਲੀ ਸ਼੍ਰੇਣੀ 'ਚ ਆਪਣਾ ਨਾਮ ਦਰਜ ਕਰਵਾ ਕੇ ਆਪਣੇ ਮਾਪਿਆਂ, ਅਧਿਆਪਕਾਂ ਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਜਿਨ੍ਹਾਂ ਵਿੱਚੋਂ 5 ਵਿਦਿਆਰਥੀਆਂ ਨੇ 90% ਤੋਂ ਓੱਪਰ, 12 ਨੇ 80% ਤੋਂ ਉਪਰ, 30 ਨੇ 70% ਤੋਂ ਉਪਰ ਤੇ 23 ਵਿਦਿਆਰਥੀਆਂ ਨੇ 60% ਤੋਂ ਉਪਰ ਅੰਕ ਪ੍ਰਾਪਤ ਕੀਤੇ।ਇਸ ਮੌਕੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਵਿਸ਼ੇਸ਼ ਅਸੈਂਬਲੀ ਦੇ ਆਯੋਜਨ ਦੌਰਾਨ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਮਨਸੀਰਤ ਕੌਰ ਪੁੱਤਰੀ ਰਣਜੀਤ ਸਿੰਘ ਪਿੰਡ ਬਸਰਾਵਾਂ ਤੇ ਜਮਾਤ ਦਸਵੀਂ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਸੁਖਪ੍ਰੀਤ ਕੌਰ ਪੁੱਤਰੀ ਕਮਲਜੀਤ ਸਿੰਘ ਪਿੰਡ ਖ਼ੁਸ਼ਹਾਲਪੁਰ ਨੂੰ 1100-1100 ਰੁਪਏ ਦੀ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ, ਉਨ੍ਹਾਂ ਦੀਆਂ ਸਤਿਕਾਰਯੋਗ ਮਾਤਾਵਾਂ ਨੂੰ ਫੁਲਕਾਰੀ ਤੇ ਪਿਤਾ ਨੂੰ ਸਿਰੋਪਾਓ ਭੇਟ ਕੀਤਾ ਗਿਆ।ਵਿਦਿਆਰਥਣ ਮਨਸੀਰਤ ਕੌਰ ਦੀ ਮਾਤਾ ਨੇ ਵਿਦਿਆਰਥੀਆਂ ਨੂੰ ਸੰਬੋਧਤ ਹੁੰਦੇ ਹੋਏ ਕਿਹਾ ਕਿ ਮਾਪਿਆਂ ਦੀ ਸਭ ਤੋਂ ਵੱਡੀ ਖੁਸ਼ੀ ਆਪਣੇ ਬੱਚਿਆਂ ਦੀ ਕਾਮਯਾਬੀ ਕਾਰਨ ਮਿਲਦੀ ਹੈ, ਜਿਸ ਦਾ ਸਿਹਰਾ ਉਹ ਇਸ ਸੰਸਥਾ ਨੂੰ ਦਿੰਦੇ ਹਨ।ਸੁਖਪ੍ਰੀਤ ਕੌਰ ਦੇ ਮਾਤਾ ਪਿਤਾ ਨੇ ਵਿਦਿਆਰਥੀਆਂ ਨਾਲ ਖੁਸ਼ੀ ਸਾਂਝੀ ਕਰਦੀ ਆਖਿਆ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੀ ਬੱਚੀ ਅਜਿਹੀ ਸੰਸਥਾ 'ਚ ਪੜ੍ਹ ਰਹੀ ਹੈ। ਦਸਵੀਂ ਜਮਾਤ ਵਿੱਚੋਂ ਸੁਖਪ੍ਰੀਤ ਕੌਰ ਨੇ 91% ਅੰਕ ਪ੍ਰਾਪਤ ਕਰਕੇ ਜਮਾਤ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਆਂਚਲਪ੍ਰੀਤ ਕੌਰ ਨੇ 90.6 ਅੰਕਾਂ ਨਾਲ ਦੂਜਾ, ਅਰਪਨਦੀਪ ਕੌਰ ਨੇ 90% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਤੇ ਗੁਰਸ਼ਾਂਤ ਤੇ ਸਿਮਰਨਜੀਤ ਕੌਰ ਕੂੰਟਾਂ ਨੇ 90% ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਸਟੂਡੈਂਟ ਕਮੇਟੀ, ਪ੍ਰੋ. ਨਵਦੀਪ ਕੌਰ ਰੰਧਾਵਾ, ਪ੍ਰੋ. ਗਗਨਦੀਪ ਕੌਰ ਨਾਗਰਾ, ਮਨਪ੍ਰੀਤ ਕੌਰ ਮਠੋਲਾ, ਕਿਰਨਦੀਪ ਕੌਰ ਮੇਤਲੇ, ਕੋਮਲ ਕੌਰ ਨਾਨੋਵਾਲ ਤੇ ਜਤਿੰਦਰ ਕੌਰ ਸਲਾਹਪੁਰ ਨਾਲ ਯਾਦਗਾਰੀ ਫੋਟੋ ਖਿਚਵਾਈ

# ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਐਸੋਸੀਏਸ਼ਨ ਨੂੰ ਡਾਇਰੈਕਟਰ ਸਿੱਖਿਆ ਨੇ ਮੰਗਾਂ ਦਾ ਦਿੱਤਾ ਭਰੋਸਾ: ਡਿਗਰਾ/ਖੱਟੜਾ



ਗੁਰਦਾਸਪੁਰ, 17 ਮਈ (ਜਗੀਰ ਸਿੰਘ ਮੰਡ): ਪਿਛਲੇ ਦਿਨੀਂ ਪੰਜਾਬ ਸਿੱਖਿਆ ਵਿਭਾਗ ਮਨਿਸਟਰੀਅਲ ਐਸੋਸੀਏਸ਼ਨ ਵੱਲੋਂ ਸਿੱਖਿਆ ਵਿਭਾਗ ਸੈਕੰਡਰੀ ਗੁਰਿੰਦਰ ਸਿੰਘ ਸੋਢੀ ਨਾਲ ਮੀਟਿੰਗ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਹੋਈ। ਇਸ ਸਬੰਧੀ ਸਾਂਝੀ ਜਾਣਕਾਰੀ ਦਿੰਦੇ ਹੋਏ ਸਰਬਜੀਤ ਸਿੰਘ ਡਿਗਰਾ ਸੂਬਾ ਪ੍ਰਧਾਨ ਤੇ ਗੁਰਪ੍ਰੀਤ ਸਿੰਘ ਖਟੜਾ, ਸੂਬਾ ਜਨਰਲ ਸਕੱਤਰ ਵੱਲੋਂ ਦੱਸਿਆ ਗਿਆ ਕਿ ਸਿੱਖਿਆ ਵਿਭਾਗ ਦੇ ਡਾਇਰੈਕਟਰ ਨਾਲ ਮੰਗਾਂ ਉਪਰ ਸਬੰਧੀ ਸਹਿਮਤੀ ਬਣੀ ਹੈ ਕਿ ਜਿਹੜੇ ਸੀਨੀਅਰ ਸਹਾਇਕ 8 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਹਨ, ਉਹ ਇਸੇ ਮਹੀਨੇ ਪ੍ਰਮੋਟ ਹੋਣਗੇ, 2021 ਦੀ ਫਾਈਨਲ ਸੀਨੀਆਰਤਾ ਸੂਚੀ ਅਨੁਸਾਰ 140 ਸੀਨੀਅਰ ਸਹਾਇਕ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣਗੀਆਂ ਜੋ ਸਾਥੀ ਡੀ-ਬਾਰ ਹੋਣਗੇ ਤੁਰੰਤ ਅਗਲੇ ਸਾਥੀਆਂ ਨੂੰ ਪ੍ਰਮੋਸ਼ਨਾਂ ਦਾ ਮੌਕਾ ਮਿਲੇਗਾ, 2019 ਤੋਂ ਲੈ ਕੇ 2021 ਤੱਕ ਜਿਹੜੇ ਕਲਰਕ ਤੋਂ ਜੂਨੀਅਰ ਸਹਾਇਕ ਬਣਨ ਵਾਲੇ ਰਹਿੰਦੇ ਹਨ, ਉਨ੍ਹਾਂ ਦੇ ਕੇਸ ਘੋਖ ਕੇ ਵਿਚਾਰ ਕੀਤੀ ਜਾਵੇਗੀ, ਟਾਈਪ ਟੈਸਟ ਜ਼ਿਲ੍ਹਾ ਪੱਧਰ ਉਪਰ ਲੈਣ ਬਾਰੇ ਸਹਿਮਤੀ ਬਣੀ ਹੈ। ਇਸ ਤੋਂ ਇਲਾਵਾ 2-2 ਸਕੂਲਾਂ ਦਾ ਵਾਧੂ ਚਾਰਜ ਜਥੇਬੰਦੀ ਵੱਲੋਂ ਕਲਰਕਾਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਤੇ ਕੰਮਾਂ ਦੇ ਬੋਝ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਜਿਸ ਉਪਰੰਤ ਸਹਿਮਤੀ ਬਣੀ ਕਿ ਕਿਸੇ ਵੀ ਸੀਨੀਅਰ ਸੈਕੰਡਰੀ ਸਕੂਲ ਨੂੰ ਵਾਧੂ ਚਾਰਜ ਨਹੀਂ ਦਿੱਤਾ ਜਾਵੇਗਾ, ਹਾਈ ਸਕੂਲ ਨੂੰ ਹਾਈ ਸਕੂਲ ਦਾ ਵਾਧੂ ਚਾਰਜ ਦੇਣ ਸਬੰਧੀ ਗੱਲਬਾਤ ਹੋਈ ਪਰ ਜਥੇਬੰਦੀ ਵੱਲੋਂ ਤੱਥਾਂ ਦੇ ਆਧਾਰ ਉਪਰ ਆਪਣਾ ਪੱਖ ਰੱਖਿਆ, ਜਿਸ ਉਪਰ ਵਿਭਾਗ ਵੱਲੋਂ ਇਸ ਸਬੰਧੀ ਵਿਚਾਰ ਕਰਨ ਬਾਰੇ ਕਿਹਾ ਗਿਆ। ਨਵ-ਨਿਯੁਕਤ ਕਲਰਕਾਂ ਨੂੰ ਬਦਲੀ ਸਬੰਧੀ ਇੱਕ ਸਪੈਸ਼ਲ ਮੌਕਾ ਮਿਲੇਗਾ। ਸਾਰੇ ਜ਼ਿਲ੍ਹਿਆਂ ਦੇ ਡੀ.ਈ.ਓ. ਦਫ਼ਤਰਾਂ ਵਿਚ ਇਕ ਐੱਲ.ਏ. (ਲੀਗਲ ਸਹਾਇਕ) ਦੀ ਪੋਸਟ ਕਰਨ, ਸੁਪਰਡੈਂਟ ਦੀ ਪ੍ਰਮੋਸ਼ਨ ਲਈ ਤਜਰਬਾ 4 ਸਾਲ ਕਰਨ ਦੀ ਤਜਵੀਜ਼ ਪ੍ਰਸੋਨਲ ਵਿਭਾਗ ਵਿਚ ਵਿਚਾਰ, 2011 ਤੋਂ ਪਹਿਲਾਂ ਭਰਤੀ ਹੋਏ ਕਲਰਕ ਜੋ ਮਾਸਟਰ ਕੇਡਰ ਵਿਚ ਜਾਣਾਂ ਚਾਹੁੰਦੇ ਹਨ, ਈ.ਟੀ.ਟੀ. ਅਧਿਆਪਕਾਂ ਦੀ ਤਰਜ਼ ਉਪਰ ਉਨ੍ਹਾਂ ਨੂੰ ਵੀ ਟੈਂਟ ਦੀ ਸ਼ਰਤ ਤੋਂ ਛੋਟ ਮਿਲੇਗੀ, 1% ਪ੍ਰਮੋਸ਼ਨ ਕੋਟੇ ਸਬੰਧੀ ਵੀ ਵਿਭਾਗ ਵੱਲੋਂ ਨਵੇਂ ਰੂਲਾਂ ਵਿਚ ਸੋਧ ਸਬੰਧੀ ਕਾਰਵਾਈ ਕੀਤੀ ਜਾਵੇਗੀ। ਉਪਰੋਕਤ ਮੰਗਾਂ ਉਪਰ ਵਿਭਾਗ ਨਾਲ ਮੀਟਿੰਗ ਵਿੱਚ ਸਹਿਮਤੀ ਬਣੀ ਹੈ। ਇਨ੍ਹਾਂ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਲਈ ਜਥੇਬੰਦੀ ਵੱਲੋਂ ਪਹਿਰਾ ਦਿੱਤਾ ਜਾਵੇਗਾ।

# ਸੀ.ਐੱਚ.ਸੀ. ਵਿਖੇ ਵਿਸ਼ਵ ਹਾਈਪਰਟੈਂਨਸ਼ਨ ਡੇਅ ਮਨਾਇਆ



ਫਤਹਿਗੜ੍ਹ ਚੂੜੀਆਂ, 17 ਮਈ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਲਖਵਿੰਦਰ ਸਿੰਘ ਐੱਸ.ਐੱਮ.ਓ. ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀ.ਐੱਚ.ਸੀ. ਵਿਖੇ ਵਿਸ਼ਵ ਹਾਈਪਰਟੈਂਨਸ਼ਨ ਡੇਅ ਮਨਾਇਆ ਗਿਆ। ਇਸ ਮੌਕੇ 'ਤੇ ਡਾ. ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਜ਼ਿਆਦਾ ਬਲੱਡ ਪ੍ਰੈਸ਼ਰ ਸਿਹਤ ਲਈ ਘਾਤਕ ਹੋ ਸਕਦਾ ਹੈ, ਇਸ ਲਈ ਆਪਣੀ ਚੰਗੀ ਸਿਹਤ ਲਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ। ਇਸ ਸਾਲ ਦਾ ਥੀਮ Measure your blood pressure Accurately, Control it, live longer ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਚਾਅ ਲਈ ਆਪਣੇ ਸਰੀਰਕ ਭਾਰ ਨੂੰ ਕਾਬੂ ਰੱਖੋ, ਨਮਕ ਚੀਨੀ ਦੀ ਘੱਟ ਵਰਤੋਂ ਕਰੋ, ਤਲੀਆਂ ਚੀਜ਼ਾਂ ਤੋਂ ਪ੍ਰਹੇਜ਼ ਕਰੋ, ਸਿਗਰਟ ਤੇ ਸ਼ਰਾਬ ਦੀ ਵਰਤੋਂ ਨਾ ਕਰੋ, ਦਵਾਈ ਆਪਣੀ ਮਰਜ਼ੀ ਨਾਲ ਨਾ ਛੱਡੋ, ਅੰਧ ਵਿਸ਼ਵਾਸ਼ ਤੇ ਨੀਮ ਹਕੀਮ ਦੇ ਇਲਾਜ ਤੋਂ ਬਚੋ, ਡਾਕਟਰੀ ਸਲਾਹ ਤੇ ਇਲਾਜ ਪ੍ਰਤੀ ਅਣਗਹਿਲੀ ਨਾ ਕਰੋ। ਇਸ ਲਈ ਸਾਨੂੰ ਰੋਜ਼ਾਨਾ 30-40 ਮਿੰਟ ਸੈਰ, ਕਸਰਤ ਕਰਨੀ ਚਾਹੀਦੀ ਹੈ, ਸਕੂਟਰ/ਕਾਰ ਦੀ ਵਰਤੋਂ ਘੱਟ ਕਰੋ, ਲਿਫਟ ਦੀ ਬਜਾਏ ਪੌੜੀਆਂ ਦਾ ਪ੍ਰਯੋਗ ਕਰੋ, ਯੋਗਾ ਤੇ ਧਿਆਨ ਕਰਕੇ ਮਾਨਸਿਕ ਤਣਾਅ ਨੂੰ ਘੱਟ ਕਰੋ, ਹਰੀਆਂ ਸਬਜ਼ੀਆਂ/ਸਲਾਦ/ਫਲਾਂ ਦਾ ਸੇਵਨ ਜ਼ਿਆਦਾ ਕਰੋ, ਰੋਜ਼ਾਨਾ ਸਮੇਂ ਸਿਰ ਆਪਣੀ ਦਵਾਈ ਦਾ ਸੇਵਨ ਕਰੋ ਤੇ ਬਲੱਡ ਪ੍ਰੈਸ਼ਰ ਦੀ ਨਿਯਮਤ ਜਾਂਚ ਸਰਕਾਰੀ ਹਸਪਤਾਲ/ਡਿਸਪੈਂਸਰੀ/ਸਿਹਤ ਕੇਂਦਰ ਤੋਂ ਕਰਵਾਓ। ਇਸ ਮੌਕੇ 'ਤੇ ਜੋਗਾ ਸਿੰਘ ਬੀ.ਈ.ਈ., ਰਾਜਵਿੰਦਰ ਕੌਰ ਸੀ.ਐੱਚ.ਓ., ਦਵਿੰਦਰ ਸਿੰਘ, ਹਰਵਿੰਦਰ ਸਿੰਘ ਹੈਲਥ ਇੰਸਪੈਕਟਰ, ਅਰੁਣ ਕੁਮਾਰ, ਰਾਜੀਵ ਕੁਮਾਰ, ਰਜਿੰਦਰ ਸਿੰਘ, ਰਸ਼ਪਾਲ ਸਿੰਘ, ਗੁਰਵਿੰਦਰ ਸਿੰਘ, ਹੈਲਥ ਵਰਕਰ, ਚਰਨਜੀਤ ਸਿੰਘ, ਸਰੋਜ ਬਾਲਾ ਤੇ ਬਹੁਤ ਸਾਰੇ ਲੋਕ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਇੰਟਰਫੇਥ ਅਕੈਡਮੀ ਕੋਟਲਾ ਸਰਫ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



ਅਲੀਵਾਲ, 17 ਮਈ (ਡਾ. ਸਤਨਾਮ ਸਿੰਘ ਸੰਧੂ): ਗੁਰੂ ਤੇਗ ਬਹਾਦਰ ਇੰਟਰਫੇਥ ਅਕੈਡਮੀ ਦਾ ਦਸਵੀਂ ਜਮਾਤ ਦਾ ਨਤੀਜਾ 100% ਰਿਹਾ। ਸਾਰੇ ਹੀ ਵਿਦਿਆਰਥੀ ਪਹਿਲੀ ਪੁਜੀਸ਼ਨ ਵਿੱਚ ਪਾਸ ਹੋਏ। ਅਕੈਡਮੀ ਦੀ ਵਿਦਿਆਰਥਣ ਐਸ਼ਮੀਤ ਕੌਰ ਨੇ 84% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸੇ ਹੀ ਤਰ੍ਹਾਂ ਨਵਨੀਤ ਕੌਰ ਨੇ 76% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਸਮੇਂ ਅਕੈਡਮੀ ਦੇ ਡਾਇਰੈਕਟਰ ਤੇ ਅੰਤਰਰਾਸ਼ਟਰੀ ਵਿਦਵਾਨ ਡਾ. ਸਰਵਨ ਸਿੰਘ ਨੇ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਅਕੈਡਮੀ ਦੀ ਪ੍ਰਿੰਸੀਪਲ ਪ੍ਰਿਅੰਕਾ ਤਿਵਾੜੀ ਨੇ ਕਿਹਾ ਕਿ ਇਹ ਅਕੈਡਮੀ ਦੇ ਮਿਹਨਤੀ ਸਟਾਫ਼ ਤੇ ਵਧੀਆ ਪ੍ਰਬੰਧ ਦਾ ਸਿੱਟਾ ਹੈ। ਇਸ ਸਮੇਂ ਅਕੈਡਮੀ ਦੇ ਚੇਅਰਮੈਨ ਡਾ. ਮਨਵਿਸਮਾਦ ਸਿੰਘ (ਯੂ.ਕੇ) ਤੇ ਮੁੱਖ ਸਲਾਹਕਾਰ ਜਸਮੀਨ ਕੌਰ (ਯੂ.ਕੇ) ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਵਧਾਈ ਸੰਦੇਸ਼ ਭੇਜੇ। ਇਸ ਮੌਕੇ ਗੁਰਪ੍ਰੀਤ ਕੌਰ, ਮਧੂ, ਮਨਜੀਤ ਕੌਰ, ਜਗਦੀਪ, ਸੁਮਨ ਆਦਿ ਹਾਜ਼ਰ ਸਨ।

# ਬਾਬਾ ਬੁੱਢਾ ਸਾਹਿਬ ਮਾਡਰਨ ਸੀਨੀ. ਸੈਕੰ. ਸਕੂਲ ਉਗਰੇਵਾਲ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



ਬਟਾਲਾ, 17 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਬਾਬਾ ਬੁੱਢਾ ਸਾਹਿਬ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਉਗਰੇਵਾਲ ਦਾ ਦਸਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਜਿਵੇਂ ਕਿ ਬੀਤੇ ਦਿਨ ਦਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਤਾਂ ਸਾਰੇ ਵਿਦਿਆਰਥੀਆਂ ਵਿੱਚ ਇੱਕ ਖ਼ੁਸ਼ੀ ਦੀ ਲਹਿਰ ਸੀ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਮੈਨੇਜਮੈਂਟ ਮੁੱਖ ਪ੍ਰਬੰਧਕ ਗੁਰਪ੍ਰੀਤ ਸਿੰਘ ਤੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਅੱਜ ਸਕੂਲ ਆਏ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ। ਸਕੂਲ ਦੀ ਵਿਦਿਆਰਥਣ ਨਵਦੀਪ ਕੌਰ 95%, ਹਰਪ੍ਰੀਤ ਕੌਰ 94.6%, ਜਸਪਿੰਦਰ ਕੌਰ 94.5%, ਪਲਕਪ੍ਰੀਤ ਕੌਰ 94.2%, ਸਹਿਜਪ੍ਰੀਤ ਕੌਰ 93.3%, ਹਰਮਨਦੀਪ ਸਿੰਘ 93.7%, ਜਗਰੂਪ ਸਿੰਘ 93.4%, ਪ੍ਰਭਜੋਤ ਕੌਰ 93.1%, ਬਲਜੀਤ ਕੌਰ 92.8% ਵਿਕਰਮਜੀਤ ਸਿੰਘ 91.4%, ਗੁਰਪ੍ਰੀਤ ਕੌਰ 91.1% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਦਸਵੀਂ ਜਮਾਤ ਦੇ ਬਾਕੀ ਵਿਦਿਆਰਥੀ ਵੀ 80% ਤੋਂ ਉੱਪਰ ਅੰਕ ਲੈ ਕੇ ਪਾਸ ਹੋਏ ਹਨ। ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਾਰੇ ਸਟਾਫ ਨੂੰ ਵੀ ਵਧਾਈ ਦਿੱਤੀ ਗਈ। ਵਿਦਿਆਰਥੀਆਂ ਦਾ ਕਹਿਣਾ ਸੀ ਕਿ ਅਸੀਂ ਜੋ ਚੰਗੇ ਨੰਬਰਾਂ ਨਾਲ ਪਾਸ ਹੋਏ ਹਾਂ ਉਹ ਸਾਡੇ ਹੋਣਹਾਰ ਤੇ ਗਿਆਨਵਾਨ ਸਟਾਫ ਦੀ ਮਿਹਨਤ ਸਦਕਾ ਹੀ ਸੰਭਵ ਹੋਇਆ ਹੈ। ਵਿਦਿਆਰਥੀਆਂ ਵੱਲੋਂ ਸਾਰੇ ਸਟਾਫ ਦਾ ਧੰਨਵਾਦ ਕੀਤਾ ਗਿਆ। ਇਸ ਸ਼ੁਭ ਮੌਕੇ 'ਤੇ ਪ੍ਰਿੰਸੀਪਲ ਹਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਸਰਬਜੀਤ ਸਿੰਘ, ਪ੍ਰਭਜੀਤ ਕੌਰ ਤੇ ਰਜਵੰਤ ਕੌਰ (ਕਲਰਕ) ਹਾਜ਼ਰ ਸਨ।

# ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Akbar Khan Additional Civil Judge (Senior Division), Guruharsahai**
CNR No. PBFZD0-000562-2021
Next Date: 01.07.2025
Sukhdev Singh son of Gurbachan Lal R/o House NO. 1073, Ward No. 7 Basti Bhagwanpura Jalalabad Distt. Fazilka
Versus
Gurbachan Singh alias Gurbachan Lal
Notice to: 11. Satish Chander Son:- Vasava Ram son of Lakha Ram resident of Village Chak Mahanta Wala, Tehsil Guruharsahai, District Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 16-05-2025
**Sd/- Additional Civil Judge (Senior Division), Guruharsahai**

(U/o 5 Rule 20 CPC)
**In the Court of Hon'ble Amit Malhan Additional Principal Judge Family Court, Amritsar**
CNR No. PBAS01-000251-2024
Next Date: 03.07.2025
Arzoo
Versus
Ajay Vir Singh
Notice to: Ajay Vir Singh:- S/o Sh. Paramjit Singh R/o Village Saifabad Distt. Kapurthala Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.07.2025** at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 15-05-2025
**Sd/- Additional Principal Judge Family Court, Amritsar**

(U/o 5 Rule 20 CPC)
**In the Court of Sh. Pankaj Verma Additional Civil Judge (Senior Division), Tarn Taran**
**Next Date, Purpose of case, Orders and judgements as well as other case information is available on http://district.ecourts.gov.in**
CNR No. PBTT02-000550-2022
Next Date: 17.07.2025
Harinder Singh
Versus
Kulwinder Kaur
Notice to: Kulwinder Kaur Spouse:- Resham Singh R/o Wariyan Nave, Now at present Joshian Wala Mohalla, Ward No. 14, Patti, District Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **17.07.2025** at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 14-05-2025
**Sd/- Additional Civil Judge (Senior Division), Tarn Taran**

(U/o 5 Rule 20 CPC)
**In the Court of Ms. Surekha Rani Additional Civil Judge (Senior Division), Gurdaspur**
CNR No. PBGD02-000770-2025
Next Date: 03.07.2025
SUCC-11-2025
Babbi
Versus
General Public
Notice to: General Public General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.07.2025** at 10:00 A.M.
For details logon to https://highcourtchd.gov.in/?trs=district_notice&district=Gurdaspur
Dated, this day of 01-05-2025
**Sd/- Additional Civil Judge (Senior Division), Gurdaspur**

(U/o 5 Rule 20 CPC)
**In the Court of Sh. Neeraj Kumar Singla Civil Judge Senior Division, Muktsar**
CNR No. PBSM02-000857-2021
Next Date: 01.07.2025
CS/658/2021
State Bank of India
Versus
Ajit Singh
Suit for recovery
Notice to: Ajit Singh Son:- Baghel Singh son of Jiwan Singh Village CHak Baja Madhar, Post Office Bariwala, Tehsil and District Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 01-05-2025
**Sd/- Civil Judge Senior Division, Muktsar**

(U/o 5 Rule 20 CPC)
**In the Court of Sh. Hem Amrit Mahi Additional Civil Judge Senior Division-1, Fazilka**
CNR No. PBFZC1-000159-2022
Next Date: 04.07.2025
Vinay Kumar Setia
Versus
Emerging India Housing Corporation Pvt Ltd
Notice to: Emerging India Housing Corporation Pvt.Ltd:- having its registered and Corporate office at SCO 46-47 First Floor Sector, 9-D Chandigarh 160009 through its MD Gurpreet Singh Sidhu
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-04-2025
**Sd/- Additional Civil Judge Senior Division-1, Fazilka**

(U/o 5 Rule 20 CPC)
**In the Court of Sh. P.S. Kaleka Additional District and Sessions Judge, Hoshiarpur**
CNR No. PBHO01-000816-2022
Next Date: 07.07.2025
Mangal Singh
Versus
Major Singh
Notice to: 5. Mohinder Singh S/o Malook Singh 6. Amrik Singh S/o Udham Singh 7. Balbir Singh S/o Udham Singh 8. Jasbir Singh S/o Udham Singh All R/o Village Ibrahimpur, Tehsil Garhshankar, District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.07.2025** at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 13-05-2025
**Sd/- Additional District and Sessions Judge, Hoshiarpur**

(U/o 5 Rule 20 CPC)
**In the Court of Ms. Harsimranjit Kaur Civil Judge (Junior Division), Phillaur**
CNR No. PBJLB0-001386-2017
Next Date: 01.07.2025
Surinder Pal S/o Didar Chand R/o Rurka Kalan Patti Bulle Ki Tehsil Phillaur Distt. Jalandhar
Versus
Sukhdev Chand Etc.
Notice to: 8. Amarjit Kaur Deceased D/o Didar Singh W/o Raj Kumar R/o Kothi No. 2878 Sector 40 Chandigarh Through Legal Heir:- (a) Rakesh Kumar @ Sonu S/o Amarjit Kaur W/o Raj Kumar R/o Kothi No. 2878 Sector 40 Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.07.2025** at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 03-05-2025
**Sd/- Civil Judge (Junior Division), Phillaur**

(U/o 5 Rule 20 CPC)
**In the Court of Sh. Sham Lal Additional District and Sessions Judge, Rupnagar**
CNR No. PBRO01-001956-2024
Next Date: 10.07.2025
Execution No. 209 Dated:- 24.04.2024
Punjab Wakf Board
Versus
Sagli Ram
Notice to: Sagli Ram S/o Taru Ram Through Legal Heirs:- A) Gurmail Singh Son of Sagli Ram B) Rakesh Kumar Son of Sagli Ram C) Neelam Devi Daughter of Sagli Ram D) Shiksha Devi Daughter of Sagli Ram All Residents of Village Mehmoodpura, Tehsil Balachaur, District SBS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **10.07.2025** at 10:00 A.M.
For details logon to https://highcourtchd.gov.in/?trs=district_notice&district=Rupnagar
Dated, this day of 16-05-2025
**Sd/- Additional District and Sessions Judge, Rupnagar**

(U/o 5 Rule 20 CPC)
**In the Court of Sh. Manu Mittu Additional Civil Judge (Senior Division), Garhshankar**
CNR No. PBHOB0-000980-2024
Next Date: 09.07.2025
CIS No. EXE/82/2024
Daljeet Singh son of Sewa Singh son of Banta Singh resident of Village Rupowal Tehsil Garhshankar District Hoshiarpur and Anr Decree Holder(s)
Versus
Tara Singh son of Beant Singh resident of Village Kukkar (Near Bham) Tehsil Garhshankar at present Mahilpur (Near Baba Madhowani) Tehsil Garhshankar (now deceased) and Ors. Judgment Debtors(s)
Notice to: 1(a) Rajandeep Singh son of Tara Singh son of Beant Singh Village Kukkar (near Bham) Tehsil Garhshankar District Hoshiarpur at present resident of Mahilpur (Near Baba Madhowani) Tehsil Garhshankar 1(b) Gurbachan Kaur widow of Tara Singh son of Beant Singh Village Kukkar (near Bham) Tehsil Garhshankar District Hoshiarpur at present resident of Mahilpur (Near Baba Madhowani) Tehsil Garhshankar 1(c) Sandeep Kaur daughter of Tara Singh son of Beant Singh Village Kukkar (near Bham) Tehsil Garhshankar District Hoshiarpur at present resident of Mahilpur (Near Baba Madhowani) Tehsil Garhshankar 2. Rajandeep Singh son of Tara Singh son of Beant Singh Village Kukkar (near Bham) Tehsil Garhshankar District Hoshiarpur at present Mahilpur (Near Baba Madhowani) Tehsil Garhshankar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.07.2025** at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 09-05-2025
**Sd/- Additional Civil Judge (Senior Division), Garhshankar**

**ਦਫਤਰ ਸਬ ਰਜਿਸਟਰਾਰ, ਬਰਨਾਲਾ**
**ਪਬਲਿਕ ਨੋਟਿਸ**
**ਵਿਸ਼ਾ: ਖਾਰਜੀ ਵਸੀਅਤ ਰਜਿਸਟਰਡ ਕਰਨ ਬਾਰੇ।**
[illegible]
ਪੱਤਰ ਨੰ. 146/ਆਰ.ਸੀ.
ਮਿਤੀ 16/05/2025
ਸਬ ਰਜਿਸਟਰਾਰ ਬਰਨਾਲਾ

(U/o 5 Rule 20 CPC)
**In the Court of Sh. Gurkiran Singh Additional Civil Judge Sr. Division, Sri Anandpur Sahib**
CNR No. PBROA0-000613-2023
Next Date: 08.07.2025
Budh SIngh son of Karchan Singh Resident of Village Mussapur Tehsil Sri Anandpur Sahib District Rupnagar
Versus
Surjit Singh Son of Karchan Singh Resident of Village Mussapur Tehsil Sri Anandpur Sahib District Rupnagar
Petition u/s XXXIV Rule 5
Notice to: 4. Sunita Daughter Surjit Singh at present wife of Pawan Kumar R/o House no. 102 Palace Gali Gali No. 9 Himat Singh Nagar Ludhiana 5. Tejo daughter of Shiv Ram at present wife of Balu Ram Resident of Village Nangal Abiana Tehsil Sri Anandpur Sahib District Rupnagar 11. Manjit Kaur Daughter of Nasib kaur Daughter of Shiv Singh at present wife of Avtar Singh Resident of Village Kahanpur Khuhi (Upper) Tehsil Sri Anandpur Sahib District Rupnagar 12. Harjinder Singh son of Paras Ram son of Shiv Singh Resident of Village Mussapur Tehsil Sri Anandpur Sahib District Rupnagar 14. Rajwant Kaur Daughter of Paras Ram Son of Shiv Singh at present wife of Kuldeep Singh Resident of Village Jhaj Tehsil Sri Anandpur sahib District Rupnagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.07.2025** at 10:00 A.M.
For details logon to https://highcourtchd.gov.in/?trs=district_notice&district=Rupnagar
Dated, this day of 13-05-2025
**Sd/- Additional Civil Judge Sr. Division, Sri Anandpur Sahib**

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ : Other Cases/6/2025, ਕਿਸਮ ਕੇਸ : ਤਕਸੀਮ, ਪਿੰਡ: ਫਤਿਹਪੁਰ ਰਾਜਪੂਤਾ, ਦਾਇਰ ਮਿਤੀ : 21/2/2025, ਪੇਸ਼ੀ ਮਿਤੀ: 22.05.2025
ਅਨੁਵਾਨ:- ਸੁਖਰਾਜ ਸਿੰਘ ਬਨਾਮ ਜਵਾਹਰ ਸਿੰਘ ਆਦਿ।
ਅਖਬਾਰ ਇਸ਼ਤਿਹਾਰ ਨੋਟਿਸ
ਦਰਖਾਸਤ ਤਕਸੀਮ ਜੇਰ ਧਾਰਾ 111 ਪੰਜਾਬ ਭੋ ਮਾਲੀਆ ਐਕਟ 1887 ਬਰਾਏ ਭੂਮੀ 29 ਕਨਾਲ 09 ਮਰਲਾ ਖਸਰਾ ਨੰਬਰ 85//16 (1-9), 25(4-0), 91//5/1 (7-11), 5/2(0-9), 6(8-0), 85//24 (8-0) ਖੇਵਟ ਖਤੌਨੀ ਨੰਬਰ 403/536, 538 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ।
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉੱਤਰਵਾਦੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉੱਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉੱਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜ੍ਹਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ। ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉੱਤਰਵਾਦੀ :- 1. ਗੀਰ ਸਿੰਘ ਪੁੱਤਰ ਬਲਵੰਤ ਸਿੰਘ 2. ਜਗੀਰ ਸਿੰਘ ਪੁੱਤਰ ਬਲਵੰਤ ਸਿੰਘ 3. ਪ੍ਰੀਤਮ ਕੌਰ ਪੁੱਤਰੀ ਬਲਵੰਤ ਸਿੰਘ 4. ਅਮਰਜੀਤ ਕੌਰ ਪੁੱਤਰੀ ਬਲਵੰਤ ਸਿੰਘ 5. ਜਵਾਹਰ ਸਿੰਘ ਪੁੱਤਰ ਗੰਡਾ ਸਿੰਘ 6. ਕਿਸ਼ਨ ਸਿੰਘ ਪੁੱਤਰ ਸ਼ੇਰ ਸਿੰਘ 7. ਹਰਨਾਮ ਸਿੰਘ ਪੁੱਤਰ ਸ਼ੇਰ ਸਿੰਘ 8. ਗੁਰਮੀਤ ਸਿੰਘ ਪੁੱਤਰ ਕਿਸ਼ਨ ਸਿੰਘ 9. ਕਸ਼ਮੀਰ ਸਿੰਘ ਪੁੱਤਰ ਕਿਸ਼ਨ ਸਿੰਘ 10. ਪ੍ਰਮਿੰਦਰ ਕੌਰ ਪੁੱਤਰੀ ਪ੍ਰੀਤਮ ਸਿੰਘ 11. ਹਰਜੀਤ ਸਿੰਘ ਪੁੱਤਰ ਬੇਅੰਤ ਸਿੰਘ 12. ਜੋਗਿੰਦਰ ਸਿੰਘ ਪੁੱਤਰ ਨਰੰਜਨ ਸਿੰਘ 13. ਅਮਰਿੰਦਰ ਸਿੰਘ ਪੁੱਤਰ ਬਲਵੰਤ ਸਿੰਘ 14. ਜੋਗਿੰਦਰ ਕੌਰ ਪੁੱਤਰ ਬਲਵੰਤ ਸਿੰਘ 15. ਮਨਜੀਤ ਕੌਰ ਵਿਧਵਾ ਬਲਵਿੰਦਰ ਸਿੰਘ 16. ਨਰੇਸ਼ ਕੌਰ ਪੁੱਤਰੀ ਬਲਵੰਤ ਸਿੰਘ 17. ਸਰਬਜੋਤ ਸਿੰਘ ਪੁੱਤਰ ਸੁਰਜੀਤ ਸਿੰਘ 18. ਤਰਲੋਕ ਸਿੰਘ ਪੁੱਤਰ ਕਿਸ਼ਨ ਸਿੰਘ 19. ਕੁਲਬੀਰ ਸਿੰਘ ਪੁੱਤਰ ਕਿਸ਼ਨ ਸਿੰਘ 20. ਬਲਵਿੰਦਰ ਸਿੰਘ ਪੁੱਤਰ ਇੰਦਰ ਸਿੰਘ 21. ਸੁਖਮਿੰਦਰ ਸਿੰਘ ਪੁੱਤਰ ਇੰਦਰ ਸਿੰਘ 22.ਕੁਲਦੀਪ ਸਿੰਘ ਪੁੱਤਰ ਇੰਦਰ ਸਿੰਘ 23. ਸੋਬਤਬੀਰ ਸਿੰਘ ਪੁੱਤਰ ਸੁਰਜੀਤ ਸਿੰਘ 24. ਗੁਰਮੀਤ ਕੌਰ ਵਿਧਵਾ ਸਰਬਜੀਤ ਸਿੰਘ 25. ਮੁਖਤਾਰ ਸਿੰਘ ਪੁੱਤਰ ਦਲੀਪ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ। 26. ਕੈਨਰਾ ਬੈਂਕ ਬ੍ਰਾਂਚ ਜੰਡਿਆਲਾ ਗੁਰੂ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ। 27. ਆਈ.ਐਨ.ਜੀ. ਵਿਆਸਾ ਬੈਂਕ ਬ੍ਰਾਂਚ ਮਾਲ ਰੋਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ। 28. ਯੂਨੀਅਨ ਬੈਂਕ ਆਫ ਇੰਡੀਆ ਬ੍ਰਾਂਚ ਜੰਡਿਆਲਾ ਗੁਰੂ ਰਾਹੀ ਬ੍ਰਾਂਚ ਮੈਨੇਜਰ।
ਸਹਾਇਕ ਕੁਲੈਕਟਰ ਦਰਜਾ -1 ਅੰਮ੍ਰਿਤਸਰ

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ : Other Cases/5/2025, ਕਿਸਮ ਕੇਸ : ਤਕਸੀਮ, ਪਿੰਡ : ਫਤਿਹਪੁਰ ਰਾਜਪੂਤਾ, ਦਾਇਰ ਮਿਤੀ : 21/2/2025, ਪੇਸ਼ੀ ਮਿਤੀ : 22.05.2025
ਅਨੁਵਾਨ -ਸੁਖਰਾਜ ਸਿੰਘ ਬਨਾਮ ਮੁਖਤਿਆਰ ਸਿੰਘ
ਦਰਖਾਸਤ ਤਕਸੀਮ ਜੇਰ ਧਾਰਾ 111 ਪੰਜਾਬ ਭੋ ਮਾਲੀਆ ਐਕਟ 1887 ਬਰਾਏ ਭੂਮੀ 141 ਕਨਾਲ 06 ਮਰਲਾ ਖਸਰਾ ਨੰਬਰ 58//13 (7-5), 14(6-12),14/1(4-13), 15/2(2-18), 18/ 1(5-7), 18/2(3-7), 19/2(1-19), 20(4-18), 21/ 1(1-18),21/2(5-18) 23(7-11) 24/1(3-10), 59 //11/1 (0-4), 66//1(8-0), 2/1(6-0), 3/1(5-8), 3/2 (2-12), 4/1(2-0), 67//2/1(4-10) 2/2(2-0), 3(8-0), 5/1/1(3-11), 5/1/2(2-1), 6/2(5-2), 7(8-0), 8(8-0), 9/1 (2-0), 14-1(2-19), 57//17 (6-18), 18(6-17), 20 / 1(1-18) ਖੇਵਟ ਖਤੌਨੀ ਨੰਬਰ 226/275, 276 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ।
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉਤਰਵਾਦੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ। ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉਤਰਵਾਦੀ :- 1. ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ 2. ਸੁਰਜੀਤ ਸਿੰਘ ਪੁੱਤਰ ਦਲੀਪ ਸਿੰਘ 3. ਇੰਦਰਜੀਤ ਕੌਰ ਵਿਧਵਾ ਚੰਨਣ ਸਿੰਘ 4. ਅੰਮ੍ਰਿਤਪਾਲ ਸਿੰਘ ਪੁੱਤਰ ਚੰਨਣ ਸਿੰਘ 5. ਪਰਮਜੀਤ ਕੌਰ ਪਤਨੀ ਸੁਰਜੀਤ ਸਿੰਘ 6. ਸਰਬਜੋਤ ਸਿੰਘ ਪੁੱਤਰ ਸੁਰਜੀਤ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ 7. ਓਰੀਐਂਟਲ ਬੈਂਕ ਆਫ ਕਾਮਰਸ ਬ੍ਰਾਂਚ ਨਵਾ ਪਿੰਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ। 8. ਇਲਾਹਾਬਾਦ ਬੈਂਕ ਬ੍ਰਾਂਚ ਸੁਲਤਾਨਵਿੰਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ। 9. ਪੰਜਾਬ ਗ੍ਰਾਮੀਣ ਬੈਂਕ ਬ੍ਰਾਂਚ ਮਾਨਾਵਾਲਾ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ।
ਸਹਾਇਕ ਕੁਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ : Other Cases/4/2025, ਕਿਸਮ ਕੇਸ : ਤਕਸੀਮ, ਪਿੰਡ : ਫਤਿਹਪੁਰ ਰਾਜਪੂਤਾ, ਦਾਇਰ ਮਿਤੀ : 21/2/2025, ਪੇਸ਼ੀ ਮਿਤੀ : 22.05.2025
ਅਨੁਵਾਨ ਸੁਖਰਾਜ ਸਿੰਘ ਬਨਾਮ ਸੁਰਜੀਤ ਸਿੰਘ ਆਦਿ।
ਦਰਖਾਸਤ ਤਕਸੀਮ ਜੇਰ ਧਾਰਾ 111 ਪੰਜਾਬ ਭੋ ਮਾਲੀਆ ਐਕਟ 1887 ਬਰਾਏ ਭੂਮੀ 07 ਕਨਾਲ 11 ਮਰਲਾ ਖਸਰਾ ਨੰਬਰ 57//24 (7-11) ਖੇਵਟ ਖਤੌਨੀ ਨੰ: 408/543 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ।
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉਤਰਵਾਦੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ। ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉੱਤਰਵਾਦੀ :- 1. ਸੁਰਜੀਤ ਸਿੰਘ ਪੁੱਤਰ ਦਲੀਪ ਸਿੰਘ 2. ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ 3. ਅੰਮ੍ਰਿਤਪਾਲ ਸਿੰਘ ਪੁੱਤਰ ਚੰਨਣ ਸਿੰਘ 4. ਇੰਦਰਜੀਤ ਕੌਰ ਵਿਧਵਾ ਚੰਨਣ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ।
ਸਹਾਇਕ ਕੁਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ : Other Cases/1/2025, ਕਿਸਮ ਕੇਸ ਤਕਸੀਮ, ਪਿੰਡ : ਫਤਿਹਪੁਰ ਰਾਜਪੂਤਾ, ਦਾਇਰ ਮਿਤੀ: 21/2/2025, ਪੇਸ਼ੀ ਮਿਤੀ : 22.05.2025
ਅਨੁਵਾਨ- ਸੁਖਰਾਜ ਸਿੰਘ ਬਨਾਮ ਮੁਖਤਿਆਰ ਸਿੰਘ
ਦਰਖਾਸਤ ਤਕਸੀਮ ਜੇਰ ਧਾਰਾ 111 ਪੰਜਾਬ ਭੋ ਮਾਲੀਆ ਐਕਟ 1887 ਬਰਾਏ ਭੂਮੀ 22 ਕਨਾਲ 04 ਮਰਲਾ ਖਸਰਾ ਨੰਬਰ 57//25 (7-11), 58//22(6-13), 67//4(8-0) ਖੇਵਟ ਖਤੌਨੀ ਨੰਬਰ 407/542 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ, ਤਹਿਸੀਲ ਅੰਮ੍ਰਿਤਸਰ, ਜ਼ਿਲ੍ਹਾ ਅੰਮ੍ਰਿਤਸਰ।
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉਤਰਵਾਦੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜ੍ਹਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ। ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉੱਤਰਵਾਦੀ :- 1. ਮੁਖਤਾਰ ਸਿੰਘ ਪੁੱਤਰ ਦਲੀਪ ਸਿੰਘ 2. ਅੰਮ੍ਰਿਤਪਾਲ ਸਿੰਘ ਪੁੱਤਰ ਚੰਨਣ ਸਿੰਘ 3. ਇੰਦਰਜੀਤ ਕੌਰ ਵਿਧਵਾ ਚੰਨਣ ਸਿੰਘ 4. ਸਰਬਜੋਤ ਸਿੰਘ ਪੁੱਤਰ ਸੁਰਜੀਤ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ 5. ਪੰਜਾਬ ਗ੍ਰਾਮੀਣ ਬੈਂਕ ਬ੍ਰਾਂਚ ਮਾਨਾਵਾਲਾ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ।
ਸਹਾਇਕ ਕੁਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ : Other Cases/2/2025, ਕਿਸਮ ਕੇਸ : ਤਕਸੀਮ, ਪਿੰਡ : ਫਤਿਹਪੁਰ ਰਾਜਪੂਤਾ, ਦਾਇਰ ਮਿਤੀ : 21/2/2025, ਪੇਸ਼ੀ ਮਿਤੀ : 22.05.2025
ਅਨੁਵਾਨ -ਸੁਖਰਾਜ ਸਿੰਘ ਬਨਾਮ ਮੁਖਤਿਆਰ ਸਿੰਘ
ਦਰਖਾਸਤ ਤਕਸੀਮ ਜੇਰ ਧਾਰਾ 111 ਪੰਜਾਬ ਤੋਂ ਮਾਲੀਆ ਐਕਟ 1887 ਬਰਾਏ ਭੂਮੀ 05 ਕਨਾਲ 14 ਮਰਲਾ ਖਸਰਾ ਨੰਬਰ67/15/2 (2-18), 6/1(2-16) ਖੇਵਟ ਕਤੌਨੀ ਨੰਬਰ: 423/572 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ।
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉਤਰਵਾਦੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜ੍ਹਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ। ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉੱਤਰਵਾਦੀ :-1. ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ 2. ਸੁਰਜੀਤ ਸਿੰਘ ਪੁੱਤਰ ਦਲੀਪ ਸਿੰਘ 3. ਅੰਮ੍ਰਿਤਪਾਲ ਸਿੰਘ ਪੁੱਤਰ ਚੰਨਣ ਸਿੰਘ 4. ਇੰਦਰਜੀਤ ਕੌਰ ਵਿਧਵਾ ਚੰਨਣ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ।
ਸਹਾਇਕ ਕਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ : Other Cases/3/2025, ਕਿਸਮ ਕੇਸ : ਤਕਸੀਮ, ਪਿੰਡ : ਫਤਿਹਪੁਰ ਰਾਜਪੂਤਾ, ਦਾਇਰ ਮਿਤੀ : 21/2/2025, ਪੇਸ਼ੀ ਮਿਤੀ : 22.05.2025
ਅਨੁਵਾਨ ਸੁਖਰਾਜ ਸਿੰਘ ਬਨਾਮ ਮੁਖਤਿਆਰ ਸਿੰਘ
ਦਰਖਾਸਤ ਤਕਸੀਮ ਜੇਰ ਧਾਰਾ 111 ਪੰਜਾਬ ਭੋ ਮਾਲੀਆ ਐਕਟ 1887 ਬਰਾਏ ਭੂਮੀ 40 ਕਨਾਲ 12 ਮਰਲਾ ਖਸਰਾ ਨੰਬਰ 57//19 (8-0), 22/2(3-8), 23(7-4), 58//6(6-4), 7(10-15), 8(5-1) ਖੇਵਟ ਖਤੌਨੀ ਨੰ: 225/274 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ।
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉਤਰਵਾਦੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮੀਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜ੍ਹਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ। ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉੱਤਰਵਾਦੀ :- 1. ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ 2. ਸੁਰਜੀਤ ਸਿੰਘ ਪੁੱਤਰ ਦਲੀਪ ਸਿੰਘ 3. ਇੰਦਰਜੀਤ ਕੌਰ ਵਿਧਵਾ ਚੰਨਣ ਸਿੰਘ 4. ਅੰਮ੍ਰਿਤਪਾਲ ਸਿੰਘ ਪੁੱਤਰ ਚੰਨਣ ਸਿੰਘ 5. ਪਰਮਜੀਤ ਕੌਰ ਪਤਨੀ ਸੁਰਜੀਤ ਸਿੰਘ 6. ਸਰਬਜੋਤ ਸਿੰਘ ਪੁੱਤਰ ਸੁਰਜੀਤ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ। 7. ਓਰੀਐਂਟਲ ਬੈਂਕ ਆਫ ਕਾਮਰਸ ਬ੍ਰਾਂਚ ਨਵਾ ਪਿੰਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ। 8. ਇਲਾਹਾਬਾਦ ਬੈਂਕ ਬ੍ਰਾਂਚ ਸੁਲਤਾਨਵਿੰਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ। 9. ਪੰਜਾਬ ਗ੍ਰਾਮੀਣ ਬੈਂਕ ਬ੍ਰਾਂਚ ਮਾਨਾਵਾਲਾ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ।
ਸਹਾਇਕ ਕੁਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ

ਬਾ-ਅਦਾਲਤ ਸ੍ਰੀ ਮਨਮੋਹਨ ਕੁਮਾਰ ਤਹਿਸੀਲਦਾਰ-ਕਮ-ਸਹਾਇਕ ਕਲੈਕਟਰ ਦਰਜਾ-ਪਹਿਲਾ ਅੰਮ੍ਰਿਤਸਰ-1
ਅਖਬਾਰ ਇਸ਼ਤਿਹਾਰ ਨੋਟਿਸ
ਕੇਸ ਨੰਬਰ -Other Cases/7/2025, ਕੇਸ ਨੰਬਰ : ਤਕਸੀਮ, ਪਿੰਡ - ਫਤਿਹਪੁਰ ਰਾਜਪੂਤਾ, ਦਾਇਰ ਮਿਤੀ : 21.2.2025, ਪੇਸ਼ੀ ਮਿਤੀ- 22.5.2025
ਅਨੁਵਾਂਨ ਸੁਖਰਾਜ ਸਿੰਘ ਬਨਾਮ ਜਵਾਹਰ ਸਿੰਘ
ਦਰਖਾਸਤ ਤਕਸੀਮ ਜੇਰਧਾਰਾ 111 ਪੰਜਾਬ ਭੋ ਮਾਲੀਆ ਐਕਟ 1887 ਬਰਾਏ ਭੂਮੀ 79 ਕਨਾਲ 15 9/4(8-0), 91//4(8-0), 90/71/7(4-3), 1/2(1-16), 2(8-0), 86/13 (80) 18/2 (3-16) 90//10/2(1-4), 36/18/2 (0-4) 23/1/1 (0-18) 23/1/2(2-0), 85/17/2 (1-6), 90/9(9-0), 10/1(4-0), 12(8-0), 19(6-19), 22(2-0) ਖੇਵਟ ਖਤੌਨੀ ਨੰਬਰ 249/303, 311 ਮੁਤਾਬਿਕ ਜਮਾਬੰਦੀ ਸਾਲ 2021-22 ਹੱਦਬਸਤ ਨੰਬਰ 8 ਨੰਬਰ 254 ਵਾਕਿਆ ਰਕਬਾ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ:
ਅਖਬਾਰ/ਇਸ਼ਤਿਹਾਰ ਨੋਟਿਸ
ਉਪਰੋਕਤ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਮਿਤੀ 22.05.2025 ਲਈ ਉਤਰਰਾਜੀ ਧਿਰਾਂ ਦੀ ਹਾਜਰੀ ਲਈ ਜੇਰੇ ਸੁਣਵਾਈ ਹੈ। ਹੇਠ ਲਿਖੇ ਉਤਰਵਾਦੀ ਧਿਰਾਂ ਦੀ ਤਾਮਿਲ ਆਮ ਨੋਟਿਸ ਰਾਹੀਂ ਨਹੀਂ ਹੋ ਰਹੀ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਤਾਮੀਲ ਲਈ ਅਖਬਾਰ (ਚੜ੍ਹਦੀ ਕਲਾਂ) ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੇਸ ਦੀ ਪੈਰਵੀ ਕਰਨ ਲਈ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜਰ ਆਉਣ: ਹਾਜਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਫਿਰ ਕੋਈ ਉਜਰ ਨਹੀਂ ਸੁਣਿਆ ਜਾਵੇਗਾ।
ਉੱਤਰਵਾਦੀ:-
1. ਜਵਾਹਰ ਸਿੰਘ ਪੁੱਤਰ ਗੰਡਾ ਸਿੰਘ 2. ਗੁਰਮੀਤ ਸਿੰਘ ਪੁੱਤਰ ਕਿਸ਼ਨ ਸਿੰਘ 3. ਕਸ਼ਮੀਰ ਸਿੰਘ ਪੁੱਤਰ ਕਿਸ਼ਨ ਸਿੰਘ 4 ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ 5. ਗੁਰਬਚਨ ਕੌਰ ਪੁੱਤਰੀ ਗੁਰਨਾਮ ਸਿੰਘ 6. ਭੀਰ ਸਿੰਘ ਪੁੱਤਰ ਬਲਵੰਤ ਸਿੰਘ 7 ਜਗੀਰ ਸਿੰਘ ਪੁੱਤਰ ਬਲਵੰਤ ਸਿੰਘ 8. ਪ੍ਰੀਤਮ ਕੌਰ ਪੁੱਤਰ ਬਲਵੰਤ ਸਿੰਘ 9 ਅਮਰਜੀਤ ਕੌਰ ਪੁੱਤਰੀ ਬਲਵੰਤ ਸਿੰਘ 10. ਕਿਸ਼ਨ ਸਿੰਘ ਪੁੱਤਰ ਭਗਵਾਨ ਸਿੰਘ 11. ਪ੍ਰਮਿੰਦਰ ਕੌਰ ਪੁੱਤਰੀ ਪ੍ਰੀਤਮ ਸਿੰਘ 12. ਹਰਜੀਤ ਸਿੰਘ ਪੁੱਤਰ ਬੇਅੰਤ ਸਿੰਘ 13. ਜੋਗਿੰਦਰ ਸਿੰਘ ਪੁੱਤਰ ਨਰੰਜਨ ਸਿੰਘ 14. ਅਮਰਿੰਦਰ ਸਿੰਘ ਪੁੱਤਰ ਬਲਵੰਤ ਸਿੰਘ 15 ਜੋਗਿੰਦਰ ਕੌਰ ਪੁੱਤਰ ਬਲਵੰਤ ਸਿੰਘ 16. ਮਨਜੀਤ ਕੌਰ ਵਿਧਵਾ ਬਲਵਿੰਦਰ ਸਿੰਘ 17. ਨਵਰੇਸ਼ ਕੌਰ ਪੁੱਤਰੀ ਬਲਵੰਤ ਸਿੰਘ 18. ਸਰਬਜੋਤ ਸਿੰਘ ਪੁੱਤਰ ਸੁਰਜੀਤ ਸਿੰਘ 19. ਗੁਰਮੇਜ ਸਿੰਘ ਪੁੱਤਰ ਦਿਆਲ ਸਿੰਘ 20. ਸਖਮਿੰਦਰ ਸਿੰਘ ਪੁੱਤਰ ਇੰਦਰ ਸਿੰਘ 21. ਕੁਲਦੀਪ ਸਿੰਘ ਪੁੱਤਰ ਇੰਦਰ ਸਿੰਘ 22. ਸੰਦੀਪ ਸਿੰਘ ਪੁੱਤਰ ਬਲਕਾਰ ਸਿੰਘ 23. ਗੁਰਮੀਤ ਕੌਰ ਵਿਧਵਾ ਸਰਬਜੀਤ ਸਿੰਘ 24. ਸੋਬਤਬੀਰ ਸਿੰਘ ਪੁੱਤਰ ਸੁਰਜੀਤ ਸਿੰਘ ਸਾਰੇ ਵਾਸੀਆਨ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅੰਮ੍ਰਿਤਸਰ-1 ਜ਼ਿਲ੍ਹਾ ਅੰਮ੍ਰਿਤਸਰ। 25. ਗ੍ਰਾਮ ਪੰਚਾਇਤ ਪਿੰਡ ਫਤਿਹਪੁਰ ਰਾਜਪੂਤਾ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ। 26. ਕੈਨਰਾ ਬੈਂਕ ਬ੍ਰਾਂਚ ਜੰਡਿਆਲਾ ਗੁਰੂ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ। 27. ਆਈ.ਐਨ.ਜੀ. ਵਿਆਸਾ ਬੈਂਕ ਬ੍ਰਾਂਚ ਮਾਲ ਰੋਡ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਾਹੀ ਬ੍ਰਾਂਚ ਮੈਨੇਜਰ।
ਸਹਾਇਕ ਕਲੈਕਟਰ ਦਰਜਾ ਪਹਿਲਾ ਅੰਮ੍ਰਿਤਸਰ

## ਨਾਮ ਦੀ ਬਦਲੀ

ਮੈਂ, ਹਰਪ੍ਰੀਤ ਕੌਰ ਸੱਭਰਵਾਲ ਪਤਨੀ ਹਰਜਸਪ੍ਰੀਤ ਸਿੰਘ, ਵਾਸੀ ਮਕਾਨ ਨੰਬਰ 95, ਹੀਰਾ ਕਲੋਨੀ ਦੁਲੱਦੀ ਗੇਟ ਨਾਭਾ ਜ਼ਿਲ੍ਹਾ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਹਰਪ੍ਰੀਤ ਕੌਰ ਰੱਖ ਲਿਆ ਹੈ।

ਚੜ੍ਹਦੀਕਲਾ ਪੜ੍ਹੋ ਅਤੇ ਚੜ੍ਹਦੀਕਲਾ 'ਚ ਰਹੋ

**ਕੇਨਰਾ ਬੈਂਕ** ਭਾਰਤ ਸਰਕਾਰ ਦਾ ਅਦਾਰਾ — Canara Bank — Syndicate
**ਸ਼ਾਖਾ ਦਫਤਰ : ਬਠਿੰਡਾ ਮਾਡਲ ਟਾਊਨ**

**ਕਬਜ਼ਾ ਸੂਚਨਾ** [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਕੇਨਰਾ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਕੇਨਰਾ ਬੈਂਕ,ਬਠਿੰਡਾ ਮਾਡਲ ਟਾਊਨ ਸ਼ਾਖਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ਗਿਰਵੀਕਾਰ (ਾਂ)/ਸਹਿ ਕਰਜ਼ਦਾਰ/ ਜ਼ਾਮਨ(ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਕਮਲੇਸ਼ ਰਾਜਬਹਾਰ ਪੁੱਤਰੀ ਲੱਲਨ ਰਾਜਬਹਾਰ - ਮਾਰਫਤ ਰਾਮ ਰਤਨ ਨੰ. 5415 ਤੇਲੀਆ-ਵਾਲਾ ਮੁਹੱਲਾ ਨੇੜੇ ਗੁਰਦੁਆਰਾ, ਬਠਿੰਡਾ, ਪੰਜਾਬ, ਭਾਰਤ, 2. ਭੋਲਾ ਰਾਮ ਮਾਰਫਤ ਬੁੱਧ ਰਾਮ, ਐਮਸੀਬੀ ਜ਼ੈੱਡ-6/13240, ਗਲੀ ਨੰ. 5/6 ਜੋਬੀ ਨਗਰ। | ਵਿਕਰੀ ਡੀਡ/ਦਸਤਾਵੇਜ਼ ਨੰਬਰ 2022-23/23/1/10354 ਮਿਤੀ 05-ਦਸੰਬਰ-2022 ਨੂੰ ਸ਼੍ਰੀਮਤੀ ਕਮਲੇਸ਼ ਦੇ ਨਾਮ 'ਤੇ 100 ਵਰਗ ਗਜ਼ ਦੇ ਪਲਾਟ 'ਤੇ ਬਣਿਆ ਰਿਹਾਇਸ਼ੀ ਮਕਾਨ ਯਾਨੀ 000 ਬਿੱਘੇ 02 ਬਿਸਵਾ ਖਸਰਾ ਨੰਬਰ 4752 ਮਿਨ (0-2), ਖੇਵਟ / ਖਤੌਨੀ ਨੰਬਰ 1220/6466 ਵਿੱਚ ਸਾਲ 2012-2013 ਦੀ ਜਮ੍ਹਾਂਬੰਦੀ ਦੇ ਅਨੁਸਾਰ ਇੰਤਕਾਲ ਨੰਬਰ 77205 ਚਾਰੇ ਪਾਸੇ ਸ਼ਾਮਲ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਹੈ,ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: 25' 1" ਗਲੀ, ਪੱਛਮ: 25' 1" ਚੰਦਰ ਮੋਹਨ ਸ਼ਰਮਾ ਦਾ ਘਰ, ਉੱਤਰ: 33'-4"/ਜ਼ੈਡ ਗਲੀ, ਦੱਖਣ: 31' 7" ਪੂਜਾ ਰਾਣੀ ਪਤਨੀ ਗਿਆਨ ਚੰਦ | 13.03.2025 | 17.05.2025 | Rs. 19,69,911.00 ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ ਅਤੇ ਲਾਗਤਾਂ ਸਮੇਤ |

ਸਬ ਰਜਿਸਟਰਾਰ ਬਠਿੰਡਾ ਕੋਲ ਪੰਜੀਕ੍ਰਿਤ ਸ਼੍ਰੀਮਤੀ ਕਮਲੇਸ਼ ਰਾਜਬਹਾਰ ਸੁਪਤਨੀ ਰਾਮ ਰਤਨ ਰਾਜਬਹਾਰ ਦੇ ਨਾਮ 'ਤੇ ਵਿਕਰੀ ਡੀਡ/ਦਸਤਾਵੇਜ਼ ਨੰ. 2022-23/23/1/10354 ਮਿਤੀ 05 ਦਸੰਬਰ 2022 ਦੇ ਅਧੀਨ ਖਰੀਦੇ ਗਲੀ ਨੰ. ਜੀ-8 ਪਾਰਸ ਰਾਮ ਨਗਰ ਬਠਿੰਡਾ ਵਿਖੇ ਸਥਿਤ ਪੱਤੀ ਝੁੱਟੀ ਬਠਿੰਡਾ ਦੀ ਮਾਲ ਸੀਮਾ ਦੇ ਅੰਦਰ ਸਥਿਤ।

ਮਿਤੀ : 18.05.2025 ਸਥਾਨ: ਬਠਿੰਡਾ ਅਧਿਕਾਰਤ ਅਧਿਕਾਰੀ

**ਪੰਜਾਬ ਐਂਡ ਸਿੰਧ ਬੈਂਕ** (ਭਾਰਤ ਸਰਕਾਰ ਦਾ ਅਦਾਰਾ) **ਸ਼ਾਖਾ : ਬਦਰੁੱਖਾਂ**

**ਅੰਤਿਕਾ 4 [ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ, ਸ਼ਾਖਾ- ਬਦਰੁੱਖਾਂ (ਪੰਜਾਬ)** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਐਕਟ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13(2) ਅਤੇ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਮਿਤੀ ਨੂੰ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਮ ਅਧੀਨ ਦਰਸਾਈ ਰਕਮ ਅਤੇ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਪੰਜਾਬ ਐਂਡ ਸਿੰਧ ਬੈਂਕ, ਸ਼ਾਖਾ- ਬਦਰੁੱਖਾਂ (ਪੰਜਾਬ)** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਦਾ ਨਾਮ | ਅੱਚਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਮੈਸ. ਸੰਤ ਅਤਰ ਸਿੰਘ ਸਕ੍ਰੈਪ ਸਟੋਰ ਰਾਹੀਂ ਇਸ ਦੇ ਪ੍ਰੋਪ. ਸਵਰਗੀ ਸੋਨਾ ਰਾਮ ਪੁੱਤਰ ਸ਼੍ਰੀ ਜੈਨੀ ਰਾਮ**, ਬਰਨਾਲਾ ਮੇਨ ਰੋਡ ਦੇ ਅੰਦਰ, ਪੀ.ਐਸ.ਬੀ. ਸ਼ਾਖਾ ਨੇੜੇ, ਪਿੰਡ ਬਡਰੁੱਖਾਂ, **ਸਵਰਗੀ ਸੋਨਾ ਰਾਮ ਪੁੱਤਰ ਸ਼੍ਰੀ ਜੈਨੀ ਰਾਮ, ਸ਼੍ਰੀਮਤੀ ਸੁਰਜੀਤ ਕੌਰ ਪਤਨੀ ਸਵਰਗੀ ਸ਼੍ਰੀ ਸੋਨਾ ਰਾਮ, ਸ਼੍ਰੀ. ਰਾਮ ਸਿੰਘ ਪੁੱਤਰ ਸ਼੍ਰੀ ਮੁਖਤਿਆਰ ਸਿੰਘ, ਲੇਟ ਸ਼੍ਰੀ ਜਸਵੀਰ ਸਿੰਘ ਪੁੱਤਰ ਸਵਰਗਵਾਸੀ ਸ. ਸੋਨਾ ਰਾਮ, ਐਲਐਚ ਸ਼੍ਰੀ ਜਗਤਾਰ ਸਿੰਘ** ਪੁੱਤਰ ਸਵਰਗੀ ਸ਼੍ਰੀ ਸੋਨਾ ਰਾਮ, ਐਲਐਚ ਸ਼੍ਰੀ ਅਵਤਾਰ ਸਿੰਘ ਪੁੱਤਰ ਸਵਰਗੀ ਸ਼੍ਰੀ ਸੋਨਾ ਰਾਮ, ਸਾਰੇ ਵਾਸੀ ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ | ਸ਼੍ਰੀਮਤੀ ਸੁਰਜੀਤ ਕੌਰ ਪਤਨੀ ਸਵਰਗੀ ਸ਼੍ਰੀ. ਸੋਨਾ ਰਾਮ ਦੇ ਨਾਮ 'ਤੇ ਨੇ ਦਰਜ ਵਿਕਰੀ ਡੀਡ 1011, ਮਿਤੀ 14.07.1995 ਦੇ ਅਨੁਸਾਰ 244 ਵਰਗ ਗਜ਼ ਦੀ ਵਪਾਰਕ ਜਾਇਦਾਦ ਖਾਤਾ ਨੰਬਰ. 106/134, ਖਸਰਾ ਨੰਬਰ 99//26/3/3/2/2/2/2/ਮਿਨ0-8.2/15 ਮਾਪ 8 2/15 ਮਰਲੇ, ਬੱਸ ਸਟੈਂਡ ਦੇ ਨੇੜੇ, ਬਰਨਾਲਾ ਮੇਨ ਰੋਡ ਦੇ ਅੰਦਰ, ਪੀਐਸਬੀ ਸ਼ਾਖਾ ਦੇ ਨੇੜੇ, ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ, ਅਤੇ ਇਸਦੀ ਹੱਦ ਇਸ ਤਰ੍ਹਾਂ ਹੈ: ਉੱਤਰ: ਗਲੀ 12' ਚੌੜੀ ਬਹੀ 110', ਦੱਖਣ: ਪੀ/ਓ ਲੁਧਿਆਣਾ ਵਾਲੇ ਬਹੀ 110', ਪੂਰਬ: ਪੀ/ਓ ਯਾਦਵਿੰਦਰ ਸਿੰਘ ਹੁਣ ਪੀ/ਓ ਕਰਨੈਲ ਸਿੰਘ ਬਹੀ 19', ਪੱਛਮ: ਪੀ/ਓ ਮੇਹਰ ਸਿੰਘ ਹੁਣ ਪੀ/ਓ ਸ਼ਾਮ ਸ਼ੇਰ ਸਿੰਘ ਬਹੀ 21' | 03.08.2024 | 15.05.2025 | Rs. 5,34,128.71 (ਰੁ. ਪੰਜ ਲੱਖ ਚੌਂਤੀ ਹਜ਼ਾਰ ਇਕ ਸੌ ਅਠਾਈ ਅਤੇ ਇਕਹੱਤਰ ਪੈਸੇ ਕੇਵਲ) 30.04.2022 ਤੱਕ ਵਿਆਜ + 01.05.2022 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਫੀਸਾਂ ਸਮੇਤ |
| **ਮੈਸ. ਜਸਵੀਰ ਸ਼ਟਰਿੰਗ ਐਂਡ ਸਕ੍ਰੈਪ ਸਟੋਰ ਰਾਹੀਂ ਇਸ ਦੇ ਪ੍ਰੋਪ. ਸ਼੍ਰੀ ਜਸਵੀਰ ਸਿੰਘ ਪੁੱਤਰ ਸਵਰਗੀ ਸ਼੍ਰੀ ਸੋਨਾ ਰਾਮ**, ਨੇੜੇ ਬੱਸ ਸਟਾਪ, ਪਿੰਡ ਬਡਰੁੱਖਾਂ, **ਸ਼੍ਰੀ ਜਸਵੀਰ ਸਿੰਘ ਪੁੱਤਰ ਸਵਰਗੀ ਸ਼੍ਰੀ ਸੋਨਾ ਰਾਮ** ਵਾਸੀ ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ, **ਸ਼੍ਰੀਮਤੀ ਸੁਰਜੀਤ ਕੌਰ ਪਤਨੀ ਸਵਰਗੀ ਸ਼੍ਰੀ ਸੋਨਾ ਰਾਮ** ਵਾਸੀ ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ | 1. ਸ਼੍ਰੀਮਤੀ ਸੁਰਜੀਤ ਕੌਰ ਪਤਨੀ ਸਵਰਗੀ ਸ਼੍ਰੀ. ਸੋਨਾ ਰਾਮ ਵਾਸੀ ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ ਦੇ ਨਾਮ 'ਤੇ ਦਰਜ ਵਿਕਰੀ ਡੀਡ ਨੰਬਰ 3729 ਮਿਤੀ 13.02.2003 ਦੇ ਅਨੁਸਾਰ ਖੇਵਟ/ਖਟੋਨੀ ਨੰਬਰ 1683/2422 ਵਾਲੀ ਰਿਹਾਇਸ਼ੀ ਰਿਹਾਇਸ਼ੀ ਜਾਇਦਾਦ ਜਿਸਦੀ 104 ਵਰਗ ਗਜ਼ ਦੀ ਗਣਨਾ ਖਸਰਾ ਨੰਬਰ 281/7/ਮਿਨ/0-3.14/30 ਮੀਟਰ ਹੈ, ਜੋ ਕਿ ਪੰਜਾਬ ਐਂਡ ਸਿੰਧ ਬੈਂਕ ਦੇ ਪਿੱਛੇ, ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਸੰਗਰੂਰ ਵਿਖੇ ਸਥਿਤ ਰਿਹਾਇਸ਼ੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਅਤੇ ਇਸ ਦੀ ਹੱਦਬੰਦੀ ਇਸ ਤਰ੍ਹਾਂ ਹੈ: ਉੱਤਰ: ਪੈਸੇਜ 17' ਚੌੜਾ, ਬਹਿ 26', ਦੱਖਣ: ਯਾਦਵਿੰਦਰ ਸਿੰਘ ਬਾਹੀ 26', ਪੂਰਬ: ਜਸਵਿੰਦਰ ਬੰਤ ਕੌਰ ਬਹਿ 36', ਪੱਛਮ: ਸੋਨਾ ਰਾਮ ਬਹੀ 36'। 2.ਸ਼੍ਰੀਮਤੀ ਸੁਰਜੀਤ ਕੌਰ ਪਤਨੀ ਸਵਰਗੀ ਸ਼੍ਰੀ ਸੋਨਾ ਰਾਮ ਵਾਸੀ ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ ਵਿਖੇ ਦਰਜ ਵਿਕਰੀ ਡੀਡ ਨੰਬਰ 3730 ਮਿਤੀ 13.02.2003 ਦੇ ਅਨੁਸਾਰ ਖੇਵਟ/ਖਤੌਨੀ ਨੰ: 89/115 ਖਸਰਾ ਨੰ: 98//26/3/5/2ਮਿਨ/0-9.3/5 ਮੀਟਰ ਵਿੱਚ 288 ਵਰਗ ਗਜ਼ ਪੰਜਾਬ ਐਂਡ ਸਿੰਧ ਬੈਂਕ ਦੇ ਪਿੱਛੇ, ਬਾਜ਼ੀਗਰ ਬਸਤੀ, ਪਿੰਡ ਬਡਰੁੱਖਾਂ ਸੰਗਰੂਰ ਵਿਖੇ ਸਥਿਤ ਰਿਹਾਇਸ਼ੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਅਤੇ ਇਸ ਦੀ ਹੱਦਬੰਦੀ ਇਸ ਤਰ੍ਹਾਂ ਹੈ: ਉੱਤਰ: ਜਸਵਿੰਦਰ ਬੰਤ ਕੌਰ ਬਹਿ 72', ਦੱਖਣ: ਕਰਨੈਲ ਸਿੰਘ ਬਹੀ 72', ਪੂਰਬ: ਯਾਦਵਿੰਦਰ ਸਿੰਘ ਬਹੀ 36', ਪੱਛਮ: ਸੋਨਾ ਰਾਮ ਬਹਿ 36' | 08.06.2021 | 15.05.2025 | Rs. 13,26,005.26 (ਰੁ. ਤੇਰਾਂ ਲੱਖ ਛੱਬੀ ਹਜ਼ਾਰ ਪੰਜ ਅਤੇ ਛੱਬੀ ਪੈਸੇ ਕੇਵਲ) 30.04.2021 ਤੱਕ ਵਿਆਜ + 01.05.2021 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਫੀਸਾਂ ਸਮੇਤ |

ਮਿਤੀ : 15.05.2025 ਸਥਾਨ : ਬਦਰੁੱਖਾਂ ਅਧਿਕਾਰਤ ਅਧਿਕਾਰੀ

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਇਸ਼ਤਿਹਾਰ ਦੇਣ ਵਾਲੇ ਦੀ ਹੋਵੇਗੀ ਨਾ ਕਿ ਸਾਡਾ ਅਖਬਾਰ ਦੀ। ਸਾਡੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ। -ਇਸ਼ਤਿਹਾਰ ਮੈਨੇਜਰ

# ਅ.ਫਸਰ ਸ਼ਾਹੀ ਤੋਂ ਤੰਗ ਆ ਕੇ ਵੈਟਰਨਰੀ ਇੰਸਪੈਕਟਰਾਂ ਨੇ ਸਰਕਾਰੀ ਸਕੀਮਾਂ ਨੂੰ 'ਹੋਲਡ' ਕਰਨ ਦਾ ਕੀਤਾ ਐਲਾਨ



ਮੁਕੇਰੀਆਂ,17 ਮਈ (ਧਰਮ ਚੰਦ) ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਇੰਸਪੈਕਟਰ ਨੇ 20 ਮਈ ਤੋਂ ਵਿਭਾਗ ਦੀ ਅਫਸਰ ਸਾਹੀ ਵਿਰੁੱਧ ਜ਼ਿਲ੍ਹਾ ਪੱਧਰੀ ਧਰਨਿਆਂ ਦਾ ਐਲਾਨ ਕਰ ਦਿੱਤਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਅਤੇ ਪ੍ਰੈਸ ਸਕੱਤਰ ਗੁਰਜੀਤ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਕੀਤਾ ਉਹਨਾਂ ਕਿਹਾ ਕੀ ਵੈਟਰਨਰੀ ਇੰਸਪੈਕਟਰ ਵਿਭਾਗ ਦੀ ਰੀੜ ਦੀ ਹੱਡੀ ਸਮਝੇ ਜਾਂਦੇ ਹਨ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਜੋ ਵੀ ਪਸ਼ੂ ਪਾਲਣ ਵਿਭਾਗ ਨਾਲ ਸੰਬੰਧਿਤ ਸਕੀਮਾਂ ਜਾਰੀ ਕੀਤੀਆਂ ਜਾਂਦੀਆਂ ਹਨ,ਉਹ ਵੈਟਨਰੀ ਇੰਸਪੈਕਟਰਾਂ ਵੱਲੋਂ ਗਰਾਊਂਡ ਲੈਵਲ ਤੇ ਪਹੁੰਚਾਈਆਂ ਜਾਂਦੀਆਂ ਹਨ, ਵਿਭਾਗ ਦਾ 90% ਤੋਂ ਵੱਧ ਕੰਮ ਇਸ ਕੇਡਰ ਵੱਲੋਂ ਕੀਤਾ ਜਾਂਦਾ ਹੈ, ਪਰ ਵਿਭਾਗ ਦੀ ਅਫਸਰਸ਼ਾਹੀ ਖਾਸ ਤੌਰ ਤੇ ਡਾਇਰੈਕਟੋਰੇਟ ਵਿੱਚ ਬੈਠੇ ਅਫਸਰਾਂ ਦਾ ਰਵਈਆ ਵੈਟਨਰੀ ਇੰਸਪੈਕਟਰਾਂ ਪ੍ਰਤੀ ਸਾਫ ਨੀਅਤ ਵਾਲਾ ਨਹੀਂ ਹੈ, ਵੈਟਰਨਰੀ ਇੰਸਪੈਕਟਰਾਂ ਦੀਆਂ ਨਗੂਣੀਆਂ ਜਿਵੇਂ ਕਿ ਸੀਨੀਅਰ ਵੈਟਰਨਰੀ ਇੰਸਪੈਕਟਰਾਂ ਦੀ ਏਸੀਆਰ ਦੀ ਮੈਪਿੰਗ ਨੂੰ ਦਰੁਸਤ ਕਰਨਾ, ਸੀਨੀਅਰ ਵੈਟਰਨਰੀ ਇੰਸਪੈਕਟਰਾਂ ਦੀ ਡਿਊਟੀ ਲਿਸਟ ਨੂੰ ਸੋਧਣਾ, ਜਿਲਾ ਵੈਟਨਰੀ ਇੰਸਪੈਕਟਰਾਂ ਦੀ ਪਲੇਸ ਆਫ ਪੋਸਟਿੰਗ ਨੂੰ ਦਫਤਰ ਵਿੱਚ ਕਰਨਾ, ਜਿਹੀਆਂ ਮੰਗਾਂ ਜਿਸ ਦਾ ਸਰਕਾਰ ਉੱਪਰ ਕਿਸੇ ਤਰ੍ਹਾਂ ਦਾ ਵੀ ਵਿੱਤੀ ਬੋਝ ਨਹੀਂ ਪੈਂਦਾ ਵਿੱਚ ਵੱਡੀਆਂ ਰੁਕਾਵਟਾਂ ਖੜੀਆਂ ਕਰ ਰਹੇ ਹਨ, ਵੈਟਨਰੀ ਇੰਸਪੈਕਟਰਾਂ ਨੇ ਤੰਗ ਆ ਕੇ ਸਰਕਾਰ ਦੀਆਂ ਕਈ ਸਕੀਮਾਂ ਨੂੰ ਹੋਲਡ ਰੱਖਣ ਦਾ ਫੈਸਲਾ ਕਰ ਲਿਆ ਹੈ । ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਆਗੂਆਂ ਦੱਸਿਆ ਕਿ ਵਿਭਾਗ ਵਿੱਚ ਚੱਲ ਰਹੀ ਸਕੀਮ ਸੁਰਭੀ ਚੀਆਨ ਸਿਰੰਖਲਾ ਸਕੀਮ ਅਧੀਨ ਈ ਲੀਟ ਪਸ਼ੂਆਂ ਦੀ ਰਜਿਸਟਰੇਸ਼ਨ ਦਾ ਕੰਮ ਨੂੰ ਹੋਲਡ ਕਰ ਦਿੱਤਾ ਹੈ ਇਸ ਸਬੰਧੀ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਨੇ ਡਾਇਰੈਕਟਰ ਪਸ਼ੂ ਪਾਲਣ ਜੀ ਨੂੰ ਲਿਖਤੀ ਤੌਰ ਤੇ ਰੋਸ਼ ਦਾ ਪ੍ਰਗਟਾਵਾ ਕਰ ਦਿੱਤਾ ਹੈ, ਉਹਨਾਂ ਨੂੰ ਦੱਸਿਆ ਕਿ ਪਿਛਲੇ ਕਾਫੀ ਲੰਬੇ ਸਮੇਂ ਤੋਂ ਹਰਡ ਰਜਿਸਟਰੇਸ਼ਨ ਅਧੀਨ ਕਰਵਾਈਆਂ ਗਈਆਂ ਚੁਆਈਆਂ ਦਾ ਇਨਸੈਂਟਿਵ ਵੀ ਵੈਟਨਰੀ ਇੰਸਪੈਕਟਰ ਕੇਡਰ ਨੂੰ ਹਾਲੇ ਤੱਕ ਨਹੀਂ ਦਿੱਤਾ ਗਿਆ, ਇਸ ਕਰਕੇ ਕੇਡਰ ਵਿੱਚ ਅਫਸਰ ਸ਼ਾਹੀ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ, ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦੇ ਆਪਣੀਆਂ ਮੰਗਾਂ ਨੂੰ ਲੈ ਕੇ ਵਿਭਾਗ ਦੇ ਮਾਣਯੋਗ ਕੈਬਨਟ ਮੰਤਰੀ ਸਰਦਾਰ ਗੁਰਮੀਤ ਸਿੰਘ ਖੁਡੀਆਂ ਜੀ ਨੂੰ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਆਪਣਾ ਮੰਗ ਪੱਤਰ ਸੌਂਪ ਚੁੱਕੇ ਹਨ,ਪਰ ਵਿਭਾਗ ਦੀ ਅਫਸਰ ਸ਼ਾਹੀ ਕਰਕੇ ਇਹਨਾਂ ਮੰਗਾਂ ਤੇ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ, ਜਿਸ ਕਰਕੇ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਨੂੰ ਸਰਕਾਰੀ ਸਕੀਮਾਂ ਨੂੰ ਹੋਲਡ ਕਰਨ ਦਾ ਫੈਸਲਾ ਲੈਣ ਲਈ ਮਜਬੂਰ ਹੋਣਾ ਪਿਆ ਹੈ।ਅਗਰ ਪੰਜਾਬ ਸਰਕਾਰ ਨੇ ਸਮਾਂ ਰਹਿੰਦਿਆਂ ਵਿਭਾਗ ਦੀ ਅਫਸਰਸ਼ਾਹੀ ਨੂੰ ਨਕੇਲ ਨਾ ਪਾਈ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਦਾ ਅਕਸ਼ ਪਸ਼ੂ ਪਾਲਕਾਂ ਵਿੱਚ ਪਹਿਲੇ ਵਰਗਾ ਨਹੀਂ ਰਹੇਗਾ ਜਿਸ ਦੀ ਪੂਰੀ ਤੇ ਪੂਰੀ ਜਿੰਮੇਵਾਰੀ ਵਿਭਾਗ ਦੀ ਅਫਸਰਸ਼ਾਹੀ ਦੀ ਹੋਵੇਗੀ ।

**ਯੂਕੋ ਬੈਂਕ UCO BANK**
ਜ਼ੋਨਲ ਦਫ਼ਤਰ : ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017, ਫੋਨ : 0172-5037339, 5037340

**ਮੰਗ ਸੂਚਨਾ**
**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਸਹਿ ਕਰਜ਼ਦਾਰ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ 17.09.2020 ਨੂੰ **ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ** ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਸਹਿ ਕਰਜ਼ਦਾਰ ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਇਹ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ, ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਇਸ ਸਬੰਧੀ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ | ਸੁਰੱਖਿਅਤ ਅਸਾਸਿਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| **ਬੀਓ : ਮਿਲਰਗੰਜ ਲੁਧਿਆਣਾ** ਕਰਜ਼ਦਾਰ: ਮੈਸ ਆਰਬੀ ਸਿਕਿਓਰਿਟੀ ਸਰਵਿਸਿਜ਼ ਪ੍ਰੋਪ. ਸ਼੍ਰੀ ਰਾਹੁਲ ਭਾਕੂ, ਦਫਤਰ ਨੰਬਰ 2, ਤੀਜੀ ਮੰਜ਼ਿਲ, ਨੇਗੋ ਕੰਪਲੈਕਸ, ਪੱਖੋਵਾਲ ਰੋਡ, ਲੁਧਿਆਣਾ-141001। 2. ਸ਼੍ਰੀ ਰਾਹੁਲ ਭਾਕੂ ਪੁੱਤਰ ਸ਼੍ਰੀ ਰਮੇਸ਼ ਭਾਕੂ। ਜ਼ਾਮਨ: ਸ਼੍ਰੀਮਤੀ ਨੈਨਸੀ ਭਾਕੂ ਪਤਨੀ ਸ਼੍ਰੀ ਰਮੇਸ਼ ਕੁਮਾਰ ਭਾਕੂ, ਦੋਵੇਂ ਵਾਸੀ ਮਕਾਨ ਨੰਬਰ ਐਸ-51, ਕਾਲੜਾ ਡਿਪਾਰਟਮੈਂਟ ਸਟੋਰ ਦੇ ਨੇੜੇ, ਸਾਊਥ ਸਿਟੀ, ਅਯਾਲੀ ਖੁਰਦ, ਲੁਧਿਆਣਾ-142027। | ਘਰ ਦੀ ਜਾਇਦਾਦ ਨੰਬਰ S-51 ਦਾ ਸਾਰਾ ਹਿੱਸਾ, ਜਿਸਦਾ ਮਾਪ 140 ਵਰਗ ਗਜ਼ ਹੈ, ਖਸਰਾ ਨੰਬਰ 24//14/2, ਖਾਤਾ ਨੰਬਰ 192/200, ਸਾਲ 1999-2000 ਦੀ ਜਮਾਂਬੰਦੀ ਅਨੁਸਾਰ (ਖਾਤਾ ਨੰਬਰ 210/218, ਸਾਲ 2009-10 ਦੀ ਜਮਾਂਬੰਦੀ ਅਨੁਸਾਰ) ਪਿੰਡ ਅਯਾਲੀ ਖੁਰਦ, ਹੱਦਬਸਤ ਨੰਬਰ 153, ਸ਼ਹੀਦ ਸੁਖਦੇਵ ਸਿੰਘ ਨਗਰ, ਸਾਊਥ ਸਿਟੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, ਵਿਕਰੀ ਡੀਡ ਅਨੁਸਾਰ ਵਸੀਕਾ ਨੰਬਰ 136 ਮਿਤੀ 12.04.2006 ਨੂੰ ਸ਼੍ਰੀਮਤੀ ਨੈਨਸੀ ਭਾਕੂ ਪਤਨੀ ਸ਼੍ਰੀ ਰਮੇਸ਼ ਕੁਮਾਰ ਭਾਕੂ ਦੇ ਨਾਮ 'ਤੇ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਪਲਾਟ ਨੰ. S-52, 45'-0", ਪੱਛਮ: ਪਲਾਟ ਨੰ. S-50, 35'-6", ਉੱਤਰ: 24' ਰੋਡ 29'-10", ਦੱਖਣ: ਪਲਾਟ ਨੰ. K-50, 21'-0"। | 12.04.2025 | 13.05.2025 | Rs. 11,34,492.70 ਮਿਤੀ 13.05.2025 ਅਨੁਸਾਰ (ਸਮੇਤ 31.12.2024 ਤੱਕ ਬਣਦਾ ਵਿਆਜ) ਤੁਸੀਂ ਉਪਰੋਕਤ ਦਰਸਾਈ ਰਕਮ 'ਤੇ ਠੇਕਾ ਦਰ ਅਨੁਸਾਰ 01.01.2025 ਤੋਂ ਪ੍ਰਭਾਵਿਤ ਅਚਨਚੇਤ ਖਰਚੇ, ਫੀਸਾਂ, ਲਾਗਤਾਂ ਦੇ ਭੁਗਤਾਨ ਲਈ ਵੀ ਜੁਆਬਦੇਹ ਹੋ। |

ਉਪਰੋਕਤ ਕਰਜ਼ਦਾਰਾਂ/ਸਹਿ-ਕਰਜ਼ਦਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ, ਨਹੀਂ ਤਾਂ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਨੂੰ ਲਾਗੂ ਕਰਨ (SARFAESI) ਐਕਟ, 2002 ਦੇ ਉਪਬੰਧ ਅਨੁਸਾਰ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ, ਕਰਜ਼ਦਾਰਾਂ/ਸਹਿ-ਕਰਜ਼ਦਾਰ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਵੀ ਤਰੀਕੇ ਨਾਲ, ਬਿਨਾਂ ਕਿਸੇ ਪੂਰਵ ਸਹਿਮਤੀ ਦੇ, ਕਿਸੇ ਵੀ ਤਰੀਕੇ ਨਾਲ ਨਜਿੱਠਣ ਲਈ ਪਾਬੰਦੀਸ਼ੁਦਾ ਹਨ। ਇਹ ਨੋਟਿਸ ਬੈਂਕ ਦੇ ਕਾਨੂੰਨ ਦੇ ਕਿਸੇ ਵੀ ਹੋਰ ਲਾਗੂ ਉਪਬੰਧਾਂ ਦੇ ਤਹਿਤ ਜ਼ਰੂਰੀ ਸਮਝੇ ਜਾਣ ਵਾਲੇ ਅਜਿਹੇ ਹੋਰ ਕਾਰਜਾਂ ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦੇ ਅਧਿਕਾਰ ਦੇ ਪੱਖਪਾਤ ਤੋਂ ਬਿਨਾਂ ਹੈ।
**ਕਰਜ਼ਦਾਰ/ਸਹਿ-ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ।**

ਮਿਤੀ : 17.05.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

**ਸਟੇਟ ਬੈਂਕ ਆਫ ਇੰਡੀਆ**
ਹੋਮ ਲੋਨ ਸੈਂਟਰ ਬੀਐਸਐਨਐਲ, ਕੇਸੀ ਰੋਡ, ਬਰਨਾਲਾ

**ਮੰਗ ਸੂਚਨਾ** ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਸੂਚਨਾ (ਇਥੇ ਬਾਅਦ ਵਿਚ "ਕਾਨੂੰਨ" ਵਜੋਂ ਸੱਦਿਆ ਗਿਆ)

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ)/(ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ **ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ** ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ(ਾਂ) ਨੂੰ ਉਨ੍ਹਾਂ ਦੇ ਨਿਮਨਲਿਖਤ ਪਤਿਆਂ 'ਤੇ ਪੰਜੀਕ੍ਰਿਤ/ਸਪੀਡ ਪੋਸਟ ਦੁਆਰਾ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਇਥੇ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| **ਜੀਟੀ ਰੋਡ ਸ਼ਾਖਾ ਮੋਗਾ** 1. ਸ਼੍ਰੀਮਤੀ ਰੇਖਾ ਰਾਣੀ ਪਤਨੀ ਸ਼੍ਰੀ ਸਤੀਸ਼ ਕੁਮਾਰ (ਸ਼੍ਰੀ ਸਤੀਸ਼ ਕੁਮਾਰ ਮ੍ਰਿਤਕ ਕਰਜ਼ਦਾਰ ਦੇ ਕਾਨੂੰਨੀ ਵਾਰਸ) ਮਕਾਨ ਨੰਬਰ 399, ਵਾਰਡ ਨੰਬਰ 21, ਭੀਮ ਨਗਰ, ਮੋਗਾ, ਵਿਕਲਪਿਕ ਪਤਾ: ਸ਼੍ਰੀਮਤੀ ਰੇਖਾ ਰਾਣੀ ਪਤਨੀ ਸ਼੍ਰੀ ਸਤੀਸ਼ ਕੁਮਾਰ (ਸ਼੍ਰੀ ਸਤੀਸ਼ ਕੁਮਾਰ ਮ੍ਰਿਤਕ ਕਰਜ਼ਦਾਰ ਦੇ ਕਾਨੂੰਨੀ ਵਾਰਸ) ਮਕਾਨ ਨੰਬਰ 361, ਗਲੀ ਨੰਬਰ 3, ਨਾਮਦੇਵ ਨਗਰ, ਨੇੜੇ ਬੰਦ ਫਾਟਕ, ਮੋਗਾ, 2. ਸ਼੍ਰੀ ਰਾਹੁਲ ਪੁੱਤਰ ਸ਼੍ਰੀ ਸਤੀਸ਼ ਕੁਮਾਰ (ਸ਼੍ਰੀ ਸਤੀਸ਼ ਕੁਮਾਰ ਮ੍ਰਿਤਕ ਕਰਜ਼ਦਾਰ ਦੇ ਕਾਨੂੰਨੀ ਵਾਰਸ) ਮਕਾਨ ਨੰਬਰ 399, ਵਾਰਡ ਨੰਬਰ 21, ਭੀਮ ਨਗਰ, ਮੋਗਾ, ਵਿਕਲਪਿਕ ਪਤਾ: ਸ਼੍ਰੀ ਰਾਹੁਲ ਪੁੱਤਰ ਸ਼੍ਰੀ ਸਤੀਸ਼ ਕੁਮਾਰ (ਸ਼੍ਰੀ ਸਤੀਸ਼ ਕੁਮਾਰ ਮ੍ਰਿਤਕ ਕਰਜ਼ਦਾਰ ਦੇ ਕਾਨੂੰਨੀ ਵਾਰਸ) ਮਕਾਨ ਨੰਬਰ 361, ਗਲੀ ਨੰਬਰ 3, ਨਾਮਦੇਵ ਨਗਰ, ਨੇੜੇ ਬੰਦ ਫਾਟਕ, ਮੋਗਾ, ਅਤੇ ਸ਼੍ਰੀ ਫੂਲ ਚੰਦ ਪੁੱਤਰ ਸ਼੍ਰੀ ਪੰਚਾ ਰਾਮ ਨਿਵਾਸੀ ਮਿਊਂਸੀਪਲ ਕਲੋਨੀ ਮੋਗਾ। (ਜ਼ਾਮਨ) | 3 ਮਰਲੇ 2 ਸਰਸਾਹੀ 24 ਵਰਗ ਫੁੱਟ (900 ਵਰਗ ਫੁੱਟ) ਦੇ ਪਲਾਟ 'ਤੇ ਬਣਿਆ ਰਿਹਾਇਸ਼ੀ ਘਰ ਵਾਕੀਆ ਰਕਬਾ ਮੋਗਾ ਮਹਲਾ ਸਿੰਘ-2 ਤਹਿਸੀਲ ਮੋਗਾ ਭਾਵ 30/2961 ਹਿੱਸੇ ਵਿੱਚ 16 ਕਨਾਲ 9 ਮਰਲੇ ਖਸਰਾ ਨੰਬਰ 95//11/4/1(1-18), 96//13/3 (1-15), 96//14/2/2 (1-2), 14/3 (4-18), 15/3/2 (0-7), 15/4 (3-16), 16/1 (2-13) ਸ਼੍ਰੀ ਸਤੀਸ਼ ਕੁਮਾਰ ਪੁੱਤਰ ਸ਼੍ਰੀ ਰਾਮਜੀ ਦਾਸ ਦੇ ਨਾਮ 'ਤੇ ਟਾਈਟਲ ਡੀਡ ਨੰਬਰ 1172 ਮਿਤੀ 20.05.2002 ਅਤੇ ਪੂਰਬ:20'6" ਮਾਲਕ, ਪੱਛਮ:20'6" ਰਸਤਾ 20' ਚੌੜਾ, ਉੱਤਰ:44' ਸੁਰਜੀਤ ਕੌਰ, ਦੱਖਣ: 44' ਮਾਲਕ | 30.04.2021 | 06.05.2025 | 06.05.2025 ਨੂੰ 4,51,353.00 ਰੁਪਏ, ਭਵਿੱਖੀ ਵਿਆਜ, ਇਤਫਾਕੀਆ ਖਰਚੇ, ਲਾਗਤਾਂ, ਖਰਚੇ ਆਦਿ ਸਮੇਤ। |
| **ਏਡੀਬੀ ਸ਼ਾਖਾ ਸ਼ਾਖਾ ਮੋਗਾ** 1. ਸ਼੍ਰੀ ਕਪਲੇਸ਼ਵਰ ਮਹਿਤਾ ਪੁੱਤਰ ਸ਼੍ਰੀ ਦੁਖੀ ਮਹਿਤਾ (ਕਰਜ਼ਦਾਰ) ਮਕਾਨ ਨੰ: 911-ਏ, ਵਾਰਡ ਨੰ. 1 ਗਲੀ ਨੰ. 1, ਸੂਰਜ ਨਗਰ ਜ਼ੀਰਾ ਰੋਡ ਮੋਗਾ-142001, 2. ਸ਼੍ਰੀਮਤੀ ਅਨੀਤਾ ਦੇਵੀ ਸੁਪਤਨੀ ਸ਼੍ਰੀ ਕਪਲੇਸ਼ਵਰ ਮਹਿਤਾ (ਕਰਜ਼ਦਾਰ) ਮਕਾਨ ਨੰ: 911-ਏ, ਵਾਰਡ ਨੰ. 1, ਗਲੀ ਨੰ. 1, ਸੂਰਜ ਨਗਰ, ਜ਼ੀਰਾ ਰੋਡ, ਮੋਗਾ-142001 | ਰਿਹਾਇਸ਼ੀ ਘਰ 2 ਮਰਲਾ 4 ਸਰਸਾਹੀ 11 ਵਰਗ ਫੁੱਟ (675 ਵਰਗ ਫੁੱਟ) ਦੇ ਪਲਾਟ 'ਤੇ ਬਣਾਇਆ ਗਿਆ ਹੈ ਜੋ ਕਿ 27 ਕਨਾਲ 16 ਮਰਲਾ ਖਸਰਾ ਨੰਬਰ 4//8/2 (0-9), 11/2 (2-12), 12 (8-0), 13/1 (5-12), 18/1 (7-11), 19/1 (3-12), ਖੇਵਟ ਨੰਬਰ 1247 ਖਤੋਨੀ ਨੰਬਰ 1441 ਜਮਾਂਬੰਦੀ ਸਾਲ 2007-08 ਮੋਗਾ ਮਹਲਾ ਸਿੰਘ -2, (ਜ਼ੀਰਾ ਰੋਡ, ਸੂਰਜ ਨਗਰ ਮੋਗਾ) ਵਿਖੇ ਸਥਿਤ ਸ਼੍ਰੀਮਤੀ ਅਨੀਤਾ ਦੇਵੀ ਪਤਨੀ ਸ਼੍ਰੀ ਕਪਲੇਸ਼ਵਰ ਮਹਿਤਾ ਦੇ ਨਾਮ 'ਤੇ ਟਾਈਟਲ ਡੀਡ ਨੰਬਰ 7186 ਮਿਤੀ 16.01.2004 ਅਤੇ ਪੂਰਬੀ ਸੀਮਾ: ਸੁਰਿੰਦਰ ਸਿੰਘ, ਪੱਛਮ: ਸੜਕ/ ਗਲੀ, ਉੱਤਰ: ਮਾਲਕ, ਦੱਖਣ: ਕਾਮੀ ਦੇਵੀ | 18.09.2024 | 06.05.2025 | 06.05.2025 ਨੂੰ 10,29,184.25 ਰੁਪਏ, ਭਵਿੱਖੀ ਵਿਆਜ, ਇਤਫਾਕੀਆ ਖਰਚੇ, ਲਾਗਤਾਂ, ਖਰਚੇ ਆਦਿ ਸਮੇਤ। |
| **ਬਾਘਾ ਪੁਰਾਣਾ ਸ਼ਾਖਾ** 1. ਸ੍ਰ. ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਬਿੱਕਰ ਸਿੰਘ (ਕਰਜ਼ਦਾਰ) ਮਕਾਨ ਨੰ: 219, ਵਾਰਡ ਨੰ: 1 ਬਾਘਾ ਪੱਟੀ, ਹਰਗੋਬਿੰਦਸਰ ਰੋਡ ਬਾਘਾ ਪੁਰਾਣਾ। | ਰਿਹਾਇਸ਼ੀ ਘਰ 4 ਮਰਲੇ ਦੇ ਪਲਾਟ 'ਤੇ ਬਣਾਇਆ ਗਿਆ ਹੈ ਯਾਨੀ 5 ਕਨਾਲ 8 ਮਰਲੇ ਜ਼ਮੀਨ ਦੇ 4/108 ਹਿੱਸਾ ਖਸਰਾ ਨੰਬਰ 652 (5-8) 3) ਖੇਵਟ ਨੰਬਰ 873 ਖਤੌਨੀ ਨੰਬਰ 1364 ਜਮਾਂਬੰਦੀ 2013-14 ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਬਿੱਕਰ ਸਿੰਘ ਦੇ ਨਾਮ 'ਤੇ ਟਾਈਟਲ ਡੀਡ ਨੰਬਰ 2004 ਮਿਤੀ 13.12.2016 ਦੁਆਰਾ ਅਤੇ ਪੂਰਬ: ਜੋਗਿੰਦਰ ਸਿੰਘ ਦਾ ਘਰ, ਪੱਛਮ: ਰਸਤਾ/ ਗਲੀ, ਉੱਤਰ: ਜੋਗਿੰਦਰ ਸਿੰਘ ਦਾ ਘਰ ਦੱਖਣ: ਗੁਰਮੇਲ ਸਿੰਘ ਦਾ ਘਰ | 22.04.2025 | 06.05.2025 | 06.05.2025 ਨੂੰ 31,27,392.63 ਰੁਪਏ, ਭਵਿੱਖੀ ਵਿਆਜ, ਇਤਫਾਕੀਆ ਖਰਚੇ, ਲਾਗਤਾਂ, ਖਰਚੇ ਆਦਿ ਸਮੇਤ। |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ(ਾਂ) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।

ਮਿਤੀ : 18.05.2025 ਸਥਾਨ : ਬਰਨਾਲਾ ਅਧਿਕਾਰਤ ਅਧਿਕਾਰੀ

**ਉੱਤਰ ਰੇਲਵੇ**
**ਈ-ਨਿਵਿਦਾ ਸੂਚਨਾ**

| ਲ. ਨੰ. | ਨਿਵਿਦਾ ਨੰਬਰ | ਕੰਮ ਦਾ ਵੇਰਵਾ | ਨਿਵਿਦਾ ਖੁਲਣ ਦੀ ਮਿਤੀ/ਸਮਾਂ | ਅੰਦਾਜ਼ਨ ਲਾਗਤ ਰੁਪਏ | ਬਿਆਨਾ ਰਾਸ਼ੀ ਰੁਪਏ | ਕੰਮ ਪੂਰਾ ਕਰਨ ਦਾ ਸਮਾਂ |
|---|---|---|---|---|---|---|
| 1. | ਓਟੀ-02/ 2025-26 | ਸਿਗਨਲਿੰਗ ਵਰਕ ਇਨ ਕਨੇਕਸ਼ਨ ਵਿਤ (i) ਮੋਡੀਫਿਕੇਸ਼ਨ ਇਨ ਅਕਿਸਸਟੀਂਗ ਇਲੈਕਟ੍ਰਾਨਿਕ ਇੰਟਰਲਾਕਿੰਗ ਸਿਸਟਮ ਆਫ ਕਯੋਸਨ ਮੇਕ ਇਨ ਕਨੇਕਸ਼ਨ ਵਿਦ ਕਲੋਜਰ ਆਫ ਲੇਵਲ ਕ੍ਰਾਸਿੰਗ ਗੇਟ ਨੰਬਰ-151 ਸੀ ਐਟ ਮੰਡੀ ਗੋਵਿੰਦਗੜ੍ਹ ਸਟੇਸ਼ਨ ਆਫ ਅੰਬਾਲਾ ਡਵੀਜਨ ਇਨ ਅੰਬਾਲਾ-ਲੁਧਿਆਣਾ ਸੈਕਸ਼ਨ (ii) ਸ਼ਿਫਟਿੰਗ ਆਫ ਸਾਈਡ ਬੂਮ ਆਫ ਲੇਵਲ ਕ੍ਰਾਸਿੰਗ ਟ ਨੰਬਰ 164ਏ ਬਿਯੋਂਡ ਡੀ.ਐਫ.ਸੀ.ਸੀ. ਟ੍ਰੈਕ ਐਟ ਦੋਰਾਹਾ ਸਟੇਸ਼ਨ ਆਫ ਅੰਬਾਲਾ ਡਵੀਜਨ ਇਨ ਅੰਬਾਲਾ-ਲੁਧਿਆਣਾ ਸੈਕਸ਼ਨ। | 13.06.2025 ਨੂੰ 15:00 ਵਜੇ | ₹39,10,228/- | ₹78,200/- | 180 ਦਿਨ |
| 2. | ਓਟੀ-03/ 2025-26 | ਦਾ ਵਰਕ ਫਾਰ ਕੰਪਰੀਹੈਂਸਿਵ ਐਨੂੰਅਲ ਮੈਨਟਨਸ ਕਾਂਟਰੈਕਟ ਆਫ ਐਮ/ਐਸ ਸਟੇਟਕਾਨ ਮੇਕ ਓਵਰ ਅੰਬਾਲਾ ਡਵੀਜਨ ਫਾਰ ਥ੍ਰੀ ਈਯਰਸ। | 13.06.2025 ਨੂੰ 15:00 ਵਜੇ | ₹1,06,88,848.56 | ₹2,03,500/- | 36 ਮਹੀਨੇ |
| 3. | ਓਟੀ-04/ 2025-26 | ਦਾ ਵਰਕ ਫਾਰ ਕੰਪਰੀਹੈਂਸਿਵ ਐਨੂੰਅਲ ਮੈਨਟਨਸ ਕਾਂਟਰੈਕਟ ਆਫ ਐਮ/ਐਸ ਅਨਸਾਲਡੋ ਮੈਕ ਇੰਟਰਲਾਕਿੰਗ ਸਿਸਟਮ ਇਨਸਟਾਲ ਐਟ ਜਮਾਲਪੁਰ ਸੇਖਾ, ਉਕਲਾਨਾ, ਧਾਂਸੂ, ਬਰਵਾਲਾ ਐਂਡ ਰਾਯਪੁਰ ਹਰਿਆਣਾ ਸਟੇਸ਼ਨ ਆਫ ਅੰਬਾਲਾ ਡਵੀਜਨ ਫਾਰ ਪੀਰੀਯਡ ਆਫ ਥ੍ਰੀ ਈਯਰਸ | 13.06 2025 ਨੂੰ 15:00 ਵਜੇ | ₹97,82,098.20 | ₹1,95,700/- | 36 ਮਹੀਨੇ |
| 4. | ਓਟੀ-05/ 2025-26 | ਦਾ ਵਰਕ ਫਾਰ ਕੰਪਰੀਹੈਂਸਿਵ ਐਨੂੰਅਲ ਮੈਨਟਨਸ ਕਾਂਟਰੈਕਟ ਆਫ ਐਮ/ਐਸ ਕਯੋਸਨ ਮੈਕ ਇੰਟਰਲਾਕਿੰਗ ਸਿਸਟਮ ਐਟ ਇੰਸਟਾਲ ਦੋਰਾਹਾ ਐਂਡ ਗੋਵਿੰਦਗੜ੍ਹ ਸਟੇਸ਼ਨ ਆਫ ਅੰਬਾਲਾ ਡਵੀਜਨ ਫਾਰ ਪੀਰੀਅਡ ਆਫ ਥ੍ਰੀ ਈਯਰਸ। | 13.06.2025 ਨੂੰ 15:00 ਵਜੇ | ₹62,96,864.40 | ₹1,25,900/- | 36 ਮਹੀਨੇ |

ਨੋਟ : - 1. ਸੀਨੀ. ਮੰਡਲ ਸਿਗ0 ਅਤੇ ਟੈਲੀ. ਇੰਜੀ./ਉ.ਰੇ., ਡੀ.ਆਰ.ਐਮ. ਆਫਿਸ, ਰੇਲ ਬਿਹਾਰ, ਅੰਬਾਲਾ ਛਾਉਣੀ ਦੇ ਦੁਆਰਾ ਇਛੁਕ ਟੈਂਡਰਕਾਰਾਂ ਤੋਂ ਉਪਰੋਕਤ ਸੰਧਰਭਿਤ ਕੰਮਾਂ ਲਈ ਖੁਲੀ ਦਰਸਾਈ ਗਈ ਮਿਤੀ ਅਨੁਸਾਰ 15:00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਾਂ ਦੇ ਦੁਆਰਾ ਸਾਰੇ ਜਰੂਰੀ ਦਸਤਾਵੇਜ਼ ਦੀ ਸਕੈਨ ਪ੍ਰਤੀਲਿਪੀ ਅਪਲੋਡ ਕਰੋ। 2. ਟੈਂਡਰ ਡਾਕੂਮੈਂਟਸ ਤੇ ਟੈਂਡਰ ਸੂਚਨਾ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 3.ਟੈਂਡਰਕਾਰਾਂ ਨੂੰ ਈ-ਟੈਂਡਰਿੰਗ ਵਿਚ ਭਾਗ ਲੈਣ ਦੇ ਲਈ ਉਨ੍ਹਾਂ ਦੇ ਕਲਾਸ-III ਡਿਜੀਟਲ ਸਿਗਨੇਚਰ ਸਰਟੀਫਿਕੇਟ ਹੋਣਾ ਚਾਹੀਦੀ ਅਤੇ ਉਨ੍ਹਾਂ ਉਪਰੋਕਤ ਸਾਈਟ ਤੇ ਰਜਿਸਟਰਡ ਹੋਣਾ ਜਰੂਰੀ ਹੈ। ਟੈਂਡਰਕਾਰਾਂ ਨੂੰ ਨਿਵੇਦਨ ਹੈ ਕਿ ਟੈਂਡਰ ਨੋਟਿਸ ਅਤੇ ਟੈਂਡਰ ਡਾਕੂਮੈਂਟਸ ਵਿਚ ਦਿਤੀਆਂ ਹਿਦਾਇਤਾਂ/ਸ਼ਰਤਾਂ ਆਦਿ ਨੂੰ ਟੈਂਡਰ ਪਾਉਣ ਦੀ ਚੰਗੀ ਤਰ੍ਹਾਂ ਪੜ੍ਹ ਲੈਣ।
ਨੰਬਰ: ਐਸ.ਡਬਲਯੂ./ਸਿਗ/ਅੰਬਾਲਾ/ਐਨ.ਆਈ.ਟੀ.-02/2025-26 ਮਿਤੀ: 16.05.2025 1453/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



# ਚੀਨ ਦੀ ਰਣਨੀਤਕ ਕੂਟਨੀਤੀ ਨੂੰ ਸਮਝੇ ਭਾਰਤ



ਦਰਬਾਰਾ ਸਿੰਘ ਕਾਹਲੋਂ
+1 2898292929

ਬਾਈ ਅਪ੍ਰੈਲ 2025 ਨੂੰ ਪਹਿਲਗਾਮ (ਕਸ਼ਮੀਰ) ਵਿਖੇ 5 ਅੱਤਵਾਦੀਆਂ ਦੁਆਰਾ 26 ਭਾਰਤੀਆਂ ਦਾ ਧਾਰਮਿਕ ਪਛਾਣ ਪੁੱਛ ਕੇ ਕਤਲ ਕਰਨਾ ਕੌਮਾਂਤਰੀ ਅੱਤਵਾਦੀ ਸਾਜ਼ਿਸ਼ ਸੀ ਜਿਸ ਨੂੰ ਉਕਸਾਉਣ ਤੇ ਅਮਲ ਕਰਨ ਪਿੱਛੇ ਕੌਮਾਂਤਰੀ ਅੱਤਵਾਦੀ, ਅੱਤਵਾਦ ਹਮਾਇਤੀ ਅਤੇ ਅੱਤਵਾਦ ਨੂੰ ਹੱਲਾਸ਼ੇਰੀ ਦੇਣ ਵਾਲੇ ਸੰਗਠਨਾਂ ਅਤੇ ਦੇਸ਼ਾਂ ਦਾ ਹੱਥ ਸੀ। ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਭਾਰਤ ਦੌਰੇ 'ਤੇ ਸੀ। ਭਾਰਤ ਵੱਲੋਂ ਕੂਟਨੀਤਕ ਕਦਮ ਚੁੱਕਣ, ਪਾਬੰਦੀਆਂ ਲਾਉਣ ਦੇ ਪ੍ਰਤੀਕਰਮ ਵਜੋਂ ਅੱਤਵਾਦ ਦੇ ਖ਼ਾਤਮੇ 'ਚ ਸਹਿਯੋਗ ਦੇ ਉਲਟ ਪਾਕਿਸਤਾਨ ਨੇ ਜੰਗਬਾਜ਼ ਨੀਤੀ ਅਧੀਨ ਉਲਟ ਕੂਟਨੀਤਕ ਅਤੇ ਪਾਬੰਦੀਆਂ ਭਰੇ ਕਦਮ ਚੁੱਕੇ। ਇਹ ਮੌਕਾ ਸੀ ਕਿ ਵਿਸ਼ਵ ਬਰਾਦਰੀ ਤੇ ਅਮਰੀਕਾ ਦੋਹਾਂ ਦੇਸ਼ਾਂ ਵਿਚ ਸ਼ਾਂਤੀ ਲਈ ਅੱਗੇ ਆਉਂਦੇ। ਭਾਰਤ ਤੇ ਪਾਕਿ ਦਰਮਿਆਨ ਜੰਗ ਛਿੜਨ 'ਤੇ ਉਪ ਰਾਸ਼ਟਰਪਤੀ ਜੇਡੀ ਵੈਂਸ, ਜਿਸ ਦੀ ਭਾਰਤ ਯਾਤਰਾ ਸਮੇਂ ਇਹ ਘਿਨੌਣੀ ਘਟਨਾ ਵਾਪਰੀ ਸੀ, ਨੇ ਇਸ ਤੋਂ ਪੱਲਾ ਝਾੜਦਿਆਂ ਇਸ ਨੂੰ ਦੋਹਾਂ ਦਾ ਮਸਲਾ ਕਰਾਰ ਦਿੱਤਾ। ਇਹੀ ਰਾਸ਼ਟਰਪਤੀ ਟਰੰਪ ਨੇ ਕਿਹਾ ਸੀ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਇਹ ਪਹਿਲੀ 4 ਰੋਜ਼ਾ ਜੰਗ ਸੀ ਜਿਸ 'ਚ ਅਤਿ-ਆਧੁਨਿਕ ਤਕਨੀਕ ਲਗਪਗ 125 ਲੜਾਕੂ ਹਵਾਈ ਜਹਾਜ਼ਾਂ, ਗਾਈਡਿਡ ਮਿਜ਼ਾਈਲਾਂ, ਡ੍ਰੋਨਾਂ ਆਦਿ ਨੇ ਭਾਗ ਲਿਆ। ਅੱਤਵਾਦ ਦੇ ਪਿਤਾਮਾ ਪਾਕਿਸਤਾਨ ਨਾਲ ਤੁਰਕੀ, ਅਜ਼ਰਬਾਈਜਾਨ ਤੇ ਚੀਨ ਖੜ੍ਹੇ ਨਜ਼ਰ ਆਏ। ਬਾਅਦ 'ਚ ਅਮਰੀਕਾ ਆ ਰਲਿਆ। ਜਿੱਥੇ ਚੀਨ ਦੇ ਜੇ-10 ਸੀ ਹਵਾਈ ਜਹਾਜ਼ 'ਚ ਫਿੱਟ ਚੀਨੀ ਪੀਐੱਲ 15 ਈ ਮਿਜ਼ਾਈਲ ਨੇ ਭਾਰਤੀ ਫਰਾਂਸੀਸੀ ਰਾਫੇਲ ਲੜਾਕੂ ਜਹਾਜ਼ ਦੀ ਲਛਮਣ ਰੇਖਾ ਦਾ ਚੀਰ ਹਰਨ ਕਰਨ 'ਚ ਸਫਲਤਾ ਹਾਸਲ ਕੀਤੀ, ਉੱਥੇ ਭਾਰਤ ਨੇ 9 ਅੱਤਵਾਦੀ ਟਿਕਾਣਿਆਂ, ਕਈ ਫ਼ੌਜੀ ਟਿਕਾਣਿਆਂ ਤੇ ਹਵਾਈ ਅੱਡਿਆਂ ਨੂੰ ਨੇਸਤੋ-ਨਾਬੂਦ ਕਰ ਦਿੱਤਾ। ਪਾਕਿਸਤਾਨ ਅਮਰੀਕਾ ਅੱਗੇ ਜੰਗਬੰਦੀ ਲਈ ਉਦੋਂ ਗਿੜਗਿੜਾਇਆ ਜਦੋਂ ਇਸਲਾਮਾਬਾਦ ਨੇੜੇ ਪਰਮਾਣੂ ਬੰਬ ਰੱਖ-ਰਖਾਅ ਸਥਾਨ ਨੇੜੇ ਨੂਰਖਾਨ ਹਵਾਈ ਅੱਡੇ ਨੂੰ ਭਾਰਤੀ ਮਿਜ਼ਾਈਲਾਂ ਨੇ ਬਰਬਾਦੀ ਭਰੇ ਨਿਸ਼ਾਨੇ 'ਤੇ ਲਿਆ। ਉਪ ਰਾਸ਼ਟਰਪਤੀ ਵੈਂਸ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਜੰਗਬੰਦੀ ਲਈ ਜ਼ੋਰ ਪਾਇਆ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਅਤਿ ਸੰਕਟ ਸਮੇਂ ਨੈਸ਼ਨਲ ਕਮਾਂਡ ਅਥਾਰਟੀ ਦੀ ਮੀਟਿੰਗ ਸੱਦਣੀ ਪਈ। ਅਮਰੀਕੀ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸਲਾਹਕਾਰ ਮਾਰਕੋ ਰੂਬੀਓ ਹਰਕਤ ਵਿਚ ਆਏ। ਜੰਗਬੰਦੀ ਦੀ ਪਹਿਲ ਡੀਜੀਐੱਮਓ ਪਾਕਿਸਤਾਨ ਵੱਲੋਂ ਪਹਿਲਾਂ 12:30 ਅਤੇ ਫਿਰ 3.35 ਵਜੇ ਬਾਅਦ ਦੁਪਹਿਰ ਆਈ। ਦਸ ਮਈ, ਸ਼ਾਮ 6 ਵਜੇ ਭਾਰਤੀ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਜੰਗਬੰਦੀ ਦਾ ਖ਼ੁਲਾਸਾ ਕੀਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਢੇ 5 ਵਜੇ ਇਸ ਜੰਗਬੰਦੀ ਦਾ ਐਲਾਨ ਕਰ ਦਿੱਤਾ ਸੀ। ਇਸ ਜੰਗ ਵਿਚ ਇਕ ਵੀ ਦੇਸ਼ ਭਾਰਤ ਦੀ ਪਿੱਠ 'ਤੇ ਨਹੀ ਆਇਆ। ਇਹ ਜੰਗ 'ਅੱਤਵਾਦ' ਵਿਰੁੱਧ ਸੀ ਨਾ ਕਿ ਪਾਕਿਸਤਾਨ ਵਿਰੁੱਧ। ਇਸ ਜੰਗ ਦੌਰਾਨ ਅਮਰੀਕਾ ਤੇ ਚੀਨ ਦਰਮਿਆਨ ਜੈਨੇਵਾ ਵਿਖੇ 'ਵਪਾਰ ਜੰਗ' ਉੱਤੇ ਵਿਰਾਮ ਲੱਗਾ। ਟਰੰਪ ਨੇ 90 ਦਿਨਾਂ ਲਈ ਟੈਰਿਫ ਮੁਲਤਵੀ ਕਰ ਦਿੱਤਾ ਤੇ 145 ਪ੍ਰਤੀਸ਼ਤ ਤੋਂ ਗੋਡਿਆਂ ਭਰਨੇ ਹੁੰਦੇ ਨੇ 30 ਪ੍ਰਤੀਸ਼ਤ ਐਲਾਨਿਆ ਜਦਕਿ ਚੀਨ ਨੇ 10 ਪ੍ਰਤੀਸ਼ਤ। ਭਾਰਤ ਨੂੰ ਪੱਛਮੀ, ਅਮਰੀਕੀ ਜਾਂ ਰੂਸੀ ਹਥਿਆਰਾਂ, ਆਧੁਨਿਕ ਲੜਾਕੂ ਜਹਾਜ਼ਾਂ ਅਤੇ ਮਿਜ਼ਾਇਲਾਂ 'ਤੇ ਨਿਰਭਰ ਰਹਿਣ ਦੀ ਥਾਂ ਚੀਨ ਵਾਂਗ ਸਵਦੇਸ਼ੀ ਤਕਨੀਕੀ ਵਿਗਿਆਨ ਵਿਕਸਤ ਕਰ ਕੇ ਆਪਣੇ ਆਧੁਨਿਕ ਹਥਿਆਰਾਂ ਦਾ ਉਤਪਾਦਨ ਕਰਨਾ ਚਾਹੀਦਾ ਹੈ। ਚੀਨ ਨੇ ਸੰਨ 1979 ਵਿਚ ਵੀਅਤਨਾਮ ਨਾਲ ਜੰਗ ਤੋਂ ਬਾਅਦ ਸਿੱਧੀਆਂ ਜੰਗਾਂ ਤੋਂ ਤੌਬਾ ਕੀਤੀ। ਰੂਸੀ ਸਰਹੱਦਾਂ 'ਤੇ ਸ਼ਾਂਤੀ ਪੈਦਾ ਕੀਤੀ। ਭਾਰਤ ਨਾਲ ਵੀ ਸਿੱਧੇ ਟਕਰਾਅ ਤੋਂ ਟਾਲਾ ਵੱਟੀ ਰੱਖਿਆ। ਤਾਇਵਾਨ ਵਿਚ ਵੀ ਪੱਛਮ ਨਾਲ ਸਿੱਧੇ ਟਕਰਾਅ ਤੋਂ ਬਚਣ ਦੇ ਯਤਨ ਜਾਰੀ ਰੱਖ ਰਿਹਾ ਹੈ। ਉਹ ਸਿੱਧਾ ਆਪਣੀ ਤਰੱਕੀ, ਖੋਜ, ਵਿਕਾਸ, ਸਵੈ-ਨਿਰਭਰਤਾ ਪ੍ਰਤੀ ਕੇਂਦਰਿਤ ਹੈ। ਅਮਰੀਕਾ ਉਸ ਨੂੰ ਰੂਸ ਨੂੰ ਯੂਕਰੇਨ ਨਾਲ ਜੰਗ ਵਿਚ ਫਸਾਉਣ ਵਾਂਗ ਕਿਸੇ ਜੰਗ ਵਿਚ ਫਸਾਉਣ ਤੋਂ ਨਾਕਾਮ ਰਿਹਾ। ਚੀਨ ਇਕ ਤਾਕਤਵਰ ਮੁਕਾਬਲੇਬਾਜ਼, ਏਕਾਧਿਕਾਰਵਾਦੀ ਤੇ ਪ੍ਰਸਾਰਵਾਦੀ ਮਹਾ-ਸ਼ਕਤੀ ਵਜੋਂ ਉੱਭਰਦਾ ਇਕ ਨਵੀ ਵਿਸ਼ਵ ਵਿਵਸਥਾ ਨੂੰ ਆਕਾਰ ਦੇਣ ਦਾ ਯਤਨ ਕਰ ਰਿਹਾ ਹੈ। ਅਮਰੀਕਾ ਇਸ ਸਮੇਂ ਆਪਣੀ ਆਰਥਿਕ, ਉਤਪਾਦਕ ਤੇ ਵਪਾਰਕ ਖੜੋਤ ਨੂੰ ਛੁਪਾਉਣ ਲਈ ਟੈਰਿਫ ਵਿਵਸਥਾ ਦੇ ਢੋਲ ਵਜਾ ਰਿਹਾ ਹੈ। ਅਮਰੀਕਾ ਆਪਣੀ ਫ਼ੌਜੀ ਸ਼ਕਤੀ ਦੇ ਬਲਬੂਤੇ ਵਿਸ਼ਵ ਦੇ ਹਰ ਖਿੱਤੇ ਵਿਚ ਗਲੋਬਲ ਸਰਦਾਰੀ ਕਾਇਮ ਰੱਖਣ ਲਈ ਦਖ਼ਲਅੰਦਾਜ਼ੀ ਕਰਦਾ ਹੈ। ਲੇਕਿਨ ਚੀਨ ਤਰੱਕੀ ਅਤੇ ਵਿਕਾਸ ਵੱਲ ਤੁਰਿਆ ਸੰਨ 2013 ਤੋਂ ਬੈਲਟ ਐਂਡ ਰੋਡ ਪ੍ਰਾਜੈਕਟ ਰਾਹੀ ਏਸ਼ੀਆ, ਅਫ਼ਰੀਕਾ ਤੇ ਯੂਰਪ ਵਿਚ ਇਕ ਟ੍ਰਿਲੀਅਨ ਡਾਲਰ ਨਿਵੇਸ਼ ਕਰਨ ਵਿਚ ਰੁੱਝਾ ਹੋਇਆ ਹੈ। ਦੇਸ਼ ਵਿਚ ਉਸ ਨੇ ਪੂਰੇ ਵਿਸ਼ਵ ਵੱਲੋਂ ਕੁੱਲ ਵਿਛਾਈ ਰੇਲ ਨਾਲੋਂ ਵੱਧ ਤੇਜ਼ ਗਤੀ 25000 ਮੀਲ ਰੇਲ ਪਟੜੀ ਵਿਛਾਈ ਹੈ। ਅਮਰੀਕਾ ਨੇ ਆਪਣੇ ਜਰਜਰ ਮੁੱਢਲੇ ਢਾਂਚੇ ਦੀ ਉਸਾਰੀ ਲਈ ਰੱਖੇ 1.2 ਟ੍ਰਿਲੀਅਨ ਡਾਲਰਾਂ ਵਿੱਚੋਂ ਅਜੇ ਤੰਦ ਵੀ ਨਹੀ ਕੱਤੀ। ਉਸ ਦੇ 43000 ਪੁਲ ਬੁਰੀ ਹਾਲਤ 'ਚ ਹਨ। ਔਰਤਾਂ ਦੀ ਸਿਹਤ, ਜਣੇਪੇ ਦੌਰਾਨ ਵਿਕਸਤ ਦੇਸ਼ਾਂ ਨਾਲੋਂ ਔਸਤਨ ਵੱਧ ਔਰਤਾਂ ਮਰ ਰਹੀਆਂ ਹਨ। ਲੰਬੀ ਉਮਰ ਦਰ ਘਟ ਰਹੀ ਹੈ। ਦੂਸਰੇ ਪਾਸੇ ਚੀਨ ਵਿਚ ਲੋਕਾਂ ਦੀ ਉਮਰ ਦਰ ਵਿਚ ਵਾਧਾ ਹੋ ਰਿਹਾ ਹੈ। ਸੰਨ 2003 ਵਿਚ ਅਮਰੀਕਾ ਨੇ ਇਰਾਕ 'ਤੇ ਮਾਰੂ ਤੇ ਕੈਮੀਕਲ ਹਥਿਆਰਾਂ ਦੇ ਜ਼ਖੀਰੇ ਹੋਣ ਦੇ ਝੂਠੇ ਦੋਸ਼ ਘੜ ਕੇ ਸੱਦਾਮ ਹੁਸੈਨ ਸ਼ਾਸਨ 'ਤੇ ਹੱਲਾ ਬੋਲਿਆ। ਦੋ ਟ੍ਰਿਲੀਅਨ ਡਾਲਰ ਖ਼ਰਚ ਕੇ ਸਿਵਾਏ ਉਸ ਦੇਸ਼ ਦੇ ਲੋਕਾਂ ਦੀ ਮੌਤ, ਆਰਥਿਕ ਬਰਬਾਦੀ ਤੇ ਬਿਮਾਰੀ ਤੋਂ ਬਿਨਾਂ ਕੁਝ ਨਾ ਖੱਟਿਆ। ਸੰਨ 2001 ਵਿਚ 9/11 ਦੀ ਘਟਨਾ ਤੋਂ ਬਾਅਦ ਅਫ਼ਗਾਨਿਸਤਾਨ ਵਿਚ ਨਾਟੋ ਦੇਸ਼ਾਂ ਸਮੇਤ 130000 ਫ਼ੌਜੀ ਉਤਾਰਨ ਤੇ 2.3 ਟ੍ਰਿਲੀਅਨ ਖ਼ਰਚਣ ਦੇ ਬਾਵਜੂਦ ਬੁਰੀ ਤਰ੍ਹਾਂ ਅਸਫਲ ਹੋ ਕੇ ਭੱਜਾ। ਸੰਨ 2022 ਵਿਚ ਅਮਰੀਕੀ ਮਿਲਟਰੀ ਖ਼ਰਚਾ 877 ਬਿਲੀਅਨ ਸੀ ਜੋ ਲਾਗਲੇ 10 ਦੇਸ਼ਾਂ ਦੇ ਕੁੱਲ ਫ਼ੌਜੀ ਖ਼ਰਚੇ ਤੋਂ ਵੱਧ ਸੀ। ਚੀਨ ਗਲੋਬਲ ਪੱਧਰ ਦਾ ਦੂਸਰਾ ਦੇਸ਼ ਹੈ ਜੋ ਫ਼ੌਜੀ ਬਜਟ ਲਈ 292 ਬਿਲੀਅਨ ਰੱਖਦਾ ਹੈ। ਭਾਵੇਂ ਅਮਰੀਕਾ ਸਭ ਤੋਂ ਵੱਧ ਹਥਿਆਰ ਬਣਾਉਂਦਾ ਹੈ ਤੇ 318.7 ਬਿਲੀਅਨ ਡਾਲਰ ਦੇ ਨਿਰਯਾਤ ਕਰਦਾ ਹੈ ਪਰ ਉਸ ਦਾ ਸਿਹਤ, ਰੇਲ ਅਤੇ ਸਿੱਖਿਆ ਸਿਸਟਮ ਵਿਸ਼ਵ ਦੇ ਪਹਿਲੇ 10 ਦੇਸ਼ਾਂ ਵਿਚ ਸ਼ੁਮਾਰ ਨਹੀ ਹੁੰਦਾ। ਭਾਰਤ ਲਈ ਸਮਝਣ ਵਾਲੀ ਗੱਲ ਇਹ ਹੈ ਕਿ ਇਸ ਨੂੰ ਪਾਕਿਸਤਾਨ ਤੇ ਚੀਨ ਨਾਲ ਜੰਗਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਅਮਰੀਕਾ ਵਿਸ਼ਵ ਸਰਦਾਰੀ, ਸਰਬਉੱਚਤਾ, ਦੂਸਰੇ ਰਾਸ਼ਟਰਾਂ ਵਿਚ ਦਖ਼ਲ (ਜਿਵੇਂ ਹੁਣ ਭਾਰਤ ਤੇ ਕਸ਼ਮੀਰ ਮਸਲੇ 'ਤੇ) ਭੰਨ-ਤੋੜ, ਜਾਸੂਸੀ, ਤਖਤਾ ਪਲਟਣ (ਬਾਇਡਨ ਕਾਲ ਵਿਚ ਬੰਗਲਾਦੇਸ਼ ਵਿਚ ਸ਼ੇਖ ਹਸੀਨਾ ਸਰਕਾਰ ਦਾ) ਘਟਨਾਵਾਂ ਵਿਚ ਸ਼ਾਮਲ ਰਹਿਣ ਕਰ ਕੇ ਆਪਣੇ ਸਕੂਲ, ਕਾਲਜ, ਯੂਨੀਵਰਸਿਟੀਆਂ, ਹਸਪਤਾਲ, ਸੜਕਾਂ, ਪੁਲ, ਟੂਰਿਜ਼ਮ ਬਰਬਾਦ ਕਰਨ ਵੱਲ ਵਧ ਰਿਹਾ ਹੈ। ਦੂਸਰੇ ਪਾਸੇ ਚੀਨ ਵਿਚਾਰਧਾਰਕ ਤੇ ਹਕੀਕੀ ਤੌਰ 'ਤੇ ਉਸਾਰੀ ਵੱਲ ਵਧਦਾ ਹੋਇਆ ਅਮਰੀਕਾ ਨੂੰ ਮਾਤ ਦੇਣ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਅਮਰੀਕੀ ਕੁੱਲ ਨਿਰਯਾਤ 4.83 ਦੇ ਮੁਕਾਬਲੇ ਚੀਨ 3.58 ਟ੍ਰਿਲੀਅਨ ਡਾਲਰ ਤੱਕ ਪੁੱਜ ਚੁੱਕਾ ਹੈ। ਅਮਰੀਕੀ ਕੁੱਲ ਜੀਡੀਪੀ 27 ਟ੍ਰਿਲੀਅਨ ਦੇ ਮੁਕਾਬਲੇ ਚੀਨ 20 ਟ੍ਰਿਲੀਅਨ ਡਾਲਰ ਤੱਕ ਪੁੱਜ ਚੁੱਕਾ ਹੈ। ਭਾਰਤ ਕਾਫ਼ੀ ਦੂਰ ਲਗਪਗ 4 ਟ੍ਰਿਲੀਅਨ ਡਾਲਰ 'ਤੇ ਖੜ੍ਹਾ ਹੈ। ਭਾਰਤ ਇਕ ਵੱਖ-ਵੱਖ ਧਰਮਾਂ, ਜਾਤਾਂ, ਮਜ਼ਹਬਾਂ, ਭਾਸ਼ਾਵਾਂ, ਖੇਤਰਾਂ, ਵਿਚਾਰਧਾਰਾਵਾਂ ਵਾਲਾ ਦੇਸ਼ ਹੈ। ਇਸ ਦੀ ਤਰੱਕੀ ਤੇ ਖੁਸ਼ਹਾਲੀ 'ਚ ਕੱਟੜਵਾਦੀ ਧਾਰਮਿਕ, ਜਾਤੀਵਾਦੀ ਤੇ ਖੇਤਰੀ ਨਫ਼ਰਤ ਲਈ ਕੋਈ ਥਾਂ ਨਹੀ ਹੈ। ਧਾਰਮਿਕ ਸਹਿਣਸ਼ੀਲਤਾ, ਸਰਬ-ਸਾਂਝੀਵਾਲਤਾ ਤੇ ਰਾਸ਼ਟਰੀ ਏਕੇ ਰਾਹੀ ਜੰਗਾਂ ਤੇ ਜੰਗਬਾਜ਼ਾਂ ਤੋਂ ਦੂਰ ਰਹਿ ਕੇ ਸਿੱਖਿਆ, ਤਕਨੀਕੀ, ਵਿਗਿਆਨਕ ਤੇ ਮਨੁੱਖੀ ਸਰੋਤਾਂ ਦੇ ਵਿਕਾਸ ਰਾਹੀ ਹਕੀਕੀ ਰੂਪ ਵਿਚ ਵਿਸ਼ਵ ਗੁਰੂ ਦਾ ਲਕਬ ਪ੍ਰਾਪਤ ਕਰਨਾ ਚਾਹੀਦਾ ਹੈ।



# ਆਈ.ਐੱਮ.ਐੱਫ. ਵੱਲੋਂ ਪਾਕਿ ਨੂੰ ਹੁਣ ਭਾਰੀ ਕਰਜ਼ਾ ਦੇਣਾ ਵੱਡੇ ਸਵਾਲ ਕਰਦੈ ਖੜ੍ਹੇ



ਰਾਹੁਲ ਸ਼ਰਮਾ

ਭਾਰਤ-ਪਾਕਿਸਤਾਨ ਵਿਚਾਲੇ ਹਾਲੀਆ ਫ਼ੌਜੀ ਟਕਰਾਅ ਦੌਰਾਨ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈਐੱਮਐੱਫ) ਦੇ ਕਾਰਜਕਾਰੀ ਬੋਰਡ ਨੇ ਪਾਕਿਸਤਾਨ ਨੂੰ 1.4 ਅਰਬ ਡਾਲਰ ਦਾ ਨਵਾਂ ਕਰਜ਼ਾ ਭਾਰਤ ਦੇ ਸਖ਼ਤ ਵਿਰੋਧ ਦੇ ਬਾਵਜੂਦ ਦੇ ਦਿੱਤਾ। ਇਸ ਦੇ ਨਾਲ ਹੀ ਉਸ ਨੇ ਐਕਸਟੈਂਡਡ ਫੰਡ ਫੈਸਿਲਟੀ (ਈਐੱਫਐੱਫ) ਤਹਿਤ ਮਿਲ ਰਹੇ ਲਗਪਗ 60 ਹਜ਼ਾਰ ਕਰੋੜ ਰੁਪਏ ਦੀ ਮਦਦ ਦੀ ਪਹਿਲੀ ਸਮੀਖਿਆ ਨੂੰ ਵੀ ਮਨਜ਼ੂਰੀ ਦੇ ਦਿੱਤੀ। ਇਸ ਨਾਲ ਪਾਕਿਸਤਾਨ ਨੂੰ ਅਗਲੀ ਕਿਸ਼ਤ ਦੇ ਲਗਪਗ 8542 ਕਰੋੜ ਰੁਪਏ ਮਿਲਣਗੇ। ਆਈਐੱਮਐੱਫ ਬੋਰਡ ਦੀ ਬੈਠਕ ਵਿਚ ਭਾਰਤ ਨੇ ਪਾਕਿਸਤਾਨ ਨੂੰ ਦਿੱਤੀ ਜਾ ਰਹੀ ਰਕਮ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਸੀ ਕਿ ਇਸ ਫੰਡ ਦੀ ਦੁਰਵਰਤੋਂ ਉਹ ਅੱਤਵਾਦੀ ਮਕਸਦਾਂ ਲਈ ਕਰ ਸਕਦਾ ਹੈ। ਭਾਰਤ ਨਾਲ ਫ਼ੌਜੀ ਟਕਰਾਅ ਦੌਰਾਨ ਆਈਐੱਮਐੱਫ ਦਾ ਇਹ ਨਿਰਣਾ ਫੰਡਿੰਗ ਏਜੰਸੀਆਂ ਅਤੇ ਦਾਨੀਆਂ ਦੇ ਵੱਕਾਰ ਨੂੰ ਮਿੱਟੀ ਵਿਚ ਮਿਲਾਉਂਦਾ ਹੈ ਅਤੇ ਆਲਮੀ ਕਦਰਾਂ-ਕੀਮਤਾਂ ਦਾ ਮਜ਼ਾਕ ਉਡਾਉਂਦਾ ਹੈ। ਇਹ ਆਈਐੱਮਐੱਫ ਦੇ ਉਸ ਫ਼ੈਸਲੇ ਦੇ ਵੀ ਠੀਕ ਉਲਟ ਹੈ ਜਿਸ ਵਿਚ ਫਰਵਰੀ 2022 ਵਿਚ ਰੂਸ ਦੇ ਯੂਕਰੇਨ 'ਤੇ ਹਮਲੇ ਤੋਂ ਬਾਅਦ ਆਈਐੱਮਐੱਫ ਨੇ ਉਸ ਦੇ ਨਾਲ ਆਪਣੇ ਸਾਲਾਨਾ ਵਿਚਾਰ-ਵਟਾਂਦਰੇ ਨੂੰ ਰੋਕ ਦਿੱਤਾ ਸੀ। ਖੇਦ ਵਾਲੀ ਗੱਲ ਹੈ ਕਿ ਇਸ ਵਾਰ ਉਹ ਇੰਨਾ ਵੀ ਨਹੀ ਕਰ ਸਕਿਆ। ਸੰਯੁਕਤ ਰਾਸ਼ਟਰ, ਵਿਸ਼ਵ ਬੈਂਕ, ਆਈਐੱਮਐੱਫ ਅਤੇ ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਵਰਗੇ ਪ੍ਰਮੁੱਖ ਕੌਮਾਂਤਰੀ ਸੰਗਠਨਾਂ ਵਿਚ ਸੁਧਾਰ ਲਈ ਕਈ ਵਾਰ ਆਵਾਜ਼ ਬੁਲੰਦ ਕੀਤੀ ਗਈ ਹੈ ਕਿਉਂਕਿ ਬਦਲਦੇ ਦੌਰ ਵਿਚ ਇਹ ਆਪਣੀ ਪ੍ਰਸੰਗਿਕਤਾ ਗੁਆਉਂਦੇ ਜਾ ਰਹੇ ਹਨ। ਵਿਸ਼ਵ ਬੈਂਕ, ਆਈਐੱਮਐੱਫ ਅਤੇ ਡਬਲਿਊਟੀਓ ਦਾ ਆਪਣੇ ਮਕਸਦਾਂ ਪ੍ਰਤੀ ਹਕੀਕੀ ਸਮਰਪਣ ਲੰਬੇ ਸਮੇਂ ਤੋਂ ਸ਼ੱਕੀ ਹੀ ਰਿਹਾ ਹੈ। ਰੂਸ-ਯੂਕਰੇਨ ਤੇ ਇਜ਼ਰਾਈਲ-ਹਮਾਸ ਜੰਗਾਂ ਦੇ ਨਾਲ-ਨਾਲ ਵਧਦੀਆਂ ਆਲਮੀ ਸਮੱਸਿਆਵਾਂ ਕਾਰਨ ਸੰਯੁਕਤ ਰਾਸ਼ਟਰ ਵਰਗਾ ਸੰਗਠਨ ਵੀ ਆਪਣੇ ਉਦੇਸ਼ਾਂ ਵਿਚ ਨਾਕਾਮ ਰਿਹਾ ਹੈ। ਦੁਨੀਆ ਵਿਚ ਇਹ ਭਾਵਨਾ ਵਧ ਰਹੀ ਹੈ ਕਿ ਇਕ ਸੰਗਠਨ ਦੇ ਤੌਰ 'ਤੇ ਸੰਯੁਕਤ ਰਾਸ਼ਟਰ ਲਗਾਤਾਰ ਬੇਅਸਰ ਹੁੰਦਾ ਜਾ ਰਿਹਾ ਹੈ। ਆਈਐੱਮਐੱਫ ਦੀ ਸਥਾਪਨਾ 1944 ਵਿਚ ਬ੍ਰੇਟਨਵੁਡਜ਼ ਸੰਮੇਲਨ ਵਿਚ ਨੇਕ ਇਰਾਦਿਆਂ ਨਾਲ ਕੀਤੀ ਗਈ ਸੀ। ਅੱਜ ਇਸ ਦੇ ਮੈਂਬਰ ਦੇਸ਼ਾਂ ਦੀ ਗਿਣਤੀ 191 ਹੈ। ਬੀਤੇ ਕੁਝ ਸਾਲਾਂ ਵਿਚ ਆਈਐੱਮਐੱਫ ਆਪਣੀ ਭੂਮਿਕਾ ਨਾਲ ਨਿਆਂ ਨਹੀ ਕਰ ਸਕਿਆ ਹੈ। ਆਈਐੱਮਐੱਫ 2008 ਦੇ ਵਿੱਤੀ ਸੰਕਟ ਦੀ ਨਿਗਰਾਨੀ ਅਤੇ ਉਸ ਦਾ ਮੁਲਾਂਕਣ ਕਰਨ ਵਿਚ ਵੀ ਪੂਰੀ ਤਰ੍ਹਾਂ ਨਾਕਾਮ ਰਿਹਾ ਸੀ ਜਦਕਿ ਲੇਹਮੈਨ ਬ੍ਰਦਰਜ਼ ਦੇ ਪਤਨ ਨਾਲ ਕੁਝ ਦਿਨ ਪਹਿਲਾਂ ਹੀ ਅਜਿਹਾ ਖ਼ਦਸ਼ਾ ਵਧ ਚੁੱਕਾ ਸੀ। ਆਈਐੱਮਐੱਫ ਨੇ ਸ਼ਾਇਦ ਹੀ ਕਦੇ ਕਿਸੇ ਵੀ ਸੰਕਟ ਨਾਲ ਸਿੱਝਣ ਦੀ ਆਲਮੀ ਅਰਥ-ਵਿਵਸਥਾ ਦੀ ਸਮਰੱਥਾ ਬਾਰੇ ਆਸ਼ਾਵਾਦੀ ਰੁਖ਼ ਦਿਖਾਇਆ ਹੋਵੇ। ਪਾਕਿਸਤਾਨ 35 ਸਾਲਾਂ ਵਿਚ 28 ਵਾਰ ਆਈਐੱਮਐੱਫ ਤੋਂ ਮਦਦ ਲੈ ਚੁੱਕਾ ਹੈ। ਜੇ ਪਹਿਲਾਂ ਦਿੱਤੇ ਗਏ ਕਰਜ਼ੇ ਦਾ ਪਾਕਿਸਤਾਨ ਨੇ ਸਹੀ ਇਸਤੇਮਾਲ ਕੀਤਾ ਹੁੰਦਾ ਤਾਂ ਉਸ ਨੂੰ ਵਾਰ-ਵਾਰ ਮਦਦ ਦੀ ਜ਼ਰੂਰਤ ਨਾ ਪੈਂਦੀ। ਇਸ ਲਈ ਹੁਣ ਫਿਰ ਨਵਾਂ ਕਰਜ਼ਾ ਦਿੱਤਾ ਜਾਣਾ ਆਈਐੱਮਐੱਫ ਦੀ ਮਨਸ਼ਾ ਦੇ ਨਾਲ-ਨਾਲ ਉਸ ਦੀ ਨਿਗਰਾਨੀ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਯਕੀਨਨ ਨਵੇਂ ਕਰਜ਼ੇ ਦੀ ਦੁਰਵਰਤੋਂ ਦਾ ਖ਼ਤਰਾ ਜ਼ਿਆਦਾ ਹੈ। ਆਈਐੱਮਐੱਫ ਦੇ ਵੱਡੇ ਕਰਜ਼ਦਾਰ ਦੇਸ਼ਾਂ ਵਿਚ ਪਾਕਿਸਤਾਨ ਚੌਥੇ ਨੰਬਰ 'ਤੇ ਹੈ ਜਿਸ ਤੋਂ ਉਸ ਨੇ 8.3 ਅਰਬ ਡਾਲਰ ਦਾ ਕਰਜ਼ਾ ਲਿਆ ਹੋਇਆ ਹੈ। ਸੰਯੁਕਤ ਰਾਸ਼ਟਰ ਦੀ 2021 ਦੀ ਰਿਪੋਰਟ ਸਪਸ਼ਟ ਸੰਕੇਤ ਕਰਦੀ ਹੈ ਕਿ ਪਾਕਿਸਤਾਨ ਵਿਚ ਚੁਣੀ ਹੋਈ ਸਰਕਾਰ ਦੇ ਬਾਵਜੂਦ ਉੱਥੇ ਦੇ ਕੰਮਕਾਜ ਵਿਚ ਫ਼ੌਜ ਦੀ ਪੂਰੀ ਦਖ਼ਲਅੰਦਾਜ਼ੀ ਰਹਿੰਦੀ ਹੈ। ਫ਼ੌਜ ਉੱਥੇ ਦੀਆਂ ਹੋਰ ਅਨੇਕ ਨੀਤੀਆਂ ਦੇ ਨਾਲ-ਨਾਲ ਆਰਥਿਕ ਨੀਤੀਆਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜੇ ਪਾਕਿਸਤਾਨ ਨੇ ਆਈਐੱਮਐੱਫ ਦੀ ਮਦਦ ਦਾ ਵਿਕਾਸ ਕਾਰਜਾਂ ਵਿਚ ਇਸਤੇਮਾਲ ਕੀਤਾ ਹੁੰਦਾ ਤਾਂ ਪਾਕਿਸਤਾਨ ਮਨੁੱਖੀ ਵਿਕਾਸ ਸੂਚਕਅੰਕ ਵਿਚ 193 ਦੇਸ਼ਾਂ ਵਿੱਚੋਂ 168ਵੇਂ ਨੰਬਰ 'ਤੇ ਨਾ ਹੁੰਦਾ। ਇਸ ਵਕਤ ਪਾਕਿਸਤਾਨ ਦਾ ਹਰ ਬੱਚਾ ਆਪਣੇ ਸਿਰ ਲਗਪਗ 85 ਹਜ਼ਾਰ ਰੁਪਏ ਦਾ ਕਰਜ਼ਾ ਲੈ ਕੇ ਪੈਦਾ ਹੁੰਦਾ ਹੈ। ਪਾਕਿਸਤਾਨ ਵਿਚ ਵੇਤਨ ਅਤੇ ਸਬਸਿਡੀ ਵਰਗੇ ਖ਼ਰਚੇ ਤੋਂ ਲੈ ਕੇ ਤੇਲ ਤੇ ਗੈਸ ਦਾ ਦਰਾਮਦ ਬਿੱਲ ਤੱਕ ਸਭ ਕੁਝ ਕਰਜ਼ੇ 'ਤੇ ਚੱਲ ਰਿਹਾ ਹੈ। ਪਾਕਿਸਤਾਨ ਦਾ ਜਨਤਕ ਕਰਜ਼ਾ ਉਸ ਦੀ ਜੀਡੀਪੀ ਦਾ 69.4 ਪ੍ਰਤੀਸ਼ਤ ਹੋ ਗਿਆ ਹੈ। ਆਈਐੱਮਐੱਫ ਦਾ ਮਕਸਦ ਵਿਸ਼ਵ ਦੀਆਂ ਸਾਰੀਆਂ ਕਰੰਸੀਆਂ ਨੂੰ ਸਥਿਰ ਰੱਖਣਾ ਅਤੇ ਮੁਕਤ ਵਪਾਰ ਦੀ ਸਹੂਲਤ ਦੇਣਾ ਸੀ ਪਰ ਬਦਕਿਸਮਤੀ ਨਾਲ ਬੀਤੇ ਕਈ ਵਰ੍ਹਿਆਂ ਤੋਂ ਆਈਐੱਮਐੱਫ ਇਨ੍ਹਾਂ ਮਕਸਦਾਂ ਨੂੰ ਪੂਰਾ ਨਹੀ ਕਰ ਪਾ ਰਹੀ ਹੈ। ਉਸ ਕੋਲ ਗ਼ਲਤ ਪ੍ਰਾਜੈਕਟਾਂ ਲਈ ਜਵਾਬਦੇਹੀ ਦੀ ਵੀ ਘਾਟ ਹੈ। ਕਰਜ਼ੇ ਵਿਚ ਡੁੱਬੇ ਦੇਸ਼ਾਂ ਦੁਆਰਾ ਡਿਫਾਲਟ ਨੂੰ ਰੋਕਣ ਲਈ ਨਵੇਂ ਕਰਜ਼ੇ ਦੇਣ ਦੀ ਆਈਐੱਮਐੱਫ ਦੀ ਨਿਯਮਤ ਪ੍ਰਥਾ ਇਕ ਨੈਤਿਕ ਜੋਖ਼ਮ ਪੈਦਾ ਕਰਦੀ ਹੈ। ਇਸ ਲਈ ਵੀ ਆਈਐੱਮਐੱਫ ਦੀ ਪ੍ਰਣਾਲੀ 'ਤੇ ਸਖ਼ਤ ਨਜ਼ਰ ਰੱਖਣ ਦੇ ਨਾਲ-ਨਾਲ ਉਸ ਵਿਚ ਮਾੜੇ-ਮੋਟੇ ਹੇਰ-ਫੇਰ ਦੀ ਜ਼ਰੂਰਤ ਹੈ। ਵਿਸ਼ਵ ਬੈਂਕ ਤੇ ਆਈਐੱਮਐੱਫ ਨੂੰ ਅੰਦਰੂਨੀ ਨਿਆਂ, ਜਵਾਬਦੇਹੀ ਤੇ ਨਿਗਰਾਨੀ ਕਾਰਜਾਂ ਦਾ ਪੁਨਰਗਠਨ ਵੀ ਕਰਨਾ ਚਾਹੀਦਾ ਹੈ। ਬੋਰਡ ਦੀਆਂ ਬੈਠਕਾਂ ਤੇ ਵੋਟਿੰਗ 'ਚ ਜ਼ਿਆਦ ਪਾਰਦਰਸ਼ਿਤਾ ਲਿਆਉਣੀ ਵੀ ਜ਼ਰੂਰੀ ਹੈ। ਵਿਸ਼ਵੀਕਰਨ ਤੇ ਸੰਘਰਸ਼ਾਂ ਦੇ ਹੱਲ ਦੇ ਨਵੇਂ ਤਰੀਕਿਆਂ ਨਾਲ ਜੂਝ ਰਹੇ ਵਿਸ਼ਵ ਵਿਚ ਇਨ੍ਹਾਂ ਸੰਗਠਨਾਂ ਦੀ ਭੂਮਿਕਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਜ਼ਿਆਦਾਤਰ ਸੰਗਠਨ ਆਪਣੇ ਉਦੇਸ਼ਾਂ 'ਚ ਅਸਫਲ ਸਾਬਿਤ ਹੋ ਰਹੇ ਹਨ। ਜੇ ਉਨ੍ਹਾਂ ਨੂੰ ਸਮਾਪਤ ਨਹੀ ਕੀਤਾ ਜਾ ਸਕਦਾ ਤਾਂ ਉਨ੍ਹਾਂ 'ਚ ਵੱਡਾ ਸੁਧਾਰ ਤਾਂ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਆਈਐੱਮਐੱਫ ਕੋਲ ਫੰਡ ਦੇਣ ਦੇ ਤਰੀਕਿਆਂ ਵਿਚ ਸੁਧਾਰ ਕਰਨ ਦਾ ਇਹੀ ਸਹੀ ਸਮਾਂ ਹੈ। ਇਸ ਦੇ ਨਾਲ ਹੀ ਬੇਲਆਊਟ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਦੀ ਵੀ ਪੜਚੋਲ ਕਰਨੀ ਹੋਵੇਗੀ। ਸੰਨ 2023 'ਚ ਭਾਰਤ ਦੀ ਅਗਵਾਈ 'ਚ ਹੋਈ ਜੀ-20 ਬੈਠਕ ਦੌਰਾਨ ਆਈਐੱਮਐੱਫ ਸਹਿਤ ਹੋਰ ਬਹੁ-ਪੱਖੀ ਸੰਸਥਾਵਾਂ 'ਚ ਸੁਧਾਰ 'ਤੇ ਗੱਲ ਹੋਈ ਸੀ। ਦੁਨੀਆ ਨੂੰ ਸੋਚਣਾ ਹੋਵੇਗਾ ਕਿ ਸੰਯੁਕਤ ਰਾਸ਼ਟਰ, ਆਈਐੱਮਐੱਫ, ਵਿਸ਼ਵ ਬੈਂਕ ਆਦਿ ਕੌਮਾਂਤਰੀ ਸੰਸਥਾਵਾਂ 'ਚ ਨਿਵੇਸ਼ ਕੀਤੀ ਗਈ ਵਿੱਤੀ ਤੇ ਬੌਧਿਕ ਪੂੰਜੀ ਦੀ ਵਿਸ਼ਵ ਭਰ ਦੇ ਲੋਕਤੰਤਰਾਂ 'ਚ ਕਿਵੇਂ ਬਿਹਤਰ ਵਰਤੋਂ ਹੋਵੇ। ਅੱਜ ਦੁਨੀਆ ਭਰ ਦੇ ਜਮਹੂਰੀ ਮੁਲਕਾਂ ਨੂੰ ਇਨ੍ਹਾਂ ਦੇ ਪਾਰਦਰਸ਼ੀ ਪ੍ਰੋਗਰਾਮਾਂ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਲੋੜ ਹੈ।

# ਆਈਫੋਨ ਦਾ ਉਤਪਾਦਨ ਜੇ ਭਾਰਤ ਦੀ ਬਜਾਏ ਅਮਰੀਕਾ 'ਚ ਹੋਣ ਲੱਗ ਜਾਵੇ ਤਾਂ ਕਿਸ ਨੂੰ ਹੋਵੇਗਾ ਨੁਕਸਾਨ ?

ਸਾਰਦਾ ਵੀ

ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਜਨਤਕ ਤੌਰ 'ਤੇ ਕਿਹਾ ਹੈ ਕਿ ਉਨ੍ਹਾਂ ਨੇ ਐਪਲ ਦੇ ਸੀਈਓ ਟਿਮ ਕੁੱਕ ਨੂੰ ਕਿਹਾ ਹੈ ਕਿ ਉਹ ਨਹੀ ਚਾਹੁੰਦੇ ਕਿ ਆਈਫੋਨ ਭਾਰਤ ਵਿੱਚ ਤਿਆਰ ਕੀਤੇ ਜਾਣ। ਨਾਲ ਹੀ, ਉਦਯੋਗ ਮਾਹਰਾਂ ਦਾ ਕਹਿਣਾ ਹੈ ਕਿ ਉਤਪਾਦਨ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਭੇਜਣਾ ਆਰਥਿਕ ਤੌਰ 'ਤੇ ਅਸੰਭਵ ਅਤੇ ਭੂ-ਰਾਜਨੀਤਿਕ ਤੌਰ 'ਤੇ ਵੀ ਗੁੰਝਲਦਾਰ ਹੈ। ਫੌਕਸਕੌਨ ਇੰਡੀਆ ਆਪ੍ਰੇਸ਼ਨਸ ਦੇ ਇੱਕ ਸੀਨੀਅਰ ਸਲਾਹਕਾਰ ਨੇ ਕਿਹਾ ਕਿ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਇਲੈਕਟ੍ਰਾਨਿਕਸ ਨਿਰਮਾਣ ਲਈ ਲੋੜੀਂਦੇ ਹੁਨਰਮੰਦ ਕਰਮਚਾਰੀਆਂ ਦੀ ਘਾਟ ਹੈ, ਖਾਸ ਕਰਕੇ ਰੋਬੋਟਿਕਸ ਅਤੇ ਕਲੀਨਰੂਮ ਇੰਜੀਨੀਅਰਿੰਗ ਵਿੱਚ। ਇਸ ਕਾਰਨ ਸਥਾਨਾਂਤਰਣ (ਅਮਰੀਕਾ ਵਿੱਚ ਆਈਫੋਨ ਦਾ ਨਿਰਮਾਣ) ਅਵਿਵਹਾਰਕ ਅਤੇ ਵਿੱਤੀ ਤੌਰ 'ਤੇ ਅਸੰਭਵ ਹੋ ਜਾਂਦਾ ਹੈ। ਮਾਹਰਾਂ ਦਾ ਤਰਕ ਹੈ ਕਿ ਭਾਰਤ ਵੱਲ ਗਲੋਬਲ ਸਪਲਾਈ ਚੇਨ ਦਾ ਮੌਜੂਦਾ ਰੁਝਾਨ ਸਿਰਫ਼ ਇੱਕ ਰੁਝਾਨ ਨਹੀ ਹੈ, ਇਹ ਇੱਕ ਲੰਬੇ ਸਮੇਂ ਦੀ ਅਟੱਲਤਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੇ ਭਾਰਤ ਵਿੱਚ ਨਿਰਮਾਣ ਦੇ ਵਿਸਥਾਰ 'ਤੇ ਐਪਲ ਦੇ ਸੀਈਓ ਟਿਮ ਕੁੱਕ ਨਾਲ ਨੂੰ ਨਾਰਾਜ਼ਗੀ ਪ੍ਰਗਟਾਈ ਹੈ। ਕਤਰ ਦੀ ਰਾਜਧਾਨੀ ਦੋਹਾ ਵਿੱਚ ਇੱਕ ਕਾਰੋਬਾਰੀ ਮੀਟਿੰਗ ਵਿੱਚ ਬੋਲਦਿਆਂ ਉਨ੍ਹਾਂ ਕਿਹਾ, "ਮੈਨੂੰ ਟਿਮ ਕੁੱਕ ਨਾਲ ਥੋੜ੍ਹੀ ਜਿਹੀ ਸਮੱਸਿਆ ਸੀ। ਉਹ ਪੂਰੇ ਭਾਰਤ ਵਿੱਚ ਫੈਕਟਰੀਆਂ ਬਣਾ ਰਹੇ ਹਨ। ਮੈਂ ਕਿਹਾ ਕਿ ਮੈਂ ਨਹੀ ਚਾਹੁੰਦਾ ਕਿ ਤੁਸੀ ਭਾਰਤ ਵਿੱਚ ਨਿਰਮਾਣ ਕਰੋ।" ਉਨ੍ਹਾਂ ਇਹ ਵੀ ਕਿਹਾ, "ਦੋਸਤ, ਮੈਂ ਤੁਹਾਡੇ ਨਾਲ ਬਹੁਤ ਚੰਗਾ ਵਿਵਹਾਰ ਕਰਦਾ ਹਾਂ। ਤੁਸੀ ਵੀ 500 ਬਿਲੀਅਨ ਡਾਲਰ ਦਾ ਨਿਵੇਸ਼ ਲੈ ਕੇ ਆਏ ਹੋ, ਪਰ ਹੁਣ ਮੈਂ ਸੁਣਿਆ ਹੈ ਕਿ ਤੁਸੀ ਪੂਰੇ ਭਾਰਤ ਵਿੱਚ ਫੈਕਟਰੀਆਂ ਲਗਾ ਰਹੇ ਹੋ। ਮੈਂ ਕਿਹਾ ਕਿ ਮੈਂ ਅਜਿਹਾ ਨਹੀ ਚਾਹੁੰਦਾ।" ਗੱਲਬਾਤ ਤੋਂ ਬਾਅਦ, ਟਰੰਪ ਨੇ ਕਿਹਾ ਕਿ ਟਿਮ ਕੁੱਕ ਨੇ ਅਮਰੀਕਾ ਵਿੱਚ ਐਪਲ ਦੇ ਉਤਪਾਦਨ ਨੂੰ ਵਧਾਉਣ ਲਈ ਸਹਿਮਤੀ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਸੰਯੁਕਤ ਰਾਜ ਅਮਰੀਕਾ ਵਿੱਚ ਹੋਰ ਨਿਰਮਾਣ ਕਾਰਜਾਂ ਨਾਲ ਜੁੜੀਆਂ ਨੌਕਰੀਆਂ ਵੀ ਵਾਪਸ ਲਿਆਉਣਾ ਚਾਹੁੰਦੇ ਹਨ। ਐਪਲ ਮੁੱਖ ਤੌਰ 'ਤੇ ਚੀਨ ਅਤੇ ਭਾਰਤ ਵਿੱਚ ਆਪਣੇ ਆਈਫੋਨ ਬਣਾਉਂਦਾ ਹੈ। ਚੀਨ, ਐਪਲ ਦਾ ਸਭ ਤੋਂ ਵੱਡਾ ਨਿਰਮਾਣ ਕੇਂਦਰ ਹੈ। ਦੁਨੀਆਂ ਭਰ ਵਿੱਚ ਵੇਚੇ ਜਾਣ ਵਾਲੇ 80 ਫੀਸਦ ਆਈਫੋਨ ਚੀਨ ਵਿੱਚ ਬਣਾਏ ਜਾਂਦੇ ਹਨ। ਨਿਰਮਾਣ ਦੇ ਲਿਹਾਜ਼ ਤੋਂ ਭਾਰਤ ਵੀ ਇੱਕ ਮਹੱਤਵਪੂਰਨ ਅਧਾਰ ਵਜੋਂ ਉੱਭਰਿਆ ਹੈ ਅਤੇ ਵਿਸ਼ਵ ਵਿਆਪੀ ਆਈਫੋਨ ਉਤਪਾਦਨ ਦਾ ਲਗਭਗ 15-20 ਫੀਸਦੀ ਇੱਥੇ ਹੀ ਬਣਦਾ ਹੈ।

## 'ਚੀਨ ਤੋਂ ਭਾਰਤ ਵਿੱਚ ਨੌਕਰੀਆਂ ਦੇ ਮੌਕੇ ਆ ਰਹੇ ਹਨ'


ਭਾਰਤ ਵਿੱਚ, ਮਾਰਚ 2025 ਤੱਕ ਪਿਛਲੇ 12 ਮਹੀਨਿਆਂ ਵਿੱਚ ਲਗਭਗ 22 ਬਿਲੀਅਨ ਅਮਰੀਕੀ ਡਾਲਰ ਦੇ ਆਈਫੋਨ ਅਸੈਂਬਲ ਕੀਤੇ ਗਏ ਸਨ। ਇਹ ਪਿਛਲੇ ਸਾਲ ਨਾਲੋਂ 60 ਫੀਸਦ ਜ਼ਿਆਦਾ ਸੀ। ਭਾਰਤ ਵਿੱਚ ਆਈਫੋਨ ਦਾ ਉਤਪਾਦਨ ਫੌਕਸਕੌਨ ਦੀ ਮਲਕੀਅਤ ਵਾਲੀ ਫੈਕਟਰੀ ਵਿੱਚ ਕੀਤਾ ਜਾਂਦਾ ਹੈ, ਜੋ ਤਾਮਿਲਨਾਡੂ ਵਿੱਚ ਕੰਮ ਕਰਦੀ ਹੈ, ਇਸ ਦੇ ਨਾਲ ਹੀ ਟਾਟਾ ਇਲੈਕਟ੍ਰਾਨਿਕਸ ਅਤੇ ਪੈਗਾਟ੍ਰੋਨ ਵਿੱਚ ਵੀ ਉਤਪਾਦਨ ਹੁੰਦਾ ਹੈ। ਇੰਡੀਅਨ ਟੈਲੀਕਾਮ ਉਪਕਰਣ ਨਿਰਮਾਤਾ ਐਸੋਸੀਏਸ਼ਨ ਦੇ ਪ੍ਰਧਾਨ ਐਨਕੇ ਗੋਇਲ ਨੇ ਕਿਹਾ ਕਿ ਉਹ ਨਹੀ ਮੰਨਦੇ ਕਿ ਇਸ ਸਥਿਤੀ ਵਿੱਚ ਐਪਲ ਭਾਰਤ ਛੱਡੇਗਾ। ਉਨ੍ਹਾਂ ਕਿਹਾ, "ਐਪਲ ਦੀਆਂ ਭਾਰਤ ਵਿੱਚ ਤਿੰਨ ਫੈਕਟਰੀਆਂ ਹਨ ਅਤੇ ਉਹ ਦੋ ਹੋਰ ਲਿਆਉਣ ਦੀ ਯੋਜਨਾ ਬਣਾ ਰਹੇ ਹਨ। ਭਾਰਤ ਵਿੱਚ ਕਾਰੋਬਾਰ ਕਰਨਾ ਅੱਜ ਇੱਕ ਬਦਲ ਨਹੀ ਹੈ, ਇਹ ਭਾਰਤ ਦੀਆਂ ਕਾਰੋਬਾਰ-ਅਨੁਕੂਲ ਨੀਤੀਆਂ ਕਾਰਨ ਇੱਕ ਜ਼ਰੂਰਤ ਹੈ। ਐਪਲ ਹਰ ਚੀਜ਼, ਸਿਆਸੀ ਸਥਿਰਤਾ, ਆਰਥਿਕ ਨਤੀਜਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਲਵੇਗਾ।" ਐਨਕੇ ਗੋਇਲ ਕਹਿੰਦੇ ਹਨ ਕਿ "ਭਾਰਤ ਵਿੱਚ ਨਿਰਮਾਣ ਦਾ ਮਤਲਬ ਹੈ ਕਿ ਨੌਕਰੀਆਂ ਅਮਰੀਕਾ ਤੋਂ ਨਹੀ, ਚੀਨ ਤੋਂ ਭਾਰਤ ਵਿੱਚ ਆ ਰਹੀਆਂ ਹਨ। ਅਮਰੀਕਾ ਨੂੰ ਇਹ ਅਹਿਸਾਸ ਹੋ ਜਾਵੇਗਾ। ਫਿਰ ਉਹ ਭਾਰਤ ਨੂੰ ਚੁਣੇਗਾ ਜਾਂ ਚੀਨ ਜਾਵੇਗਾ?"

## ਭਾਰਤ ਪ੍ਰਤੀ ਨਿਵੇਸ਼ਕਾਂ 'ਚ ਖਿੱਚ

ਇਕੱਲੇ ਫੌਕਸਕੌਨ ਇਸ ਸਾਲ ਭਾਰਤ ਵਿੱਚ ਆਪਣੀ ਆਈਫੋਨ ਉਤਪਾਦਨ ਸਮਰੱਥਾ ਨੂੰ ਦੁੱਗਣਾ ਕਰਕੇ 25-30 ਮਿਲੀਅਨ ਯੂਨਿਟ ਤਿਆਰ ਕਰਨ ਦੀ ਯੋਜਨਾ ਬਣਾ ਰਿਹਾ ਹੈ। ਹਾਲਾਂਕਿ, ਉਤਪਾਦਨ ਸੰਖਿਆਵਾਂ ਦੇ ਮਾਮਲੇ ਵਿੱਚ ਚੀਨ ਅਜੇ ਵੀ ਦਬਦਬਾ ਰੱਖਦਾ ਹੈ, ਅਤੇ ਲਗਭਗ 80 ਫੀਸਦੀ ਆਈਫੋਨ ਅਜੇ ਵੀ ਉੱਥੇ ਬਣਾਏ ਜਾ ਰਹੇ ਹਨ। ਐਪਲ ਭੂ-ਰਾਜਨੀਤਿਕ ਤਣਾਅ ਅਤੇ ਟੈਕਸ ਨਿਯਮਾਂ ਵਿੱਚ ਬਦਲਾਅ ਦੇ ਕਾਰਨ ਆਪਣੀ ਸਪਲਾਈ ਚੇਨ ਨੂੰ ਵਿਭਿੰਨ ਬਣਾਉਣ ਲਈ ਭਾਰਤ ਵਿੱਚ ਆਪਣੀ ਸ਼ਿਫਟਿੰਗ ਨੂੰ ਤੇਜ਼ ਕਰ ਰਿਹਾ ਹੈ। ਐਨਕੇ ਗੋਇਲ ਕਹਿੰਦੇ ਹਨ, "ਨਿਰਮਾਤਾ ਆਪਣੇ ਉਤਪਾਦਨ ਨੂੰ ਵਿਭਿੰਨ ਬਣਾਉਣ ਲਈ 'ਚਾਈਨਾ ਪਲੱਸ' ਰਣਨੀਤੀ ਅਪਣਾ ਰਹੇ ਹਨ। ਉਹ ਚੀਨ ਦੇ ਨਾਲ-ਨਾਲ ਕਿਸੇ ਹੋਰ ਦੇਸ਼ ਵਿੱਚ ਵੀ ਨਿਰਮਾਣ ਬਾਰੇ ਸੋਚ ਰਹੇ ਹਨ।" "ਭਾਰਤ ਇੱਕ ਬਹੁਤ ਤੇਜ਼ੀ ਨਾਲ ਵਧ ਰਿਹਾ ਦੇਸ਼ ਹੈ। ਇੱਥੇ ਉਦਯੋਗਿਕ ਨੀਤੀਆਂ ਬਾਰੇ ਕੋਈ ਉਲਝਣ ਨਹੀ ਹੈ। ਉਤਪਾਦਨ ਨਾਲ ਜੁੜੇ ਪ੍ਰੋਤਸਾਹਨਾਂ ਦੀ ਵਿਵਸਥਾ ਭਾਰਤ ਵਿੱਚ ਨਿਵੇਸ਼ਕਾਂ ਨੂੰ ਆਪਣੇ ਵੱਲ ਖਿੱਚਦੀ ਹੈ।" ਮਾਹਿਰਾਂ ਦਾ ਕਹਿਣਾ ਹੈ ਕਿ ਐਪਲ ਸੰਯੁਕਤ ਰਾਜ ਅਮਰੀਕਾ ਵਿੱਚ ਲਾਭਦਾਇਕ ਢੰਗ ਨਾਲ ਉਤਪਾਦਨ ਨਹੀ ਕਰ ਸਕਦਾ।

## ਹੁਨਰਮੰਦ ਕਰਮਚਾਰੀਆਂ ਦੀ ਘਾਟ ਤੇ ਤਨਖਾਹਾਂ ਵਿੱਚ ਫਰਕ

ਭਾਰਤ ਵਿੱਚ ਫੌਕਸਕੌਨ ਅਤੇ ਸਟੇਟ ਇੰਡਸਟ੍ਰੀਅਲ ਕਲੱਸਟਰਜ਼ ਦੇ ਕਾਰਜਾਂ ਨਾਲ ਨੇੜਿਓਂ ਜੁੜੇ ਇੱਕ ਸੀਨੀਅਰ ਸਲਾਹਕਾਰ ਨੇ ਦੱਸਿਆ ਕਿ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਇਲੈਕਟ੍ਰਾਨਿਕਸ ਨਿਰਮਾਣ ਲਈ ਲੋੜੀਂਦੇ ਹੁਨਰਮੰਦ ਕਰਮਚਾਰੀਆਂ ਦੀ ਘਾਟ ਹੈ। ਉਨ੍ਹਾਂ ਕਿਹਾ, "ਉੱਨਤ ਨਿਰਮਾਣ ਲਈ ਰੋਬੋਟਿਕਸ ਅਤੇ ਸ਼ੁੱਧਤਾ ਇੰਜੀਨੀਅਰਿੰਗ ਹੁਨਰਾਂ ਵਿੱਚ ਮੁਹਾਰਤ ਦੀ ਲੋੜ ਹੁੰਦੀ ਹੈ। ਕਈ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਸਿਰਫ 20-25 ਫੀਸਦੀ ਅਮਰੀਕੀ ਹੀ ਫੈਕਟਰੀ ਦੀ ਨੌਕਰੀ ਕਰਨਾ ਚਾਹੁਣਗੇ। ਇਸ ਨਾਲ ਉਦਯੋਗਿਕ ਉਤਪਾਦਨ ਦੀ ਮੰਗ ਅਤੇ ਮਜ਼ਦੂਰਾਂ ਦੀ ਘਾਟ ਵਿਚਕਾਰਲੀ ਖਾਈ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ, ਸੰਯੁਕਤ ਰਾਜ ਅਮਰੀਕਾ ਵਿੱਚ ਮਜ਼ਦੂਰੀ ਦੀ ਲਾਗਤ ਵਿੱਚ ਵੀ ਕਾਫ਼ੀ ਵਾਧਾ ਹੋਵੇਗਾ।"



**ਐਨਕੇ ਗੋਇਲ**
ਇੰਡੀਅਨ ਟੈਲੀਕਾਮ ਉਪਕਰਣ ਨਿਰਮਾਤਾ ਐਸੋਸੀਏਸ਼ਨ ਦੇ ਪ੍ਰਧਾਨ

"ਐਪਲ ਦੀਆਂ ਭਾਰਤ ਵਿੱਚ ਤਿੰਨ ਫੈਕਟਰੀਆਂ ਹਨ ਅਤੇ ਉਹ ਦੋ ਹੋਰ ਲਿਆਉਣ ਦੀ ਯੋਜਨਾ ਬਣਾ ਰਹੇ ਹਨ। ਭਾਰਤ ਵਿੱਚ ਕਾਰੋਬਾਰ ਕਰਨਾ ਅੱਜ ਇੱਕ ਵਿਕਲਪ ਨਹੀਂ ਹੈ, ਇਹ ਭਾਰਤ ਦੀਆਂ ਕਾਰੋਬਾਰ-ਅਨੁਕੂਲ ਨੀਤੀਆਂ ਕਾਰਨ ਇੱਕ ਜ਼ਰੂਰਤ ਹੈ। ਐਪਲ ਹਰ ਚੀਜ਼, ਸਿਆਸੀ ਸਥਿਰਤਾ, ਆਰਥਿਕ ਨਤੀਜਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਲਵੇਗਾ।''

"ਭਾਰਤ ਵਿੱਚ ਅਸੈਂਬਲ ਕਰਨ ਵਾਲੇ ਵਰਕਰ ਪ੍ਰਤੀ ਮਹੀਨਾ ਲਗਭਗ 24,816 ਰੁਪਏ (290 ਅਮਰੀਕੀ ਡਾਲਰ) ਕਮਾਉਂਦੇ ਹਨ। ਜਦਕਿ ਅਮਰੀਕੀ ਘੱਟੋ-ਘੱਟ ਉਜਰਤ ਕਾਨੂੰਨ ਇਸ ਨੂੰ ਲਗਭਗ 2,900 ਡਾਲਰ ਪ੍ਰਤੀ ਮਹੀਨਾ ਵਧਾ ਸਕਦੇ ਹਨ, ਜੋ ਕਿ ਆਈਫੋਨ ਅਸੈਂਬਲੀ ਦੀ ਲਾਗਤ ਨੂੰ ਪ੍ਰਤੀ ਫੋਨ ਲਗਭਗ 30 ਡਾਲਰ ਤੋਂ ਵਧਾ ਕੇ 300 ਡਾਲਰ ਤੋਂ ਵੱਧ ਕਰ ਸਕਦਾ ਹੈ।" "ਉਨ੍ਹਾਂ ਕਿਹਾ, "ਅਜਿਹੇ ਕਰਮਚਾਰੀਆਂ ਤੋਂ ਬਿਨ੍ਹਾਂ ਜਿਨ੍ਹਾਂ ਨੂੰ ਵੱਧ ਤਨਖਾਹ ਦੇਣੀ ਪਵੇਗੀ, ਵੱਡੇ ਪੱਧਰ 'ਤੇ ਅਮਰੀਕਾ ਵਿੱਚ ਨਿਰਮਾਣ ਅਸੰਭਵ ਜਾਪਦਾ ਹੈ।" ਤਿਰੂਨੇਲਵੇਲੀ ਜ਼ਿਲ੍ਹੇ ਦੇ ਸ਼ੰਕਰਨਕੋਵਿਲ ਦੇ ਰਹਿਣ ਵਾਲੀ 23 ਸਾਲਾ ਨੰਦਿਨੀ (ਬਦਲਿਆ ਹੋਇਆ ਨਾਮ), ਤਾਮਿਲਨਾਡੂ ਦੇ ਇੱਕ ਫੌਕਸਕੌਨ ਪਲਾਂਟ ਵਿੱਚ ਕੰਮ ਕਰਦੇ ਹਨ ਅਤੇ ਇੱਕ ਦਿਨ ਵਿੱਚ 9,000 ਸੈੱਲ ਫੋਨ ਚੈੱਕ ਕਰਦੇ ਹਨ। ਉਨ੍ਹਾਂ ਦਾ ਕੰਮ ਨਵੇਂ ਫ਼ੋਨਾਂ ਦੇ ਸਾਈਡ ਵਾਲੇ ਬਟਨਾਂ ਦੀ ਜਾਂਚ ਕਰਨਾ ਹੈ। ਉਨ੍ਹਾਂ ਕਿਹਾ, "ਮੈਂ ਸਾਰਾ ਦਿਨ ਉਤਪਾਦਨ ਲਾਈਨ 'ਤੇ ਅੱਗੇ-ਪਿੱਛੇ ਫਿਰਦੀ ਹਾਂ, ਹਰ ਸ਼ਿਫਟ ਦੌਰਾਨ ਲਗਭਗ 9,000 ਫ਼ੋਨ ਚੈੱਕ ਕਰਦੀ ਹਾਂ।"



## '60,000 ਨੌਕਰੀਆਂ ਨੂੰ ਜੋਖਮ'

ਭਾਰਤ ਦੇ ਸਭ ਤੋਂ ਵੱਡੇ ਆਈਫੋਨ ਨਿਰਮਾਣ ਪਲਾਂਟਾਂ ਵਿੱਚੋਂ ਇੱਕ ਹੈ - ਫੌਕਸਕੌਨ ਇੰਡੀਆ ਪ੍ਰਾਈਵੇਟ ਲਿਮਟਿਡ, ਜੋ ਤਾਮਿਲਨਾਡੂ ਵਿੱਚ ਸਥਿਤ ਹੈ। ਇਹ ਚੇਨਈ ਤੋਂ ਲਗਭਗ 50 ਕਿਲੋਮੀਟਰ ਦੂਰ ਸ਼੍ਰੀਪੇਰੰਬੁਦੁਰ ਵਿੱਚ ਸਥਿਤ ਹੈ। ਫੌਕਸਕੌਨ ਦੇ ਇਸ ਪਲਾਂਟ ਵਿੱਚ 40,000 ਤੋਂ ਵੱਧ ਕਾਮੇ ਕੰਮ ਕਰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੂਬੇ ਦੇ ਕਈ ਹਿੱਸਿਆਂ ਤੋਂ ਆਉਂਦੀਆਂ ਨੌਜਵਾਨ ਔਰਤਾਂ ਹਨ। ਉਨ੍ਹਾਂ ਨੂੰ ਬਹੁਤ ਉਮੀਦਾਂ ਹਨ ਕਿ ਇਹ ਨੌਕਰੀ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਵੇਗੀ। 12ਵੀ ਜਮਾਤ ਪੂਰੀ ਕਰਨ ਅਤੇ ਨਰਸਿੰਗ ਵਿੱਚ ਡਿਪਲੋਮਾ ਪੂਰਾ ਕਰਨ ਤੋਂ ਬਾਅਦ, ਨੰਦਿਨੀ (ਬਦਲਿਆ ਹੋਇਆ ਨਾਮ) ਇੱਕ ਛੋਟੇ ਜਿਹੇ ਪਿੰਡ ਦੇ ਹਸਪਤਾਲ ਵਿੱਚ ਕੰਮ ਕਰਨ ਲੱਗ ਪਏ ਸਨ। ਉਹ ਦੱਸਦੇ ਹਨ, "ਉੱਥੇ ਮੈਂ ਲਗਭਗ 6,000 ਰੁਪਏ ਪ੍ਰਤੀ ਮਹੀਨਾ ਕਮਾਉਂਦੀ ਸੀ।" ਪਰ ਹੁਣ ਉਹ ਹਰ ਮਹੀਨੇ 17,000 ਰੁਪਏ ਕਮਾ ਰਹੇ ਹਨ। ਉਨ੍ਹਾਂ ਕਿਹਾ, "ਬਹੁਤ ਸਾਰੇ ਲੋਕ ਮੈਨੂੰ ਪੁੱਛਦੇ ਹਨ ਕਿ ਕੀ ਮੈਂ ਆਈਫੋਨ ਖੁਦ ਵਰਤਣਾ ਚਾਹੁੰਦੀ ਹਾਂ। ਮੈਂ ਨਹੀ ਚਾਹੁੰਦੀ। ਇੰਨੀ ਰਕਮ ਨਾਲ ਤਾਂ ਮੈਂ ਆਪਣੇ ਜੱਦੀ ਸ਼ਹਿਰ ਵਿੱਚ ਘਰ ਬਣਾਉਣ ਲਈ ਬਹੁਤ ਕੁਝ ਕਰ ਸਕਦੀ ਹਾਂ। ਮੈਂ ਇਹੀ ਚਾਹੁੰਦੀ ਹਾਂ।"

## ਐਪਲ ਲਈ ਚੁਣੌਤੀ

ਫੌਕਸਕੌਨ ਅਤੇ ਪੈਗਾਟ੍ਰੋਨ ਤਾਮਿਲਨਾਡੂ ਵਿੱਚ ਸਥਿਤ ਹੋਣ ਕਰਕੇ, ਇਹ ਸੂਬਾ ਭਾਰਤ ਦੇ ਆਈਫੋਨ ਨਿਰਮਾਣ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਤਾਮਿਲਨਾਡੂ ਉਦਯੋਗ ਨਾਲ ਜੁੜੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਅਮਰੀਕਾ ਵਿੱਚ ਪੂਰੀ ਤਰ੍ਹਾਂ ਸ਼ਿਫਟ ਹੋਣ ਨਾਲ ਭਾਰਤ ਵਿੱਚ ਐਪਲ ਦੀ ਸਪਲਾਈ ਚੇਨ ਵਿੱਚ ਲਗਭਗ 60,000 ਨੌਕਰੀਆਂ ਜਾਣ ਦਾ ਖ਼ਤਰਾ ਹੈ, ਜੋ ਤਾਮਿਲਨਾਡੂ ਦੀ ਨਿਰਯਾਤ-ਮੁਖੀ (ਬਰਾਮਦ ਨਾਲ ਜੁੜੀ) ਅਰਥਵਿਵਸਥਾ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰੇਗਾ। ਉਨ੍ਹਾਂ ਕਿਹਾ, "ਹਰ ਸਾਲ ਲਗਭਗ 5 ਮਿਲੀਅਨ ਆਈਫੋਨ ਬਣਾਉਣ ਵਿੱਚ ਸੂਬੇ ਦੀ ਭੂਮਿਕਾ ਨੂੰ ਦੇਖਦੇ ਹੋਏ, ਸੂਬੇ ਦੀ ਜੀਡੀਪੀ ਨੂੰ ਪ੍ਰਤੀ ਸਾਲ 3-4 ਬਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋ ਸਕਦਾ ਹੈ।" "ਐਪਲ ਲਈ, ਉਤਪਾਦਨ ਨੂੰ ਅਮਰੀਕਾ ਵਿੱਚ ਸ਼ਿਫਟ ਕਰਨ ਨਾਲ ਪ੍ਰਤੀ ਸੈੱਲ ਫੋਨ ਮੁਨਾਫਾ ਲਗਭਗ 450 ਡਾਲਰ ਤੋਂ ਘਟ ਕੇ ਲਗਭਗ 60 ਡਾਲਰ ਹੋ ਜਾਵੇਗਾ ਕਿਉਂਕਿ ਲੇਬਰ ਦੀ ਲਾਗਤ ਵਧ ਜਾਵੇਗੀ, ਜਿਸ ਨਾਲ ਕੀਮਤ ਵਿੱਚ ਵਾਧਾ ਹੋਵੇਗਾ, ਜਾਂ ਮੁਨਾਫ਼ੇ ਵਿੱਚ ਕਟੌਤੀ ਹੋਵੇਗੀ।" ਉਨ੍ਹਾਂ ਕਿਹਾ, "ਇਸੇ ਆਰਥਿਕ ਅਸਮਾਨਤਾ ਕਾਰਨ ਐਪਲ ਲਈ ਆਈਫੋਨ ਦੇ ਉਤਪਾਦਨ ਨੂੰ ਪੂਰੀ ਤਰ੍ਹਾਂ ਅਮਰੀਕਾ ਵਿੱਚ ਸ਼ਿਫਟ ਕਰਨਾ ਵਪਾਰਕ ਤੌਰ 'ਤੇ ਚੁਣੌਤੀਪੂਰਨ ਹੋਵੇਗਾ ਅਤੇ ਤਾਮਿਲਨਾਡੂ ਜਾਂ ਇੱਥੋਂ ਤੱਕ ਕਿ ਭਾਰਤ ਲਈ ਵੀ ਸੰਭਾਵੀ ਤੌਰ 'ਤੇ ਵਿਨਾਸ਼ਕਾਰੀ ਰਹੇਗਾ।"



# ਕੰਮਕਾਜੀ ਥਾਵਾਂ 'ਤੇ ਔਰਤਾਂ ਦੀ ਹਿੱਸੇਦਾਰੀ

ਡਾ. ਸੋਨੂੰ ਰਾਣੀ
91159-30504

ਜਦ ਤੱਕ ਪੂੰਜੀ ਅਤੇ ਜਾਇਦਾਦ ਨਹੀ ਸੀ, ਪਰਿਵਾਰ ਤੇ ਵਿਆਹ ਸੰਸਥਾ ਦੀ ਜ਼ਰੂਰਤ ਨਹੀ ਸੀ। ਮਨੁੱਖ ਜੰਗਲੀ ਸੀ ਤੇ ਉਸ ਦਾ ਸੁਭਾਅ ਕੁਦਰਤੀ ਸੀ। ਔਰਤ ਮਰਦ ਵਿੱਚ ਲਿੰਗਕ ਭੇਦ ਉਨ੍ਹਾਂ ਦੀ ਸਮਰੱਥਾ ਤੇ ਵਖਰੇਵੇਂ ਦਾ ਕਾਰਨ ਨਹੀ ਸੀ ਬਣਿਆ ਪਰ ਖੇਤੀ ਦੇ ਆਰੰਭ ਨਾਲ ਮਨੁੱਖ ਜਾਇਦਾਦ ਦਾ ਮਾਲਕ ਬਣਿਆ। ਜਾਇਦਾਦ ਦੇ ਅਗਲੇ ਮਾਲਕ ਦੀ ਲੋੜ ਵਿੱਚੋਂ ਪਰਿਵਾਰ ਅਤੇ ਵਿਆਹ ਵਰਗੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ। ਵਿਆਹ ਉਪਰੰਤ ਪਰਿਵਾਰ ਦੇ ਪਾਲਣ-ਪੋਸ਼ਣ ਦੀ ਜ਼ਰੂਰਤ ਕਾਰਨ ਔਰਤ ਦੀ ਭੂਮਿਕਾ ਘਰ ਦੀ ਚਾਰ ਦੀਵਾਰੀ ਵਿੱਚ ਬੰਨ੍ਹੀ ਗਈ। ਮਰਦ ਦੀ ਜ਼ਿੰਮੇਵਾਰੀ ਘਰ ਤੋਂ ਬਾਹਰ ਦੇ ਕੰਮਕਾਜ ਕਰਨਾ ਅਤੇ ਪਰਿਵਾਰ ਲਈ ਕਮਾਈ ਕਰਨਾ ਨਿਸ਼ਚਿਤ ਕਰ ਦਿੱਤਾ ਗਿਆ। ਲਿੰਗਕ ਆਧਾਰ 'ਤੇ ਕੰਮਕਾਜ ਦੀ ਇਹ ਵੰਡ ਫੌਰੀ ਤੌਰ 'ਤੇ ਸਹੀ ਸੀ ਪਰ ਲੰਮੇ ਸਮੇਂ ਦੌਰਾਨ ਇਹ ਮਰਦ ਅਤੇ ਔਰਤ ਦੋਹਾਂ ਦੇ ਵਿਕਾਸ ਵਿੱਚ ਅੜਿੱਕਾ ਬਣੀ ਹੈ। ਅੱਜ ਮਰਦ, ਮਰਦ ਵਧੇਰੇ ਹੈ, ਮਨੁੱਖ ਘੱਟ ਹੈ। ਉਸ ਨੂੰ ਮਨੁੱਖੀ ਜੀਵਨ ਦੇ ਨਿਰਬਾਹ ਲਈ ਜ਼ਰੂਰੀ ਕੰਮਕਾਜ ਦੀ ਆਦਤ ਨਾ ਹੋਣ ਕਾਰਨ ਉਹ ਮੁੱਢਲੀਆਂ ਜ਼ਰੂਰਤਾਂ ਜਿਵੇਂ ਖਾਣ-ਪੀਣ, ਸਫ਼ਾਈ ਤੇ ਆਪਣੇ ਰੋਜ਼ਮੱਰਾ ਦੇ ਕੰਮਾਂ ਲਈ ਔਰਤ 'ਤੇ ਨਿਰਭਰ ਹੋ ਚੁੱਕਿਆ ਹੈ; ਹਾਲਾਂਕਿ ਔਰਤਾਂ ਇਨ੍ਹਾਂ ਲਿੰਗਕ ਬੰਦਿਸ਼ਾਂ ਨੂੰ ਤੋੜ ਕੇ ਮਨੁੱਖੀ ਸਮਰੱਥਾ ਦਾ ਪ੍ਰਮਾਣ ਦੇ ਰਹੀਆਂ ਹਨ। ਲਿੰਗਕ ਜੜ੍ਹਤਾ ਵਿੱਚੋਂ ਨਿਕਲ ਕੇ ਮਨੁੱਖ ਹੋ ਜਾਣ ਦਾ ਇਹ ਸਿਲਸਿਲਾ ਖੂਬਸੂਰਤ ਹੈ ਜਿਸ ਨਾਲ ਯਕੀਨਨ ਪਰਿਵਾਰ ਅਤੇ ਵਿਆਹ ਵਰਗੀ ਸੰਸਥਾ ਵਿੱਚ ਔਰਤ 'ਤੇ ਨਿਰਭਰ ਹੋ ਚੁੱਕੀ ਧਿਰ (ਮਰਦ) ਨੂੰ ਅਸੁਖਾਵਾਂ ਮਹਿਸੂਸ ਹੋਣਾ ਲਾਜ਼ਮੀ ਹੈ। ਔਰਤ ਦੇ ਬਾਹਰੀ ਕੰਮਾਂ ਵਿੱਚ ਜਾਣ ਨਾਲ ਸਮਾਜ ਦੀ ਪੁਰਾਣੀ ਵਿਵਸਥਾ ਵਿੱਚ ਬਦਲਾਅ ਆ ਰਿਹਾ ਹੈ। ਇਸੇ ਬਦਲਾਅ ਤੋਂ ਘਬਰਾ ਕੇ ਲਿੰਗਕ ਵਖਰੇਵੇਂ ਦੀ ਹਮਾਇਤ ਕਰਨ ਵਾਲੇ ਇਹ ਸੁਝਾਅ ਦਿੰਦੇ ਸੁਣੇ ਜਾ ਸਕਦੇ ਹਨ ਕਿ ਔਰਤਾਂ ਦਾ ਕੰਮ ਘਰ ਦੇ ਕੰਮਾਂ ਤੱਕ ਹੀ ਸੀਮਤ ਹੈ ਅਤੇ ਉਹ ਬਾਹਰ ਕੰਮਾਂ ਵਿੱਚ ਚੰਗੇ ਨਤੀਜੇ ਦੇਣ ਤੋਂ ਅਸਮਰੱਥ ਹੈ, ਪਰ ਅਜਿਹਾ ਨਹੀ ਹੈ। ਇਹ ਮਨੁੱਖ ਦੀ ਬਣਾਈ ਮਿੱਥ ਹੈ। ਇਸ ਬਾਰੇ ਹੁਣ ਅਨੇਕ ਖੋਜਾਂ ਹੋ ਰਹੀਆਂ ਹਨ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਔਰਤਾਂ ਦੀ ਭਾਗੀਦਾਰੀ ਸਦਕਾ ਨਿਕਲੇ ਸਕਾਰਾਤਮਕ ਨਤੀਜਿਆਂ ਬਾਰੇ ਚਰਚਾ ਹੋਣ ਲੱਗੀ ਹੈ। ਲਾਸ ਐਂਜਲਿਸ ਦੀ ਜੰਮਪਲ ਐਲਿਸ ਐਗਲੇ ਸਮਾਜ ਮਨੋਵਿਗਿਆਨੀ ਹੈ। ਉਸ ਨੇ 'ਸਮਾਜਿਕ ਭੂਮਿਕਾ' ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਲਿੰਗਕ ਅੰਤਰ ਸਮਾਜ ਵਿੱਚ ਨਿਰਧਾਰਤ ਭੂਮਿਕਾਵਾਂ ਤੋਂ ਪੈਦਾ ਹੁੰਦੇ ਹਨ। ਇਹ ਵਖਰੇਵਾਂ ਕੁਦਰਤੀ ਜਾਂ ਜੈਵਿਕ ਨਹੀ। ਐਲਿਸ ਨੇ ਆਪਣੇ ਪੀਐੱਚਡੀ ਖੋਜ ਕਾਰਜ ਵਿੱਚ ਇਹ ਪ੍ਰਮਾਣਿਤ ਕੀਤਾ ਹੈ ਕਿ ਔਰਤ, ਆਗੂ ਵਾਲੀ ਭੂਮਿਕਾ ਨਿਭਾਉਣ ਲਈ ਮਰਦ ਨਾਲੋਂ ਵੱਧ ਯੋਗ ਹੁੰਦੀ ਹੈ। ਇਸ ਤੋਂ ਇਲਾਵਾ, ਕੁਝ ਵਿਸ਼ਵ ਪੱਧਰੀ ਸੰਸਥਾਵਾਂ ਦੁਆਰਾ ਵੀ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਜਿਸ ਤੋਂ ਵਿਸ਼ਵ ਪੱਧਰ 'ਤੇ ਕੰਮਕਾਜੀ ਥਾਵਾਂ 'ਤੇ ਔਰਤਾਂ ਦੀ ਸਕਾਰਾਤਮਕ ਭੂਮਿਕਾ ਦੇ ਪ੍ਰਮਾਣ ਮਿਲਦੇ ਹਨ। ਯੂਨਾਈਟਿਡ ਨੇਸ਼ਨ ਦੇ 'ਵਿਸ਼ਵ ਜਨਸੰਖਿਆ ਪ੍ਰਾਸਪੈਕਟ-2024' ਅਨੁਸਾਰ, ਮਨੁੱਖ ਦੀ ਮੌਜੂਦਾ ਜਨਸੰਖਿਆ 8.23 ਬਿਲੀਅਨ ਹੈ ਜਿਸ ਵਿੱਚੋਂ ਔਰਤਾਂ 49.73% ਹਨ ਜੋ ਮਨੁੱਖੀ ਆਬਾਦੀ ਦਾ ਲੱਗਪਗ ਅੱਧਾ ਹਿੱਸਾ ਹਨ। ਜੇ ਕੰਮਕਾਜੀ ਥਾਵਾਂ 'ਤੇ ਔਰਤਾਂ ਦੀ ਸ਼ਮੂਲੀਅਤ ਦੀ ਗੱਲ ਕਰੀਏ ਤਾਂ ਇਹ ਅੰਕੜੇ ਵੱਖਰੇ-ਵੱਖਰੇ ਹਨ। ਵਿਸ਼ਵ ਬੈਂਕ ਦੇ 2023 ਦੇ ਅੰਕੜਿਆਂ ਅਨੁਸਾਰ, 15 ਸਾਲ ਤੋਂ ਉੱਪਰ ਦੀਆਂ ਔਰਤਾਂ ਦੀ ਕੰਮਕਾਜੀ ਥਾਵਾਂ 'ਤੇ ਗਿਣਤੀ 50% ਹੈ; ਅੰਕੜਿਆਂ ਵਿੱਚ ਦੇਖੀਏ ਤਾਂ 1.3 ਬਿਲੀਅਨ ਔਰਤਾਂ ਕੰਮ ਕਰਦੀਆਂ ਹਨ ਜੋ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ ਕਿਉਂਕਿ 80% ਮਰਦ ਬਾਹਰ ਕੰਮ ਕਰਦੇ ਹਨ। ਦੱਖਣੀ ਏਸ਼ਿਆਈ ਦੇਸ਼ਾਂ ਵਿੱਚ ਕੰਮਕਾਜੀ ਔਰਤਾਂ ਦੀ ਗਿਣਤੀ ਸਿਰਫ਼ 32% ਹੈ ਜੋ 77% ਕੰਮਕਾਜੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ। ਯੂਨਾਈਟਿਡ ਨੇਸ਼ਨ ਵਿਮੈੱਨ ਜਾਣਕਾਰੀ ਪੋਰਟਲ ਅਨੁਸਾਰ, ਵਿਸ਼ਵ ਵਿੱਚ 2.7 ਅਰਬ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਬਾਹਰ ਕੰਮ ਕਰਨ ਲਈ ਕੁਝ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਉਂ ਵਿਸ਼ਵ ਪੱਧਰ 'ਤੇ ਔਰਤਾਂ ਦੀ ਆਪਣੀ ਗਿਣਤੀ ਤੋਂ ਬਹੁਤ ਘੱਟ ਸੰਖਿਆਂ ਵਿੱਚ ਕੰਮਕਾਜੀ ਥਾਵਾਂ 'ਤੇ ਸ਼ਮੂਲੀਅਤ ਹੈ। ਕਾਰਨ ਇਹੀ ਹੈ ਕਿ ਔਰਤ ਦੀ ਭੂਮਿਕਾ ਪਰਿਵਾਰ ਪਾਲਣ ਲਈ ਨਿਸ਼ਚਿਤ ਕੀਤੀ ਗਈ ਸੀ, ਇਸ ਲਈ ਜਦ ਉਹ ਘਰ ਤੋਂ ਬਾਹਰ ਬਾਕੀ ਕੰਮਾਂ ਲਈ ਨਿਕਲੀ ਤਾਂ ਇਹ ਕਿਹਾ ਜਾਣ ਲੱਗਿਆ ਕਿ ਔਰਤਾਂ ਆਪਣੇ ਦਫ਼ਤਰਾਂ ਦੇ ਕੰਮ ਮਰਦਾਂ ਬਰਾਬਰ ਨਹੀ ਕਰ ਸਕਦੀਆਂ। ਮਾਹਵਾਰੀ ਤੇ ਬੱਚੇ ਪੈਦਾ ਕਰਨ ਤੋਂ ਇਲਾਵਾ ਘਰ ਦੀਆਂ ਜ਼ਿੰਮੇਵਾਰੀਆਂ ਦੌਰਾਨ ਉਨ੍ਹਾਂ ਦੀ ਕਾਰਜਕੁਸ਼ਲਤਾ ਪ੍ਰਭਾਵਸ਼ਾਲੀ ਨਹੀ। ਇਸ ਬਾਰੇ ਸੱਚ ਜਾਣਨ ਲਈ ਕੁਝ ਸੰਸਥਾਵਾਂ ਨੇ ਸਰਵੇਖਣ ਕੀਤੇ। 'ਮਿਕਕਿੰਨਸੇ' ਨਾਂ ਦੀ ਸੰਸਥਾ ਇਸ ਪਾਸੇ ਵਿਸੇਸ਼ ਕੰਮ ਕਰ ਰਹੀ ਹੈ ਜੋ ਦਫ਼ਤਰੀ ਕੰਮਾਂ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਅਧਿਐਨ ਕਰ ਕੇ ਅੰਕੜੇ ਪੇਸ਼ ਕਰਦੀ ਹੈ। ਮਿਕਕਿੰਨਸੇ, ਹਾਰਵਰਡ ਅਤੇ ਵਿਸ਼ਵ ਆਰਥਿਕ ਮੰਚ ਵਰਗੀਆਂ ਸੰਸਥਾਵਾਂ ਦੀ ਖੋਜ ਇਹ ਦੱਸਦੀ ਹੈ ਕਿ ਜਿਨ੍ਹਾਂ ਕੰਪਨੀਆਂ ਵਿੱਚ ਲਿੰਗ ਸਮਾਨਤਾ ਹੁੰਦੀ ਹੈ, ਉਹ ਕੰਪਨੀਆਂ ਆਮ ਤੌਰ 'ਤੇ ਵਧੀਆਂ ਨਤੀਜੇ ਦਿੰਦੀਆਂ ਹਨ। ਹਾਰਵਰਡ ਯੂਨੀਵਰਸਿਟੀ ਦੇ ਹਾਰਵਰਡ ਬਿਜ਼ਨਸ ਰਿਵਿਊ ਅਨੁਸਾਰ ਤਾਂ ਔਰਤਾਂ ਦੀ ਕੰਮਕਾਜ ਸਮਰੱਥਾ ਅਕਸਰ ਮਰਦਾਂ ਦੇ ਬਰਾਬਰ ਜਾਂ ਉਨ੍ਹਾਂ ਤੋਂ ਉੱਚੀ ਹੋਣ ਦੀ ਰੇਟਿੰਗ ਮਿਲਦੀ ਹੈ, ਖਾਸ ਕਰ ਕੇ ਲੀਡਰਸ਼ਿਪ ਅਤੇ ਟੀਮ ਵਰਕ ਵਾਲੇ ਹਾਲਾਤ ਵਿੱਚ। 2019 ਦੀ ਹਾਰਵਰਡ ਬਿਜ਼ਨਸ ਰਿਵਿਊ ਰਿਪੋਰਟ ਅਨੁਸਾਰ, ਉਨ੍ਹਾਂ 60000 ਤੋਂ ਵੱਧ ਟੀਮ ਨੇਤਾਵਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ। ਔਰਤਾਂ ਨੇ 19 ਵਿਚੋਂ 17 ਲੀਡਰਸ਼ਿਪ ਗੁਣਾਂ ਵਿੱਚ ਮਰਦਾਂ ਤੋਂ ਵਧੀਆਂ ਸਕੋਰ ਕੀਤਾ; ਜਿਵੇਂ ਪਹਿਲ ਕਰਨਾ, ਇਮਾਨਦਾਰੀ, ਸਹਿਯੋਗ ਅਤੇ ਨਤੀਜਾ ਕੇਂਦਰਿਤ ਕੰਮ ਕਰਨਾ। ਇਸ ਰਿਪੋਰਟ ਅਨੁਸਾਰ, ਮਰਦ ਅਤੇ ਔਰਤਾਂ ਵਿੱਚੋਂ ਔਰਤਾਂ ਨੂੰ ਵਧੀਆ ਲੀਡਰ ਮੰਨਿਆ ਗਿਆ ਹੈ। ਕੋਵਿਡ-19 ਕਾਲ ਦੌਰਾਨ ਦੇ ਪ੍ਰਬੰਧਨ ਬਾਰੇ ਹਾਰਵਰਡ ਕੈਨੇਡੀ ਸਕੂਲ ਅਤੇ ਐੱਚਬੀਆਰ ਨੇ ਖੋਜ ਕੀਤੀ। ਇਸ ਖੋਜ ਤਹਿਤ ਇਹ ਨਤੀਜੇ ਸਾਹਮਣੇ ਆਏ ਕਿ ਔਰਤਾਂ ਦੀ ਅਗਵਾਈ ਵਾਲੀਆਂ ਸਰਕਾਰਾਂ ਤੇ ਸੰਸਥਾਵਾਂ ਨੇ ਤੇਜ਼ੀ ਨਾਲ ਜਵਾਬ ਦਿੱਤਾ, ਵਧੀਆ ਸੰਚਾਰ ਕੀਤਾ ਅਤੇ ਲੋਕਾਂ ਵਿੱਚ ਵਧੀਆ ਭਰੋਸਾ ਬਣਾਇਆ। ਇਸ ਤੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਸੰਕਟ ਦੌਰਾਨ ਔਰਤਾਂ ਵਧੇਰੇ ਚੰਗਾ ਪ੍ਰਬੰਧ ਕਰ ਸਕਦੀਆਂ ਹਨ। ਹਾਰਵਰਡ ਦੀ ਬਿਜ਼ਨਸ ਰਿਵਿਊ ਰਿਪੋਰਟ ਇਹ ਵੀ ਦੱਸਦੀ ਹੈ ਕਿ ਔਰਤਾਂ ਦੇ ਕੰਮਕਾਜੀ ਟੀਮ ਵਿੱਚ ਜੇਕਰ ਕਿਤੇ ਕੋਈ ਪੈਦਾਵਾਰੀ ਅੰਤਰ ਹੈ ਤਾਂ ਉਹ ਲਿੰਗ ਭੇਦਭਾਵ, ਮੌਕਿਆਂ ਦੀ ਘਾਟ, ਘਰ ਅਤੇ ਕੰਮ ਵਿੱਚ ਸੰਤੁਲਨ ਦੀ ਚੁਣੌਤੀ ਕਰ ਕੇ ਹੁੰਦਾ ਹੈ, ਨਾ ਕਿ ਔਰਤਾਂ ਵਿੱਚ ਸਮਰੱਥਾ ਦੀ ਘਾਟ ਕਾਰਨ। ਮਿਕਕਿੰਨਸੇ ਦੀ 2024 ਦੀ ਰਿਪੋਰਟ ਅਨੁਸਾਰ, 2015 ਤੋਂ 2024 ਤੱਕ ਕਾਰਪੋਰੇਟ ਪੱਧਰ 'ਤੇ ਔਰਤਾਂ ਦੀ ਭਾਗੀਦਾਰੀ ਵਿੱਚ ਵਾਧਾ ਹੋਇਆ ਹੈ। ਐਂਟਰੀ ਲੇਵਲ ਅਹੁਦੇ 45% ਤੋਂ ਵਧ ਕੇ 48%, ਮੈਨੇਜਰ ਪਦ 37% ਤੋਂ ਵਧ ਕੇ 39%, ਉੱਚ ਪ੍ਰਬੰਧਕੀ ਪਦ 17% ਤੋਂ ਵਧ ਕੇ 29%, ਵਾਈਸ ਪ੍ਰੈਜ਼ੀਡੈਂਟ ਪਦ 27% ਤੋਂ ਵਧ ਕੇ 34% ਹੋ ਗਏ ਹਨ। ਲੀਡਰਸ਼ਿਪ ਦੇ ਮਸਲੇ ਵਿੱਚ ਮਿਕਕਿੰਨਸੇ ਦੀ ਰਿਪੋਰਟ ਦੇ ਨਤੀਜੇ ਹਾਰਵਰਡ ਦੀ ਰਿਪੋਰਟ ਨਾਲ ਮਿਲਦੇ-ਜੁਲਦੇ ਹਨ। ਇਉਂ ਇਨ੍ਹਾਂ ਕੰਪਨੀਆਂ ਦੀ ਖੋਜ ਅਨੁਸਾਰ, ਜੇ ਕਿਤੇ ਉਤਪਾਦਕਤਾ ਘੱਟ ਲੱਗਦੀ ਹੈ ਤਾਂ ਇਹ ਅਕਸਰ ਬਾਹਰੀ ਰੁਕਾਵਟਾਂ ਕਰ ਕੇ ਹੁੰਦਾ ਹੈ ਜਿਵੇਂ ਘਰ ਦਫ਼ਤਰ ਦੀ ਜ਼ਿੰਮੇਵਾਰੀ ਵਿਚ ਸੰਤੁਲਨ ਦੀ ਘਾਟ, ਲਿੰਗ ਆਧਾਰਿਤ ਭੇਦਭਾਵ, ਅਗਵਾਈ ਮੌਕਿਆਂ ਦੀ ਘਾਟ ਕਰ ਕੇ। ਇਨ੍ਹਾਂ ਚੁਣੌਤੀਆਂ ਨੂੰ ਖ਼ਤਮ ਕਰਨ ਲਈ ਸਾਡੇ ਸਮਾਜ ਅਤੇ ਪਰਿਵਾਰ ਮਦਦ ਕਰ ਸਕਦੇ ਹਨ। ਘਰ ਦੇ ਕੰਮਕਾਜ ਨੂੰ ਔਰਤਾਂ ਦਾ ਕੰਮ ਨਾ ਸਮਝ ਕੇ ਸਮੂਹ ਪਰਿਵਾਰ ਦੀ ਜ਼ਿੰਮੇਵਾਰੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਔਰਤਾਂ ਭਾਵੇਂ ਕੁਝ ਸਥਿਤੀਆਂ ਵਿੱਚ ਸਰੀਰਕ ਬਲ ਪੱਖੋਂ ਅਸਮਰੱਥ ਹੋ ਸਕਦੀਆਂ ਹਨ ਪਰ ਆਮ ਹਾਲਾਤ ਵਿੱਚ ਉਹ ਮਰਦ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀ। ਵਿਅਕਤੀਗਤ ਤੌਰ 'ਤੇ ਔਰਤਾਂ ਸਮਰੱਥ ,ਉਤਪਾਦਕ ਅਤੇ ਕੰਮ ਕਰਨ ਦੇ ਲਾਇਕ ਹਨ। ਕੰਮਕਾਜ ਵਿੱਚ ਔਰਤਾਂ ਦਾ ਸ਼ਾਮਿਲ ਹੋਣਾ ਮਨੁੱਖੀ ਸਮਾਨਤਾ ਲਈ ਜ਼ਰੂਰੀ ਤਾਂ ਹੈ ਹੀ ਪਰ ਨਾਲ ਦੀ ਨਾਲ ਕਿਸੇ ਪਰਿਵਾਰ, ਕੌਮ ਅਤੇ ਦੇਸ਼ ਦੀ ਆਰਥਿਕ ਤਰੱਕੀ ਲਈ ਵੀ ਜ਼ਰੂਰੀ ਹੈ।

# ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਅੰਤਰਾਸ਼ਟਰੀ ਪੱਧਰ ਦਾ ਬਣਾਉਣ ਲਈ ਲਗਾਤਾਰ ਯਤਨਸ਼ੀਲ : ਵਿਧਾਇਕ ਰਣਬੀਰ ਭੁੱਲਰ



ਫਿਰੋਜ਼ਪੁਰ, 17 ਮਈ (ਤਿਵਾੜੀ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਪੰਜਾਬ ਸਰਕਾਰ ਸਿੱਖਿਆ ਨੂੰ ਤਰਜੀਹ ਦੇ ਰਹੀ ਹੈ। ਜਿਸ ਕਾਰਨ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਬਿਹਤਰ, ਸੁਰੱਖਿਅਤ ਅਤੇ ਆਧੁਨਿਕ ਵਿਦਿਅਕ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਅੱਜ ਫਿਰੋਜ਼ਪੁਰ ਸ਼ਹਿਰੀ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਝੁੱਗੇ ਕੇਸਰ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਸਿਟੀ ਸਕੂਲ, ਸਰਕਾਰੀ ਪ੍ਰਾਇਮਰੀ ਸਕੂਲ ਕੇਂਦਰੀ ਜੇਲ, ਸਰਕਾਰੀ ਪ੍ਰਾਇਮਰੀ ਮਾਡਲ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਿਰੋਜ਼ਪੁਰ ਵਿੱਚ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਉਪਰੰਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਸ਼੍ਰੀਮਤੀ ਮੁਨੀਲਾ ਅਰੋੜਾ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸ਼੍ਰੀ ਕੋਮਲ ਅਰੋੜਾ, ਬੀ.ਪੀ.ਈ.ਓ ਸ. ਰਣਜੀਤ ਸਿੰਘ, ਬੀ.ਪੀ.ਈ.ਓ ਸ਼੍ਰੀਮਤੀ ਸੁਮਨਦੀਪ ਕੌਰ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਗੁਣਵੱਤਾ ਵਿਚ ਕਾਫ਼ੀ ਸੁਧਾਰ ਹੋਇਆ ਹੈ, ਜਿਸ ਕਾਰਨ ਇਨ੍ਹਾਂ ਸਕੂਲਾਂ ਵਿਚ ਦਾਖਲੇ ਲਈ ਮੁਕਾਬਲਾ ਵੀ ਵੱਧ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਵਿੱਚ ਸਿੱਖਿਆ ਦੇ ਮਿਆਰ ਨੂੰ ਅੰਤਰਾਸ਼ਟਰੀ ਪੱਧਰ ਦਾ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਇੱਕੋ ਇੱਕ ਅਜਿਹਾ ਮਾਧਿਅਮ ਹੈ ਜੋ ਵਿਅਕਤੀ ਨੂੰ ਉਸਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਦਾ ਹੈ ਅਤੇ ਉਸਨੂੰ ਸਮਾਜ ਵਿਚ ਸਕਾਰਾਤਮਕ ਬਦਲਾਅ ਲਿਆਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਸਿੱਖਿਅਤ ਸਮਾਜ ਹੀ ਇੱਕ ਮਜ਼ਬੂਤ ਤੇ ਸ਼ਕਤੀਸ਼ਾਲੀ ਰਾਸ਼ਟਰ ਦੀ ਨੀਂਹ ਬਣਦਾ ਹੈ।ਸ. ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਸੂਬੇ ਵਿਚ ਸਿੱਖਿਆ ਦੀ ਗੁਣਵੱਤਾ ਵਿਚ ਲਗਾਤਾਰ ਸੁਧਾਰ ਹੋ ਰਿਹਾ ਹੈ ਅਤੇ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇਣ ਦਾ ਸੱਦਾ ਦਿੱਤਾ ਕਿਉਂਕਿ ਇਹੀ ਇੱਕੋ ਇੱਕ ਸਾਧਨ ਹੈ ਜਿਸ ਨਾਲ ਸਮਾਜ ਨੂੰ ਖ਼ੁਸ਼ਹਾਲ ਅਤੇ ਬਰਾਬਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ।ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ ਸਿੱਖਿਆ ਹਲਕਾ ਕੋਆਰਡੀਨੇਟਰ,ਹਿਮਾਂਸ਼ੂ ਠੱਕਰ,ਦਲੇਰ ਸਿੰਘ ਭੁੱਲਰ,ਰਜਨੀਸ਼ ਕੁਮਾਰ ਸ਼ਰਮਾ, ਮੈਡਮ ਨਿਤਿਮਾ, ਗੁਰਬਚਨ ਸਿੰਘ ਭੁੱਲਰ, ਬਲਕਾਰ ਸਿੰਘ ਗਿੱਲ, ਸੰਦੀਪ ਟੰਡਨ,ਸੁਰਿੰਦਰ ਸਿੰਘ ਗਿੱਲ, ਗਗਨ ਕੰਤੋੜ,ਨਿਰਮਲ ਸਿੰਘ ਰੱਜੀਵਾਲਾ,ਸ਼ਰਨਜੀਤ ਸਿੰਘ ਲਹਿਰੀ,ਨਰਿੰਦਰ ਗਰੋਵਰ,ਹਰਮੀਤ ਸਿੰਘ ਖਾਈ,ਬਿੱਟੂ ਰਮੇਸ਼ ਸਰਪੰਚ, ਬਿੱਟੂ, ਮਲਕੀਤ ਸਿੰਘ ਸਰਪੰਚ,ਰਣਜੀਤ ਸਿੰਘ ਸਰਪੰਚ ਸਮੇਤ ਕਈ ਪਤਵੰਤੇ ਮੌਜੂਦ ਸਨ।

# ਮਾਤਾ ਗੁਜਰੀ ਕਾਲਜ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਵੱਲੋਂ ਦੋ ਹ਼ਫਤਿਆਂ ਦਾ ਸਰਟੀਫਿਕੇਟ ਕੋਰਸ ਸ਼ਫਲਤਾਪੂਰਵਕ ਸੰਪੰਨ



ਫ਼ਤਹਿਗੜ੍ਹ ਸਾਹਿਬ, 17 ਮਈ (ਹਰਪ੍ਰੀਤ ਕੌਰ ਟਿਵਾਣਾ) : ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਵੱਲੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਟੈਲੀ ਪ੍ਰਾਈਮ ਐਂਡ ਇੰਪਲੌਇਬਿਲਟੀ ਸਕਿੱਲਜ਼ ਵਿਸ਼ੇ ਤੇ ਆਯੋਜਿਤ ਦੋ ਹਫ਼ਤਿਆਂ ਦੇ ਸਰਟੀਫ਼ਿਕੇਟ ਕੋਰਸ ਦਾ ਸਫ਼ਲਤਾਪੂਰਵਕ ਸਮਾਪਨ ਹੋ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਕੁੱਲ 42 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕੰਪਿਊਟਰਾਈਜ਼ਡ ਵਿੱਤੀ ਪ੍ਰਬੰਧਨ, ਉਚੇਰੀ ਸਿੱਖਿਆ ਪ੍ਰਾਪਤੀ ਅਤੇ ਕਰੀਅਰ ਗਾਈਡੈਂਸ ਸਬੰਧੀ ਮਹੱਤਵਪੂਰਨ ਗਿਆਨ ਪ੍ਰਦਾਨ ਕਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਕੋਰਸ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਵਿਹਾਰਕ ਗਿਆਨ ਵਧਾਉਣ ਵਿਚ ਸਹਾਈ ਸਿੱਧ ਹੁੰਦੇ ਹਨ। ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਇਸ ਕੋਰਸ ਪ੍ਰਤੀ ਵਿਦਿਆਰਥੀਆਂ ਵਿਚ ਉਤਸੁਕਤਾ ਦੇਖ ਖੁਸ਼ੀ ਜ਼ਹਿਰ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੋਰਸ ਵਿਦਿਆਰਥੀਆਂ ਵਿਚ ਉਦਯੋਗਿਕ ਕੰਮਕਾਜ ਨੂੰ ਬੇਹਤਰ ਤਰੀਕੇ ਨਾਲ ਸਮਝਣ ਵਿਚ ਸਹਾਇਕ ਸਿੱਧ ਹੁੰਦੇ ਹਨ ਅਤੇ ਇਨ੍ਹਾਂ ਕੋਰਸਾਂ ਵਿਚ ਭਾਗ ਲੈਣ ਨਾਲ ਵਿਦਿਆਰਥੀਆਂ ਨੂੰ ਕਰੀਅਰ ਗਾਈਡੇਂਸ ਸੰਬੰਧੀ ਸਹੀ ਸੇਧ ਮਿਲਦੀ ਹੈ। ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ ਨੇ ਵੀ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਕੋਰਸ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹਨ। ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ ਨੇ ਕਿਹਾ ਕਿ ਵਿਭਾਗ ਵੱਲੋਂ ਆਯੋਜਿਤ ਇਸ ਕੋਰਸ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਵਿਚ ਕਰੀਅਰ ਸੰਬੰਧੀ ਜਾਗਰੂਕਤਾ ਪੈਦਾ ਕਰਨਾ ਅਤੇ ਰੁਜ਼ਗਾਰ ਪ੍ਰਾਪਤੀ ਵਿਚ ਕੰਮ ਆਉਣ ਵਾਲੇ ਜ਼ਰੂਰੀ ਹੁਨਰ ਪ੍ਰਦਾਨ ਕਰਨਾ ਸੀ। ਵਿਭਾਗ ਦੇ ਡਾ. ਰਤਨੇਸ਼ਪਾਲ ਸਿੰਘ ਅਤੇ ਡਾ. ਸ਼ਿਵਾਨੀ ਬੈਕਟਰ ਨੇ ਵਿਦਿਆਰਥੀਆਂ ਨੂੰ ਜ਼ਰੂਰੀ ਭਾਸ਼ਾਈ ਹੁਨਰਾਂ, ਬੌਧਿਕ ਵਿਕਾਸ ਅਤੇ ਆਪਸੀ ਸਹਿਯੋਗ ਦੀ ਭਾਵਨਾ ਆਦਿ ਵਿਸ਼ਿਆਂ ਬਾਰੇ ਜਾਣੂ ਕਰਵਾਇਆ। ਕੋਰਸ ਕੋਆਰਡੀਨੇਟਰ ਡਾ. ਸੌਰਵ ਸ਼ਰਮਾ ਨੇ ਵਿਦਿਆਰਥੀਆਂ ਨੂੰ ਜ਼ਰੂਰੀ ਗਿਆਨ ਅਤੇ ਹੁਨਰ ਪ੍ਰਦਾਨ ਕਰਨ ਵਿੱਚ ਅਜਿਹੇ ਉਸਾਰੂ ਵਿੱਦਿਅਕ ਕੋਰਸਾਂ ਦੀ ਵਡਮੁੱਲੀ ਭੂਮਿਕਾ ਨੂੰ ਉਜਾਗਰ ਕੀਤਾ।

# ਖਾਲਸਾ ਕਾਲਜੀਏਟ ਸਕੂਲ ਮਹਿਤਾ ਦੇ ਵਿਦਿਆਰਥੀਆਂ ਨੇ ਮੈਟ੍ਰਿਕ ਦੇ ਨਤੀਜਿਆਂ 'ਚ ਮਾਰੀਆਂ ਮੱਲਾਂ



ਚੌਕ ਮਹਿਤਾ,17 ਮਈ (ਬਲਜਿੰਦਰ ਸਿੰਘ ਰੰਧਾਵਾ) : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜੀਏਟ ਸਕੂਲ ਮਹਿਤਾ ਦੇ ਬੋਰਡ ਪ੍ਰੀਖਿਆਵਾਂ ਦੇ ਨਤੀਜੇ ਸ਼ਾਨਦਾਰ ਰਹੇ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੈਟ੍ਰਿਕ ਦੇ ਨਤੀਜੇ ਘੋਸ਼ਿਤ ਕੀਤੇ ਗਏ ਸਨ। ਜਿਸ ਵਿਚ ਖਾਲਸਾ ਕਾਲਜੀਏਟ ਸਕੂਲ ਮਹਿਤਾ ਦੇ ਦਸਵੀਂ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਕਾਫੀ ਪ੍ਰਸ਼ੰਸਾਯੋਗ ਰਿਹਾ। 90% ਵਿਦਿਆਰਥੀਆਂ ਨੇ 85 ਤੋਂ 90 ਪ੍ਰਤੀਸ਼ਤ ਅੰਕ ,15% ਵਿਦਿਆਰਥੀਆਂ ਨੇ 75 ਤੋਂ 85 ਪ੍ਰਤੀਸ਼ਤ ਅਤੇ 5% ਵਿਦਿਆਰਥੀਆਂ ਨੇ 90 ਤੋਂ 100 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਅਕਾਦਮਿਕ ਖੇਤਰ ਵਿਚ ਮਾਰਕਾ ਮਾਰਿਆ ਹੈ। ਸਕੂਲ ਦੇ ਚਮਕਦੇ ਸਿਤਾਰਿਆਂ ਵਿੱਚ ਅਭੀਜੋਤ ਕੌਰ, ਜਸਕਰਨ ਸਿੰਘ, ਅਰਮਾਨਪ੍ਰੀਤ ਕੌਰ, ਦਮਨਪ੍ਰੀਤ ਕੌਰ ਨੇ 91 ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ ਜੈਸਮੀਨ ਕੌਰ 90%,ਦਮਨਪ੍ਰੀਤ ਕੌਰ ਅਤੇ ਪ੍ਰਿੰਸਪ੍ਰੀਤ ਸਿੰਘ ਨੇ 88% ਅੰਕ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਗਰਵ ਨਾਲ ਉੱਚਾ ਕੀਤਾ ਹੈ। ਇਨਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਆਪਸ ਵਿੱਚ ਮਿਠਾਈਆਂ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਸਾਰੇ ਸਕੂਲ ਵਿੱਚ ਵਧਾਈਆਂ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ। ਇਸ ਸੁਨਿਹਰੀ ਮੌਕੇ 'ਤੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਤੀਜੇ ਤੁਹਾਡੀ ਸਖ਼ਤ ਮਿਹਨਤ, ਲਗਨ , ਅਤੇ ਅਣਗਿਣਤ ਚੁਣੌਤੀਆਂ ਦਾ ਪ੍ਰਤੀਬਿੰਬ ਹਨ ਜਿਨ੍ਹਾਂ ਨੂੰ ਤੁਸੀਂ ਪਾਰ ਕੀਤਾ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਵੱਲੋਂ ਕੌਮੀ ਲੋਕ ਅਦਾਲਤ ਦਾ ਆਯੋਜਨ 24 ਨੂੰ

ਫਿਰੋਜ਼ਪੁਰ, 17 ਮਈ (ਤਿਵਾੜੀ) : ਮਾਨਯੋਗ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਮਿਤੀ 10.05.2025 ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਥਾਨਕ ਹਾਲਾਤਾਂ ਕਾਰਨ ਮੁਲਤਵੀ ਕੀਤੀ ਗਈ ਸੀ ਜੋ ਹੁਣ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ (ਮੋਹਾਲੀ) ਜੀ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਮਿਤੀ 24.05.2025 ਨੂੰ ਲਗਾਈ ਜਾ ਰਹੀ ਹੈ। ਸ੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ—ਕਮ—ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਦੱਸਿਆ ਗਿਆ ਹੈ ਕਿ ਇਹ ਕੌਮੀ ਲੋਕ ਅਦਾਲਤਾਂ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਅਦਾਲਤਾਂ ਦੇ ਨਾਲ—ਨਾਲ ਸਬ—ਤਹਿਸੀਲਾਂ ਜ਼ੀਰਾ ਅਤੇ ਗੁਰੂਹਰਸਿਹਾਏ ਵਿਖੇ ਲਗਾਈ ਜਾਵੇਗੀ।ਜੱਜ ਸਾਹਿਬ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਕੌਮੀ ਲੋਕ ਅਦਾਲਤ ਵਿੱਚ ਵੱਧ—ਚੜ੍ਹ ਕੇ ਹਿੱਸਾ ਲੈਣ ਅਤੇ ਆਪਣੇ ਕੇਸਾਂ ਦਾ ਨਿਪਟਾਰਾ ਕੌਮੀ ਲੋਕ ਅਦਾਲਤ ਦੁਆਰਾ ਕਰਵਾਉਣ। ਵਧੇਰੇ ਜਾਣਕਾਰੀ ਲਈ ਦਫਤਰ ਦੇ ਲੈਂਡਲਾਇਨ ਨੰਬਰ ਅਤੇ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਤੁਰਨ ਫਿਰਨ ਤੋਂ ਅਸਮਰੱਥ ਵਿਅਕਤੀਆਂ ਨੂੰ ਨਕਲੀ ਅੰਗ ਦੇਣੇ ਸ਼ਲਾਘਾਯੋਗ ਉਪਰਾਲਾ: ਐਸ ਡੀ ਐਮ.

ਸ੍ਰੀ ਫ਼ਤਹਿਗੜ੍ਹ ਸਾਹਿਬ, 17 ਮਈ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਐਲਮੀਕੋ ਸੰਸਥਾ ਦੇ ਸਹਿਯੋਗ ਨਾਲ ਲੋੜਵੰਦ ਵਿਅਕਤੀਆਂ ਨੂੰ ਨਕਲੀ ਅੰਗ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਐਸ ਡੀ ਐਮ ਸ੍ਰੀ ਫ਼ਤਹਿਗੜ੍ਹ ਸਾਹਿਬ ਅਰਵਿੰਦ ਕੁਮਾਰ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਵਰਿੰਦਰ ਸਿੰਘ ਟਿਵਾਣਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਕੀਤੀ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਮਨਦੀਪ ਕੌਸ਼ਲ ਵਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ,ਵਿਸੇਸ ਤੌਰ 'ਤੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਵੂਮੈਨ ਕੌਂਸਲਿੰਗ ਸੈਲ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ



ਸਾਂਝ ਕਮੇਟੀ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗੁਰਵਿੰਦਰ ਸਿੰਘ ਸੋਹੀ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ,ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇਂ ਐਸ ਡੀ ਐਮ ਸ੍ਰੀ ਫ਼ਤਹਿਗੜ੍ਹ ਸਾਹਿਬ ਅਰਵਿੰਦ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵੱਲੋਂ ਐਲਮੀਕੋ ਸੰਸਥਾ ਦੇ ਸਹਿਯੋਗ ਨਾਲ ਤੁਰਨ ਫਿਰਨ ਤੋਂ ਅਸਮਰੱਥ ਵਿਅਕਤੀਆਂ ਨੂੰ ਨਕਲੀ ਅੰਗ ਲਗਾਉਣੇ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਸ ਨਾਲ ਤੁਰਨ ਫਿਰਨ ਤੋਂ ਅਸਮੱਰਥ ਵਿਆਕਤੀ ਆਪਣੀ ਜ਼ਿੰਦਗੀ ਸਹੀ ਢੰਗ ਨਾਲ ਬਤੀਤ ਕਰ ਸਕਣਗੇ , ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਫਜ਼ੂਲ ਖਰਚੀ ਬੰਦ ਕਰਕੇ ਲੋੜਵੰਦ ਮਰੀਜ਼ਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਲੋੜਵੰਦ ਦੀ ਮਦਦ ਹੋ ਸਕੇ। ਉਹਨਾਂ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹੋ ਵੀ ਤੁਰਨ ਫਿਰਨ ਤੋਂ ਅਸਮਰਥ ਵਿਆਕਤੀਆਂ ਦੀ ਮਦਦ ਲਈ ਅੱਗੇ ਆਉਣ, ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਉਹੋ ਅਤੇ ਉਹਨਾਂ ਦਾ ਸਟਾਫ ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਤਿਆਰ ਹਨ ਅਤੇ ਉਹਨਾਂ ਵਲੋਂ ਹੋਰ ਵੀ ਲੋੜਵੰਦਾਂ ਦੀ ਸਮੇਂ ਸਮੇਂ ਸਿਰ ਮਦਦ ਕੀਤੀ ਜਾਵੇਗੀ।

# ਵਿਧਾਇਕ ਰਜਨੀਸ਼ ਦਹੀਯਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ

ਫਿਰੋਜ਼ਪੁਰ, 17 ਮਈ (ਤਿਵਾੜੀ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਅਧੀਨ ਆਉਂਦੇ ਪਿੰਡ ਹਜ਼ਾਰਾ ਸਿੰਘ ਵਾਲਾ, ਪਿੰਡ ਜਾਮਾ ਰਖੀਆ ਹਿਠਾੜ ਅਤੇ ਪਿੰਡ ਲੱਖਾ ਸਿੰਘ ਵਾਲਾ ਹਿਠਾੜ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਵਿਧਾਇਕ ਸ਼੍ਰੀ ਰਜਨੀਸ਼ ਦਹੀਯਾ ਦੀ ਅਗਵਾਈ ਵਿਚ ਕੀਤੀ ਗਈ। ਵਿਧਾਇਕ ਰਜਨੀਸ਼ ਦਹੀਯਾ ਨੇ ਕਿਹਾ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿਛਲੇ ਢਾਈ ਮਹੀਨੇ ਵਿੱਚ ਨਸ਼ਾ ਤਸਕਰਾਂ ਉੱਤੇ ਵੱਡਾ ਵਾਰ ਕੀਤਾ ਹੈ। ਉਨ੍ਹਾਂ ਕਿਹਾ ਇਸ ਮੁਹਿੰਮ ਨੂੰ ਹੁਣ ਜਨ ਅੰਦੋਲਨ ਬਣਾਉਂਦੇ ਹੋਏ ਹਰ ਪਿੰਡ ਅਤੇ ਵਾਰਡ ਤੱਕ ਲੈ ਕੇ ਜਾਇਆ ਜਾਵੇਗਾ, ਜਿਸ ਵਿੱਚ ਲੋਕ ਸ਼ਪਥ ਲੈਣਗੇ ਕਿ ਨਾ ਤਾਂ ਖੁਦ ਨਸ਼ਾ ਕਰਨਗੇ, ਨਾ ਨਸ਼ਾ ਵੇਚਣ ਦੇਣਗੇ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਲਾਜ ਲਈ ਉਤਸ਼ਾਹਤ ਕਰਨਗੇ।ਉਨ੍ਹਾਂ ਕਿਹਾ ਕੇ ਮਾਨ ਸਰਕਾਰ ਦੀ ਇਸ ਮੁਹਿੰਮ ਵਿੱਚ ਪੰਚਾਇਤਾਂ, ਗ੍ਰਾਮ ਰੱਖਿਆ ਸਮਿਤੀਆਂ, ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਕੱਠੇ ਮਿਲ ਕੇ ਕੰਮ ਕਰਨਗੀਆਂ। ਨਸ਼ਾ ਮੁਕਤੀ ਯਾਤਰਾ ਦਾ ਮਕਸਦ ਸਿਰਫ਼ ਕਾਨੂੰਨ ਰਾਹੀਂ ਨਸ਼ੇ ਨੂੰ ਰੋਕਣਾ ਨਹੀਂ, ਸਗੋਂ ਜਨ ਭਾਗੀਦਾਰੀ ਰਾਹੀਂ ਸਮਾਜਿਕ ਪਰਿਵਰਤਨ ਲਿਆਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਰਾਜ ਸਰਕਾਰ ਵੱਲੋਂ ਇੱਕ ਵਿਸ਼ੇਸ਼ ਹੈਲਪਲਾਈਨ ਸ਼ੁਰੂ ਕੀਤੀ ਹੈ, ਜਿਸ 'ਤੇ ਨਾਗਰਿਕ ਗੁਪਤ ਤੌਰ 'ਤੇ ਨਸ਼ਾ ਤਸਕਰੀ ਦੀ ਜਾਣਕਾਰੀ ਦੇ ਸਕਦੇ ਹਨ। ਉਨ੍ਹਾਂ ਕਿਹਾ ਜੋ ਲੋਕ ਨਸ਼ਾ ਛੱਡਣਾ ਚਾਹੁੰਦੇ ਹਨ, ਉਨ੍ਹਾਂ ਲਈ ਸੂਬੇ ਭਰ ਵਿੱਚ ਇਲਾਜ ਅਤੇ ਪੁਨਰਵਾਸ ਕੇਂਦਰਾਂ ਦੀ ਸੁਵਿਧਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਕੇਵਲ ਨਸ਼ਾ ਵਿਰੋਧੀ ਜਾਗਰੂਕਤਾ ਨਹੀਂ, ਸਗੋਂ ਸਮਾਜ ਵਿੱਚ ਸਕਾਰਾਤਮਕ ਮਾਹੌਲ ਪੈਦਾ ਕਰਨਾ ਹੈ। ਇਸ ਦੌਰਾਨ ਉਹਨਾਂ ਪਿੰਡ ਵਾਸੀਆਂ ਨੂੰ ਨਸ਼ੇ ਖਿਲਾਫ ਖੜੇ ਹੋਣ ਲਈ ਸਹੁੰ ਵੀ ਚੁਕਵਾਈ। ਉਹਨਾਂ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖਿਲਾਫ ਖੜ੍ਹੇ ਹੋਣ ਅਤੇ ਜੇਕਰ ਕੋਈ ਵੀ ਉਹਨਾਂ ਨੂੰ ਨਸ਼ਾ ਕਰਨ ਜਾਂ ਨਸ਼ਾ ਵੇਚਣ ਵਾਲੇ ਬਾਰੇ ਪਤਾ ਚੱਲਦਾ ਹੈ ਤਾਂ ਉਹ ਉਸ ਦੀ ਰਿਪੋਰਟ ਨਜ਼ਦੀਕੀ ਥਾਣੇ ਵਿੱਚ ਦੇਣ। ਇਸ ਮੌਕੇ ਬਲਵਿੰਦਰ ਸਿੰਘ ਰਾਊਕੇ, ਬਲਵਿੰਦਰ ਸਿੰਘ ਲੱਡੂ, ਗੁਰਨਾਮ ਸਿੰਘ ਹਜ਼ਾਰਾਂ, ਹਰਮਨ ਸਿੰਘ ਰਹੀਮੇ ਕੇ ਹਲਕਾ ਕੋਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਡੀਐਸਪੀ ਕਰਨ ਸ਼ਰਮਾ, ਸਰਬਜੀਤ ਸਿੰਘ ਬੀਡੀਪੀਓ ਮਮਦੋਟ, ਰੌਬੀ ਸੰਧੂ ਨਿੱਜੀ ਸਕੱਤਰ, ਰਣਬੀਰ ਸਿੰਘ ਮਿੱਠਾ, ਲਖਵਿੰਦਰ ਸਿੰਘ ਮਮਦੋਟ, ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਕੌਂਸਲ ਮਮਦੋਟ, ਹਰਜਿੰਦਰ ਸਿੰਘ ਸਿੰਧੀ ਆਦਿ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।




# ਬਾਰ੍ਹਵੀਂ ਤੇ ਦੱਸਵੀਂ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ



ਲੋਹੀਆਂ ਖਾਸ,17 ਮਈ(ਸਬਪ੍ਰੀਤ ਸਿੰਘ): ਇਲਾਕਾ ਲੋਹੀਆਂ ਖਾਸ ਤੇ ਸੁਲਤਾਨਪੁਰ ਲੋਧੀ ਵਿਖੇ ਆਪਣੀ ਵਿਲੱਖਣ ਪਹਿਚਾਣ ਰੱਖਣ ਵਾਲੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਸੁਲਤਾਨਪੁਰ ਲੋਧੀ ਦਾ ਸੀ.ਬੀ ਐਸ.ਈ ਵੱਲੋਂ ਐਲਾਨਿਆ ਗਿਆ ਬਾਰ੍ਹਵੀਂ ਅਤੇ ਦੱਸਵੀਂ ਕਲਾਸ ਦਾ ਬਹੁਤ ਸ਼ਾਨਦਾਰ ਰਿਹਾ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਨੇ ਜਾਣਕਾਰੀ ਸਾਂਝੇ ਕਰਦਿਆਂ ਦੱਸਿਆ ਕਿ ਸਕੂਲ ਦੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਵਿੱਚ ਸ਼ਾਮਲ ਅਨੁਗੀਤ ਕੌਰ ਅਤੇ ਮਿਲਣਜੋਤ ਕੌਰ ਨੇ ਪਹਿਲਾਂ ਸਥਾਨ, ਤੀਰਥਪ੍ਰੀਤ ਕੌਰ ਨੇ ਦੂਸਰਾ, ਨਵਰੀਤ ਕੌਰ ਨੇ ਤੀਸਰਾ, ਅਰਸ਼ਪ੍ਰੀਤ ਕੌਰ ਨੇ ਚੌਥਾ ਅਤੇ ਕ੍ਰਿਸ਼ ਸ਼ਰਮਾ ਨੇ ਸਕੂਲ ਵਿਚੋਂ ਪੰਜਵਾਂ ਸਥਾਨ ਪ੍ਰਾਪਤ ਕੀਤਾ। ਜਦਕਿ ਦਸਵੀਂ ਕਲਾਸ ਦੇ ਹੋਣਹਾਰ ਵਿਦਿਆਰਥੀਆਂ ਵਿੱਚ ਸ਼ਾਮਲ ਕਿਰਨਦੀਪ ਗਿੱਲ ਨੇ 89% ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ, ਅਨੰਦ ਕੁਮਾਰ ਨੇ 88% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਅਮਰਪ੍ਰੀਤ ਸਿੰਘ ਨੇ 85% ਅੰਕ ਪ੍ਰਾਪਤ ਕਰਕੇ ਸਕੂਲ ਵਿਚੋਂ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਸੈਣੀ ਨੇ ਇਹ ਜਾਣਕਾਰੀ ਸਾਂਝਿਆਂ ਕਰਦਿਆਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ। ਸਕੂਲ ਦੇ ਚੇਅਰਮੈਨ ਸਵਰਨ ਸਿੰਘ ਖਾਲਸਾ, ਐਜੂਕੇਸ਼ਨ ਡਾਇਰੈਕਟਰ ਰਾਜਵਿੰਦਰ ਕੌਰ ਖਾਲਸਾ ,ਐਮ.ਡੀ ਐਡਵੋਕੇਟ ਮਨਬੀਰ ਸਿੰਘ ਅਤੇ ਮੈਡਮ ਕਮਲਪ੍ਰੀਤ ਕੌਰ,ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਅਤੇ ਵਾਈਸ ਪ੍ਰਿੰਸੀਪਲ ਆਸ਼ੂ ਵਾਹੀ ਨੇ ਬੱਚਿਆਂ ਅਤੇ ਮਾਪਿਆਂ ਨੂੰ ਵਧੀਆ ਨਤੀਜੇ ਆਉਣ 'ਤੇ ਵਧਾਈ ਦਿੱਤੀ ਅਤੇ ਅਜਿਹੀਆਂ ਹੋਰ ਪ੍ਰਾਪਤੀਆਂ ਲਈ ਸੁਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਨੇ ਬੱਚਿਆਂ ਨੂੰ ਅਗਲੇ ਇਮਤਿਹਾਨਾਂ ਵਿੱਚ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਆ ਤਾਂ ਜੋ ਬੱਚੇ ਆਪਣੀ ਜਿੰਦਗੀ ਵਿੱਚ ਆਪਣੇ ਮਾਤਾ ਪਿਤਾ ਦੇ ਸੁਪਨਿਆਂ ਨੂੰ ਪੂਰੇ ਕਰ ਸਕਣ। ਇਸ ਮੌਕੇ ਤੇ ਸਟਾਫ ਸੈਕਟਰੀ ਸੰਜੇ ਸੌਰੰਗ ਤੇ ਸਵਲੀਨ ਕੌਰ,ਕੋਆਰਡੀਨੇਟਰ ਮਨੀਸ਼ ਕੁਮਾਰ, ਡਸਿੱਪਲਨ ਇੰਨਚਾਰਜ ਮਾ: ਗੁਰਜੀਤ ਸਿੰਘ, ਮੀਡੀਆ ਕੋਆਰਡੀਨੇਟਰ ਸਬਪ੍ਰੀਤ ਸਿੰਘ,ਸੰਜੀਵ ਕੁਮਾਰ ਅਤੇ ਸਮੁੱਚਾ ਸਕੂਲ ਦਾ ਸਟਾਫ ਮੌਜੂਦ ਸੀ।

# 22 ਭਾਸ਼ਾਵਾਂ ਦੇ ਗਿਆਨੀ ਅਤੇ 80 ਗ੍ਰੰਥਾਂ ਦੇ ਰਚੇਤਾ ਜੋਤਿਰਮਯ ਯੁਗਾਚਾਰੀਆ: ਜਗਦਗੁਰੂ ਰਾਮਭਦਰਚਾਰੀਆ



**ਮੋਹਿਤ ਸਿੰਗਲਾ ਤਪਾ**
**90412-95900**

ਜਦੋਂ ਸਾਹਿਤ ਇੱਕ ਅਧਿਆਤਮਿਕ ਅਭਿਆਸ ਬਣ ਜਾਂਦਾ ਹੈ ਅਤੇ ਇਹ ਅਭਿਆਸ ਸਮਾਜ ਦੀ ਚੇਤਨਾ ਨਾਲ ਜੁੜ ਜਾਂਦਾ ਹੈ ਤਾਂ ਇੱਕ ਕਵੀ ਨਹੀਂ ਸਗੋਂ ਯੁੱਗ ਦੇ ਚਾਨਣ ਮੁਨਾਰੇ ਦਾ ਜਨਮ ਹੁੰਦਾ ਹੈ। ਅਜਿਹੀ ਹੀ ਇੱਕ ਅਸਾਧਾਰਨ ਸ਼ਖਸੀਅਤ ਜਗਦਗੁਰੂ ਰਾਮਭਦਰਚਾਰੀਆ ਹਨ ਜਿਨ੍ਹਾਂ ਨੂੰ ਸਾਲ 2023 ਲਈ 58ਵਾਂ ਗਿਆਨਪੀਠ ਪੁਰਸਕਾਰ ਦਿੱਤਾ ਗਿਆ ਹੈ। ਇਹ ਸਨਮਾਨ ਸਿਰਫ਼ ਇੱਕ ਮਹਾਨ ਵਿਅਕਤੀ ਨੂੰ ਨਹੀਂ ਸਗੋਂ ਸਮੁੱਚੀ ਭਾਰਤੀ ਗਿਆਨ ਪਰੰਪਰਾ ਨੂੰ ਸਮਰਪਿਤ ਹੈ ਜੋ ਅਜੇ ਵੀ ਸੰਸਕ੍ਰਿਤ, ਸ਼ਾਸਤਰਾਂ ਅਤੇ ਸੱਭਿਆਚਾਰ ਦੇ ਰੂਪ ਵਿੱਚ ਰਾਸ਼ਟਰ ਦੀ ਆਤਮਾ ਵਿੱਚ ਜੀਵੰਤ ਹੈ। ਜਦੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਇਹ ਪੁਰਸਕਾਰ ਪ੍ਰਦਾਨ ਕੀਤਾ ਤਾਂ ਉਹ ਪਲ ਸਿਰਫ਼ ਇੱਕ ਰਸਮੀ ਸਨਮਾਨ ਨਹੀਂ ਸੀ ਸਗੋਂ ਭਾਰਤੀਅਤਾ ਦੀ ਵਿਲੱਖਣ ਪਰੰਪਰਾ ਦਾ ਮਹਾਨ ਜਸ਼ਨ ਸੀ ਜੋ ਸਦੀਵੀ ਕਦਰਾਂ-ਕੀਮਤਾਂ ਅਤੇ ਭਾਸ਼ਾਈ ਮਾਣ ਨਾਲ ਭਰਪੂਰ ਹੈ।

ਗਿਰੀਧਰ ਮਿਸ਼ਰਾ (ਜਿਨ੍ਹਾਂ ਨੂੰ ਅਸੀਂ ਅੱਜ ਜਗਦਗੁਰੂ ਰਾਮਭਦਰਚਾਰੀਆ ਦੇ ਨਾਮ ਨਾਲ ਜਾਣਦੇ ਹਾਂ) 14 ਜਨਵਰੀ, 1950 ਨੂੰ ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਦੇ ਸੰਦੀਪੁਰ ਖੁਰਦ ਪਿੰਡ ਵਿੱਚ ਜਨਮੇ, ਉਨ੍ਹਾਂ ਨੇ ਜੀਵਨ ਦੇ ਸਭ ਤੋਂ ਔਖੇ ਹਾਲਾਤਾਂ ਨੂੰ ਅਧਿਆਤਮਿਕ ਉਚਾਈਆਂ ਵਿੱਚ ਬਦਲ ਦਿੱਤਾ। ਦੋ ਮਹੀਨੇ ਦੀ ਉਮਰ ਵਿੱਚ ਉਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਸਦਾ ਲਈ ਚਲੀ ਗਈ , ਪਰ ਪੰਜ ਸਾਲ ਦੀ ਉਮਰ ਵਿੱਚ 15



ਦਿਨਾਂ ਵਿੱਚ ਪੂਰਾ ਸ਼੍ਰੀਮਦ ਭਾਗਵਤ ਅਤੇ ਆਪਣੇ ਦਾਦਾ ਸੂਰਿਆਬਲੀ ਮਿਸ਼ਰਾ ਦੀ ਪ੍ਰੇਰਨਾ ਨਾਲ ਸੱਤ ਸਾਲ ਦੀ ਉਮਰ ਵਿੱਚ 60 ਦਿਨਾਂ ਵਿੱਚ ਪੂਰਾ ਸ਼੍ਰੀ ਰਾਮਚਰਿਤਮਾਨਸ ਯਾਦ ਕਰ ਲੈਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਉਨ੍ਹਾਂ ਨੇ ਸੰਪੂਰਨਾਨੰਦ ਸੰਸਕ੍ਰਿਤ ਯੂਨੀਵਰਸਿਟੀ, ਕਾਸ਼ੀ ਤੋਂ ਆਧੁਨਿਕ ਵਿਆਕਰਣ ਵਿੱਚ ਉੱਚ ਸਿੱਖਿਆ ਪ੍ਰਾਪਤ ਕੀਤੀ ਅਤੇ ਫਿਰ ਆਪਣੀ ਜ਼ਿੰਦਗੀ ਨੂੰ ਹੀ ਇੱਕ ਯੂਨੀਵਰਸਿਟੀ ਬਣਾ ਲਿਆ। ਉਹ ਸਿਰਫ਼ ਗਿਆਨ ਦੇ ਖੋਜੀ ਹੀ ਨਹੀਂ , ਸਗੋਂ ਸਭ ਤੋਂ ਪੁਰਾਤਨ ਭਾਸ਼ਾ ਸੰਸਕ੍ਰਿਤ ਦੇ ਇੱਕ ਸੂਝਵਾਨ ਵਿਦਵਾਨ, 22 ਭਾਸ਼ਾਵਾਂ ਦਾ ਗਿਆਨ ਰੱਖਣ ਵਾਲੇ ਅਤੇ 80 ਤੋਂ ਵੱਧ ਗ੍ਰੰਥਾਂ ਦੇ ਰਚੇਤਾ ਵੀ ਹਨ । ਉਨ੍ਹਾਂ ਦੇ ਮਹਾਂਕਾਵਿ ਸ਼੍ਰੀ ਭਾਰਗਵਰਾਘਵੀਅਮ, ਗੀਤਰਾਮਾਇਨਮ ਅਤੇ ਦਾਰਸ਼ਨਿਕ ਟਿੱਪਣੀ ਸ਼੍ਰੀ ਰਾਘਵਕ੍ਰਿਪਾਭਾਸ਼ਯਮ ਉਨ੍ਹਾਂ ਨੂੰ ਆਧੁਨਿਕ ਸਮੇਂ ਦੇ ਵਾਲਮੀਕਿ ਅਤੇ ਤੁਲਸੀ ਸਾਬਤ ਕਰਦੇ ਹਨ। ਨੇਤਰਹੀਣ ਹੋਣ ਦੇ ਬਾਵਜੂਦ ਉਹ ਇੱਕ ਦੁਰਲੱਭ ਸੰਤ ਹਨ ਜਿਨ੍ਹਾਂ ਨੇ ਪ੍ਰਸਥਾਨਤ੍ਰਯੀ (ਉਪਨਿਸ਼ਦ, ਗੀਤਾ, ਬ੍ਰਹਮਸੂਤਰ) ਉੱਤੇ ਸੰਸਕ੍ਰਿਤ ਵਿੱਚ ਵਿਆਖਿਆ ਲਿਖੀ।

ਉਨ੍ਹਾਂ ਵੱਲੋਂ ਚਿੱਤਰਕੂਟ ਵਿੱਚ ਸਥਾਪਿਤ ਤੁਲਸੀ ਪੀਠ ਸਿਰਫ਼ ਇੱਕ ਅਧਿਆਤਮਿਕ ਕੇਂਦਰ ਹੀ ਨਹੀਂ ਹੈ ਸਗੋਂ ਸਿੱਖਿਆ, ਸੱਭਿਆਚਾਰ ਅਤੇ ਸੇਵਾ ਦਾ ਸੰਗਮ ਹੈ। ਦਿਵਯਾਂਗ ਯੂਨੀਵਰਸਿਟੀ ਦੀ ਸਥਾਪਨਾ ਕਰਕੇ ਉਨ੍ਹਾਂ ਨੇ ਨਾ ਸਿਰਫ਼ ਸਿੱਖਿਆ ਦੇ ਦਰਵਾਜ਼ੇ ਖੋਲ੍ਹੇ ਬਲਕਿ ਹਜ਼ਾਰਾਂ ਨੇਤਰਹੀਣ ਅਤੇ ਦਿਵਯਾਂਗ ਲੋਕਾਂ ਵਿੱਚ ਸਵੈ-ਮਾਣ ਦੀ ਭਾਵਨਾ ਵੀ ਭਰ ਦਿੱਤੀ। ਉਸਦਾ ਅੰਨ੍ਹਾਪਣ ਉਸਦੇ ਲਈ ਰੁਕਾਵਟ ਨਹੀਂ ਬਣਿਆ ਸਗੋਂ ਉਸਦੀ ਸੂਝ ਦਾ ਚਾਨਣ ਬਣ ਗਿਆ। ਉਨ੍ਹਾਂ ਨੇ ਸਾਹਿਤ ਨੂੰ ਸਿਰਫ਼ ਧਰਮ ਗ੍ਰੰਥਾਂ ਦੇ ਦਾਇਰੇ ਵਿੱਚ ਹੀ ਨਹੀਂ ਰੱਖਿਆ, ਸਗੋਂ ਇਸਨੂੰ ਸਮਾਜ ਦੀ ਸੇਵਾ ਦਾ ਮਾਧਿਅਮ ਬਣਾਇਆ। ਉਸਦੇ ਉਪਦੇਸ਼, ਕਵਿਤਾਵਾਂ, ਮਹਾਂਕਾਵਿ ਅਤੇ ਦਰਸ਼ਨ, ਸਾਰੇ ਗਿਆਨ, ਸ਼ਰਧਾ ਅਤੇ ਭਾਸ਼ਾ ਦਾ ਇੱਕ ਵਿਲੱਖਣ ਸੁਮੇਲ ਪੇਸ਼ ਕਰਦੇ ਹਨ। ਜਗਦਗੁਰੂ ਰਾਮਭਦਰਚਾਰੀਆ ਨੇ ਵੀ ਰਾਮਲਲਾ ਦੇ ਪ੍ਰਤੀਨਿਧੀ ਵਜੋਂ ਸੁਪਰੀਮ ਕੋਰਟ ਵਿੱਚ ਸਬੂਤ ਪੇਸ਼ ਕਰਕੇ ਰਾਸ਼ਟਰ ਦੀ ਆਸਥਾ ਦੀ ਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

2015 ਵਿੱਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਹੋਣ ਤੋਂ ਬਾਅਦ, ਹੁਣ ਗਿਆਨਪੀਠ ਪੁਰਸਕਾਰ ਪ੍ਰਾਪਤ ਕਰਨਾ ਨਾ ਸਿਰਫ਼ ਸੰਸਕ੍ਰਿਤ ਭਾਸ਼ਾ ਲਈ ਇੱਕ ਮਾਣ ਹੈ, ਸਗੋਂ ਇੱਕ ਪਰੰਪਰਾ ਦੀ ਬਹਾਲੀ ਵੀ ਹੈ ਜਿਸਨੂੰ ਕਦੇ ਮੁੱਕੀ ਹੋਈ ਮੰਨਿਆ ਜਾਣ ਲੱਗਾ ਸੀ। ਇਹ ਇਸ ਗੱਲ ਦਾ ਐਲਾਨ ਹੈ ਕਿ ਸੰਸਕ੍ਰਿਤ ਅਜੇ ਵੀ ਜ਼ਿੰਦਾ ਹੈ, ਇਹ ਅਜੇ ਵੀ ਲੋਕਾਂ ਦੀ ਚੇਤਨਾ ਨੂੰ ਛੋਹਣ ਵਾਲੀ ਹੀ ਹੈ, ਇਹ ਅਜੇ ਵੀ ਸਾਹਿਤ ਨੂੰ ਸਹੀ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ। ਪੁਰਸਕਾਰ ਪ੍ਰਦਾਨ ਕਰਦੇ ਹੋਏ ਰਾਸ਼ਟਰਪਤੀ ਨੇ ਕਿਹਾ, ਜਗਦਗੁਰੂ ਰਾਮਭਦਰਚਾਰੀਆ ਨੇ ਸਿਰਫ਼ ਸਾਹਿਤ ਦੀ ਸਿਰਜਣਾ ਨਹੀਂ ਕੀਤੀ ਸਗੋਂ ਉਨ੍ਹਾਂ ਨੇ ਜੀਵਨ ਦੀ ਸਿਰਜਣਾ ਕੀਤੀ। ਇਹ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇੱਕ ਅਜਿਹਾ ਜੀਵਨ ਜੋ ਸੀਮਾਵਾਂ ਨੂੰ ਸਾਧਨਾ ਵਿੱਚ ਬਦਲਦਾ ਹੈ ਅਤੇ ਸਾਧਨਾ ਨੂੰ ਸਮਾਜ ਦੀ ਸੇਵਾ ਲਈ ਸਮਰਪਿਤ ਕਰਦਾ ਹੈ। ਇਹ ਗਿਆਨਪੀਠ ਪੁਰਸਕਾਰ ਕਿਸੇ ਕਵੀ ਨੂੰ ਨਹੀਂ ਸਗੋਂ ਇੱਕ ਯੁੱਗ ਦੇ ਸਿਰਜਣਹਾਰ ਨੂੰ ਸਮਰਪਿਤ ਹੈ, ਇੱਕ ਅਜਿਹਾ ਯੁੱਗ ਜੋ ਭਾਸ਼ਾ, ਸੱਭਿਆਚਾਰ ਅਤੇ ਵਿਸ਼ਵਾਸ ਨੂੰ ਸਿਰਫ਼ ਯਾਦ ਵਜੋਂ ਨਹੀਂ ਸਗੋਂ ਜੀਵਨ ਦੀ ਪ੍ਰੇਰਨਾ ਵਜੋਂ ਦੇਖਦਾ ਹੈ। ਜਗਦਗੁਰੂ ਰਾਮਭਦਰਚਾਰੀਆ ਦਾ ਜੀਵਨ ਇਸ ਤੱਥ ਦਾ ਪ੍ਰਤੀਕ ਹੈ ਕਿ ਜੇਕਰ ਸਾਧਨਾ ਹੈ ਤਾਂ ਰੁਕਾਵਟਾਂ ਵੀ ਪੁਲ ਬਣ ਜਾਂਦੀਆਂ ਹਨ ਅਤੇ ਜੇਕਰ ਆਤਮ-ਗਿਆਨ ਹੈ ਤਾਂ ਹਨੇਰੇ ਵਿੱਚ ਵੀ ਰੌਸ਼ਨੀ ਜੁਗਨੂੰਆਂ ਵਾਂਗ ਖਿੜਦੀ ਹੈ ਅਤੇ ਦੀਵੇ ਵਾਂਗ ਰੋਸ਼ਨੀ ਦੇਣ ਲਗਦੀ ਹੈ।


**SMFG Grihashakti** Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੇਨ ਰੋਡ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ**. ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ "**ਐਸਐਮਐਚਐਫਸੀ**" ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ "**ਐਸਐਮਐਚਐਫਸੀ**" ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲੜੀ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 610138311485974<br>1. ਲਕਸ਼ਮੀ ਚੰਦ ਸਪੁੱਤਰ ਜਿਊਣਾ ਰਾਮ<br>2. ਮਹਿਕ | ਪਿੰਡ ਸਾਹਨੇਵਾਲ-2 ਹੱਦਬਸਤ ਨੰ. 220, ਆਬਾਦੀ ਬਾਲਮੀਕ ਮੁਹੱਲਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਖਸਰਾ ਨੰ. 85//14, ਖਾਤਾ ਨੰਬਰ 96/107, ਜਮ੍ਹਾਂਬੰਦੀ ਸਾਲ 2000-01 ਅਨੁਸਾਰ 147 ਵਰਗ ਗਜ਼ ਮਾਪ ਵਾਲਾ ਇੱਕ ਪਲਾਟ। ਹੱਦਬੰਦੀ : ਪੂਰਬ : ਗਲੀ 8' ਚੌੜੀ ਸਾਈਡ 28' 7", ਪੱਛਮ : ਸਾਧੂ ਸਿੰਘ ਸਾਈਡ 25' 5", ਉੱਤਰ : ਮੁਖਤਿਆਰ ਰਾਮ ਸਾਈਡ 39' 3" ਕਵਰ ਆਊਟ ਸਾਈਡ 3' 9" ਜਾਮਾ 9'-8", ਦੱਖਣ : ਖੱਲ ਖੁਲ ਇੱਕ ਕਰਮ ਸਾਈਡ 47' 8" | 16.10.2024<br>ਰੁ. 12,85,217/-<br>(ਰੁਪਏ ਬਾਰਾਂ ਲੱਖ ਪਚਾਸੀ ਹਜ਼ਾਰ ਦੋ ਸੌ ਸਤਾਰਾਂ ਕੇਵਲ)<br>14.10.2025 ਦੇ ਅਨੁਸਾਰ | 16.05.2025 |

ਸਥਾਨ: ਲੁਧਿਆਣਾ, ਪੰਜਾਬ
ਮਿਤੀ : 16.05.2025

ਸਹੀ/-**ਅਧਿਕਾਰਤ ਅਧਿਕਾਰੀ**,
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**

**ਬੈਂਕ ਆਫ ਬੜੌਦਾ Bank of Baroda**

ਸ਼ਾਖਾ ਦਫਤਰ :- ਜਲੰਧਰ ਖੇਤਰ, 24, ਪਹਿਲੀ ਮੰਜ਼ਿਲ,
ਵਿਜੇ ਨਗਰ, ਫੁੱਟਬਾਲ ਚੌਂਕ, ਜਲੰਧਰ, ਫੋਨ : 0181-5057857
E-mail: SARJAL@bankofbaroda.com

**ਭੌਤਿਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ (ਾਂ) ਨੂੰਸੱਦਾ ਦਿੰਦੇ ਹੋਏ ਨਿਮਨ ਦਰਸਾਈਆਂ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਖਾਤੇ, ਕਰਜ਼ਦਾਰ/ ਗਿਰਵੀਕਾਰ ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| ਕਰਜ਼ਦਾਰ (ਾਂ):- ਸ਼੍ਰੀ ਵੇਦ ਪ੍ਰਕਾਸ਼ ਅਤੇ ਸ਼੍ਰੀਮਤੀ ਕਾਮਨੀ | ਪਿੰਡ ਬੰਧਲੇੜੀ, ਹੱਦਬਸਤ ਨੰ. 289, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ ਵਿਚ ਸਥਿਤ ਸਾਲ 2017-18 ਦੇ ਲਈ ਜਮ੍ਹਾਂਬੰਦੀ ਅਨੁਸਾਰ ਖੇਵਟ ਨੰ. 185, ਖਤੌਨੀ ਨੰ. 205, ਖਸਰਾ ਨੰ. 14//11/2/2, 14//12/1 ਵਿਚ ਸ਼ਾਮਲ 2 ਕਨਾਲ 6 ਮਰਲੇ ਮਾਪ ਵਾਲੀ ਜ਼ਮੀਨ ਵਿਚੋਂ 3/23 ਹਿੱਸੇ ਵਜੋਂ 0 ਕਨਾਲ 6 ਮਰਲੇ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। | 24.06.2024 | 16.05.2025 | Rs. 22,38,136.98 24.06.2024 ਦੇ ਅਨੁਸਾਰ ਠੇਕਾ ਦਰ 'ਤੇ ਅਗਲੇਰੇ ਵਿਆਜ ਸਮੇਤ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤਾਂ, ਫੀਸਾਂ ਅਤੇ ਖਰਚੇ । |

ਮਿਤੀ : 17.05.2025 ਸਥਾਨ : ਨੰਗਲ ਅਧਿਕਾਰਤ ਅਧਿਕਾਰੀ

**ADITYA BIRLA CAPITAL** PROTECTING INVESTING FINANCING ADVISING

## ਅਦਿਤਯ ਬਿਰਲਾ ਕੈਪੀਟਲ ਲਿਮਟਿਡ

**ਪੰਜੀਕ੍ਰਿਤ ਦਫਤਰ** : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266
**ਸ਼ਾਖਾ ਦਫ਼ਤਰ** : 12ਵੀਂ ਮੰਜ਼ਿਲ, ਆਰ ਟੈਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਓਂ (ਪੂਰਬ), ਮੁੰਬਈ-400 063, ਮਾਹਾਰਾਸ਼ਟਰਾ

**ਈ-ਨਿਲਾਮੀ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 15 ਰੋਜ਼ਾ ਨਿਲਾਮੀ ਵਿਕਰੀ ਸੂਚਨਾ**
24.03.2025 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ-ਅਹਿਮਾਬਾਦ ਵੱਲੋਂ ਜਾਰੀ ਆਦੇਸ਼ ਵਿਚ ਪੂਰੀ ਤਰ੍ਹਾਂ ਦਰਜ ਰਲੇਵਾਂ ਯੋਜਨਾ ਮਿਤੀ 11.03.2024 ਦੇ ਅਧੀਨ ਆਦਿਤਯ ਬਿਰਲਾ ਫਾਇਨਾਂਸ ਲਿਮ. ਅਤੇ ਆਦਿਤਯ ਬਿਰਲਾ ਕੈਪੀਟਲ ਲਿਮ. ਵਿਚਾਲੇ ਰਲੇਵੇ ਦੇ ਸਬੰਧ ਵਿਚ, ਦਰਸਾਈ ਗਿਰਵੀ ਸੰਪੱਤੀ ਦੇ ਸਬੰਧ ਵਿਚ ਆਦਿਤਯ ਬਿਰਲਾ ਫਾਇਨਾਸ ਲਿਮ. ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਸਰਫਾਇਸੀ ਕਾਰਵਾਈਆਂ ਰਲਾਈ ਗਈ ਕੰਪਨੀ **ਅਦਿਤਯ ਬਿਰਲਾ ਕੈਪੀਟਲ ਲਿਮ**. ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ।
ਇਸ ਅਨੁਸਾਰ **ਅਦਿਤਯ ਬਿਰਲਾ ਕੈਪੀਟਲ ਲਿਮ./ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ** ਨੇ ਨਿਮਨਲਿਖਤ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਤੋਂ ਅਗਲੇਰੀਆਂ ਫੀਸਾਂ ਅਤੇ ਲਾਗਤ ਸਮੇਤ ਨਿਮਨ ਦਰਸਾਏ ਬਕਾਇਆ ਦੇ ਲਈ ਸੁਰੱਖਿਅਤ ਕਰਜ਼ਦਾਤਾ ਦੇ ਸੁਰੱਖਿਅਤ ਕਰਜ਼ਿਆਂ ਦੀ ਵਸੂਲੀ ਲਈ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੀ ਧਾਰਾ 13 (2) ਦੇ ਅਧੀਨ ਜਾਰੀ ਸੂਚਨਾ ਦੀ ਨਿਰੰਤਰਤਾ ਵਿਚ ਨਿਮਨਲਿਖਤ ਸੁਰੱਖਿਅਤ ਅਸਾਸਿਆਂ ਦਾ ਕਬਜ਼ਾ ਲੈ ਲਿਆ ਸੀ। ਇਸ ਦੁਆਰਾ ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ **ਅਦਿਤਯ ਬਿਰਲਾ ਕੈਪੀਟਲ ਲਿਮਟਿਡ** ਵੱਲ ਬਕਾਇਆ ਕਰਜ਼ਿਆਂ ਦੀ ਭਰਪਾਈ ਦੇ ਲਈ ਨਿਮਨ ਲਿਖਤ ਸੰਪੱਤੀ ਦੀ ਈ-ਨਿਲਾਮੀ "**ਜਿਵੇਂ ਹੈ ਜਿਥੇ ਹੈ**", "**ਜਿਵੇਂ ਹੈ ਜੋ ਹੈ**" ਅਤੇ "**ਜੋ ਵੀ ਉੱਥੇ ਹੈ**" ਅਧਾਰ 'ਤੇ ਆਯੋਜਿਤ ਕੀਤੀ ਜਾਵੇਗੀ।

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 05.06.2025, ਸਵੇਰੇ 11.00 ਵਜੇ ਤੋਂ ਬਾ. ਦੁ. 01.00 ਵਜੇ ਦੇ ਵਿਚਾਲੇ**
**ਕੇਵਾਈਸੀ ਅਤੇ ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ : 04.06.2025**

| ਲ. ਨੰ. | ਕਰਜ਼ਦਾਰਾਂ ਅਤੇ ਸਹਿ- ਕਰਜ਼ਦਾਰਾਂ ਦਾ ਨਾਮ | ਸੰਪੱਤੀਆਂ/ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਤੇ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਆਰਪੀ ਦਾ 10%) (ਰੁ. 'ਚ) | ਮੰਗ ਸੂਚਨਾ ਦੀ ਮਿਤੀ ਅਤੇ ਕੁੱਲ ਰਕਮ |
|---|---|---|---|---|---|
| 1 | 1. ਸ਼੍ਰੀ ਪੁਪਿੰਦਰ ਸਿੰਘ, ਪੁੱਤਰ ਸੁਖਵਿੰਦਰ ਸਿੰਘ<br>2. ਪੁਪਿੰਦਰ ਡੇਅਰੀ, ਰਾਹੀਂ ਇਸ ਦੇ ਪ੍ਰੋਪ. ਪੁਪਿੰਦਰ ਸਿੰਘ<br>3. ਸ਼੍ਰੀ ਅਜਮੇਰ ਸਿੰਘ ਪੁੱਤਰ ਸੁਖਵਿੰਦਰ ਸਿੰਘ<br>4. ਸ਼੍ਰੀਮਤੀ ਕੁਲਵਿੰਦਰ ਸਿੰਘ ਪਤਨੀ ਪੁਪਿੰਦਰ ਸਿੰਘ<br>ਕਰਜ਼ਾ ਖਾਤਾ ਨੰ.: ABFLJALDSB0000133684 | ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ 29 ਮਰਲੇ 62 ਵਰਗ ਫੁੱਟ ਜ਼ਮੀਨ 'ਤੇ ਬਣਾਇਆ, ਸਰਨਾਣਾ, ਜਲੰਧਰ ਵਿਖੇ ਖਸਰਾ ਨੰਬਰ 25//21/3, 25//22/1, 40//1/2, 40//4/1, 40//4/2, 40//7, 40//8/2, 40//9, 40//12/2, 40//13/, 40//14, 40//3, 40//8/1 ਅਤੇ ਹੱਦਬੰਦੀ: ਪੂਰਬ: ਖੇਤੀਬਾੜੀ ਜ਼ਮੀਨ ਸਤਨਾਮ ਸਿੰਘ, ਪੱਛਮੀ ਸੜਕ, ਉੱਤਰ: ਦਿਲਬਾਗ ਸਿੰਘ, ਦੱਖਣ: ਦਿਲਬਾਗ ਸਿੰਘ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ। | Rs 34,20,000/- (ਰੁ. ਚੌਤੀ ਲੱਖ ਵੀਹ ਹਜ਼ਾਰ ਕੇਵਲ) | Rs. 3,42,000 /- (ਰੁ. ਤਿੰਨ ਲੱਖ ਬਿਆਲੀ ਹਜ਼ਾਰ ਕੇਵਲ)<br>Rs. 25,000/- (ਰੁ. ਪੱਚੀ ਹਜ਼ਾਰ ਕੇਵਲ) | 15.11.2024 & Rs. 41,73,129.26 (ਰੁ. ਇਕਤਾਲੀ ਲੱਖ ਤਿਹੱਤਰ ਹਜ਼ਾਰ ਇਕ ਸੌ ਉਨੱਤੀ ਅਤੇ ਛੱਬੀ ਪੈਸੇ ਕੇਵਲ) 15.11.2024 ਅਨੁਸਾਰ ਬਕਾਇਆ |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ / ਸੁਰੱਖਿਅਤ ਲੈਣਦਾਰ ਦੀ ਵੈੱਬਸਾਈਟ **https://abfl.adityabirlacapital** ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। **com/Pages/Individual/Properties-for-Auction-under-SARFAESI-Act.aspx** ਜਾਂ **https://BidDeal.in**
ਸੰਪਰਕ ਨੰਬਰ: ਆਦਿਤਿਆ ਬਿਰਲਾ ਕੈਪੀਟਲ ਲਿਮਟਿਡ, ਅਧਿਕਾਰਤ ਅਧਿਕਾਰੀ - 1) ਸ਼੍ਰੀ ਅਪੂਰਵਾ ਥਾਮਸ ਦੰਥੀ - **apoorva.danthi@adityabirlacapital.com,** ਮੋ. ਨੰ. 9930909725 ਤੁਸੀਂ ਨਜ਼ਦੀਕੀ ਸ਼ਾਖਾ 'ਤੇ ਵੀ ਜਾ ਸਕਦੇ ਹੋ ਜਾਂ ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਨਾਲ ਸੰਪਰਕ ਕਰ ਸਕਦੇ ਹੋ 2) ਸ਼੍ਰੀ ਜਹਿਰੁਲ ਲਸਕਰ: (**Jahirul.Laskar@adityabirlacapital.com**) ਮੋ. ਨੰ. +91 97060 03075, 3) ਪ੍ਰਨੀਤ ਸਿੰਘ: (**parneet.singh@adityabirlacapital.com**) ਐਮ. ਨੰ. +91 97200 29337, 4) ਸ਼੍ਰੀ ਵੇਦ ਪ੍ਰਕਾਸ਼ ਮਿਸ਼ਰਾ (**vedprakash.mishra@adityabirlacapital.com**) ਮੋਬਾਈਲ। ਨੰ. 9004026790।

ਸਥਾਨ : ਜਲੰਧਰ, ਪੰਜਾਬ
ਮਿਤੀ : 18.05.2025

ਸਹੀ/-ਅਧਿਕਾਰਤ ਅਧਿਕਾਰੀ
ਆਦਿਤਯ ਬਿਰਲਾ ਫਾਇਨਾਂਸ ਲਿਮਟਿਡ

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਕੀ ਤੁਸੀਂ ਜਾਣਦੇ ਹੋ ਗਰਮੀਆਂ 'ਚ ਗੁੜ ਖਾਣ ਦੇ ਫਾਇਦੇ?



ਗਰਮੀਆਂ ਦੇ ਮੌਸਮ 'ਚ ਜਿੱਥੇ ਹਰ ਕੋਈ ਠੰਡਕ ਦੀ ਖੋਜ ਕਰਦਾ ਹੈ, ਉੱਥੇ ਇਕ ਛੋਟੀ ਜਿਹੀ ਪਰ ਜ਼ਬਰਦਸਤ ਚੀਜ਼ ਹੈ ਜੋ ਸਰੀਰ ਨੂੰ ਨਿਰਮੋਲ ਤੌਰ ਤੇ ਠੰਢਕ ਅਤੇ ਤਾਜ਼ਗੀ ਦੇ ਸਕਦੀ ਹੈ ਜੋ ਕਿ ਹੈ ਗੁੜ! ਇਹ ਸਿਰਫ਼ ਮਿੱਠਾ ਨਹੀਂ, ਸਗੋਂ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ, ਹਾਜ਼ਮੇ ਨੂੰ ਸੁਧਾਰਨ ਅਤੇ ਬਹੁਤ ਸਾਰੀਆਂ ਹੋਰ ਚਮਤਕਾਰੀ ਸਿਹਤ ਲਾਭਾਂ ਨਾਲ ਭਰਪੂਰ ਹੈ। ਅਸੀਂ ਅੱਜ ਤੁਹਾਨੂੰ ਦੱਸਾਂਗੇ ਕਿ ਗਰਮੀਆਂ 'ਚ ਗੁੜ ਖਾਣ ਨਾਲ ਕਿਹੜੇ ਫਾਇਦੇ ਮਿਲ ਸਕਦੇ ਹਨ।

**ਸਰੀਰ ਨੂੰ ਠੰਡਕ ਪਹੁੰਚਾਉਂਦੈ**

– ਗੁੜ ਦਾ ਸਹੀ ਮਾਤਰਾ 'ਚ ਸੇਵਨ ਸਰੀਰ ਦੇ ਤਾਪਮਾਨ ਨੂੰ ਕੰਟ੍ਰੋਲ ਰੱਖਦਾ ਹੈ। ਇਹ ਸਰੀਰ ਨੂੰ ਅੰਦਰੋਂ ਠੰਢਾ ਰੱਖਣ 'ਚ ਮਦਦ ਕਰਦਾ ਹੈ, ਜੋ ਕਿ ਤਾਪਮਈ ਮੌਸਮ 'ਚ ਬਹੁਤ ਜ਼ਰੂਰੀ ਹੈ।

**ਹਾਈਡ੍ਰੇਸ਼ਨ ਦੀ ਕਮੀ ਕਰੇ ਦੂਰ**

– ਗਰਮੀਆਂ 'ਚ ਪਸੀਨਾ ਵੱਧ ਆਉਂਦਾ ਹੈ, ਜਿਸ ਨਾਲ ਸਰੀਰ 'ਚ ਪਾਣੀ ਦੀ ਘਾਟ ਹੋ ਜਾਂਦੀ ਹੈ। ਗੁੜ, ਖ਼ਾਸ ਕਰਕੇ ਨਿੰਬੂ ਪਾਣੀ ਜਾਂ ਠੰਡੇ ਪਾਣੀ 'ਚ ਘੋਲ ਕੇ ਪੀਣ ਨਾਲ ਇਲੈਕਟਰੋਲਾਈਟਸ ਦੀ ਭਰਪਾਈ ਹੁੰਦੀ ਹੈ।

***ਹਾਜ਼ਮੇ 'ਚ ਸੁਧਾਰ***

– ਗੁੜ ਹਾਜ਼ਮੇ ਨੂੰ ਐਕਟਿਵ ਕਰਦਾ ਹੈ ਅਤੇ ਭੋਜਨ ਤੋਂ ਬਾਅਦ ਖਾਣ ਨਾਲ ਅਜੀਰਨ, ਗੈਸ ਆਦਿ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਗਰਮੀਆਂ 'ਚ ਇਹ ਖ਼ਾਸ ਤੌਰ ਤੇ ਲਾਭਕਾਰੀ ਹੈ।

**ਲਿਵਰ ਤੋਂ ਜ਼ਹਿਰੀਲੇ ਤੱਤ ਕਰੇ ਸਾਫ**

– ਗੁੜ ਇਕ ਕੁਦਰਤੀ ਡਿਟਾਕਸੀਫਾਇਰ ਹੈ ਜੋ ਲਿਵਰ ਦੀ ਸਫਾਈ ਕਰਦਾ ਹੈ। ਇਹ ਸਰੀਰ ਤੋਂ ਟਾਕਸੀਨਸ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ ਜੋ ਕਿ ਗਰਮੀਆਂ 'ਚ ਪਸੀਨੇ ਰਾਹੀਂ ਵੀ ਨਿਕਲਦੇ ਹਨ।

**ਊਰਜਾ ਨੂੰ ਵਧਾਵੇ**

– ਜਦ ਗਰਮੀ ਕਾਰਨ ਥਕਾਵਟ ਹੋਵੇ ਜਾਂ ਲੂ ਲੱਗਣ ਦੇ ਆਸਾਰ ਹੋਣ, ਤਾਂ ਥੋੜ੍ਹਾ ਜਿਹਾ ਗੁੜ ਸਰੀਰ ਨੂੰ ਤੁਰੰਤ ਊਰਜਾ ਦੇ ਸਕਦਾ ਹੈ। ਇਹ ਕੁਦਰਤੀ ਇਨਸਟੈਂਟ ਐਨਰਜੀ ਬੂਸਟਰ ਵਜੋਂ ਕੰਮ ਕਰਦਾ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀ. ਸੈ. ਸਕੂਲ ਰਾਏਪੁਰ ਵਿਖੇ ਕੀਤਾ ਤਾਈਕਵਾਂਡੋ ਕੈਂਪ ਦਾ ਆਯੋਜਨ





ਪਟਿਆਲਾ, 17 ਮਈ (ਚ.ਨ.ਸ.) : ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ ਚੇਅਰਮੈਨ 'ਪਦਮ ਸ਼੍ਰੀ' ਡਾ: ਜਗਜੀਤ ਸਿੰਘ ਦਰਦੀ ਅਤੇ ਡਾਇਰੈਕਟਰ ਸਰਦਾਰਨੀ ਜਸਵਿੰਦਰ ਕੌਰ ਦਰਦੀ ਦੀ ਅਗਵਾਈ ਵਿੱਚ ਸਕੂਲ ਕੈਂਪਸ ਵਿਖੇ ਬੱਚਿਆਂ ਨੂੰ ਸਵੈ-ਰੱਖਿਆ ਦੇ ਗੁਣ ਸਿਖਾਉਣ ਲਈ ਇੱਕ ਵਿਸ਼ੇਸ਼ ਤਾਈਕਵਾਂਡੋ ਕੈਂਪ ਲਗਾਇਆ ਗਿਆ। ਜਿਸ ਵਿੱਚ ਲਗਭਗ 200 ਬੱਚਿਆਂ ਨੇ ਭਾਗ ਲਿਆ। ਇਸ ਵਿੱਚ ਕੋਚ ਸਤਵਿੰਦਰ ਸਿੰਘ ਨਾਲ ਟਰੇਨਰ, ਵਿਕਾਸ ਕੁਮਾਰ ਵੱਲੋਂ ਬੱਚਿਆਂ ਨੂੰ ਸਵੈ-ਰੱਖਿਆ ਲਈ ਤਕਨੀਕੀ ਗੁਰ ਸਿਖਾਏ ਗਏ। ਇਸ ਮੌਕੇ 'ਤੇ ਬੋਲਦਿਆਂ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਵਾਲੀਆ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਤਾਈਕਵਾਂਡੋਂ ਵਰਗੇ ਸਵੈ-ਰੱਖਿਆ ਦੇ ਕੌਸ਼ਲ ਬੱਚਿਆਂ ਲਈ ਅਤਿ-ਜਰੂਰੀ ਹੋ ਚੁੱਕੇ ਹਨ। ਇਹ ਵਿਸ਼ੇਸ਼ ਤੌਰ 'ਤੇ ਕੁੜੀਆਂ ਲਈ ਬਹੁਤ ਲਾਭਦਾਇਕ ਹਨ, ਜੋ ਉਹਨਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਔਖੇ ਸਮੇਂ ਵਿੱਚ ਆਪਣੀ ਸਹਾਇਤਾ ਆਪ ਕਰਨ ਦੇ ਸਮਰੱਥ ਬਣਾਉਂਦੇ ਹਨ। ਉਹਨਾਂ ਨੇ ਕਿਹਾ ਕਿ ਇਹਨਾਂ ਕੈਂਪਾਂ ਰਾਹੀਂ ਨਾ ਸਿਰਫ਼ ਬੱਚਿਆਂ ਦੀ ਸਰੀਰਕ ਤੰਦਰੁਸਤੀ ਵਿੱਚ ਨਿਖਾਰ ਆਉਂਦਾ ਹੈ ਸਗੋਂ ਮਾਨਸਿਕ ਮਜਬੂਤੀ ਵੀ ਵੱਧਦੀ ਹੈ। ਇਸ ਕੈਂਪ ਦੌਰਾਨ ਵਿਦਿਆਰਥੀਆਂ ਨੇ ਭਰਪੂਰ ਉਤਸਾਹ ਨਾਲ ਭਾਗ ਲਿਆ ਅਤੇ ਆਪਣੀ ਯੋਗਤਾਵਾਂ ਦਾ ਪ੍ਰਦਰਸ਼ਨ ਕਰਦੇ ਹੋਏ ਦਰਸਾਇਆ ਕਿ ਉਹ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕ. ਸਕੂਲ ਪ੍ਰੈਸ ਰੋਡ ਪਟਿਆਲਾ ਦਾ ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ



ਪਟਿਆਲਾ, 17 ਮਈ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕ. ਸਕੂਲ ਪ੍ਰੈਸ ਰੋਡ ਪਟਿਆਲਾ ਦਾ ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਾਰੇ ਬੱਚੇ ਪਹਿਲੀ ਪੁਜ਼ੀਸ਼ਨ ਵਿੱਚ ਪਾਸ ਹੋਏ। ਇਸ ਮੌਕੇ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਨੇ ਬੱਚਿਆਂ ਦੇ ਗਲਾਂ ਵਿੱਚ ਹਾਰ ਪਾ ਕੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਢੋਲ-ਢਮਕੇ ਨਾਲ ਉਹਨਾਂ ਦਾ ਸਵਾਗਤ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਇਹ ਸਭ ਕੁਝ ਪ੍ਰਮਾਤਮਾ ਦੀ ਮਿਹਰ ਅਤੇ ਬੱਚਿਆਂ ਦੀ ਮਿਹਨਤ ਨਾਲ ਸੰਭਵ ਹੋਇਆ ਹੈ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਤਾ-ਪਿਤਾ, ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਸਾਡਾ ਸਕੂਲ ਹਮੇਸ਼ਾ ਇਸ ਤਰ੍ਹਾਂ ਹੀ ਦਿਨ ਦੂਗਣੀ ਰਾਤ ਚੌਗੁਣੀ ਤਰੱਕੀ ਕਰੇ।

# ਪੰਜਾਬੀ ਅਤੇ ਪੰਜਾਬੀਅਤ ਲਈ ਵਿਦੇਸ਼ਾਂ ਵਿੱਚ ਵੀ ਸਿੱਖ ਕਮਿਊਨਿਟੀ ਲਈ ਉਪਰਾਲਾ



ਕੈਨੇਡਾ, 17 ਮਈ (ਮਨਿੰਦਰ) : ਪੰਜਾਬੀ ਹੈਲਥ ਐਂਡ ਐਜੂਕੇਸ਼ਨ ਔਰਗਨਾਈਜੇਸ਼ਨ ਪੰਜਾਬੀ ਅਤੇ ਪੰਜਾਬੀਅਤ ਲਈ ਵਿਦੇਸ਼ਾਂ ਵਿੱਚ ਵੀ ਸਿੱਖ ਕਮਿਊਨਿਟੀ ਲਈ ਇੱਕ ਹੋਰ ਉਪਰਾਲਾ ਕੀਤਾ ਗਿਆ। ਪਿਛਲੇ ਦਿਨੀ ਐਕਸਪਲੋਰਿੰਗ ਗੁਰੂ ਨਾਨਕ ਟਾਈਮ ਲਿਸ ਯਰਨੀ ਦੇ ਨਾਂ ਤੇ ਥਿਟਰ ਸਿਵਕ ਸੈਂਟਰ ਡੀਡੀਓ ਮੌਂਟਰਿਅਲ ਕਿਊਬਿਕ ਕੈਨੇਡਾ ਵਿੱਚ ਕਰਵਾਇਆ ਗਿਆ। ਜਿਸ ਵਿੱਚ ਮੁੱਖ ਤੌਰ ਤੇ ਅਮਰਦੀਪ ਸਿੰਘ ਨੂੰ ਬੁਲਾਇਆ ਗਿਆ ਜਿਨਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਉੱਤੇ ਦੋ ਕਿਤਾਬਾਂ ਲਿਖੀਆਂ ਜਿਸ ਵਿੱਚ ਉਹਨਾਂ ਨੇ ਇੰਡੀਆ ਪਾਕਿਸਤਾਨ ਅਤੇ ਹੋਰ ਦੇਸ਼ਾਂ ਬਾਰੇ ਜ਼ਿਕਰ ਕੀਤਾ, ਇਥੇ ਔਰਗਨਾਈਜੇਸ਼ਨ ਦੇ ਪ੍ਰਧਾਨ ਸਰਦਾਰ ਤਰਨ ਤੇਜ ਸਿੰਘ ਹੁੰਦਲ ਜੀ ਨੇ ਦੱਸਿਆ ਕਿ ਅਸੀਂ ਇੰਡੀਅਨ ਕਮਿਊਨਿਟੀ ਨੂੰ ਜਿੰਨੀ ਹੋ ਸਕੇ ਸਿੱਖਿਆ ਦੇਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਉਹਨਾ ਦੀ ਸਿਹਤ ਪ੍ਰਤੀ ਚਿੰਤਿਤ ਰਹਿੰਦੇ ਹਾਂ। ਸਮੇਂ ਦੇ ਨਾਲ ਨਾਲ ਅਸੀਂ ਐਜੂਕੇਸ਼ਨ ਉੱਪਰ ਅਤੇ ਹੈਲਥ ਉਪਰ ਕੰਮ ਕਰਦੇ ਰਹਿੰਦੇ ਹਾਂ। ਇਸ ਪ੍ਰੋਗਰਾਮ ਨੂੰ ਸਫਰ ਬਣਾਉਣ ਵਿੱਚ ਇੰਡੀਅਨ ਸਮਾਜ ਦੇ ਉੱਗੇ ਸਮਾਜ ਸੇਵਕ ਓਨਰੇਬਲ ਬਲਜੀਤ ਸਿੰਘ ਚੱਡਾ ਜੀ ਅਤੇ ਰੂਬੀ ਅਹੂਜਾ ਜੀ ਨੇ ਸਹਿਯੋਗ ਦਿੱਤਾ ਅਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਔਰਗਨਾਈਜੇਸ਼ਨ ਦੇ ਜਨਰਲ ਸੈਕਟਰੀ ਸਰਦਾਰ ਲਖਵਿੰਦਰ ਸਿੰਘ ਉੱਪਲ ਜੀ ਨੇ ਆਉਣ ਵਾਲੇ ਪ੍ਰੋਗਰਾਮ ਦਾ ਵੇਰਵਾ ਦਿੰਦੇ ਹੋਏ ਦੱਸਿਆ ਕਿ ਅਸੀਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਲਿਸਾਲ ਕਿਊਬਿਕ ਕੈਨੇਡਾ ਵਿਖੇ ਸਾਲਾਂ ਨਗਰ ਕੀਰਤਨ ਵਿੱਚ ਫਸਟ ਏਡ ਕੈਂਪ ਲਗਾ ਰਹੇ ਹਾਂ ਜਿਸ ਦੀ ਅਗਵਾਈ ਔਰਗਨਾਈਜੇਸ਼ਨ ਦੇ ਬੋਰਡ ਆਫ ਡਾਇਰੈਕਟਰ ਡਾਕਟਰ ਰਾਹੁਲ ਗਾਵਰੀ ਜੀ ਕਰਨਗੇ ਅਤੇ ਗੁਰਦੁਆਰਾ ਸਾਹਿਬ ਵਿੱਚ ਜੋ ਵੀ ਸੰਗਤਾਂ ਆ ਰਹੀਆਂ ਹਨ ਉਹਨਾਂ ਲਈ ਫਰਸਟਰੇਟ ਦੀ ਸੁਵਿਧਾ ਉਪਲਬਧ ਕੀਤੀ ਜਾਵੇਗੀ ਅਤੇ ਇਹ ਫਸਟ ਏਡ ਨਿਸ਼ਾਨ ਸਾਹਿਬ ਕਾਊਂਟਰ ਨੰਬਰ ਇੱਕ ਤੇ ਲਗਾਏ ਜਾਵੇਗੀ। ਡਾਕਟਰ ਗੁਰਜੋਤ ਸਿੰਘ ਬਿਲਖੂ ਅਤੇ ਪੰਜਾਬੀ ਭਾਈਚਾਰੇ ਵਿੱਚੋਂ ਨਰਸਿੰਗ ਸਟਾਫ ਸਹਿਯੋਗ ਦੇਣਗੇ। ਔਰਗਨਾਈਜੇਸ਼ਨ ਦੀ ਔਰਗਨਾਈਜ਼ਿੰਗ ਕਮੇਟੀ ਜਿਨਾਂ ਵਿੱਚ ਸਰਦਾਰ ਜੋਗਿੰਦਰ ਸਿੰਘ ਸਿੱਧੂ, ਦਲਵਿੰਦਰ ਕੌਰ ਔਲਖ ਮੰਜੂ ਚੋਪੜਾ, ਕਪਲ ਦੇਵ ,ਸੁਨੀਲ ਸਦਾਰੰਗਾਨੀ ਅਤੇ ਅੰਮ੍ਰਿਤ ਪਾਲ ਕੌਰ ਆਪਣਾ ਯੋਗਦਾਨ ਪਾਉਣਗੇ।

# ਭਾਰਤ ਨੂੰ ਪਾਕਿਸਤਾਨ ਨਹੀਂ ਸਗੋਂ ਹੁਣ ਚੀਨ ਤੇ ਕਰਨਾ ਚਾਹੀਦੈ ਫੋਕਸ




ਵਾਸ਼ਿੰਗਟਨ, 17 ਮਈ (ਚ.ਨ.ਸ.) : ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ ਤੇ ਅੰਤਰਰਾਸ਼ਟਰੀ ਭਾਈਚਾਰਾ ਕੋਈ ਨਾ ਕੋਈ ਸੰਦੇਸ਼ ਰੋਜ਼ਾਨਾ ਦੇ ਰਿਹਾ ਹੈ। ਹਾਲ ਹੀ ਵਿਚ ਕਿੰਗਜ਼ ਕਾਲਜ ਲੰਡਨ ਵਿਖੇ ਅੰਤਰਰਾਸ਼ਟਰੀ ਸਬੰਧਾਂ ਦੇ ਸੀਨੀਅਰ ਲੈਕਚਰਾਰ ਡਾ. ਵਾਲਟਰ ਲਾਡਵਿਗ ਨੇ ਦੱਖਣੀ ਏਸ਼ੀਆ ਵਿੱਚ ਅਮਰੀਕਾ ਦੀਆਂ ਰਣਨੀਤਕ ਤਰਜੀਹਾਂ ਬਾਰੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਸਪੱਸ਼ਟ ਤੌਰ ਤੇ ਕਿਹਾ ਕਿ ਭਾਰਤ ਨੂੰ ਆਪਣਾ ਧਿਆਨ ਪਾਕਿਸਤਾਨ ਤੋਂ ਹਟਾ ਕੇ ਚੀਨ ਵਰਗੀ ਵੱਡੀ ਰਣਨੀਤਕ ਚੁਣੌਤੀ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤ ਦੇ ਆਪ੍ਰੇਸ਼ਨ ਸਿੰਦੂਰ ਦੀ ਤਾਰੀਫ਼ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਅਮਰੀਕਾ ਦਾ ਲੰਬੇ ਸਮੇਂ ਤੋਂ ਟੀਚਾ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਮਹੱਤਵਪੂਰਨ ਭਾਈਵਾਲ ਵਜੋਂ ਵਿਕਸਤ ਕਰਨਾ ਰਿਹਾ ਹੈ ਅਤੇ ਖੇਤਰੀ ਟਕਰਾਅ ਇਸ ਦਿਸ਼ਾ ਨੂੰ ਕਮਜ਼ੋਰ ਕਰਦਾ ਹੈ। ਨਿਊਜ਼ ਏਜੰਸੀ ਏ.ਐਨ.ਆਈ ਨਾਲ ਗੱਲ ਕਰਦੇ ਹੋਏ ਲਾਡਵਿਗ ਨੇ ਕਿਹਾ, ਜਾਰਜ ਡਬਲਯੂ. ਬੁਸ਼ ਦੇ ਯੁੱਗ ਤੋਂ ਹਰ ਅਮਰੀਕੀ ਸਰਕਾਰ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਮਹੱਤਵਪੂਰਨ ਰਣਨੀਤਕ ਭਾਈਵਾਲ ਬਣਾਉਣ ਲਈ ਕੰਮ ਕਰ ਰਹੀ ਹੈ। ਜੇਕਰ ਭਾਰਤ ਪਾਕਿਸਤਾਨ ਨਾਲ ਟਕਰਾਅ ਵਿੱਚ ਉਲਝਿਆ ਰਹਿੰਦਾ ਹੈ ਤਾਂ ਉਸਦਾ ਧਿਆਨ ਏਸ਼ੀਆ ਦੀ ਵੱਡੀ ਤਸਵੀਰ ਤੋਂ ਭਟਕ ਸਕਦਾ ਹੈ ਅਤੇ ਇਹ ਅਮਰੀਕਾ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ ਦਰਸਾਉਂਦੇ ਹਨ ਕਿ ਭਾਰਤ ਹੁਣ ਰੱਖਿਆਤਮਕ ਰਣਨੀਤੀ ਤੋਂ ਹਟ ਗਿਆ ਹੈ ਅਤੇ ਅੱਤਵਾਦ ਵਿਰੋਧੀ ਹਮਲਾਵਰ ਨੀਤੀ ਅਪਣਾਈ ਹੈ। ਉਨ੍ਹਾਂ ਕਿਹਾ,ਪਹਿਲਾਂ ਭਾਰਤ ਦੀਆਂ ਸਰਕਾਰਾਂ ਅੱਤਵਾਦ ਨਾਲ ਸਬੰਧਤ ਘਟਨਾਵਾਂ ਲਈ ਸਬੂਤ ਇਕੱਠੇ ਕਰਦੀਆਂ ਸਨ, ਪਰ ਹੁਣ ਇਹ ਨੀਤੀ ਬਣ ਗਈ ਹੈ ਕਿ ਜੇਕਰ ਕੋਈ ਦੇਸ਼ ਆਪਣੇ ਖੇਤਰ ਵਿੱਚ ਅੱਤਵਾਦੀ ਸੰਗਠਨਾਂ ਨੂੰ ਪਨਾਹ ਦੇਣਾ ਬੰਦ ਨਹੀਂ ਕਰਦਾ ਹੈ ਤਾਂ ਭਾਰਤ ਸਿੱਧੇ ਫੌਜੀ ਜਵਾਬ ਦੇ ਸਕਦਾ ਹੈ। ਲਾਡਵਿਗ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਨਾਲ ਲੰਬੇ ਸਮੇਂ ਤੱਕ ਸੰਘਰਸ਼ ਭਾਰਤ ਦੇ ਆਰਥਿਕ ਵਿਕਾਸ ਨੂੰ ਖਤਰੇ ਵਿੱਚ ਪਾ ਸਕਦਾ ਹੈ ਅਤੇ ਇਸ ਲਈ ਅਮਰੀਕਾ ਲਈ ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਭਾਰਤ-ਪਾਕ ਤਣਾਅ ਨਾ ਵਧੇ।

# ਅਮਰੀਕਾ 'ਚ ਤੂਫਾਨ ਨੇ ਮਚਾਈ ਤਬਾਹੀ, 4 ਮੌਤਾਂ



ਸੇਂਟ ਲੁਈਸ (ਅਮਰੀਕਾ), 17 ਮਈ (ਚ.ਨ.ਸ.) : ਅਮਰੀਕਾ ਦੇ ਸੇਂਟ ਲੁਈਸ ਵਿੱਚ ਭਿਆਨਕ ਤੂਫਾਨ ਨੇ ਤਬਾਹੀ ਮਚਾਈ। ਤੂਫਾਨ ਕਾਰਨ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਫਸੇ ਜਾਂ ਜ਼ਖਮੀ ਲੋਕਾਂ ਨੂੰ ਲੱਭਣ ਲਈ ਖੋਜ ਅਤੇ ਬਚਾਅ ਕਾਰਜ ਜਾਰੀ ਹੈ। ਸ਼ੁੱਕਰਵਾਰ ਦੁਪਹਿਰ ਨੂੰ ਆਏ ਤੂਫਾਨ ਨੇ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਅਤੇ ਦਰੱਖਤ, ਬਿਜਲੀ ਦੀਆਂ ਲਾਈਨਾਂ ਅਤੇ ਖੰਭੇ ਢਾਹ ਦਿੱਤੇ। ਅਧਿਕਾਰੀਆਂ ਨੇ ਸਥਾਨਕ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਦੀ ਅਪੀਲ ਕੀਤੀ ਹੈ। ਸੇਂਟ ਲੁਈਸ ਦੀ ਮੇਅਰ ਕਾਰਾ ਸਪੈਂਸਰ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ। ਸਪੈਂਸਰ ਨੇ ਕਿਹਾ,ਇਹ ਸੱਚਮੁੱਚ ਵਿਨਾਸ਼ਕਾਰੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰਨ ਦੀ ਪ੍ਰਕਿਰਿਆ ਵਿੱਚ ਹੈ। ਰਾਸ਼ਟਰੀ ਮੌਸਮ ਸੇਵਾ ਨੇ ਸੰਕੇਤ ਦਿੱਤਾ ਕਿ ਸੇਂਟ ਲੁਈਸ ਖੇਤਰ ਦੇ ਕਲੇਟਨ, ਮਿਸੂਰੀ ਵਿੱਚ ਦੁਪਹਿਰ 2:30 ਵਜੇ ਵਿਚਕਾਰ ਇੱਕ ਤੂਫਾਨ ਆਇਆ। ਮੌਸਮ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਐਪਲਾਚੀਆ ਸਮੇਤ ਕਈ ਥਾਵਾਂ ਤੇ ਬਵੰਡਰ, ਗੜੇਮਾਰੀ ਅਤੇ ਤੇਜ਼ ਤੂਫਾਨ ਆਉਣ ਦੀ ਸੰਭਾਵਨਾ ਹੈ। ਮੌਸਮ ਸੇਵਾ ਨੇ ਮੈਰੀਅਨ, ਇਲੀਨੋਇਸ ਦੇ ਆਲੇ-ਦੁਆਲੇ ਇੱਕ ਤੇਜ਼ ਤੂਫਾਨ ਐਮਰਜੈਂਸੀ ਦੀ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਇਹ ਜਾਨਲੇਵਾ ਹੈ।

# ਅਮਰੀਕਾ 'ਚ ਖਸਰੇ ਦੇ ਮਾਮਲੇ 1000 ਤੋਂ ਪਾਰ



ਲਾਸ ਏਂਜਲਸ , 17 ਮਈ (ਚ.ਨ.ਸ.) : ਅਮਰੀਕਾ ਵਿਚ ਖਸਰੇ ਦੇ ਮਾਮਲੇ ਦਿਨ-ਬ-ਦਿਨ ਵਧਦੇ ਜਾ ਰਹੇ ਹਨ। ਅਮਰੀਕਾ ਵਿੱਚ ਇਸ ਸਾਲ 2025 ਵਿੱਚ ਹੁਣ ਤੱਕ 1,024 ਖਸਰੇ ਦੇ ਮਾਮਲੇ ਸਾਹਮਣੇ ਆਏ ਹਨ, ਜੋ ਕਿ ਪਿਛਲੇ ਸਾਲਾਂ ਨਾਲੋਂ ਤੇਜ਼ੀ ਨਾਲ ਵੱਧ ਹੈ। ਯੂ.ਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ) ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਾਲ ਦੇਸ਼ ਭਰ ਵਿੱਚ ਖਸਰੇ ਦੇ ਕੁੱਲ 14 ਪ੍ਰਕੋਪ ਦਰਜ ਕੀਤੇ ਗਏ ਹਨ। ਸੀ.ਡੀ.ਸੀ ਇੱਕ ਪ੍ਰਕੋਪ ਨੂੰ ਤਿੰਨ ਜਾਂ ਵੱਧ ਸੰਬੰਧਿਤ ਮਾਮਲਿਆਂ ਵਜੋਂ ਪਰਿਭਾਸ਼ਿਤ ਕਰਦਾ ਹੈ। ਸੀ.ਡੀ.ਸੀ ਨੇ ਕਿਹਾ ਕਿ 31 ਅਮਰੀਕੀ ਅਧਿਕਾਰ ਖੇਤਰਾਂ ਵਿੱਚ ਪੁਸ਼ਟੀ ਕੀਤੀਆਂ ਲਾਗਾਂ ਦੀ ਰਿਪੋਰਟ ਕੀਤੀ ਗਈ ਹੈ, ਜਿਸ ਵਿੱਚ 128 ਹਸਪਤਾਲਾਂ ਵਿੱਚ ਦਾਖਲ ਹੋਏ ਹਨ ਅਤੇ ਤਿੰਨ ਮੌਤਾਂ ਦਰਜ ਕੀਤੀਆਂ ਗਈਆਂ ਹਨ। ਲਗਭਗ 96 ਪ੍ਰਤੀਸ਼ਤ ਕੇਸ ਉਨ੍ਹਾਂ ਵਿਅਕਤੀਆਂ ਵਿੱਚ ਹੋਏ ਹਨ ਜਿਨ੍ਹਾਂ ਨੇ ਜਾਂ ਤਾਂ ਟੀਕਾਕਰਨ ਨਹੀਂ ਕਰਵਾਇਆ ਸੀ ਜਾਂ ਜਿਨ੍ਹਾਂ ਦੀ ਟੀਕਾਕਰਨ ਸਥਿਤੀ ਅਣਜਾਣ ਸੀ। ਸੀ.ਡੀ.ਸੀ ਨੇ ਜ਼ੋਰ ਦੇ ਕੇ ਕਿਹਾ ਕਿ ਟੀਕਾਕਰਨ ਖਸਰੇ ਨੂੰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਐਮ.ਐਮ.ਆਰ (ਖਸਰਾ, ਕੰਨ ਪੇੜੇ, ਰੁਬੇਲਾ) ਟੀਕੇ ਦੀਆਂ ਦੋ ਖੁਰਾਕਾਂ ਇਸ ਬਿਮਾਰੀ ਤੋਂ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਖਸਰਾ ਇੱਕ ਬਹੁਤ ਹੀ ਛੂਤ ਵਾਲੀ ਵਾਇਰਲ ਬਿਮਾਰੀ ਹੈ ਜੋ ਸਾਹ ਦੀਆਂ ਬੂੰਦਾਂ ਅਤੇ ਸਿੱਧੇ ਸੰਪਰਕ ਦੁਆਰਾ ਫੈਲਦੀ ਹੈ। ਖਸਰਾ ਆਸਾਨੀ ਨਾਲ ਫੈਲਦਾ ਹੈ ਜਦੋਂ ਕੋਈ ਸੰਕਰਮਿਤ ਵਿਅਕਤੀ ਸਾਹ ਲੈਂਦਾ ਹੈ, ਖੰਘਦਾ ਹੈ ਜਾਂ ਛਿੱਕਦਾ ਹੈ। ਇਹ ਗੰਭੀਰ ਬਿਮਾਰੀ, ਪੇਚੀਦਗੀਆਂ ਅਤੇ ਮੌਤ ਦਾ ਕਾਰਨ ਵੀ ਬਣ ਸਕਦਾ ਹੈ। ਖਸਰਾ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ ਪਰ ਬੱਚਿਆਂ ਵਿੱਚ ਸਭ ਤੋਂ ਆਮ ਹੁੰਦਾ ਹੈ। ਖਸਰਾ ਸਾਹ ਦੀ ਨਾਲੀ ਨੂੰ ਸੰਕਰਮਿਤ ਕਰਦਾ ਹੈ ਅਤੇ ਫਿਰ ਪੂਰੇ ਸਰੀਰ ਵਿੱਚ ਫੈਲਦਾ ਹੈ। ਲੱਛਣਾਂ ਵਿੱਚ ਤੇਜ਼ ਬੁਖਾਰ, ਖੰਘ, ਨੱਕ ਵਗਣਾ ਅਤੇ ਪੂਰੇ ਸਰੀਰ ਵਿੱਚ ਧੱਫੜ ਸ਼ਾਮਲ ਹਨ।

# ਟੇਲਰ ਸਵਿਫਟ ਹੁਣ ਹਾਟ ਨਹੀਂ ਰਹੀ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੌਪ ਸਟਾਰ ਤੇ ਵਿੰਨ੍ਹਿਆ ਨਿਸ਼ਾਨਾ



ਵਾਸ਼ਿੰਗਟਨ, 17 ਮਈ (ਚ.ਨ.ਸ.) : ਅਕਸਰ ਹੀ ਆਪਣੇ ਬਿਆਨਾਂ ਕਰਕੇ ਚਰਚਾ ਵਿਚ ਰਹਿਣ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣ ਪੌਪ ਸਟਾਰ ਟੇਲਰ ਸਵਿਫਟ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਉਨ੍ਹਾਂ ਨੇ ਆਪਣੇ ਸੋਸ਼ਲ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਫਾਲੋਅਰਸ ਨੂੰ ਪੁੱਛਿਆ- ਕੀ ਕਿਸੇ ਨੇ ਧਿਆਨ ਦਿੱਤਾ ਹੈ ਕਿ ਜਦੋਂ ਤੋਂ ਮੈਂ ਕਿਹਾ ਹੈ ਕਿ ਮੈਨੂੰ ਟੇਲਰ ਸਵਿਫਟ ਤੋਂ ਨਫਰਤ ਹੈ, ਉਦੋਂ ਤੋਂ ਉਹ ਹੌਟ ਨਹੀਂ ਰਹੀ? ਜਿਵੇਂ ਹੀ ਟਰੰਪ ਦੀ ਇਹ ਪੋਸਟ ਸੋਸ਼ਲ ਮੀਡੀਆ ਤੇ ਵਾਇਰਲ ਹੋਈ, ਲੋਕਾਂ ਨੇ ਉਨ੍ਹਾਂ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ। ਦੱਸ ਦੇਈਏ ਕਿ ਸਵਿਫਟ ਨੇ 2024 ਵਿਚ ਰਾਸ਼ਟਰਪਤੀ ਚੋਣਾਂ ਵਿਚ ਟਰੰਪ ਦੀ ਵਿਰੋਧੀ ਸਾਬਕਾ ਉਪ-ਰਾਸ਼ਟਰਪਤੀ ਕਮਲਾ ਹੈਰਿਸ ਦਾ ਸਮਰਥਨ ਕੀਤਾ ਸੀ। ਗਾਇਕਾ ਟੇਲਰ ਸਵਿਫਟ ਨੇ X ਤੇ ਲਿਖਿਆ ਸੀ, ਮੈਂ @kamalaharris ਨੂੰ ਵੋਟ ਦੇ ਰਹੀ ਹਾਂ ਕਿਉਂਕਿ ਉਹ ਅਧਿਕਾਰਾਂ ਅਤੇ ਉਨ੍ਹਾਂ ਮੁੱਦਿਆਂ ਲਈ ਲੜਦੀ ਹੈ ਜਿਨ੍ਹਾਂ ਲਈ ਮੈਨੂੰ ਲੱਗਦਾ ਹੈ ਕਿ ਇੱਕ ਯੋਧਾ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਸੀ ਕਿ ਕਮਲਾ ਹੈਰਿਸ ਇੱਕ ਪ੍ਰਤਿਭਾਸ਼ਾਲੀ ਨੇਤਾ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਅਸੀਂ ਅਰਾਜਕਤਾ ਦੀ ਬਜਾਏ ਸ਼ਾਂਤੀ ਨਾਲ ਅਗਵਾਈ ਕਰਾਂਗੇ ਤਾਂ ਅਸੀਂ ਇਸ ਦੇਸ਼ ਵਿੱਚ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਾਂ। ਟੇਲਰ ਸਵਿਫਟ ਦੇ ਬਿਆਨ ਦੇ ਵਾਇਰਲ ਹੋਣ ਤੋਂ ਬਾਅਦ ਹੀ, ਸਤੰਬਰ 2024 ਵਿੱਚ ਡੋਨਾਲਡ ਟਰੰਪ ਦੀ ਪੋਸਟ ਕਰਦੇ ਹੋਏ ਲਿਖਿਆ ਸੀ, ਮੈਨੂੰ ਟੇਲਰ ਸਵਿਫਟ ਤੋਂ ਨਫ਼ਰਤ ਹੈ!

# ਮੋਟੇ ਹੁੰਦੇ ਜਾ ਰਹੇ ਭਾਰਤੀ! 45 ਕਰੋੜ ਤੱਕ ਪਹੁੰਚੇਗੀ ਗਿਣਤੀ, ਰਿਪੋਰਟ 'ਚ ਹੈਰਾਨੀਜਨਕ ਖ਼ੁਲਾਸੇ



ਨਵੀਂ ਦਿੱਲੀ, 17 ਮਈ (ਚ.ਨ.ਸ.) : ਮੋਟਾਪਾ ਮੌਜੂਦਾ ਸਮੇਂ ਵਿੱਚ ਇੱਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਮਾੜੀ ਖੁਰਾਕ ਅਤੇ ਵਿਅਸਥ ਜੀਵਨ ਸ਼ੈਲੀ ਕਾਰਨ ਮੋਟਾਪੇ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਲਗਾਤਾਰ ਵੱਧ ਰਿਹਾ ਮੋਟਾਪਾ ਹੁਣ ਕਈ ਖ਼ਤਰਨਾਕ ਬੀਮਾਰੀਆਂ ਦਾ ਕਾਰਨ ਬਣਦਾ ਜਾ ਰਿਹਾ ਹੈ। ਦੱਸ ਦੇਈਏ ਕਿ ਦਿ ਲੈਂਸੇਟ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਇਕ ਰਿਪੋਰਟ ਵਿੱਚ ਕਈ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਗਏ ਹਨ। ਰਿਪੋਰਟ ਅਨੁਸਾਰ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਸਾਲ 2050 ਤੱਕ ਭਾਰਤ ਵਿੱਚ 25 ਸਾਲ ਤੋਂ ਵੱਧ ਉਮਰ ਦੇ ਲਗਭਗ 450 ਮਿਲੀਅਨ ਯਾਨੀ 45 ਕਰੋੜ ਲੋਕ ਮੋਟਾਪੇ ਦਾ ਸ਼ਿਕਾਰ ਹੋ ਸਕਦੇ ਹਨ। ਇਸ ਵਿਚ 21.8 ਕਰੋੜ ਪੁਰਸ਼ ਅਤੇ 23.1 ਕਰੋੜ ਔਰਤਾਂ ਸ਼ਾਮਲ ਹਨ। ਮਾਹਿਰਾਂ ਨੇ ਕਿਹਾ ਕਿ ਮੋਟਾਪੇ ਦਾ ਸਿੱਧਾ ਸਬੰਧ ਟਾਈਪ 2 ਸ਼ੂਗਰ, ਦਿਲ ਦੀਆਂ ਬੀਮਾਰੀਆਂ, ਫੈਟੀ ਲੀਵਰ, ਹਾਰਮੋਨਲ ਵਿਕਾਰ, ਬਾਂਝਪਨ ਅਤੇ ਇੱਥੋਂ ਤੱਕ ਕਿ ਕੁਝ ਕੈਂਸਰ ਵਰਗੀਆਂ ਬੀਮਾਰੀਆਂ ਦੇ ਵੱਧਣ ਨਾਲ ਜੁੜਿਆ ਹੋਇਆ ਹੈ। ਭਾਰਤ ਵਿੱਚ ਸ਼ੂਗਰ ਤੋਂ ਪੀੜਤ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ, ਜਿਨ੍ਹਾਂ ਦੀ ਗਿਣਤੀ 10.1 ਕਰੋੜ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੀਮਾਰੀਆਂ ਦਾ ਪਤਾ ਛੋਟੀ ਉਮਰ ਵਿੱਚ ਲਗਾਇਆ ਜਾ ਰਿਹਾ ਹੈ। ਏਮਜ਼ ਦੇ ਮੈਡੀਸਨ ਵਿਭਾਗ ਦੇ ਵਧੀਕ ਪ੍ਰੋਫੈਸਰ ਡਾ. ਨੀਰਜ ਨਿਸ਼ਚਲ ਨੇ ਕਿਹਾ ਕਿ 20 ਅਤੇ 30 ਦੇ ਦਹਾਕੇ ਦੇ ਲੋਕਾਂ ਵਿੱਚ ਗੈਰ-ਸੰਚਾਰੀ ਬੀਮਾਰੀਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਇਸਦਾ ਮੁੱਖ ਕਾਰਨ ਸਰੀਰ ਦੇ ਭਾਰ ਵਿੱਚ ਵਾਧਾ ਹੈ। ਮੈਡੀਕਲ ਜਰਨਲ ਦ ਲੈਂਸੇਟ ਵਿੱਚ ਪ੍ਰਕਾਸ਼ਿਤ ਖੋਜ ਅਨੁਸਾਰ ਚੀਨ ਇਸ ਸੂਚੀ ਵਿੱਚ ਸਭ ਤੋਂ ਉੱਪਰ ਹੈ। ਸਾਲ 2050 ਤੱਕ ਚੀਨ ਵਿੱਚ 627 ਮਿਲੀਅਨ ਤੋਂ ਵੱਧ ਲੋਕ ਮੋਟੇ ਹੋ ਸਕਦੇ ਹਨ। ਇਸ ਸੂਚੀ ਵਿਚ ਭਾਰਤ ਦੂਜੇ ਸਥਾਨ ਅਤੇ ਅਮਰੀਕਾ ਤੀਜੇ ਸਥਾਨ ਤੇ ਹੈ। ਅਮਰੀਕਾ ਵਿੱਚ ਇਹ ਗਿਣਤੀ ਲਗਭਗ 214 ਮਿਲੀਅਨ ਯਾਨੀ 21.4 ਕਰੋੜ ਤੱਕ ਪਹੁੰਚ ਜਾਵੇਗੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੋਟਾਪੇ ਵਿੱਚ ਵਾਧਾ ਹੋਣ ਦਾ ਮੁੱਖ ਕਾਰਨ ਭੋਜਨ ਅਤੇ ਮਾੜੀ ਜੀਵਨ ਸ਼ੈਲੀ ਹੈ। ਲੈਂਸੇਟ ਦੇ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਵਿੱਚ ਮੋਟਾਪੇ ਦੀ ਸਮੱਸਿਆ ਕਾਫ਼ੀ ਵੱਧ ਰਹੀ ਹੈ। ਬੱਚੇ ਵੀ ਵੱਡੀ ਗਿਣਤੀ ਵਿਚ ਇਸ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਨ, ਜੋ ਇਕ ਚਿੰਤਾ ਦਾ ਵਿਸ਼ਾ ਹੈ। ਉਪਾਧਿਆਏ ਨੇ ਕਿਹਾ, ਮੋਟਾਪਾ ਕੋਈ ਦਿਖਾਉਣ ਵਾਲੀ ਸਮੱਸਿਆ ਨਹੀਂ ਹੈ। ਇਹ ਇੱਕ ਕਲੀਨਿਕਲ, ਪ੍ਰਣਾਲੀਗਤ ਚਿੰਤਾ ਹੈ, ਜੋ ਫੈਟੀ ਲੀਵਰ, ਸ਼ੂਗਰ, ਗੈਸਟਰੋਇੰਟੇਸਟਾਈਨਲ ਪੇਚੀਦਗੀਆਂ ਅਤੇ ਦਿਲ ਦੀ ਬੀਮਾਰੀ ਵਰਗੀਆਂ ਬੀਮਾਰੀਆਂ ਵਿੱਚ ਵਾਧਾ ਕਰ ਰਹੀ ਹੈ। ਆਪਣੀਆਂ ਡਾਕਟਰੀ ਸਲਾਹ-ਮਸ਼ਵਰਿਆਂ ਵਿੱਚ, ਮੈਂ ਹਰ ਰੋਜ਼ ਇਸਦੇ ਨਤੀਜੇ ਦੇਖਦਾ ਹਾਂ। ਮਾਹਿਰਾਂ ਦਾ ਕਹਿਣਾ ਹੈ ਕਿ ਮੋਟਾਪੇ ਲਈ ਜੈਨੇਟਿਕਸ ਅਤੇ ਹਾਰਮੋਨ ਵੀ ਜ਼ਿੰਮੇਵਾਰ ਹਨ। ਕੁਝ ਲੋਕਾਂ ਵਿੱਚ, ਮੋਟਾਪੇ ਦੀ ਸਮੱਸਿਆ ਜੈਨੇਟਿਕ ਤੌਰ ਤੇ ਪਾਈ ਜਾਂਦੀ ਹੈ। ਇਹ ਸਮੱਸਿਆ ਮਾਪਿਆਂ ਤੋਂ ਬੱਚਿਆਂ ਨੂੰ ਜਾਂਦੀ ਹੈ। ਇਸ ਕਾਰਨ, ਉਨ੍ਹਾਂ ਦੇ ਸਰੀਰ ਦੀ ਊਰਜਾ ਦੀ ਮੰਗ ਜ਼ਿਆਦਾ ਹੁੰਦੀ ਹੈ। ਇਸ ਨਾਲ ਭੁੱਖ ਵਧਦੀ ਹੈ ਅਤੇ ਮੋਟਾਪਾ ਹੁੰਦਾ ਹੈ।

# ਸੁਰਿੰਦਰ ਸਿੰਘ ਜੱਬਲ ਨੂੰ ਸਦਮਾ-ਸੁਪਤਨੀ ਗੁਰਮਿੰਦਰ ਕੌਰ ਜੱਬਲ ਦਾ ਦੇਹਾਂਤ



ਸਰੀ, 17 ਮਈ (ਹਰਦਮ ਮਾਨ) : ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਸਾਬਕਾ ਪ੍ਰਧਾਨ ਅਤੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਿਆ ਜਦੋਂ ਉਨ੍ਹਾਂ ਦੀ ਸੁਪਤਨੀ ਗੁਰਮਿੰਦਰ ਕੌਰ ਜੱਬਲ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ 77 ਸਾਲ ਦੇ ਸਨ। ਉਨ੍ਹਾਂ ਦੇ ਹੱਸਮੁੱਖ ਸੁਭਾਅ, ਉਦਾਰਤਾ ਅਤੇ ਸੇਵਾ ਭਾਵਨਾ ਨੇ ਅਨੇਕਾਂ ਲੋਕਾਂ ਦੇ ਜੀਵਨ ਉੱਪਰ ਅਮਿੱਟ ਛਾਪ ਛੱਡੀ। ਉਨ੍ਹਾਂ ਦਾ ਅੰਤਿਮ ਸੰਸਕਾਰ 18 ਮਈ 2025 (ਐਤਵਾਰ) ਨੂੰ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ, 7410 ਹੌਪਕੋਟ ਰੋਡ, ਡੈਲਟਾ (ਬੀਸੀ) ਵਿਖੇ ਹੋਵੇਗਾ। ਉਪਰੰਤ ਸਹਿਜ ਪਾਠ ਭੋਗ ਅਤੇ ਅੰਤਿਮ ਅਰਦਾਸ ਦੁਪਹਿਰ 12 ਵਜੇ ਗੁਰਦੁਆਰਾ ਸਾਹਿਬ ਬਰੁੱਕਸਾਈਡ, 8365 140 ਸਟਰੀਟ, ਸਰੀ (ਬੀਸੀ) ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੁਰਿੰਦਰ ਸਿੰਘ ਜੱਬਲ ਨਾਲ ਫੋਨ ਨੰਬਰ 778-836-2543 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਨਾਮਵਰ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ, 'ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼' ਦੇ ਚੇਅਰਮੈਨ ਗਿਆਨ ਸਿੰਘ ਸੰਧੂ, ਪ੍ਰੋ. ਬਲਕਾਰ ਸਿੰਘ ਪਟਿਆਲਾ, ਉਜਾਗਰ ਸਿੰਘ ਪਟਿਆਲਾ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਗੁਰਮਿੰਦਰ ਕੌਰ ਜੱਬਲ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਜੱਬਲ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

# ਸੜ ਜਾਣਗੇ ਤੁਰਕੀ ਦੇ ਸੇਬ, ਜੇਕਰ ਭਾਰਤ ਨੇ ਦਿੱਤਾ 821 ਕਰੋੜ ਦਾ ਝਟਕਾ




ਨਵੀਂ ਦਿੱਲੀ, 17 ਮਈ (ਚ.ਨ.ਸ.) : ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸੀ ਤਾਂ ਤੁਰਕੀ ਨੇ ਸਭ ਤੋਂ ਪਹਿਲਾਂ ਪਾਕਿਸਤਾਨ ਦਾ ਸਮਰਥਨ ਕੀਤਾ, ਜਿਸ ਤੋਂ ਬਾਅਦ ਭਾਰਤ ਵਿੱਚ ਤੁਰਕੀ ਉਤਪਾਦਾਂ ਦਾ ਬਾਈਕਾਟ ਸ਼ੁਰੂ ਹੋ ਗਿਆ ਹੈ, ਖਾਸ ਕਰਕੇ ਸੇਬਾਂ ਦਾ। ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤੀ ਫੌਜ ਦੁਆਰਾ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਗਿਆ ਸੀ ਜਿਸ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਤੇ ਹਮਲਾ ਕਰ ਦਿੱਤਾ। ਮੀਡੀਆ ਰਿਪੋਰਟਾਂ ਅਨੁਸਾਰ, ਇਸ ਸਮੇਂ ਦੌਰਾਨ ਤੁਰਕੀ ਨੇ ਪਾਕਿਸਤਾਨ ਦੀ ਮਦਦ ਕੀਤੀ, ਜਿਸ ਵਿੱਚ ਡਰੋਨ ਦੀ ਸਪਲਾਈ ਵੀ ਸ਼ਾਮਲ ਸੀ। ਜਦੋਂ ਤੋਂ ਤੁਰਕੀ ਬਾਰੇ ਇਹ ਸੱਚਾਈ ਸਾਹਮਣੇ ਆਈ ਹੈ, ਭਾਰਤ ਵਿੱਚ ਬਾਈਕਾਟ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਦੱਸਣਯੋਗ ਹੈ ਕਿ 2021-22 ਵਿੱਚ ਤੁਰਕੀ ਤੋਂ 563 ਕਰੋੜ ਰੁਪਏ ਦੇ ਸੇਬ, 2022-23 ਵਿੱਚ 739 ਕਰੋੜ ਰੁਪਏ ਅਤੇ 2023-24 ਵਿੱਚ 821 ਕਰੋੜ ਰੁਪਏ ਦੇ ਸੇਬ ਭਾਰਤ ਭੇਜੇ ਗਏ ਸਨ। ਤੁਰਕੀ ਤੋਂ ਸੇਬ ਦੀ ਦਰਾਮਦ ਲਗਾਤਾਰ ਅਤੇ ਤੇਜ਼ੀ ਨਾਲ ਵਧ ਰਹੀ ਹੈ, ਜਿਸ ਕਾਰਨ ਭਾਰਤੀ ਬਾਜ਼ਾਰ ਸਸਤੇ ਅਤੇ ਸਬਸਿਡੀ ਵਾਲੇ ਆਯਾਤ ਕੀਤੇ ਸੇਬਾਂ ਨਾਲ ਭਰ ਗਿਆ ਹੈ। ਇਸਦਾ ਸਿੱਧਾ ਅਸਰ ਘਰੇਲੂ ਮਾਲੀਆਂ ਦੀ ਆਮਦਨ ਅਤੇ ਬਾਜ਼ਾਰ ਹਿੱਸੇਦਾਰੀ ਤੇ ਪਿਆ ਹੈ। ਤੁਰਕੀ ਦੇ ਸੇਬ ਆਪਣੀ ਗੁਣਵੱਤਾ ਅਤੇ ਕੀਮਤ ਕਾਰਨ ਭਾਰਤ ਵਿੱਚ ਸਭ ਤੋਂ ਵੱਧ ਮਸ਼ਹੂਰ ਹਨ। ਪਰ ਹਾਲ ਹੀ ਦੇ ਸਮੇਂ ਵਿੱਚ ਉਸਦਾ ਬਾਈਕਾਟ ਵਧਿਆ ਹੈ ਜਿਸ ਕਾਰਨ ਮੰਗ ਵਿੱਚ 50 ਫੀਸਦੀ ਤੱਕ ਦੀ ਗਿਰਾਵਟ ਆਈ ਹੈ। ਬਾਈਕਾਟ ਕਾਰਨ ਵਪਾਰੀ ਹੁਣ ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤਰਾਖੰਡ, ਵਾਸ਼ਿੰਗਟਨ, ਈਰਾਨ ਅਤੇ ਨਿਊਜ਼ੀਲੈਂਡ ਤੋਂ ਸੋਰਸਿੰਗ ਕਰ ਰਹੇ ਹਨ। ਇਸ ਕਾਰਨ ਤੁਰਕੀ ਨੂੰ ਭਾਰੀ ਨੁਕਸਾਨ ਹੋਵੇਗਾ। ਭਾਰਤੀ ਬਾਜ਼ਾਰਾਂ ਵਿੱਚ ਆਫ ਸੀਜ਼ਨ ਵਿੱਚ ਵੀ ਤੁਰਕੀ ਸੇਬਾਂ ਦੀ ਮੰਗ ਬਣੀ ਰਹਿੰਦੀ ਹੈ। ਜੇਕਰ ਅਸੀਂ ਭਾਰਤੀ ਸੇਬਾਂ ਦੀ ਗੱਲ ਕਰੀਏ ਤਾਂ ਇਹ ਸਾਲ ਦੇ ਕੁਝ ਮਹੀਨਿਆਂ ਵਿੱਚ ਭਰਪੂਰ ਮਾਤਰਾ ਵਿੱਚ ਉਪਲਬਧ ਹੁੰਦੇ ਹਨ। ਪਰ ਜਦੋਂ ਆਫ ਸੀਜ਼ਨ ਹੁੰਦਾ ਹੈ ਤਾਂ ਭਾਰਤ ਦੀ ਆਯਾਤ ਕੀਤੇ ਸੇਬਾਂ ਤੇ ਨਿਰਭਰਤਾ ਵੱਧ ਜਾਂਦੀ ਹੈ। ਦੱਸਣਯੋਗ ਹੈ ਕਿ ਤੁਰਕੀ ਦੇ ਸੇਬ ਆਮ ਤੌਰ ਤੇ ਮਿੱਠੇ ਅਤੇ ਰਸੀਲੇ ਹੁੰਦੇ ਹਨ, ਜਿਸ ਕਾਰਨ ਇਨ੍ਹਾਂ ਦੀ ਮੰਗ ਭਾਰਤੀ ਹਿੱਸੇਦਾਰੀ ਨਾਲੋਂ ਵੱਧ ਹੁੰਦੀ ਹੈ।

# ਬੈਂਕ ਆਫ਼ ਮਹਾਰਾਸ਼ਟਰ ਵੱਲੋਂ ਕੇਂਦ੍ਰਿਤ ਵਪਾਰਕ ਮੀਟਿੰਗ




ਚੰਡੀਗੜ੍ਹ, 17 ਮਈ (ਚ.ਨ.ਸ.) : ਬੈਂਕ ਆਫ਼ ਮਹਾਰਾਸ਼ਟਰ, ਚੰਡੀਗੜ੍ਹ ਜ਼ੋਨ ਨੇ 17 ਮਈ, 2025 ਨੂੰ ਇੱਕ ਕੇਂਦ੍ਰਿਤ ਵਪਾਰਕ ਮੀਟਿੰਗ ਦਾ ਆਯੋਜਨ ਕੀਤਾ, ਜਿਸ ਨੇ ਸ਼ਾਖਾ ਪ੍ਰਬੰਧਕਾਂ ਨੂੰ ਵਿੱਤੀ ਸਾਲ 2025-26 ਲਈ ਰਣਨੀਤਕ ਤਰਜੀਹਾਂ ਤੇ ਇਕਸਾਰ ਹੋਣ ਲਈ ਇਕੱਠਾ ਕੀਤਾ। ਇਸ ਸੈਸ਼ਨ ਵਿੱਚ ਜ਼ੋਨਲ ਮੈਨੇਜਰ, ਸ਼੍ਰੀ ਸੁਜੀਤ ਕੁਮਾਰ ਨਾਇਕ ਦੁਆਰਾ ਵਿੱਤੀ ਸਾਲ 2024-25 ਬਾਰੇ ਇੱਕ ਪੇਸ਼ਕਾਰੀ ਦਿੱਤੀ ਗਈ, ਜਿਸ ਵਿੱਚ ਮੁੱਖ ਦਫਤਰ ਤੋਂ ਪ੍ਰਾਪਤ ਮੁੱਖ ਹਦਾਇਤਾਂ ਅਤੇ ਨਵੇਂ ਸ਼ਾਮਲ ਹੋਏ ਸਟਾਫ ਦੁਆਰਾ ਸਵਾਗਤ ਭਾਸ਼ਣ ਦਿੱਤਾ ਗਿਆ। ਇੱਕ ਮਾਨਤਾ ਸਮਾਰੋਹ ਵਿੱਚ ਖੇਤਰ ਵਿੱਚ ਚੋਟੀ ਦੇ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਪ੍ਰੋਗਰਾਮ ਪ੍ਰਸਿੱਧ ਬੁਲਾਰੇ ਸ਼੍ਰੀ ਵਿਵੇਕ ਅੱਟੇ ਦੇ ਇੱਕ ਸ਼ਕਤੀਸ਼ਾਲੀ ਪ੍ਰੇਰਣਾਦਾਇਕ ਸੈਸ਼ਨ ਨਾਲ ਸਮਾਪਤ ਹੋਇਆ, ਜਿਸਨੇ ਟੀਮ ਨੂੰ ਆਉਣ ਵਾਲੇ ਸਾਲ ਲਈ ਊਰਜਾ ਦਿੱਤੀ।

# ਵਿਸ਼ਵਕਰਮਾ ਸਕੂਲ ਫਾਰ ਗਰਲਜ਼ ਦ ਨਤੀਜਾ ਰਿਹਾ ਸ਼ਾਨਦਾਰ



ਦਿੜ੍ਹਬਾ ਮੰਡੀ, 17 ਮਈ (ਹੈਪੀ) :ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਬਾਰਵੀਂ ਕਲਾਸ ਦਾ ਨਤੀਜ਼ਾ ਐਲਾਨਿਆ ਗਿਆ। ਸਿੱਖਿਆ ਦੇ ਖੇਤਰ 'ਚ ਇਲਾਕੇ ਅੰਦਰ ਆਪਣੀਆਂ ਵਿਲੱਖਣ ਪਿਰਤਾਂ ਪਾਉਣ ਵਾਲੇ ਵਿਸ਼ਵਕਰਮਾ ਸੀਨੀਅਰ ਸੰਕੈਂਡਰੀ ਸਕੂਲ ਫਾਰ ਗਰਲਜ਼ ਦਿੜਬਾ ਦਾ ਨਤੀਜ਼ਾ ਸ਼ਾਨਦਾਰ ਰਿਹਾ। ਇਸ ਮੌਕੇ ਪ੍ਰਿਸੀਪਲ ਸਿੰਮਰਪ੍ਰੀਤ ਕੌਰ ਮਾਨ ਦੀ ਅਗਵਾਈ ਹੇਠ ਬਾਰਵੀ ਕਲਾਸ ਦੇ ਨਤੀਜ਼ੇ ਵਿੱਚ ਵਧੀਆ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥਣਾਂ ਨੂੰ ਸਨਮਾਨਿਤ ਕਰਦੇ ਹੋਏ ਅਤੇ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆ ਪ੍ਰਿਸ਼ੀਪਲ ਮੈਡਮ ਸਿੰਮਰਪ੍ਰੀਤ ਕੌਰ ਮਾਨ ਨੇ ਦੱਸਿਆ ਕਿ ਇਸ ਵਾਰ ਵੀ ਅਧਿਆਪਕਾਂ ਦੀ ਸਖ਼ਤ ਮਿਹਨਤ ਸਦਕਾ ਸਕੂਲ ਦਾ ਨਤੀਜ਼ਾ 100% ਰਿਹਾ ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਕਾਮਰਸ ਦੀ ਵਿੱਦਿਆਰਥਣ ਰੁਪਿੰਦਰ ਕੌਰ ਨੇ 95.80% ਪਹਿਲਾ, ਜਸਵਿੰਦਰ ਕੌਰ ਨੇ 94% ਦੂਸਰਾ, ਨਵਜੋਤ ਕੌਰ, ਲਵਪ੍ਰੀਤ ਕੌਰ ਅਤੇ ਜਸਨਦੀਪ ਕੌਰ ਨੇ 90.2% ਨੰਬਰ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ । ਆਰਟਸ ਸਟਰੀਮ ਦੀਆ ਵਿੱਦਿਆਰਥਣਾਂ ਸੁਮਨਦੀਪ ਕੌਰ ਨੇ 93% , ਖੁਸ਼ਪ੍ਰੀਤ ਕੌਰ ਨੇ 92.80% ਦੂਸਰਾ , ਅਮਨਦੀਪ ਕੌਰ ਨੇ 91.60% ਤੀਸਰਾ ਹਾਸਲ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਂ ਰੋਸਨ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਸਿੰਮਰਪ੍ਰੀਤ ਕੌਰ ਮਾਨ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਤੇ ਖੁਸ਼ੀ ਅਤੇ ਮਾਣ ਮਹਿਸੂਸ ਕਰਦੇ ਹੋਏ ਕਿਹਾ ਕਿ ਵਿਸ਼ਵਕਰਮਾ ਸਕੂਲ ਐਂਡ ਕਾਲਜ ਇਲਾਕੇ ਅੰਦਰ ਲੜਕੀਆਂ ਦਾ ਇਕੋ ਇਕ ਅਜਿਹਾ ਸਕੂਲ ਹੈ , ਜੋ ਵਿੱਦਿਆਰਥਣਾਂ ਦੇ ਉਜਵਲ ਭਵਿੱਖ ਲਈ ਪੂਰੀ ਤਨਦੇਹੀ ਅਤੇ ਲਗਨ ਨਾਲ ਮਿਹਨਤ ਕਰ ਰਿਹਾ ਹੈ। ਯੋਗ ਅਧਿਆਪਕਾਂ ਦੀ ਸਖ਼ਤ ਮਿਹਨਤ ਸਦਕਾ ਹੀ ਸਕੂਲ ਦਾ ਸ਼ਾਨਦਾਰ ਨਤੀਜਾ ਰਿਹਾ ਹੈ । ਇਸ ਮੌਕੇ ਕਰਮਜੀਤ ਕੌਰ, ਅਮਨਦੀਪ ਕੌਰ, ਜਤਿੰਦਰ ਕੁਮਾਰ, ਕੁਲਵਿੰਦਰ ਕੌਰ, ਪ੍ਰੀਤਇੰਦਰ ਕੌਰ, ਨੀਤੂ, ਨੈਨਸੀ ਤੋ ਇਲਾਵਾ ਹੋਰ ਅਧਿਆਪਕ ਹਾਜ਼ਰ ਸਨ।

# ਸੰਤ ਮਹੇਸ਼ ਮੁਨੀ ਗਰਲਜ਼ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ



ਭਗਤਾ ਭਾਈ ਕਾ, 17ਮਈ (ਸਵਰਨ ਸਿੰਘ ਭਗਤਾ):ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਰੈਗੂਲਰ ਦਾ ਨਤੀਜਾ 14 ਮਈ ਨੂੰ ਐਲਾਨਿਆ ਗਿਆ। ਜਿਸ ਦੇ ਨਾਲ ਹੀ ਸੰਤ ਮਹੇਸ਼ ਮੁਨੀ ਗਰਲਜ਼ ਕਾਲਜ ਭਗਤਾ ਭਾਈ ਦਾ ਨਤੀਜਾ ਵੀ ਸ਼ਾਨਦਾਰ ਰਿਹਾ ਇਸ ਵਿੱਚੋਂ ਸੈਕੰਡਰੀ ਬਲਾਕ ਦੇ ਤਿੰਨਾਂ ਸਟਰੀਮਾਂ ਦੇ ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚੋਂ ਮੱਲਾਂ ਮਾਰੀਆਂ ਜਿਨਾਂ ਵਿੱਚੋਂ ਆਰਸ ਗਰੁੱਪ ਦੇ ਕਿਰਨਜੋਤ ਕੌਰ ਨੇ 90.6 !ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ ਨਿਮਰਤ ਕੌਰ ਨੇ 88.4% ਅੰਕਾਂ ਨਾਲ ਦੂਜਾ ਸਥਾਨ ਤੇ ਗੁਰਲੀਨ ਕੌਰ ਨੇ 88% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਇਸ ਸੰਸਥਾ ਦੇ ਕਮਰਸ ਗਰੁੱਪ ਦੇ ਵਿਦਿਆਰਥੀਆਂ ਨਾਲ ਨਤੀਜਾ ਵੀ ਸ਼ਾਨਦਾਰ ਰਿਹਾ। ਜਿਨਾਂ ਵਿੱਚੋਂ ਅਰਸ਼ਦੀਪ ਨੇ 91.4% ਨਾਲ ਪਹਿਲਾ ਸੁਖਮਨਪ੍ਰੀਤ ਕੌਰ ਨੇ 88% ਨਾਲ ਦੂਜਾ ਅਤੇ ਵੀਰਪਾਲ ਕੌਰ ਨੇ 87.6% ਇਸ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਸਾਇੰਸ ਗਰੁੱਪ ਦੀਆਂ ਵਿਦਿਆਰਥਨਾਂ ਵਿੱਚੋਂ ਗੁਰਕੀਰਣ ਕੌਰ ਨੇ 87.2% ਅੰਕ ਹਾਸਲ ਕਰਕੇ ਪਹਿਲਾ ਸਥਾਨ ਤੇ ਸੁਖਵੀਰ ਕੌਰ ਸਪੁੱਤਰੀ ਓਕਾਰ ਸਿੰਘ ਨੇ 84.8% ਅੰਕ ਹਾਸਲ ਕਰਕੇ ਦੂਜਾ ਸਥਾਨ ਤੇ ਜਸਵਿੰਦਰ ਕੌਰ ਨੇ 80.6% ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਖੁਸ਼ੀ ਦੇ ਮੌਕੇ ਤੇ ਬੋਲਦਿਆਂ ਕਾਲਜ ਦੇ ਕੰਟਰੋਲਰ ਇੰਦਰਪਾਲ ਕੌਰ ਦਿਓਲ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅੱਗੇ ਤੋਂ ਹੋਰ ਮਿਹਨਤ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਰੋਸ਼ਨ ਕਰਦੇ ਰਹੋ। ਇਸ ਮੌਕੇ ਤੇ ਕਾਲਜ ਅਤੇ ਸਕੂਲ ਦੇ ਚੇਅਰਮੈਨ ਕੇਸ਼ਵ ਗਰਗ ਨੇ ਕੰਟਰੋਲਰ ਮੈਡਮ ਇੰਦਰਪਾਲ ਕੌਰ ਦਿਓਲ ਅਤੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਜ਼ਿਕਰਯੋਗ ਹੈ ਕਿ ਸੰਤ ਮਹੇਸ਼ ਮੁਨੀ ਗਰਲਜ਼ ਕਾਲਜ ਇਲਾਕੇ ਤੀ ਸਿਰਮੌਰ ਸੰਸਥਾ ਹੈ ਅਤੇ ਮਾਪਿਆਂ ਲਈ ਬੱਚਿਆਂ ਨੂੰ ਉਚ ਵਿਦਿਆ ਦਵਾਉਣ ਲਈ ਇੱਕ ਭਰੋਸੇਯੋਗ ਅਦਾਰਾ ਹੈ। ਸੰਸਥਾਂ ਵਿਚ ਪੜ੍ਹਕੇ ਗਏ ਵਿਦਿਆਰਥੀ ਵੱਖ ਵੱਖ ਖੇਤਰਾਂ ਵਿਚ ਆਪਣਾ ਨਾਮ ਚਮਕਾ ਰਹੇ ਹਨ।

# ਖੁਸ਼ਪ੍ਰੀਤ ਕੌਰ ਨੇ ਮੈਡੀਕਲ ਦੀ ਪੜ੍ਹਾਈ ਵਿੱਚੋ ਚੰਗੇ ਅੰਕ ਹਾਸਿਲ ਕਰਕੇ ਮਾਪਿਆਂ ਤੇ ਸਕੂਲ਼ ਦਾ ਨਾਮ ਰੌਸ਼ਨ ਕੀਤਾ



ਸਰਦੂਲਗੜ, 17 ਮਈ (ਲਛਮਣ ਸਿੱਧੂ ): ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੇ ਨਤੀਜਿਆ ਦੌਰਾਨ ਖੁਸ਼ਪ੍ਰੀਤ ਕੌਰ ਪੀ ,ਐਮ ,ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਬੁਢਲਾਡਾ ਦੀ ਵਿੱਦਿਆਰਥਣ ਵੱਲੋਂ ਬਾਰਵੀਂ ਕਲਾਸ ਦੀ ਮੈਡੀਕਲ ਦੀ ਪੜ੍ਹਾਈ ਵਿੱਚੋ 94% ਨੰਬਰ ਹਾਸਲ ਕਰਕੇ ਬੁਢਲਾਡਾ ਸ਼ਹਿਰ, ਸਕੂਲ ਅਤੇ ਆਪਣੇ ਮਾਪਿਆਂ ਦਾ ਮਾਣ ਵਧਾਇਆ ਕੀਤਾ ਖੁਸ਼ਪ੍ਰੀਤ ਕੌਰ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ । ਖੁਸ਼ਪ੍ਰੀਤ ਕੌਰ ਅੱਗੇ ਬਾਇਓ ਦੀ ਪ੍ਰੋਫੈਸਰ ਬਣਨਾ ਚਾਹੁੰਦੀ ਹੈ ।

# ਸਰਬਤ ਦਾ ਭਲਾ ਟਰੱਸਟ ਨੇ ਲੋੜਵੰਦਾਂ ਨੂੰ ਚੈੱਕ ਵੰਡੇ



ਬਰੇਟਾ, 17 ਮਈ ( ਨਰਿੰਦਰ ਬਾਂਸਲ, ਵਿਨੋਦ ਸਿੰਗਲਾ ) : ਸਮਾਜ ਸੇਵਾ ਦੇ ਕਾਰਜਾਂ ਲਈ ਯਤਨਸ਼ੀਲ ਸੰਸਥਾ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਰਜਿ. ਪਟਿਆਲਾ ਵੱਲੋ ਕੌਮੀ ਪ੍ਰਧਾਨ ਜੱਸਾ ਸਿੰਘ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਘਾਲੀ ਅਤੇ ਖਜਾਨਚੀ ਮਦਨ ਲਾਲ ਕੁਸਲਾ ਦੀ ਅਗਵਾਈ ਹੇਠ ਬਿੱਗ ਹੋਪ ਫਾਊਂਡੇਸ਼ਨ ਦੇ ਸਹਿਯੋਗ ਸਦਕਾ ਬਰੇਟਾ ਵਿਖੇ 20 ਲੋੜਵੰਦ ਵਿਧਵਾ ਔਰਤਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਵੰਡੇ ਗਏ।ਇਸ ਮੌਕੇ ਸਮਾਜ ਸੇਵੀ ਜਸਵਿੰਦਰ ਪਾਲ ਸੇਖੋਂ ਨੇ ਡਾ. ਐਸ. ਪੀ. ਉਬਰਾਏ ਦੇ ਟਰੱਸਟ ਵੱਲੋ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਬਤ ਦਾ ਭਲਾ ਦੇ ਕੀਤੇ ਜਾ ਰਹੇ ਕੰਮਾਂ ਰਾਹੀ ਲੋੜਵੰਦ ਲੋਕਾਂ ਨੂੰ ਆਪਣੀ ਜਿੰਦਗੀ ਬਤੀਤ ਕਰਨ ਵਿੱਚ ਸਹਾਇਤਾ ਦੇ ਨਾਲ ਨਾਲ ਹੌਂਸਲਾ ਵੀ ਮਿਲਦਾ ਹੈ। ਇਸ ਸਮੇਂ ਪਵਨ ਕੁਮਾਰ, ਮਨਿੰਦਰ ਕੁਮਾਰ, ਰਣਜੀਤ ਸਿੰਘ, ਨਰਿੰਦਰ ਕੁਮਾਰ ਹਾਜ਼ਰ ਸਨ।

# ਭਾਰਤੀਆ ਮਾਡਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ, ਸੋਹਾਨਾ 95.4% ਲੈ ਕੇ ਟਾਪਰ ਬਣੀ



ਰਾਮਪੁਰਾ ਫੂਲ, 17 ਮਈ (ਮਨਪ੍ਰੀਤ ਮਿੱਟੂ) : ਸੀ.ਬੀ.ਐਸ.ਈ. ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਭਾਰਤੀਆ ਮਾਡਲ ਸੀਨੀਅਰ ਸੈਂਕਡਰੀ ਸਕੂਲ, ਰਾਮਪੁਰਾ ਫੂਲ ਦੇ ਦਸਵੀਂ ਅਤੇ ਬਾਰਵੀਂ ਕਲਾਸ ਦੇ ਨਤੀਜੇ ਸ਼ਾਨਦਾਰ ਰਹੇ। ਬਾਰਵੀਂ ਜਮਾਤ ਵਿੱਚੋਂ ਜਸ਼ਨਦੀਪ ਕੌਰ ਨੇ (ਕਾਮਰਸ) ਵਿੱਚ 96.2 ਫੀਸਦੀ ਅੰਕਾਂ ਨਾਲ ਪਹਿਲਾ, ਅੰਸ਼ਿਕਾ ਗਰੋਵਰ ਨੇ (ਸਾਇੰਸ) ਵਿੱਚ 95.8 ਫੀਸਦੀ ਅੰਕਾਂ ਨਾਲ ਦੂਜਾ ਅਤੇ ਇਸ ਦੇ ਨਾਲ ਹੀ ਦੇ ਦਿਸ਼ਮ ਨੇ (ਆਰਟਸ) ਵਿੱਚ 92 ਫੀਸਦੀ ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ 14 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਦੇ ਨਾਲ ਹੀ ਦਸਵੀਂ ਜਮਾਤ ਦੀ ਵਿਦਿਆਰਥਣ ਸੋਹਾਨਾ ਨੇ 95.4 ਫੀਸਦੀ ਅੰਕਾਂ ਨਾਲ ਪਹਿਲਾ, ਤਾਨੀਆ ਅਰੋੜਾ ਨੇ 94.2 ਫੀਸਦੀ ਅੰਕਾਂ ਨਾਲ ਦੂਜਾ ਅਤੇ ਜਸਮਨਪ੍ਰੀਤ ਕੌਰ ਨੇ 92.6 ਫੀਸਦੀ ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਇਸ ਤਰ੍ਹਾਂ 5 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਉੱਪਰ ਸਕੂਲ ਦੀ ਪ੍ਰੰਬਧਕੀ ਕਮੇਟੀ ਦੇ ਪ੍ਰਧਾਨ ਸ਼ਸ਼ੀ ਸਿੰਗਲਾ , ਜਨਰਲ ਸੈਕਟਰੀ ਡਾ. ਨਰਿੰਦਰ ਬਾਂਸਲ , ਕੈਸ਼ੀਅਰ ਕੈਲਾਸ਼ ਕੋਸ਼ਕ , ਰਜਿੰਦਰ ਜ਼ਿੰਦਲ ਅਤੇ ਰਾਕੇਸ਼ ਸਹਾਰਾ , ਪ੍ਰਿੰਸੀਪਲ ਉਪਮਾ ਸਿੰਗਲਾ ਅਤੇ ਸਮੂਹ ਕਮੇਟੀ ਮੈਂਬਰਾਂ ਨੇ 100 ਫੀਸਦੀ ਨਤੀਜਾ ਆਉਣ ਦੀ ਖੁਸ਼ੀ ਵਿੱਚ ਸਕੂਲ ਦੇ ਵਿਦਿਆਰਥੀਆਂ, ਉਹਨਾ ਦੇ ਮਾਪਿਆਂ ਅਤੇ ਅਧਿਆਪਕਾ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਉਂਜਵਲ ਭਵਿੱਖ ਦੀ ਕਾਮਨਾ ਕੀਤੀ।

# ਨਕਲੀ ਪੁਲਿਸ ਮੁਲਾਜ਼ਮ ਬਣ ਕੇ ਠੱਗੀਆਂ ਮਾਰਨ ਵਾਲਾ ਕਾਬੂ

## 30,000/- ਰੁਪਏ, ਪੁਲਿਸ ਵਰਦੀ ਅਤੇ ਚਿੱਟੇ ਰੰਗ ਦੀ ਪੁਲਿਸ ਲੋਗੋ ਲੱਗੀ ਟੀ ਸ਼ਰਟ ਬ੍ਰਾਮਦ



ਸੰਗਰੂਰ, 17 ਮਈ (ਹਰਕੰਵਲ ਸਿੰਘ ਹੈਪੀ): ਸ੍ਰ ਦਿਲਪ੍ਰੀਤ ਸਿੰਘ, ਐਸ.ਐਸ. (ਸਥਾਨਕ) ਸੰਗਰੂਰ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਨੂੰ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮਹਿੰਮ ਤਹਿਤ ਉਸ ਸਮੇਂ ਸਫਲਤਾ ਮਿਲੀ ਜਦੋਂ ਇੱਕ ਵਿਅਕਤੀ ਨੂੰ ਨਕਲੀ ਪੁਲਿਸ ਮੁਲਾਜਮ ਬਣ ਕੇ ਲੋਕਾਂ ਨਾਲ ਠੱਗੀਆਂ ਮਾਰਦਾ ਕਾਬੂ ਕੀਤਾ ਗਿਆ ਅਤੇ ਉਸ ਪਾਸੋਂ 30,000/- ਰੁਪਏ, ਪੁਲਿਸ ਵਰਦੀ ਅਤੇ ਚਿੱਟੇ ਰੰਗ ਦੀ ਪੁਲਿਸ ਲੋਗੋ ਲੱਗੀ ਟੀ-ਸ਼ਰਟ ਬ੍ਰਾਮਦ ਕਰਵਾਈ ਗਈ।ਉਹਨਾਂ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਰਨਵੀਰ ਵਰਮਾ ਪੁੱਤਰ ਅਮਰਿੰਦਰ ਵਰਮਾ ਵਾਸੀ ਬੇਨੜਾ ਖਿਲ਼ਾਫ ਇੱਕ ਲੜਕੀ ਨੇ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸੋਸ਼ਣ ਕਰਨ ਸਬੰਧੀ ਦਰਖਾਸਤ ਦਿੱਤੀ ਸੀ, ਜਿਸਦੀ ਪੜਤਾਲ ਉਪ ਕਪਤਾਨ ਪੁਲਿਸ (31➡) ਸੰਗਰੂਰ ਵੱਲੋਂ ਕੀਤੀ ਜਾ ਰਹੀ ਸੀ ਤਾਂ ਇਸ ਦਰਮਿਆਨ ਤਰਨਵੀਰ ਵਰਮਾਂ ਦੇ ਭਰਾ ਕਰਨਵੀਰ ਵਰਮਾ ਨੂੰ ਉਸਦੇ ਦੋਸਤ ਜਸਕਰਨ ਸਿੰਘ ਵਾਸੀ ਪੇਦਨੀ ਨੇ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਜੌਲੀਆਂ ਨੂੰ ਮਿਲਾਇਆ। ਅੰਮ੍ਰਿਤਪਾਲ ਸਿੰਘ ਨੇ ਆਪਣੇ ਫੇਸਬੁਕ ਅਤੇ ਇੰਸਟਾਗ੍ਰਾਮ ਪਰ ਆਪਣੀ ਪੁਲਿਸ ਦੀ ਵਰਦੀ ਵਿੱਚ ਅਤੇ ਪਿਸਤੌਲ ਨਾਲ ਫੋਟੋ ਪਾਈ ਹੋਈ ਸੀ, ਜੋ ਆਪਣੇ ਆਪ ਨੂੰ ਪੁਲਿਸ ਮੁਲਾਜ਼ਮ ਦੱਸਦਾ ਸੀ, ਜਿਸਨੇ ਕਰਨਵੀਰ ਵਰਮਾ ਨੂੰ ਕਿਹਾ ਕਿ ਉਹ ਉਸਦੇ ਭਰਾ ਦੇ ਖਿਲਾਫ ਚੱਲ ਰਹੀ ਦਰਖਾਸਤ ਨੂੰ ਉੱਥੇ ਹੀ ਬੰਦ ਕਰਵਾ ਦੇਵੇਗਾ ਤੇ ਉਸਦੇ ਭਰਾ ਖਿਲਾਫ ਕੋਈ ਕਾਰਵਾਈ ਨਹੀ ਹੋਣ ਦੇਵੇਗਾ। ਇਸ ਕੰਮ ਬਦਲੇ ਅੰਮ੍ਰਿਤਪਾਲ ਸਿੰਘ ਉਕਤ ਨੇ ਪੁਲਿਸ ਦੇ ਨਾਮ ਪਰ ਕਰਨਵੀਰ ਵਰਮਾਂ ਪਾਸੋਂ 2,30,000/- ਰੁਪਏ ਆਪਣੇ ਬੈਂਕ ਖਾਤੇ ਵਿੱਚ ਗੂਗਲ ਪੇਅ ਕਰਵਾਏ ਅਤੇ 2,50,000/- ਰੁਪਏ ਨਗਦ ਲੈ ਲਏ ਸਨ।ਇਸ ਤੋਂ ਇਲਾਵਾ ਹਾਈਕੋਰਟ ਦੇ ਵਕੀਲ ਦੇ ਨਾਮ 'ਤੇ ਅੰਮ੍ਰਿਤਪਾਲ ਸਿੰਘ ਨੇ 2,00,000/- ਰੁਪਏ ਹੋਰ ਲੈ ਲਏ ਸਨ। ਇਸ ਤਰ੍ਹਾਂ ਅੰਮ੍ਰਿਤਪਾਲ ਸਿੰਘ ਨੇ ਕੁੱਲ 6,80,000/- ਰੁਪਏ ਦੀ ਠੱਗੀ ਮਾਰੀ ਹੈ। ਇਸ ਤੋਂ ਬਾਅਦ ਜਦੋਂ ਤਰਨਵੀਰ ਵਰਮਾਂ ਦੇ ਖਿਲਾਫ ਬਲਾਤਕਾਰ ਦਾ ਮੁਕੱਦਮਾ ਦਰਜ ਰਜਿਸਟਰ ਹੋ ਗਿਆ ਤਾਂ ਕਰਨਵੀਰ ਵਰਮਾਂ ਨੇ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਪੁਲਿਸ ਦੇ ਨਾਮ ਪਰ ਪੈਸੇ ਲੈ ਕੇ ਠੱਗੀ ਮਾਰਨ ਸਬੰਧੀ ਦਰਖਾਸਤ ਦਿੱਤੀ, ਜਿਸ ਦੀ ਪੜਤਾਲ ਕਪਤਾਨ ਪੁਲਿਸ (ਸਥਾਨਕ) ਸੰਗਰੂਰ ਵੱਲੋਂ ਕਰਨ ਉਪਰੰਤ ਮੁਕੱਦਮਾ ਨੰਬਰ 84 ਮਿਤੀ 13.05.2025 ਅ/ਧ 318(4),316(2),205 ਅਤੇ 25/54/59 ਆਰਮਜ ਐਕਟ ਥਾਣਾ ਸਿਟੀ-1 ਸੰਗਰੂਰ ਬਰਖਿਲਾਫ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਪਿੰਡ ਜੌਲੀਆ ਦਰਜ ਰਜਿਸਟਰ ਕਰਕੇ ਗ੍ਰਿਫਤਾਰ ਕਰਨ ਉਪਰੰਤ ਦੋਸੀ ਪਾਸੋਂ 30,000/- ਰੁਪਏ, ਪੁਲਿਸ ਵਰਦੀ ਅਤੇ ਇੱਕ ਚਿੱਟੇ ਰੰਗ ਦੀ ਟੀ-ਸ਼ਰਟ ਜਿਸ ਪਰ ਪੁਲਿਸ ਦਾ ਲੋਗੋ ਲੱਗਿਆ ਹੋਇਆ ਸੀ, ਬ੍ਰਾਮਦ ਕਰਵਾਇਆ ਗਿਆ। ਤਫਤੀਸ਼ ਜਾਰੀ ਹੈ, ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਜੌਲੀਆਂ ਵੱਲੋਂ ਅਵਤਾਰ ਸਿੰਘ ਪੁੱਤਰ ਗੰਢਾ ਸਿੰਘ ਵਾਸੀ ਸਹਿਬਜਾਦਾ ਜੁਝਾਰ ਸਿੰਘ ਨਗਰ ਸੰਗਰੂਰ ਨਾਲ ਸਾਂਝੀ ਨਵੀਂ ਫਾਰਚੂਨਰ ਗੱਡੀ ਲੈ ਕੇ ਉਸ ਪਾਸੋਂ 9,00,000/- ਰੁਪਏ ਹਾਸਲ ਕਰਕੇ ਗੱਡੀ ਦੀ ਆਰ.ਸੀ. ਰਮਨਦੀਪ ਸਿੰਘ ਵਾਸੀ ਜੌਲੀਆਂ ਦੇ ਨਾਮ ਪਰ ਕਰਵਾ ਕੇ ਠੱਗੀ ਮਾਰਨ ਸਬੰਧੀ ਮੁਕੱਦਮਾ ਨੰਬਰ 102 ਮਿਤੀ 15.05.2025 ਅ/ਧ 318(4),316(2) ਬੀ.ਐਨ.ਐਸ ਥਾਣਾ ਸਿਟੀ ਸੰਗਰੂਰ ਬਰਖਿਲਾਫ ਅੰਮ੍ਰਿਤਪਾਲ ਸਿੰਘ ਉਕਤ ਦਰਜ ਰਜਿਸਟਰ ਕੀਤਾ ਗਿਆ।

# ਸ਼ਹਿਰ ਦੇ ਸੀ.ਸੀ.ਟੀ.ਵੀ. ਕੈਮਰੇ ਠੀਕ ਕਰਵਾਏ ਜਾਣ : ਕਾਲੜਾ



ਮਲੋਟ, 17 ਮਈ (ਅਮਨਦੀਪ ਸਿੰਘ ਮਹਿਰਾ) : ਭਾਜਪਾ ਦੇ ਸੀਨੀਅਰ ਆਗੂ ਸੋਮ ਕਾਲੜਾ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਡਿਪਟੀ ਕਮਿਸ਼ਨਰ ਮੁਕਤਸਰ ਸਾਹਿਬ ਜੀ ਨੂੰ ਬੇਨਤੀ ਕਰਦਿਆਂ ਮੰਗ ਕੀਤੀ ਹੈ ਕਿ ਮਲੋਟ ਸ਼ਹਿਰ ਵਿੱਚ ਲੱਗੇ ਵੱਖ ਵੱਖ ਪੁਆਇੰਟਾਂ 'ਤੇ ਸਰਕਾਰੀ ਸੀ ਸੀ ਟੀ ਵੀ ਕੈਮਰੇ ਜੋ ਕਾਫੀ ਸਮੇਂ ਤੋਂ ਖਰਾਬ ਪਏ ਹਨ ਉਨ੍ਹਾਂ ਨੂੰ ਜਲਦ ਤੋਂ ਜਲਦ ਠੀਕ ਕਰਵਾਇਆ ਜਾਵੇ ਤਾਂ ਜੋ ਲੋੜ ਪੈਣ 'ਤੇ ਪੁਲਿਸ ਪ੍ਰਸ਼ਾਸਨ ਨੂੰ ਮੁਸ਼ਕਿਲ ਨਾਂ ਆਵੇ ਅਤੇ ਮਾੜੇ ਅਨਸਰਾਂ ਤੇ ਨਜ਼ਰ ਰੱਖੀ ਜਾ ਸਕੇ।

# ਉੱਭਾ-ਬੁਰਜ ਢਿੱਲਵਾਂ ਦੀਆਂ 4 ਵਿਦਿਅਰਥਣਾਂ ਨੇ ਦਸਵੀਂ ਦੀ ਮੈਰਿਟ ਸੂਚੀ ਨਾਂ ਦਰਜ ਕਰਵਾਇਆ




ਜੋਗਾ, 17 ਮਈ (ਵਿਰੈਂਦਰਪਾਲ ਮੰਤਰੋ) : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉੱਭਾ ਬੁਰਜ ਢਿੱਲਵਾਂ ਦੀ ਵਿਦਿਆਰਥਣ ਨੇ ਅੱਜ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ ਦੀ ਮੈਰਿਟ ਸੂਚੀ ਵਿਚ ਨਾਂਅ ਸ਼ਾਮਲ ਕਰਵਾਇਆ ਹੈ । ਸਕੂਲ ਇੰਚਾਰਜ ਪ੍ਰਿੰਸੀਪਲ ਗੁਰਮੀਤ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਏਕਮਜੀਤ ਕੌਰ ਪੁੱਤਰੀ ਹਰਬੰਸ ਸਿੰਘ ਵਾਸੀ ਉੱਭਾ ਨੇ 650 ਅੰਕਾਂ ਵਿਚੋਂ 634ਯਾਨਿ 97.54% ਅੰਕ ਹਾਸਲ ਕਰਕੇ 16ਵਾਂ ਸਥਾਨ ਮੱਲਿਆ, ਰਾਜਵੀਰ ਕੌਰ ਪੁੱਤਰੀ ਲਛਮਣ ਸਿੰਘ ਵਾਸੀ ਪਿੰਡ ਉੱਭਾ ਨੇ 650 ਵਿੱਚੋ 632ਯਾਨੀ 97.23%ਅੰਕ ਹਾਸਲ ਕਰਕੇ 18ਵਾਂ ਸਥਾਨ , ਰਮਨਦੀਪ ਕੌਰ ਪੁੱਤਰੀ ਦਰਸ਼ਨ ਸਿੰਘ ਪਿੰਡ ਉੱਭਾ ਨੇ 650 ਵਿੱਚੋ 632ਯਾਨੀ 97.23%ਅੰਕ ਹਾਸਲ ਕਰਕੇ 18ਵਾਂ ਸਥਾਨ ਅਤੇ ਗਗਨਦੀਪ ਕੌਰ ਪੁੱਤਰੀ ਗਿੰਦਰ ਸਿੰਘ ਪਿੰਡ ਉੱਭਾ ਨੇ 650 ਵਿੱਚੋ 629 ਯਾਨੀ 96.77%ਅੰਕ ਹਾਸਲ ਕਰਕੇ ਮੈਰਿਟ ਸੂਚੀ ਵਿੱਚ 21ਵਾਂ ਸਥਾਨ ਪ੍ਰਾਪਤ ਕੀਤਾਹੈ । ਉਨ੍ਹਾਂ ਦੱਸਿਆ ਕਿ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਨਾਲ ਸਮੁੱਚੇ ਸਟਾਫ਼ ਅਤੇ ਮਾਪਿਆਂ ਨੂੰ ਵੱਡਾ ਮਾਣ ਪ੍ਰਾਪਤ ਹੋਇਆ ਕਿਉਂਕਿ ਉਸਨੇ ਜ਼ਿਲ੍ਹੇ ਦਾ ਨਾਮ ਸੂਬਾ ਪੱਧਰ ਉਤੇ ਚਮਕਾਇਆ ਹੈ । ਵਿਦਿਆਰਥਣਾ ਅਤੇ ਓਹਨਾਂ ਦੇ ਮਾਪਿਆਂ ਨੂੰ ਸਕੂਲ ਇੰਚਾਰਜ ਪ੍ਰਿੰਸੀਪਲ ਗੁਰਮੀਤ ਕੌਰ ਅਤੇ ਸਮੂਹ ਸਟਾਫ਼ ਨੇ ਵੀ ਵਧਾਈ ਦਿੱਤੀ ।

# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ ਅੱਜ

ਬਰਨਾਲਾ, 17 ਮਈ (ਅਮਨਦੀਪ ਸਿੰਘ): ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਵਾਈ ਐਸ ਕਾਲਜ ਹੰਡਿਆਇਆ ਵਿਖੇ 18 ਮਈ ਦਿਨ ਐਤਵਾਰ ਨੂੰ ਸਵੇਰੇ 11 ਵਜੇ ਇੱਕ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਲਾਭ ਸਿੰਘ ਉਗੋਕੇ ਹਲਕਾ ਵਿਧਾਇਕ ਭਦੌੜ ਦੇ ਕਾਵਿ ਸੰਗ੍ਰਹਿ ਤੂੰ ਇੱਕ ਦੀਵਾ ਬਣ ਉਪਰ ਗੋਸ਼ਟੀ ਕਰਵਾਈ ਜਾਵੇਗੀ, ਜਿਸ ਉੱਪਰ ਡਾ ਰਾਮਪਾਲ ਸਿੰਘ ਸ਼ਾਹਪੁਰੀ ਪਰਚਾ ਪੜਨਗੇ। ਬੂਟਾ ਸਿੰਘ ਚੌਹਾਨ, ਤੇਜਾ ਸਿੰਘ ਤਿਲਕ, ਡਾ ਸੰਪੂਰਨ ਸਿੰਘ ਟੱਲੇਵਾਲੀਆ, ਡਾ ਭੁਪਿੰਦਰ ਸਿੰਘ ਬੇਦੀ, ਤਰਸੇਮ ਦਰਸ਼ਨ ਸਿੰਘ ਗੁਰੂ, ਇਕਬਾਲ ਕੌਰ ਉਦਾਸੀ ਅਤੇ ਬਘੇਲ ਸਿੰਘ ਧਾਲੀਵਾਲ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ ਹਾਜ਼ਰ ਕਵੀ ਆਪਣਾ ਕਲਾਮ ਪੇਸ਼ ਕਰਨਗੇ।

# ਰੇਲਵੇ ਪਲੇਟੀ ਦਾ ਜਲਦ ਹੀ ਹੱਲ ਕੀਤਾ ਜਾਵੇਗਾ : ਗਰਗ



ਸੁਨਾਮ ਊਧਮ ਸਿੰਘ ਵਾਲਾ 17 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਰੇਲਵੇ ਪਲੇਟੀ ਰੇਲਵੇ ਲਾਈਨ ਨਾਲੋਂ ਉੱਚੀ ਹੋਣ ਕਰਕੇ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਨੂੰ ਕਾਫ਼ੀ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਇਸ ਸਬੰਧੀ ਕੁਝ ਦਿਨ ਪਹਿਲਾਂ ਸਮੂਹ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਵੱਲੋਂ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਅਤੇ ਹਰਮਨਦੇਵ ਬਾਜਵਾ ਨੂੰ ਮੰਗ ਪੱਤਰ ਦੇ ਕੇ ਮੰਗ ਰੱਖੀ ਸੀ ਕਿ ਇਸਦਾ ਹੱਲ ਕਰਵਾਇਆ ਜਾਵੇ, ਜਿਸ ਦੇ ਬਾਅਦ ਮੈਡਮ ਦਾਮਨ ਬਾਜਵਾ ਅਤੇ ਹਰਮਨ ਬਾਜਵਾ ਵੱਲੋਂ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਜੀ ਨਾਲ ਤੁਰੰਤ ਹੀ ਇਸ ਮਸਲੇ ਤੇ ਗੱਲ ਕਰਕੇ ਇਹ ਮਸਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਮੰਤਰੀ ਵੱਲੋਂ ਦਿੱਤੀ ਹਦਾਇਤ ਮੁਤਾਬਿਕ ਰੇਲਵੇ ਵਿਭਾਗ ਦੇ ਡੀ.ਕੇ ਗਰਗ ਅਡੀਸ਼ਨਲ ਡਵੀਜ਼ਨ ਇੰਜੀਨੀਅਰ ਪਟਿਆਲਾ ਅੱਜ ਮਜ਼ਦੂਰਾਂ ਦੇ ਇਹ ਮਸਲੇ ਨੂੰ ਸਮਝਣ ਲਈ ਅਤੇ ਸੁਣਨ ਲਈ ਦਾਮਨ ਬਾਜਵਾ ਨਾਲ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਦੇ ਰੇਲਵੇ ਸਟੇਸ਼ਨ ਤੇ ਵਿਸ਼ੇਸ਼ ਤੌਰ ਤੇ ਪਹੁੰਚੇ।ਇਸ ਮੌਕੇ ਪਹੁੰਚੇ ਡੀ.ਕੇ ਗਰਗ ਵੱਲੋਂ ਰੇਲਵੇ ਪਲੇਟੀ ਦਾ ਜਾਇਜ਼ਾ ਲੈਣ ਅਤੇ ਪੱਲੇਦਾਰ ਮਜ਼ਦੂਰਾਂ ਦੀ ਗੱਲ ਸੁਣਨ ਦੇ ਬਾਅਦ ਵਿਸ਼ਵਾਸ ਦਿਵਾਇਆ ਗਿਆ ਕਿ ਇਸ ਮਸਲੇ ਦਾ ਹੱਲ ਕਰਨ ਵਾਸਤੇ ਟੈਕਨੀਕਲ ਟੀਮ ਨਾਲ ਅੱਜ ਤੋਂ ਹੀ ਤਾਲਮੇਲ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਬਹੁਤ ਜਲਦ ਇਸਦਾ ਇੱਕ ਢੁਕਵਾਂ ਹੱਲ ਕੱਢ ਕੇ ਰੇਲਵੇ ਵਿਭਾਗ ਇਸ ਮਸਲੇ ਨੂੰ ਸੁਲਝਾਏਗਾ ਤਾਂ ਜੋ ਸਾਡੇ ਪੱਲੇਦਾਰ ਮਜ਼ਦੂਰ ਭਰਾਵਾਂ ਨੂੰ ਦਿੱਕਤ ਆ ਰਹੀ ਹੈ ਉਸਦਾ ਜੜ ਤੋਂ ਹੀ ਹੱਲ ਕੀਤਾ ਜਾਵੇ। ਇਸਦੇ ਨਾਲ ਹੀ ਮੈਡਮ ਬਾਜਵਾ ਨੇ ਆਪਣੇ ਵੱਲੋਂ ਵੀ ਪੂਰਨ ਤੌਰ ਤੇ ਵਿਸ਼ਵਾਸ ਦਿਵਾਇਆ ਹੈ ਕਿ ਇਸਦਾ ਹੱਲ ਜਲਦੀ ਕੀਤਾ ਜਾਵੇਗਾ ਜੇਕਰ ਇਸਦੇ ਲਈ ਕੇਂਦਰ ਸਰਕਾਰ ਤੋਂ ਕੋਈ ਵਿਸ਼ੇਸ਼ ਫੰਡ ਵੀ ਲੈਣਾ ਪਿਆ ਤਾਂ ਉਸਦੇ ਲਈ ਵੀ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਗੱਲ ਕਰਕੇ ਉਹ ਕਰਵਾਕੇ ਦੇਣਗੇ। ਇਸ ਮੌਕੇ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਦੇ ਪ੍ਰਧਾਨ ਕੇਵਲ ਸਿੰਘ ਪ੍ਰਧਾਨ, ਸੈਕਟਰੀ ਨਰੈਣ ਸਿੰਘ, ਪ੍ਰੇਮ ਸਿੰਘ, ਸਾਬਕਾ ਪ੍ਰਧਾਨ ਜੋਰਾ ਸਿੰਘ, ਸੰਜੇ ਗੋਇਲ, ਰਾਜੀਵ ਮੱਖਣ ਭਾਜਪਾ ਮੰਡਲ ਪ੍ਰਧਾਨ, ਪ੍ਰਵੀਨ ਗੋਇਲ, ਚੰਦਰ ਮੋਹਨ, ਅਸ਼ੋਕ ਗੋਇਲ, ਬਿੱਟੂ, ਮਾਲਵਿੰਦਰ ਗੋਲਡੀ, ਤਰਸੇਮ ਕੁਲਾਰ ਸ਼ੰਕਰ ਬਾਂਸਲ, ਅੰਕਿਤ ਕਾਂਸਲ, ਅਸ਼ਵਨੀ ਗਰਗ ਆਦਿ ਸਨ।

# ਕੈਬਨਿਟ ਮੰਤਰੀ ਵੱਲੋਂ ਸਰਕਾਰੀ ਸਕੂਲਾਂ ਵਿੱਚ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ

ਖਨੌਰੀ 17 ਮਈ (ਓਮਪ੍ਰਕਾਸ਼ ਮੁਆਲ) : ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ, ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਿੱਖਿਆ ਖੇਤਰ ਨੂੰ ਬੁਲੰਦੀਆਂ 'ਤੇ ਲੈ ਕੇ ਜਾ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਵਿੱਢੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿੱਚ ਕੀਤੇ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕੀਤੇ ਜਾ ਰਹੇ ਹਨ ਤੇ ਨਾਲ ਹੀ ਕੀਤੇ ਜਾਣ ਵਾਲੇ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਦੇ ਵੱਖੋ-ਵੱਖ ਸਕੂਲਾਂ ਵਿੱਚ ਕਰੀਬ 02 ਕਰੋੜ 43 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ ਕਰਨ ਮੌਕੇ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਨੇ ਸਰਕਾਰੀ ਪ੍ਰਾਇਮਰੀ ਸਕੂਲ, ਖਨੌਰੀ ਕਲਾਂ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਨਵੇਂ ਕਮਰੇ, ਸ.ਸ.ਸ.ਸ. (ਲਕੜੇ) ਖਨੌਰੀ ਕਲਾਂ ਵਿਖੇ ਚਾਰ ਦੀਵਾਰੀ ਅਤੇ ਹਾਲ ਦਾ ਨਵੀਨੀਕਰਨ 13.36 ਲੱਖ ਦੀ ਲਾਗਤ ਨਾਲ, ਸਰਕਾਰੀ ਹਾਈ ਸਕੂਲ, ਬਨਾਰਸੀ ਵਿਖੇ 66.74 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਸਕੂਲ ਦੇ ਕਮਰੇ, ਲਾਇਬ੍ਰੇਰੀ, ਸਾਇੰਸ ਲੈਬ ਅਤੇ ਚਾਰ ਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਬਨਾਰਸੀ ਵਿਖੇ 18.27 ਲੱਖ ਰੁਪਏ ਦੀ ਲਾਗਤ 02 ਆਧੁਨਿਕ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ, ਅਨਦਾਨਾ ਵਿਖੇ 08.67 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਸਕੂਲ ਦੇ ਆਧੁਨਿਕ ਕਮਰੇ, ਸ.ਸ.ਸ.ਸ. ਅਨਦਾਨਾ (ਲਕੜੇ) ਵਿਖੇ 26.57 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੇ ਨਵੀਨੀਕਰਨ ਅਤੇ ਸ.ਸ.ਸ.ਸ. ਅਨਦਾਨਾ (ਲੜਕੀਆਂ) ਵਿਖੇ 34.74 ਲੱਖ ਰੁਪਏ ਦੀ ਲਾਗਤ ਨਾਲ ਸਾਇੰਸ ਲੈਬ, ਮੈਡੀਕਲ ਰੂਮ, ਸੁਰੱਖਿਆ ਗਾਰਡ ਰੂਮ ਤੇ ਚਾਰ ਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ, ਮੰਡਵੀ ਵਿਖੇ 25.02 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ 02 ਕਮਰੇ ਅਤੇ ਚਾਰਦੀਵਾਰੀ ਅਤੇ 12.64 ਲੱਖ ਰੁਪਏ ਦੀ ਲਾਗਤ ਸ.ਸ.ਸ.ਸ. ਮੰਡਵੀ ਵਿਖੇ 01 ਕਲਾਸ ਰੂਮ, ਸ.ਸ.ਸ.ਸ ਬੰਗਾਂ ਵਿਖੇ 05.60 ਲੱਖ ਰੁਪਏ ਦੀ ਲਾਗਤ ਨਾਲ ਬਣੇ ਸਪੋਰਟਸ ਟਰੈਕ, ਚਾਰ ਦੀਵਾਰੀ ਦੇ ਨਵੀਨੀਕਰਨ, ਸਰਕਾਰੀ ਪ੍ਰਾਇਮਰੀ ਸਕੂਲ ਬਾਦਲਗੜ੍ਹ ਵਿਖੇ 07.51 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਆਧੁਨਿਕ ਕਲਾਸਰੂਮ ਅਤੇ ਸਰਕਾਰੀ ਮਿਡਲ ਸਕੂਲ, ਬਾਦਲਗੜ੍ਹ ਦਾ ਵਿਖੇ 08.94 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੇ ਨਵੀਨੀਕਰਨ ਪ੍ਰੋਜੈਕਟ ਨੂੰ ਲੋਕ ਅਰਪਣ ਕੀਤਾ ਗਿਆ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਗਾਤਰ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ, ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ।ਸ਼੍ਰੀ ਗੋਇਲ ਨੇ ਸਕੂਲਾਂ ਦੇ ਅਧਿਆਪਕਾਂ ਨੂੰ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਵਿਦਿਆਰਥੀਆਂ ਨੂੰ ਦਿੱਤਾ ਜਾਵੇ ।ਇਸ ਮੌਕੇ ਪੀ ਏ ਰਾਕੇਸ਼ ਕੁਮਾਰ ਗੁਪਤਾ, ਬਲਾਕ ਪ$ਧਾਨ ਬੀਰਭਾਨ ਕਾਂਸਲ,ਤਰਸੇਮ ਸਿੰਗਲਾ, ਸੁਰਿੰਦਰ ਕਰਦਾ, ਵਿਸਾਲ ,ਕਾਸਲ, ਅਨੀਲ ਠੇਕੇਦਾਰ, ਐਮ ਸੀ ਮਹਾਵੀਰ, ਐਮ ਸੀ ਜਾਤੀ ਨੰਬਰਦਾਰ, ਬਲਜੀਤ ਸਿੰਘ ਅੰਨਦਾਣਾ, ਸੂਬਾ ਸਿੰਘ, ਕਿਤਾਬਾ ਚੋਧਰੀ, ਬਲਜੀਤ ਸਿੰਘ ਮੰਡਵੀ, ਭਗਵੰਤ ਸਿੰਘ ਮੰਡਵੀ, ਜੋਗੀ ਰਾਮ ਭੁੱਲਣ, ਬੂਟਾ ਸਿੰਘ ਸਰਪੰਚ ਬਾਦਲਗੜ, ਬਾਦਲ ਸਿੰਘ, ਸੁਭਾਸ਼ ਬੰਗਾ, ਬਲਜੀਤ ਸਿੰਘ ਬੰਦਾ, ਬਲਦੇਵ ਬੰਗਾ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਤੇ ਵੱਡੀ ਗਿਣਤੀ ਵਿਦਿਆਰਥੀ ਅਤੇ ਪਿੰਡ ਵਾਸੀ ਹਾਜ਼ਰ ਸਨ।

# ਭੁਟਾਲ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ




ਮੂਨਕ ,17 ਮਈ (ਸਮਸ਼ੇਰ ਸਿੰਘ) : ਪ੍ਰਿੰਸੀਪਲ ਸਰਦਾਰ ਗੁਰਜੰਟ ਸਿੰਘ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭੁਟਾਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭੁਟਾਲ ਕਲਾਂ ਦਾ ਸੈਸ਼ਨ 2024-25 ਜਮਾਤ ਦੱਸਵੀਂ ਦਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਵੀਰਪਾਲ ਕੌਰ ਸਪੁੱਤਰੀ ਸਿਓਪਾਲ ਸਿੰਘ ਨੇ 625/650( 96.15%) ਪਹਿਲਾਂ, ਰੁਪਿੰਦਰ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਨੇ 613/650(94.31%) ਦੂਜਾ ਸਥਾਨ ਅਤੇ ਹਰਮਨਪ੍ਰੀਤ ਕੌਰ ਸਪੁੱਤਰੀ ਲਖਮੀਰ ਸਿੰਘ ਨੇ 586/650(90.15) ਤੀਸਰਾ ਸਥਾਨ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਂ ਰੋਸ਼ਨ ਕੀਤਾ। ਅਤੇ ਵਿਦਿਆਰਥੀਆਂ ਨੂੰ ਸਵੇਰੇ ਸਭਾ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਵਾਇਸ ਪ੍ਰਿੰਸੀਪਲ ਸਰਦਾਰ ਕੁਲਦੀਪ ਸਿੰਘ ਜੀ, ਜਗਸੀਰ ਸਿੰਘ ਜੀ ਅਤੇ ਰੂਲਦੂ ਸਿੰਘ ਜੀ ਅਧਿਆਪਕ ਉਚੇਚੇ ਤੌਰ ਤੇ ਸ਼ਾਮਲ ਸਨ।

# ਡਿਊਟੀ 'ਤੇ ਜਾ ਰਹੀ ਪੁਲਿਸ ਮੁਲਾਜ਼ਮ ਦੀ ਸੜਕ ਹਾਦਸੇ 'ਚ ਮੌਤ



ਰਾਮਪੁਰਾ ਫੂਲ, 17 ਮਈ (ਮਨਪ੍ਰੀਤ ਮਿੱਟੂ) : ਪਿੰਡ ਮੰਡੀ ਕਲਾਂ ਤੋਂ ਰ ਾਮਪੁਰਾ ਸ਼ਹਿਰੀ ਥਣੇ 'ਚ ਆਪਣੀ ਡਿਊਟੀ 'ਤੇ ਆ ਰਹੀ ਇੱਕ ਮਹਿਲਾ ਪੁਲਸ ਮੁਲਾਜ਼ਮ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਸ਼ੱਕ ਕੀਤਾ ਜਾਂਦਾ ਹੈ ਕਿ ਕੋਈ ਅਣਪਛਾਤਾ ਵਾਹਨ ਪੁਲਸ ਮੁਲਾਜ਼ਮ ਨੂੰ ਫੇਟ ਮਾਰ ਗਿਆ ,ਜਿਸ ਕਾਰਨ ਮੌੜ ਰੋਡ 'ਤੇ ਸ਼ਹਿਰ ਨੇੜੇ ਹੀ ਇਹ ਦਰਦਨਾਕ ਹਾਦਸਾ ਵਾਪਰ ਗਿਆ। ਰਮਨਦੀਪ ਕੌਰ ਸਥਾਨਕ ਸ਼ਹਿਰੀ ਥਾਣੇ ਅੰਦਰ ਸੀਨੀਅਰ ਸਿਪਾਹੀ ਵਜੋਂ ਤਾਇਨਾਤ ਹੈ। ਪਤਾ ਲੱਗਿਆ ਹੈ ਕਿ ਇਹ ਹਾਦਸਾ ਸੁਵਖਤੇ ਹੀ ਉਸ ਸਮੇਂ ਵਾਪਰਿਆ, ਜਦੋਂ ਉਹ ਆਪਣੇ ਪਿੰਡ ਤੋਂ ਸਥਾਨਕ ਸ਼ਹਿਰੀ ਥਾਣੇ ਵਿਖੇ ਆਪਣੀ ਸਰਕਾਰੀ ਡਿਊਟੀ 'ਤੇ ਆ ਰਹੀ ਸੀ ਤਾਂ ਇੱਕ ਪਿਕ ਅੱਪ ਨਾਲ ਟਕਰਾ ਜਾਣ ਕਾਰਨ ਮੌਕੇ 'ਤੇ ਹੀ ਦਮ ਤੋੜ ਗਈ। ਪਿਕ ਅੱਪ ਚਾਲਕ ਫਰਾਰ ਦੱਸਿਆ ਜਾ ਰਿਹਾ ਹੈ।ਥਾਣਾ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ ਮਿਰਤਕਾ ਦੇ ਪਤੀ ਗੁਰਦਿੱਤਾ ਸਿੰਘ ਦੇ ਬਿਆਨਾਂ ਅਨੁਸਾਰ ਦੋਸ਼ੀ ਖਿਲਾਫ ਵੱਖ ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕਰ ਲਿਆ ਗਿਆ ਹੈ । ਪੋਸਟਮਾਰਟਮ ਕਰਵਾਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਮੌਕੇ ਤੇ ਥਾਣਾ ਮੁਖੀ ਬੂਟਾ ਸਿੰਘ,ਸਦਰ ਥਾਨੇ ਤੋਂ ਐਸ.ਐਚ.ਓ.ਹਰਬੰਸ ਸਿੰਘ ਸਮੇਤ ਪੁਲਸ ਪਾਰਟੀ ਮੌਕੇ ਤੇ ਮੌਜੂਦ ਰਹੀ।ਸਹਾਰਾ ਕਲੱਬ ਦੇ ਸੰਦੀਪ ਵਰਮਾ ਦੀ ਅਗਵਾਈ ਚ ਸਹਾਰਾ ਟੀਮ ਨੇ ਵੀ ਵਰਣਨਯੋਗ ਰੋਲ ਨਿਭਾਇਆ।

# ਮਾਊਂਟ ਲਿਟਰਾ ਜੀ ਸਕੂਲ ਦੀ ਵਿਦਿਆਰਥਣ ਨਵਨੀਤ ਕੌਰ ਨੇ ਪ੍ਰਾਪਤ ਕੀਤੇ 98.8 ਫ਼ੀਸਦੀ ਅੰਕ



ਰਾਮਪੁਰਾ ਫੂਲ,17 ਮਈ (ਮਨਪ੍ਰੀਤ ਮਿੱਟੂ): ਸੀ.ਬੀ.ਐੱਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਮਾਊਂਟ ਲਿਟਰਾ ਜੀ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤ। ਸਕੂਲ ਦੇ ਕੁੱਲ 60 ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਦਿੱਤੀ ਜਿਸ ਵਿਚੋਂ 23 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ । ਇਹਨਾਂ ਵਿਦਿਆਰਥੀਆਂ ਵਿੱਚ ਨਵਨੀਤ ਕੌਰ ਨੇ 98.8%, ਹਰਸ਼ਿਤ ਗਰਗ ਨੇ 98.4%, ਜਸਕੀਰਤ ਕੌਰ ਨੇ 97.8%, ਰਜਨੀਸ਼ ਤੇ ਯਾਦਿਕਾ ਨੇ 96.8%, ਬਾਰਗਵ ਮੰਗਲਾ ਨੇ 96.6%, ਮਿਕ ਰੋਇਲ ਨੇ 96.2%, ਕ੍ਰਿਸ਼ਾ ਤੇ ਏਕਮਜੀਤ ਕੌਰ ਨੇ 95.8%, ਨੇਹਲ ਤੇ ਪਿਊਸ਼ਵੀ ਨੇ 95%, ਹੁਸਨਪ੍ਰੀਤ ਨੇ 94.4%, ਸਿਮਰਤ ਕੌਰ ਨੇ 94%, ਜਤਿਨ ਸਿੰਗਲਾ ਨੇ 93.6%, ਵਨਕੁਸ਼, ਯੁਵਰਾਜ ਤੇ ਜਪਨੀਤ ਕੌਰ ਨੇ 92.8%, ਸਾਹਿਲਪ੍ਰੀਤ ਨੇ 92.6%, ਹਰਗੁਣ ਨੇ 92%, ਕੰਵਰਨੂਰ ਸਿੰਘ ਨੇ 91.8%, ਵਨਿਸ਼ਤਾ ਮੁੱਤਲ ਤੇ ਬਲਰਾਜ ਸਿੰਘ ਨੇ 91% ਅਤੇ ਹਰਜਸ਼ਨ ਕੌਰ ਨੇ 90.4% ਅੰਕ ਪ੍ਰਾਪਤ ਕਰਕੇ ਆਪਣੇ ਨਾਲ-ਨਾਲ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਇਲਾਕੇ ਵਿੱਚ ਰੌਸ਼ਨ ਕੀਤਾ। ਇਸ ਮੌਕੇ ਤੇ ਬੋਲਦਿਆਂ ਸਕੂਲ ਦੇ ਪ੍ਰਧਾਨ ਸ਼੍ਰੀ ਗਗਨ ਬਾਂਸਲ,ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ, ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸਕੂਲ ਸਟਾਫ਼ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਾਰੇ ਵਿਦਿਆਰਥੀ ਸਚਮੁੱਚ ਵਧਾਈ ਦੇ ਹੱਕਦਾਰ ਹਨ।

# ` ਦਸਵੀਂ ਜਮਾਤ ਦੇ ਨਤੀਜਿਆਂ 'ਚ ਸਰਕਾਰੀ ਹਾਈ ਸਕੂਲ ਝਲੂਰ ਦੇ ਕੁਲਬੀਰ ਸਿੰਘ ਨੇ ਮਾਰੀ ਬਾਜੀ

## ਮੱਧ ਵਰਗੀ ਪਰਿਵਾਰ 'ਚ ਪੈਦਾ ਹੋਏ ਕੁਲਬੀਰ ਨੇ ਬਿਨਾਂ ਟਿਊਸ਼ਨ ਕੀਤੀ ਦਿਨ-ਰਾਤ ਮਿਹਨਤ



ਲਹਿਰਾਗਾਗਾ, 17 ਮਈ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ): : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸਬ ਡਵੀਜ਼ਨ ਲਹਿਰਾ ਦੇ ਪਿੰਡ ਝਲੂਰ ਦੇ ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀ ਕੁਲਬੀਰ ਸਿੰਘ ਸਪੁੱਤਰ ਗੁਰਤੇਜ ਸਿੰਘ ਨੇ 650 ਵਿੱਚੋਂ 638 ਭਾਵ 98.15% ਅੰਕ ਪ੍ਰਾਪਤ ਕਰਕੇ ਸੂਬੇ ਵਿੱਚੋਂ 12ਵਾਂ ਤੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ ਹੈ। ਸਰਕਾਰੀ ਹਾਈ ਸਕੂਲ ਝਲੂਰ ਦੇ ਸਟਾਫ , ਗ੍ਰਾਮ ਪੰਚਾਇਤ ਤੇ ਵੱਖ-ਵੱਖ ਸੰਸਥਾਵਾਂ ਵੱਲੋਂ ਕੁਲਬੀਰ ਸਿੰਘ ਦੇ ਘਰ ਪਹੁੰਚ ਕੇ ਉਸਨੂੰ ਸਨਮਾਨਿਤ ਕਰਦਿਆਂ ਮੂੰਹ ਮਿੱਠਾ ਕਰਵਾਇਆ ਗਿਆ ਤੇ ਵਧਾਈਆਂ ਦਿੱਤੀਆਂ ਗਈਆਂ । ਇਸ ਮੌਕੇ ਗੱਲਬਾਤ ਕਰਦਿਆਂ ਸਕੂਲ ਦੇ ਮੁੱਖ ਅਧਿਆਪਕ ਸੁਖਦੇਵ ਸਿੰਘ ਭੂਟਾਲ ਨੇ ਕਿਹਾ ਕਿ ਇਹ ਸਭ ਜਿਲਾ ਸਿੱਖਿਆ ਅਫਸਰ ਮੈਡਮ ਤਰਵਿੰਦਰ ਕੌਰ ਤੇ ਉਨਾਂ ਦੀ ਅਗਵਾਈ ਵਿੱਚ ਸਕੂਲ ਦੇ ਸਮੁੱਚੇ ਸਟਾਫ ਵੱਲੋਂ ਸਮਰਪਿਤ ਭਾਵਨਾ ਨਾਲ ਬੱਚਿਆਂ ਨੂੰ ਪੜਾਉਣ ਤੇ ਕੁਲਬੀਰ ਸਿੰਘ ਵੱਲੋਂ ਦਿਲ ਲਾ ਕੇ ਕੀਤੀ ਪੜ੍ਹਾਈ ਸਦਕਾ ਹੀ ਸੰਭਵ ਹੋਇਆ ਹੈ । ਉਨਾ ਸਕੂਲ ਵਿੱਚ ਪੜ੍ਹਦੇ ਬੱਚਿਆਂ ਨੂੰ ਕੁਲਬੀਰ ਸਿੰਘ ਤੋਂ ਸੇਧ ਲੈਕੇ ਦਿਲ ਲਾ ਕੇ ਪੜ੍ਹਾਈ ਕਰਨ ਦਾ ਸੁਨੇਹਾ ਦਿੱਤਾ ਕਿਉਂਕਿ ਜ਼ਿੰਦਗੀ ਵਿੱਚ ਉੱਚ ਮੁਕਾਮ ਹਾਸਿਲ ਕਰਨ ਲਈ ਦਿਲ ਲਾ ਕੇ ਕੀਤੀ ਮਿਹਨਤ ਹੀ ਇੱਕੋ ਇੱਕ ਸਹੀ ਰਸਤਾ ਹੈ । ਉਨਾਂ ਦੱਸਿਆ ਕਿ ਕੁਲਬੀਰ ਸਿੰਘ ਦੇ ਪਿਤਾ ਸ ਗੁਰਤੇਜ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਹਨ ਤੇ ਪਰਿਵਾਰ ਵਿੱਚ ਪਹਿਲਾਂ ਕੋਈ ਪੜਿਆ ਲਿਖਿਆ ਵੀ ਨਹੀਂ ਹੈ ਪਰ ਫਿਰ ਵੀ ਕੁਲਬੀਰ ਸਿੰਘ ਨੇ 650 ਵਿੱਚੋਂ 638 ਅੰਕ ਪ੍ਰਾਪਤ ਕਰਕੇ ਸੂਬੇ ਵਿੱਚੋਂ ਬਾਰਵਾਂ ਤੇ ਜਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ ਹੈ ਜਿਸ ਨਾਲ ਸਰਕਾਰੀ ਹਾਈ ਸਕੂਲ ਝਲੂਰ , ਵਿਦਿਆਰਥੀ ਕੁਲਬੀਰ ਸਿੰਘ ਅਤੇ ਉਸਦੇ ਮਾਪਿਆਂ ਦਾ ਨਾਮ ਰੋਸ਼ਨ ਹੋਇਆ ਹੈ । ਉਨਾਂ ਕਿਹਾ ਕਿ ਕੁਲਬੀਰ ਸਿੰਘ ਨੇ ਪੀਐਸਟੀਐਸਈ ਦਾ ਇਮਤਿਹਾਨ ਵੀ ਚੰਗੇ ਅੰਕ ਲੈ ਕੇ ਪਾਸ ਕੀਤਾ ਹੈ ਜਿਸ ਨਾਲ ਉਸ ਨੂੰ ਉੱਚ ਵਿੱਦਿਆ ਪ੍ਰਾਪਤ ਕਰਨ ਤੱਕ ਪ੍ਰਤੀ ਮਹੀਨਾ 1200 ਵਜ਼ੀਫਾ ਸਰਕਾਰ ਵੱਲੋਂ ਮਿਲਦਾ ਰਹੇਗਾ । ਇਸ ਮੌਕੇ ਗੱਲਬਾਤ ਕਰਦਿਆਂ ਕੁਲਬੀਰ ਸਿੰਘ ਦੀ ਮਾਤਾ ਮਨਦੀਪ ਕੌਰ ਨੇ ਕਿਹਾ ਕਿ ਉਨਾਂ ਨੂੰ ਅੱਜ ਬਹੁਤ ਹੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿਉਕਿ ਸਾਡੇ ਪਰਿਵਾਰ ਵਿੱਚ ਪਹਿਲਾਂ ਕੋਈ ਵੀ ਪੜ੍ਹਿਆ ਲਿਖਿਆ ਨਹੀਂ ਸੀ ਤੇ ਸਾਡੇ ਬੇਟੇ ਨੇ ਬਿਨਾਂ ਕਿਸੇ ਟਿਊਸ਼ਨ ਤੋਂ ਦਿਨ ਰਾਤ ਮਿਹਨਤ ਕਰਕੇ ਅੱਜ ਪੂਰੇ ਪੰਜਾਬ 'ਚੋਂ ਪੁਜ਼ੀਸ਼ਨ ਹਾਸਿਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਇੱਛਾ ਹੈ ਕਿ ਸਾਡਾ ਬੇਟਾ ਇਸੇ ਤਰ੍ਹਾਂ ਪੜ੍ਹ ਲਿਖ ਕੇ ਇੱਕ ਚੰਗਾ ਅਫਸਰ ਬਣੇ । ਇਸ ਮੌਕੇ ਵਿਦਿਆਰਥੀ ਕੁਲਬੀਰ ਸਿੰਘ ਨੇ ਕਿਹਾ ਕਿ ਸਕੂਲ ਦੇ ਸਮੁੱਚੇ ਸਟਾਫ ਵੱਲੋਂ ਕੀਤੇ ਮਾਰਗ ਦਰਸ਼ਨ , ਪਰਿਵਾਰ ਵੱਲੋਂ ਮਿਲੇ ਪੂਰਨ ਸਹਿਯੋਗ ਤੇ ਉਸ ਵੱਲੋਂ ਕਈ ਕਈ ਘੰਟੇ ਲਗਾਤਾਰ ਪੜ ਕੇ ਕੀਤੀ ਮਿਹਨਤ ਸਦਕਾ ਅੱਜ ਉਸਨੇ ਇਹ ਮੁਕਾਮ ਹਾਸਿਲ ਕੀਤਾ ਹੈ ਜਿਸ 'ਤੇ ਉਸ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਕੁਲਬੀਰ ਸਿੰਘ ਨੇ ਕਿਹਾ ਕਿ ਉਹ ਉੱਚ ਵਿਦਿਆ ਹਾਸਲ ਕਰਕੇ ਇੰਜੀਨੀਅਰ ਬਣਨਾ ਚਾਹੁੰਦਾ ਹੈ । ਇਸ ਮੌਕੇ ਅਧਿਆਪਕ ਗੋਪਾਲ ਦਾਸ ,ਗੁਰਬਾਜ ਸਿੰਘ, ਗੁਰਤੇਜ ਸਿੰਘ , ਲਵਪ੍ਰੀਤ ਸਿੰਘ ਤੋ ਇਲਾਵਾ ਪਿੰਡ ਦੇ ਸਰਪੰਚ ਗੁਰਵਿੰਦਰ ਸਿੰਘ ਸੂਚ , ਸਾਬਕਾ ਸਰਪੰਚ ਨੈਬ ਸਿੰਘ , ਲੋਕਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭੀਮ ਸਿੰਘ ਖਾਲਸਾ , ਲਖਵਿੰਦਰ ਸਿੰਘ ਖਾਲਸਾ , ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਆਗੂ ਰਾਮਫਲ ਸਿੰਘ , ਕਲੱਬ ਆਗੂ ਡਾਕਟਰ ਰਿੰਕੂ , ਜਗਤਾਰ ਸਿੰਘ ਮੈਂਬਰ ਪੰਚਾਇਤ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਡਾ. ਬਲਜੀਤ ਕੌਰ ਨੇ ਕਰੀਬ 51.51 ਲੱਖ ਦੀ ਲਾਗਤ ਨਾਲ ਸਰਕਾਰੀ ਸਕੂਲਾਂ ਵਿੱਚ ਕਰਵਾਏ ਵਿਕਾਸ ਕਾਰਜ ਕੀਤੇ ਲੋਕ ਅਰਪਿਤ

ਮਲੋਟ/ਸ੍ਰੀ ਮੁਕਤਸਰ ਸਾਹਿਬ, 17 ਮਈ (ਐਚ ਐਸ ਕਪੂਰ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਇਤਿਹਾਸਕ ਫੈਸਲੇ ਕੀਤੇ ਗਏ ਹਨ ਅਤੇ ਇਨ੍ਹਾਂ ਫੈਸਲਿਆਂ ਦੀ ਬਦੌਲਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਤਰਜ਼ 'ਤੇ ਅਤਿ ਆਧੁਨਿਕ ਸਹੂਲਤਾਂ ਨਾਲ ਪੜ੍ਹਾਇਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ 51.51 ਲੱਖ ਰੁਪਏ ਦੀ ਲਾਗਤ ਨਾਲ ਹਲਕਾ ਮਲੋਟ ਦੇ ਸਰਕਾਰੀ ਸਕੂਲਾਂ ਵਿੱਚ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਕਾਰਨ ਸੂਬੇ ਦੇ ਸਰਕਾਰੀ ਸਕੂਲ ਮਾੜੀ ਹਾਲਤ ਵਿੱਚ ਪਹੁੰਚ ਗਏ ਸਨ ਅਤੇ ਲੋਕ ਵੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ ਲੱਗ ਪਏ ਸਨ। ਪ੍ਰੰਤੂ ਜਦੋਂ ਤੋਂ ਮੌਜੂਦਾ ਪੰਜਾਬ ਸਰਕਾਰ ਨੇ ਕਾਰਜਭਾਗ ਸੰਭਾਲਿਆ ਹੈ, ਉਦੋਂ ਤੋਂ ਹੀ ਸਿੱਖਿਆ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਜਿਸ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਿੱਚ ਵੱਡਾ ਵਾਧਾ ਹੋਇਆ ਹੈ ਅਤੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਾ ਕੇ ਸਰਕਾਰੀ ਸਕੂਲਾਂ ਵਿੱਚ



ਦਾਖਲ ਕਰਵਾ ਰਹੇ ਹਨ।

ਕੈਬਨਿਟ ਮੰਤਰੀ ਨੇ ਸਰਕਾਰੀ ਹਾਈ ਸਕੂਲ, ਮੰਡੀ ਹਰਜੀ ਰਾਮ ਵਿਖੇ ਤਿੰਨ ਕਮਰਿਆਂ ਲਈ 24,50,000 ਰੁਪਏ ਅਤੇ 4,50,000 ਰਿਪੇਅਰ, ਸਰਕਾਰੀ ਪ੍ਰਾਇਮਰੀ ਸਕੂਲ ਵੈਸਟ-1, ਮਲੋਟ ਵਿਖੇ 7,51,000 ਰੁਪਏ ਕਮਰੇ ਲਈ ਅਤੇ ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੀਆਂ) ਮਲੋਟ ਵਿਖੇ ਦੋ ਕਮਰਿਆਂ ਲਈ 15 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਅੱਜ ਤਿੰਨ ਸਾਲ ਬਾਅਦ ਕੋਈ ਅਜਿਹਾ ਸਕੂਲ ਨਹੀਂ ਹੈ, ਜਿੱਥੇ ਚਾਰ ਦੀਵਾਰੀ ਨਹੀਂ ਹੈ। 20 ਹਜ਼ਾਰ ਨਵੇਂ ਅਧਿਆਪਕ ਭਰਤੀ ਹੋਏ ਹਨ ਤੇ 12,700 ਕੱਚੇ ਅਧਿਆਪਕ ਪੱਕੇ ਕੀਤੇ ਗਏ ਹਨ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਉੱਚ ਦਰਜੇ ਦੀ ਸਿਖਲਾਈ ਹਾਸਲ ਕਰਨ ਲਈ ਦੇਸ਼ ਦੀਆਂ ਵੱਡੀਆਂ ਸੰਸਥਾਵਾਂ ਅਤੇ ਵਿਦੇਸ਼ਾਂ ਵਿੱਚ ਭੇਜਿਆ ਗਿਆ ਹੈ। ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਸਕੂਲ ਆਫ ਐਮੀਨੈਂਸ ਬਣਾਏ ਗਏ ਹੈ। ਸਰਕਾਰੀ ਸਕੂਲਾਂ ਲਈ ਬੱਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ ਤੇ 10 ਹਜ਼ਾਰ ਵਿਦਿਆਰਥੀ ਬੱਸ ਸੇਵਾ ਦਾ ਲਾਭ ਲੈ ਰਹੇ ਹਨ। ਇਹ ਸੇਵਾ ਆਉਣ ਵਾਲੇ ਦਿਨਾਂ ਵਿੱਚ ਹੋਰ ਸਕੂਲਾਂ ਵਿੱਚ ਵੀ ਲਾਗੂ ਕੀਤੀ ਜਾਵੇਗੀ। ਕੈਂਪਸ ਮੈਨੇਜਰ, ਸੁਰੱਖਿਆ ਗਾਰਡ ਤੇ ਚੌਕੀਦਾਰ ਸਕੂਲਾਂ ਵਿੱਚ ਨਿਯੁਕਤ ਕੀਤੇ ਗਏ ਹਨ।ਇਸ ਮੌਕੇ ਹਲਕਾ ਵਿਧਾਇਕ ਵੱਲੋਂ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਕੂਲਾਂ ਦੇ ਸਟਾਫ ਵੱਲੋਂ ਹਲਕਾ ਵਿਧਾਇਕ ਦਾ ਸਨਮਾਨ ਵੀ ਕੀਤਾ ਗਿਆ। ਇਸ ਵੱਡੀ ਗਿਣਤੀ ਵਿਦਿਆਰਥੀ, ਅਧਿਆਪਕ ਤੇ ਮਾਪੇ ਤੋਂ ਇਲਾਵਾ ਪਾਰਟੀ ਵਰਕਰ ਹਾਜ਼ਰ ਸਨ।

# ਲੂਅ ਤੋਂ ਬਚਣ ਲਈ ਵੱਧ ਤੋਂ ਵੱਧ ਪੀਓ ਤਰਲ ਪਦਾਰਥ : ਡੀ. ਸੀ.

ਬਠਿੰਡਾ, 17 ਮਈ (ਜਗਸੀਰ ਭੁੱਲਰ): ਵੱਧ ਰਹੀ ਗਰਮੀ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਲੂਅ ਤੋਂ ਬਚਣ ਲਈ ਅਡਵਾਈਜ਼ਰੀ ਜਾਰੀ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਅੱਖਾਂ ਦੇ ਸਾਹਮਣੇ ਹਨੇਰਾ, ਚੱਕਰ ਖਾ ਕੇ ਡਿੱਗ ਪੈਣਾ, ਬੇਚੈਨੀ ਅਤੇ ਘਬਰਾਹਟ, ਹਲਕਾ ਜਾਂ ਤੇਜ਼ ਬੁਖਾਰ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਸਿਰ ਵਿਚ ਤੇਜ਼ ਦਰਦ ਅਤੇ ਉਲਟੀਆਂ ਆਉਣਾ, ਕਮਜ਼ੋਰੀ ਮਹਿਸੂਸ ਹੋਣਾ, ਗਰਮੀ ਦੇ ਬਾਵਜੂਦ ਪਸੀਨਾ ਘੱਟ ਆਉਣਾ, ਮਾਸ਼ ਪੇਸ਼ੀਆਂ ਵਿੱਚ ਦਰਦ ਆਦਿ ਲੂਅ ਲੱਗਣ ਦੇ ਲੱਛਣ ਹਨ, ਜੇਕਰ ਅਜਿਹੇ ਲੱਛਣ ਨਜਰ ਆਉਣ ਤਾਂ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਵਿਅਕਤੀ ਦੇ ਕੱਪੜੇ ਢਿੱਲੇ ਕਰੋ, ਪੀਣ ਲਈ ਕੁਝ ਤਰਲ ਪਦਾਰਥ ਦਿਓ, ਠੰਢੇ ਪਾਣੀ ਦੀਆਂ ਪੱਟੀਆਂ ਕਰੋ, ਠੰਡੇ ਪਾਣੀ ਨਾਲ ਭਰੇ ਬਾਥਟੱਬ ਵਿੱਚ ਮਰੀਜ਼ ਨੂੰ ਲਿਟਾਓ। ਓ.ਆਰ.ਐਸ. ਦਾ ਘੋਲ ਬਣਾ ਕੇ ਪਿਲਾਓ। ਉਹਨਾਂ ਦੱਸਿਆ ਕਿ ਜੇਕਰ ਬੁਖਾਰ 104-105 ਡਿਗਰੀ ਫਾਰਨਹਾਈਟ ਤੋਂ ਜ਼ਿਆਦਾ, ਸਰੀਰ ਦੇ ਗਰਮ ਹੋਣ ਉੱਤੇ ਪਸੀਨਾ ਆਉਣਾ ਬੰਦ ਹੋ ਜਾਵੇ ਅਤੇ ਚਮੜੀ ਰੁੱਖੀ ਰੁੱਖੀ ਹੋ ਜਾਵੇ, ਮਰੀਜ਼ ਬੇਹੋਸ਼ ਹੋ ਜਾਵੇ, ਜ਼ਿਆਦਾ ਘਬਰਾਹਟ ਹੋਵੇ ਤਾਂ ਤੁਰੰਤ ਸਿਹਤ ਸੰਸਥਾ ਵਿਖੇ ਮਾਹਿਰ ਡਾਕਟਰ ਨੂੰ ਦਿਖਾਓ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਮੋਟਾਪੇ ਤੋਂ ਪੀੜਤ ਲੋਕ, ਦਿਲ ਦੇ ਮਰੀਜ਼, ਸਰੀਰਕ ਰੂਪ ਨਾਲ ਕਮਜ਼ੋਰ ਲੋਕ ਤੇ ਕੁਝ ਵਿਸ਼ੇਸ਼ ਦਵਾਈਆਂ ਜਿਨ੍ਹਾਂ ਦਾ ਸਰੀਰ ਦੇ ਰਸਾਇਣਾਂ ਜਾਂ ਖੂਨ ਦੀਆਂ ਨਾਲੀਆਂ 'ਤੇ ਅਸਰ ਪੈਂਦਾ ਹੈ, ਨੂੰ ਖਾਣ ਵਾਲੇ ਲੋਕਾਂ ਨੂੰ ਗਰਮੀ ਲੱਗਣ ਦੇ ਸਭ ਤੋਂ ਜ਼ਿਆਦਾ ਖਤਰਾ ਹੁੰਦਾ ਹੈ। ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਗਰਮੀ ਲੱਗਣ ਦਾ ਖਤਰਾ ਜ਼ਿਆਦਾ ਹੁੰਦਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੂਅ ਦੇ ਪ੍ਰਕੋਪ ਤੋਂ ਬਚਣ ਲਈ ਜਦੋਂ ਵੀ ਘਰ ਤੋਂ ਬਾਹਰ ਨਿਕਲਣਾ ਹੋਏ ਤਾਂ ਸੂਤੀ ਹਲਕੇ ਅਤੇ ਆਰਾਮਦਾਇਕ ਕੱਪੜੇ ਪਾਓ ਅਤੇ ਸਿਰ ਨੂੰ ਢੱਕ ਕੇ ਰੱਖੋ, ਤਰਲ ਪਦਾਰਥਾਂ ਜਿਵੇਂ ਪਾਣੀ, ਲੱਸੀ, ਓ.ਆਰ.ਐਸ. ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕਰੋ। ਉਹਨਾਂ ਕਿਹਾ ਕਿ ਗਰਮੀ ਵਿੱਚ ਜਾਣ ਸਮੇਂ ਖਾਲੀ ਪੇਟ ਘਰੋਂ ਬਾਹਰ ਨਾ ਨਿਕਲੋ, ਜ਼ਿਆਦਾ ਮਿਰਚ ਅਤੇ ਮਸਾਲੇਦਾਰ ਭੋਜਨ ਤੋਂ ਪ੍ਰਹੇਜ਼ ਕਰੋ, ਕੂਲਰ ਜਾਂ ਏ.ਸੀ. ਵਾਲੇ ਕਮਰੇ ਵਿੱਚੋਂ ਇੱਕ ਦਮ ਧੁੱਪ ਵਿੱਚ ਨਾ ਨਿਕਲੋ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੂਅ ਤੋਂ ਬਚਣ ਲਈ ਸਾਵਧਾਨੀਆਂ ਅਮਲ ਵਿੱਚ ਲਿਆਓ ਅਤੇ ਜ਼ਿਆਦਾ ਸਮਾਂ ਘਰ ਵਿੱਚ ਰਹੋ, ਸੁਰੱਖਿਅਤ ਤੇ ਸਵੱਸਥ ਰਹੋ।

# ਧੂਰੀ ਵਿਕਾਸ ਮੰਚ ਨੇ ਜ਼ਿਲ੍ਹੇ ਭਰ 'ਚੋਂ ਅੱਵਲ ਆਉਣ 'ਤੇ ਜੋਬਨਪ੍ਰੀਤ ਕੌਰ ਦਾ ਸਨਮਾਨ ਕੀਤਾ

ਧੂਰੀ, 17 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਅੱਜ ਧੂਰੀ ਵਿਕਾਸ ਮੰਚ ਧੂਰੀ ਵੱਲੋਂ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ +2 ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਜ਼ਿਲ੍ਹੇ ਭਰ ਵਿੱਚੋਂ ਅੱਵਲ ਆਉਣ ਵਾਲੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੀ ਵਿਦਿਆਰਥਣ ਜੋਬਨਪ੍ਰੀਤ ਕੌਰ ਦਾ ਪ੍ਰਸ਼ੰਸਾ ਪੱਤਰ, ਯਾਦਗਾਰੀ ਚਿੰਨ੍ਹ ਅਤੇ 2100 ਰੁਪੈ ਨਕਦ ਦੇ ਕੇ ਸਨਮਾਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਨੇ ਬੱਚੀ ਜੋਬਨਪ੍ਰੀਤ ਕੌਰ ਦੀ ਪ੍ਰਾਪਤੀ ਲਈ ਉਸਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਸੰਸਥਾ ਵੱਲੋਂ ਸਿੱਖਿਆ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਹੋਰ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

ਸੰਸਥਾ ਦੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਦੇਸ਼ ਦੀ ਤਰੱਕੀ ਅਤੇ ਸੁਰੱਖਿਆ ਵਿੱਚ ਲੜਕੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਲਈ ਫ਼ਖਰ ਦੀ ਗੱਲ ਹੈ ਕਿ ਅੱਜ ਦੇ




ਸਮਾਜ ਵਿੱਚ ਲੜਕੀਆਂ ਲੜਕਿਆਂ ਦੇ ਬਰਾਬਰ ਹਰ ਖ਼ੇਤਰ ਵਿੱਚ ਯੋਗਦਾਨ ਪਾ ਰਹੀਆ ਹਨ। ਉਨ੍ਹਾਂ ਹਾਲ ਹੀ ਦੌਰਾਨ ਹਿੰਦ-ਪਾਕ ਦੇ ਕੁੜੱਤਣ ਭਰੇ ਸੰਬੰਧਾਂ ਦੇ ਸਮੇਂ ਵਿੱਚ ਲੜਕੀਆਂ ਵੱਲੋਂ ਭਾਰਤ ਦੀ ਅਗਵਾਈ ਕੀਤੇ ਜਾਣ ਨੂੰ ਵੀ ਭਾਰਤ ਲਈ ਮਾਣ ਵਾਲੀ ਗੱਲ ਦੱਸਦਿਆਂ ਮਾਪਿਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਦੀ ਹਰ ਸੰਭਵ ਮੱਦਦ ਕਰਨ ਦੀ ਅਪੀਲ ਵੀ ਕੀਤੀ। ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ ਨੇ ਸੰਸਥਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਹੋਰ ਬੱਚਿਆਂ ਲਈ ਵੀ ਪ੍ਰੇਰਨਾ ਦਾਇਕ ਸਾਬਿਤ ਹੋ ਸਕਦੇ ਹਨ। ਉਨ੍ਹਾਂ ਜੋਬਨਪ੍ਰੀਤ ਦੀ ਮਾਣਮੱਤੀ ਪ੍ਰਾਪਤੀ ਲਈ ਉਸਦੀ ਮਿਹਨਤ, ਅਧਿਆਪਕਾਂ ਅਤੇ ਮਾਪਿਆਂ ਦਾ ਸਹਿਯੋਗ ਦੱਸਿਆ।ਇਸ ਮੌਕੇ ਪ੍ਰਧਾਨ ਅਮਰ ਗਰਗ, ਉੱਪ ਚੇਅਰਮੈਨ ਜਤਿੰਦਰ ਸਿੰਘ ਸੋਨੀ ਮੰਡੇਰ, ਰਾਜੇਸ਼ਵਰ ਚੌਧਰੀ, ਮਨੋਹਰ ਸਿੰਘ ਸੱਗੂ, ਐਡਵੋਕੇਟ ਮਨਿੰਦਰ ਸਿੰਘ ਢੀਂਡਸਾ, ਸੁਰਿੰਦਰਪਾਲ ਸਿੰਘ ਨੀਟਾ, ਮੋਹਿਤ ਜਿੰਦਲ, ਵਰਿੰਦਰਪਾਲ ਸਿੰਘ ਭੁੱਲਰ ਆਦਿ ਵੀ ਹਾਜ਼ਰ ਸਨ।

# ਜੈ ਵਾਟਿਕਾ ਪਬਲਿਕ ਸਕੂਲ ਵਿੱਚ ਮਾਪਿਆਂ ਦੇ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ

ਬਰਨਾਲਾ, 17 ਮਈ (ਬਘੇਲ ਸਿੰਘ ਧਾਲੀਵਾਲ)-ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਵਿਖੇ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਪਿਆਂ ਦਾ ਓਰੀਐਂਟੇਸ਼ਨ ਪ੍ਰੋਗਰਾਮ ਬਹੁਤ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਮਾਪਿਆਂ ਨੂੰ ਸਕੂਲ ਦੀਆਂ ਵਿਦਿਅਕ ਪ੍ਰਕਿਰਿਆਵਾਂ, ਗਤੀਵਿਧੀਆਂ ਅਤੇ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸਵਾਗਤੀ ਗੀਤ ਨਾਲ ਹੋਈ।ਸਕੂਲ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਹਾਜ਼ਰ ਮਾਪਿਆਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਕੂਲ ਅਤੇ ਮਾਪਿਆਂ ਵਿਚਕਾਰ ਸਦਭਾਵਨਾ ਬੱਚੇ ਦੇ ਸਰਵਪੱਖੀ ਵਿਕਾਸ ਦੀ ਕੁੰਜੀ ਹੈ। ਅਸੀਂ ਚਾਹੁੰਦੇ ਹਾਂ ਕਿ ਹਰ ਵਿਦਿਆਰਥੀ ਨਾ ਸਿਰਫ਼ ਸਿੱਖਿਅਤ ਬਣੇ, ਸਗੋਂ ਸੱਭਿਆਚਾਰਕ ਅਤੇ ਸਵੈ-ਨਿਰਭਰ ਵੀ ਬਣੇ। ਸਕੂਲ ਦੀ ਸਫਲਤਾ ਵਿੱਚ ਤੁਹਾਡੀ ਭਾਗੀਦਾਰੀ ਬਹੁਤ



ਮਹੱਤਵਪੂਰਨ ਹੈ। ਅਸੀਂ ਬੱਚਿਆਂ ਦੇ ਉੱਜਵਲ ਭਵਿੱਖ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਾਂ। ਇਸ ਤੋਂ ਬਾਅਦ, ਮਾਪਿਆਂ ਵਿੱਚ ਸੰਚਾਰ ਸਥਾਪਤ ਕਰਨ ਲਈ ਕਈ ਬਰਫ਼ ਤੋੜਨ ਵਾਲੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਾਰੇ ਮਾਪਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਹਨਾਂ ਗਤੀਵਿਧੀਆਂ ਨੇ ਇੱਕ ਜੀਵੰਤ ਅਤੇ ਸੁਹਿਰਦ ਮਾਹੌਲ ਪੈਦਾ ਕੀਤਾ, ਜਿਸ ਨਾਲ ਸਕੂਲ ਅਤੇ ਮਾਪਿਆਂ ਵਿਚਕਾਰ ਇੱਕ ਮਜ਼ਬੂਤ ਰਿਸ਼ਤੇ ਦੀ ਨੀਂਹ ਰੱਖੀ ਗਈ।

ਅੰਤ ਵਿੱਚ, ਸਕੂਲ ਕੋਆਰਡੀਨੇਟਰ ਮੀਨਾਕਸ਼ੀ ਸ਼ਰਮਾ ਨੇ ਸਾਰੇ ਮਾਪਿਆਂ ਦਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਹਾਡੇ ਸਾਰਿਆਂ ਦਾ ਸਮਰਥਨ ਅਤੇ ਭਾਗੀਦਾਰੀ ਸਾਡੇ ਲਈ ਪ੍ਰੇਰਨਾ ਸਰੋਤ ਹੈ। ਇਹ ਪ੍ਰੋਗਰਾਮ ਨਾ ਸਿਰਫ਼ ਜਾਣਕਾਰੀ ਭਰਪੂਰ ਸੀ ਸਗੋਂ ਇੱਕ ਪ੍ਰੇਰਨਾਦਾਇਕ ਅਨੁਭਵ ਵੀ ਸੀ।

# ਐਸ.ਬੀ.ਐਸ. ਪਬਲਿਕ ਸਕੂਲ ਵਿਖੇ ਬੱਚਿਆਂ ਨੂੰ ਕਨਵੈਕਸ਼ਨਲ ਕਰੰਟ ਸਬੰਧੀ ਗਤੀਵਿਧੀ ਕਰਵਾਈ



ਬਰਨਾਲਾ, 17 ਮਈ (ਹਿਮਾਂਸ਼ੂ ਗਰਗ): ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕ ਨਰਾਇਣ ਗਰਗ ਵੱਲੋਂ ਸੱਤਵੀਂ ਕਲਾਸ ਦੇ ਬੱਚਿਆਂ ਦੀ ਕਨਵੈਕਸ਼ਨਲ ਕਰੰਟ ਬਾਰੇ ਜਾਣਕਾਰੀ ਦੇਣ ਲਈ ਗਤੀਵਿਧੀ ਕਰਵਾਈ ਗਈ। ਉਨ੍ਹਾਂ ਕਨਵੈਕਸ਼ਨਲ ਕਰੰਟ ਬਾਰੇ ਜਾਣੂੰ ਕਰਵਾਉਣ ਲਈ ਸਮੁੰਦਰ ਕਿਨਾਰੇ ਦੀ ਉਦਾਹਰਣ ਦਿੰਦੇ ਹੋਏ ਕਿਹਾ ਕਿ ਸਮੁੰਦਰ ਦੇ ਕਿਨਾਰੇ ਏਸੀ ਦੀ ਲੋੜ ਨਹੀ ਪੈਂਦੀ ਕਿਉਂਕਿ ਹਵਾ ਗਰਮ ਹੋ ਕੇ ਧਰਤੀ ਤੋਂ ਉੱਪਰ ਉੱਠ ਜਾਂਦੀ ਹੈ ਅਤੇ ਉਸਦੀ ਥਾਂ ਸਮੁੰਦਰ ਵੱਲੋ ਆਈ ਠੰਡੀ ਹਵਾ ਲੈ ਲੈਂਦੀ ਹੈ। ਹਵਾ ਦਾ ਗਰਮ ਹੋ ਉੱਪਰ ਉੱਠਣਾ ਅਤੇ ਠੰਡੀ ਹਵਾ ਦਾ ਹੇਠਾਂ ਜਾਣ ਵਾਲਾ ਚੱਕਰ ਹੀ ਕਨਵੈਕਸ਼ਨਲ ਕਰੰਟ ਅਖਵਾਉਂਦਾ ਹੈ।ਉਨ੍ਹਾਂ ਬੱਚਿਆਂ ਨੂੰ ਪ੍ਰੈਕਟੀਕਲ ਤਰੀਕੇ ਰਾਹੀ ਦੱਸਿਆ ਕਿ ਪਾਣੀ ਦਾ ਤਾਪਮਾਨ 100 ਡਿਗਰੀ ਤੋਂ ਉੱਪਰ ਨਹੀ ਜਾਂਦਾ, ਕਿਉਂਕਿ ਉਸਦਾ ਕਨਵੈਕਸ਼ਨਲ ਚੱਕਰ ਪੂਰਾ ਹੋ ਜਾਂਦਾ ਹੈ।ਜਦ ਕਿ 100 ਡਿਗਰੀ ਤੋਂ ਥੱਲੇ ਇਸ ਦਾ ਗਰਮ ਪਾਣੀ ਉੱਪਰ ਵੱਲ ਅਤੇ ਠੰਡਾ ਪਾਣੀ ਹੇਠਾਂ ਵੱਲ ਚੱਕਰ ਲਗਾਉਂਦਾ ਹੈ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆ ਕਿ ਸਕੂਲ ਵੱਲੋ ਬੱਚਿਆਂ ਨੂੰ ਰਵਾਇਤੀ ਤਰੀਕਿਆਂ ਨੂੰ ਛੱਡ ਕੇ ਆਧੁਨਿਕ ਤਰੀਕੇ ਵਰਤ ਕੇ ਪੜ੍ਹਾਇਆ ਜਾਂਦਾ ਹੈ, ਜਿਸ ਨਾਲ ਬੱਚਿਆਂ ਅੰਦਰ ਨਵਾਂ ਸਿੱਖਣ ਦੀ ਰੁਚੀ ਪੈਦਾ ਹੁੰਦੀ ਹੈ।

# ਜਰਨੈਲ ਸਿੰਘ ਗੁਆਰਾ ਮੰਡਲ ਪ੍ਰਧਾਨ ਨਿਯੁਕਤ ਬਰਨਾਲਾ ਵਿੱਚ ਮਿੱਤਰਾ ਨੇ ਮਨਾਈ ਖੁਸ਼ੀ

ਮਹਿਲਕਲਾਂ, 28 ਅਪ੍ਰੈਲ (ਜੱਸਾ ਸਿੰਘ ਮਾਨਕੀ)-ਭਾਰਤੀ ਜਨਤਾ ਪਾਰਟੀ ਜਿਲਾ ਮਲੇਰਕੋਟਲਾ ਦੀ ਮੀਟਿੰਗ ਪੰਜਾਬ ਭਾਜਪਾ ਦੇ ਪ੍ਰਭਾਰੀ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਣੀ, ਸਹਿ ਪਰਬਾਰੀ ਨਰਿੰਦਰ ਰੈਨਾ (ਵਿਧਾਇਕ ਜੰਮੂ), ਸੰਗਠਨ ਮਹਾਮੰਤਰੀ ਮਨਥਰੀ ਨੀਵਾਸਲੂ, ਪੰਜਾਬ ਦੇ ਜਨਰਲ ਸਕੱਤਰ ਅਨਿਲ ਸਰੀਨ, ਮਨਜੀਤ ਸਿੰਘ ਰਾਏ, ਮੋਹਨ ਲਾਲ ਸੇਠੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਿਲਾ ਪ੍ਰਧਾਨ ਅਮਨ ਥਾਪਰ ਅਤੇ ਜ਼ਿਲ੍ਹੇ ਦੇ ਚੋਣ ਇੰਚਾਰਜ ਵਿਨੇ ਸ਼ਰਮਾ ਮੋਗਾ ਦੀ ਅਗਵਾਈ ਹੇਠ 8 ਮੰਡਲ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ ਜਿੰਨਾ ਵਿੱਚ ਹਲਕਾ ਅਮਰਗੜ੍ਹ ਦਿਹਾਤੀ ਤੋ ਜਰਨੈਲ ਸਿੰਘ ਗੁਆਰਾ



ਨੂੰ ਮੰਡਲ ਪ੍ਰਧਾਨ ਲਾਇਆ ਗਿਆ।ਜ਼ਿਕਰਯੋਗ ਹੈ ਕਿ ਦੋ ਮਹੀਨਿਆਂ ਤੋਂ ਇਲੈਕਸ਼ਨ ਪ੍ਰੋਸੈਸ ਚੱਲ ਰਿਹਾ ਸੀ ਜਿਸ ਵਿੱਚ ਪਹਿਲਾਂ ਬੂਥ ਪ੍ਰਧਾਨ ਥਾਪੇ ਗਏ ਉਹਨਾਂ ਤੋਂ ਬਾਅਦ ਹੁਣ ਬੂਥ ਪ੍ਰਧਾਨਾਂ ਨੇ ਸਰਬ ਸੰਮਤੀ ਨਾਲ ਇਨਾ ਨੂੰ ਆਪਣਾ ਪ੍ਰਧਾਨ ਚੁਣਿਆ।ਜਿਲਾ ਪ੍ਰਧਾਨ ਅਮਨ ਥਾਪਰ ਨੇ ਕਿਹਾ ਕਿ ਭਾਜਪਾ ਹੀ ਇਕ ਅਜਿਹੀ ਪਾਰਟੀ ਹੈ ਜੋ ਆਮ ਵਰਕਰ ਨੂੰ ਵੀ ਵੱਡੇ ਅਹੁਦਿਆਂ ਤੇ ਪਹੁੰਚਾਉਂਦੀ ਹੈ। ਜਰਨੈਲ ਸਿੰਘ ਗੁਆਰਾ ਦੀ ਹੋਈ ਨਿਯੁਕਤੀ ਤੇ ਹਲਕਾ ਬਰਨਾਲਾ ਤੋਂ ਉਹਨਾਂ ਦੇ ਪਰਮ ਮਿੱਤਰ ਜਸਵੀਰ ਸਿੰਘ, ਪਰਮਿੰਦਰ ਸਿੰਘ, ਗੁਰਜੰਟ ਸਿੰਘ ਮੀਤਾ, ਜੱਸੀ ਭੁੱਲਰ, ਰਣਜੀਤ ਜੋਹਲ ਆਦਿਕ ਮਿੱਤਰਾ ਨੇ ਜਰਨੈਲ ਸਿੰਘ ਨੂੰ ਵਧਾਈਆਂ ਦੇ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ।


# ਕਾਲਾਬੂਲਾ ਅਤੇ ਪੇਧਨੀ ਨੇ ਬਖਸ਼ਪ੍ਰੀਤ ਕੌਰ ਨੇ 99 ਫ਼ੀਸਦੀ ਲੈ ਕੇ ਸੰਗਰੂਰ 'ਚੋਂ ਪਹਿਲਾ ਸਥਾਨ ਆਉਣ 'ਤੇ ਕੀਤਾ ਸਨਮਾਨ

ਸ਼ੇਰਪੁਰ, 17 ਮਈ (ਰਣਜੀਤ ਸਿੰਘ ਪੇਧਨੀ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਮੀਤ ਪ੍ਰਧਾਨ ਸਾਧੂ ਸਿੰਘ ਪੇਧਨੀ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪਿੰਡ ਮੂਲੋਵਾਲ ਤੋਂ ਪਾਰਟੀ ਦੇ ਆਗੂ ਗੁਰਪ੍ਰੀਤ ਸਿੰਘ ਦੀ ਬੇਟੀ ਵੱਲੋਂ ਸੀ ਬੀ ਐਸ ਈ ਦੇ ਬੋਰਡ ਪ੍ਰੀਖਿਆ ਦੇ ਨਤੀਜਿਆਂ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਧੂਰੀ ਦੀ ਬਾਰਵੀਂ ਜਮਾਤ ਵਿੱਚ ਬਖਸ਼ਪ੍ਰੀਤ ਕੌਰ ਵਾਸੀ ਮੂਲੋਂਵਾਲ ਨੇ 99 % (ਕਾਮਰਸ) ਨੰਬਰ ਲੈ ਕੇ ਆਪਣਾ, ਸਕੂਲ ਦਾ ਨਾਮ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰਦਿਆਂ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਹਾਸਲ ਕਰਨ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪਾਰਟੀ ਆਗੂਆਂ ਨੇ ਕਿਹਾ ਕਿ ਬੱਚੀ ਵੱਲੋਂ



ਮਿਹਨਤ ਕਰਕੇ ਬਿਨਾਂ ਟਿਊਸ਼ਨ ਤੋਂ ਨੰਬਰ ਲੈ ਕੇ ਆਪਣੇ ਜਿੱਥੇ ਆਪਣੇ ਮਾਂ ਪਿਓ ਦਾ ਨਾਂ ਉੱਚਾ ਕੀਤਾ ਹੈ, ਉੱਥੇ ਇਲਾਕੇ ਦੇ ਵਿੱਚ ਜ਼ਿਲ੍ਹਾ ਸੰਗਰੂਰ ਵਿੱਚ ਵੀ ਸਕੂਲ ਦਾ ਨਾਂ ਰੋਸ਼ਨ ਕੀਤਾ। ਆਗੂਆਂ ਨੇ ਕਿਹਾ ਹੈ ਕਿ ਪਾਰਟੀ ਦੇ ਆਗੂ ਗੁਰਪ੍ਰੀਤ ਸਿੰਘ ਪਰਿਵਾਰ ਦੇ ਨਾਲ ਸ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਪਰਿਵਾਰ ਦੇ ਨਾਲ ਗੂੜਾ ਪਿਆਰ ਹੈ, ਜਦੋਂ ਵੀ ਸ. ਮਾਨ ਹਲਕੇ ਵਿੱਚ ਆਏ ਤਾਂ ਇਸ ਬੇਟੀ ਦਾ ਉਹ ਵੀ ਆਪਣੇ ਤੌਰ 'ਤੇ ਵਿਸ਼ੇਸ਼ ਸਨਮਾਨ ਕਰਨਗੇ।

# ਜ਼ਿਲ੍ਹਾ ਬਰਨਾਲਾ ਦੇ 4 ਵਿਦਿਆਰਥੀਆਂ ਨੇ 10ਵੀਂ ਦੀ ਪ੍ਰੀਖਿਆ ਵਿੱਚ ਹਾਸਲ ਕੀਤਾ ਮੈਰਿਟ 'ਚ ਸਥਾਨ



ਬਰਨਾਲਾ, 17 ਮਈ (ਬਘੇਲ ਸਿੰਘ ਧਾਲੀਵਾਲ) -ਸਿੱਖਿਆ ਵਿਭਾਗ ਵੱਲੋਂ ਦਸਵੀਂ ਜਮਾਤ ਦੇ ਨਤੀਜੇ ਦਾ ਐਲਾਨ ਕੀਤਾ ਗਿਆ ਹੈ ਜਿਸ ਵਿੱਚ ਬਰਨਾਲਾ ਜ਼ਿਲ੍ਹੇ ਦੇ 4 ਵਿਦਿਆਰਥੀਆਂ ਨੇ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਇੰਦੂ ਸਿਮਕ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੜ੍ਹਾਈ 'ਚ ਮੋਹਰੀ ਬਣਾਉਣ ਦੀ ਦਿਸ਼ਾ 'ਚ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿਚ ਬਰਨਾਲਾ ਦੇ 4 ਹੋਣਹਾਰ ਵਿਦਿਆਰਥੀਆਂ ਨੇ ਮੈਰਿਟ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਲਾਲਾ ਜਗਨਨਾਥ ਬਾਂਸਲ ਸਰਵਹਿਤਕਾਰੀ ਹਾਈ ਸਕੂਲ ਧਨੌਲਾ ਦੇ ਵਿਦਿਆਰਥੀ ਅਮਨਿੰਦਰ ਸਿੰਘ ਪੁੱਤਰ ਸ਼੍ਰੀ ਤਲਵਿੰਦਰ ਸਿੰਘ ਨੇ 650 ਅੰਕਾਂ ਵਿਚੋਂ 632 ਨੰਬਰ ਪ੍ਰਾਪਤ ਕਰਕੇ ਸੂਬੇ ਭਰ ਵਿੱਚ 18ਵਾਂ ਸਥਾਨ, ਸ਼ਹੀਦ ਜਸ਼ਨਦੀਪ ਸਿੰਘ ਸਰਾਂ ਸਰਕਾਰੀ ਹਾਈ ਸਕੂਲ ਨੈਣੇਵਾਲ ਦੀ ਵਿਦਿਆਰਥਣ ਜਸਮੀਨ ਕੌਰ ਪੁੱਤਰੀ ਸ਼੍ਰੀ ਜਗਸੀਰ ਸਿੰਘ ਨੇ 629 ਨੰਬਰ ਲੈਕੇ 21ਵਾਂ ਸਥਾਨ, ਸਰਵਿਤਕਾਰੀ ਵਿੱਦਿਆ ਮੰਦਰ ਬਰਨਾਲਾ ਦੇ ਵਿਦਿਆਰਥੀ ਇਸ਼ਾਨ ਸਿੰਗਲਾ ਪੁੱਤਰ ਸ਼੍ਰੀ ਵਿਜੇ ਕੁਮਾਰ ਨੇ 629 ਨੰਬਰ ਲੈ ਕੇ 21ਵਾਂ, ਸ਼ਹੀਦ ਜਸ਼ਨਦੀਪ ਸਿੰਘ ਸਰਾਂ ਸਰਕਾਰੀ ਹਾਈ ਸਕੂਲ ਨੈਣੇਵਾਲ ਦੀ ਵਿਦਿਆਰਥਣ ਕਮਲਦੀਪ ਕੌਰ ਪੁੱਤਰੀ ਸ਼੍ਰੀ ਗੁਰਦੀਪ ਸਿੰਘ ਨੇ 628 ਨੰਬਰ ਲੈ ਕੇ 22ਵਾਂ ਸਥਾਨ ਹਾਸਿਲ ਕੀਤਾ।

ਡੀਈਓ ਨੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ, ਇਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਡਾ. ਬਰਜਿੰਦਰ ਪਾਲ ਸਿੰਘ, ਡੀਈਓ (ਐਲੀਮੈਂਟਰੀ) ਮੈਡਮ ਨੀਰਜਾ, ਬਲਾਕ ਨੋਡਲ ਅਫਸਰ ਸੁਰੇਸ਼ਟਾ ਸ਼ਰਮਾ, ਡੀਆਰਸੀ ਕਮਲਦੀਪ, ਮੀਡੀਆ ਕੋਆਰਡੀਨੇਟਰ ਹਰਵਿੰਦਰ ਰੋਮੀ ਹਾਜ਼ਰ ਰਹੇ।

# ਬਜ਼ਾਰਾਂ 'ਚ ਪਸਰਿਆ ਸਨਾਟਾ, ਗਰਮੀ ਤੋਂ ਮਜ਼ਦੂਰ, ਕਿਸਾਨ ਵੀ ਔਖੇ

ਤਪਾ ਮੰਡੀ, 27 ਮਈ (ਭੂਸ਼ਨ ਘੜੈਲਾ): ਚੱਲ ਰਹੇ ਮਈ ਮਹੀਨੇ ਦੇ ਪਹਿਲੇ ਹਫਤੇ ਇਲਾਕੇ ਅੰਦਰ ਹੋਈ ਬਾਰਿਸ਼ ਨੇ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਦਿਵਾਈ ਪਰ ਦੂਜੇ ਹੀ ਹਫ਼ਤੇ ਗਰਮੀ ਨੇ ਆਪਣਾ ਰੰਗ ਦਿਖਾਉਣਾਂ ਸ਼ੁਰੂ ਕਰ ਦਿੱਤਾ। ਦਿਨੋ ਦਿਨ ਵਧਦੀ ਗਰਮੀ ਦੇ ਪ੍ਰਕੋਪ ਨੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਸਥਾਨਕ ਸ਼ਹਿਰ ਦੇ ਦੁਕਾਨਦਾਰਾਂ ਨੇ ਦੱਸਿਆ ਗਰਮੀ ਬਹੁਤ ਜ਼ਿਆਦਾ ਪੈ ਰਹੀ ਹੈ, ਜਿਸ ਕਾਰਨ ਤਾਪਮਾਨ 42 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ ਜ਼ਿਆਦਾ ਧੁੱਪ ਤੇ ਤੇਜ਼ ਗਰਮੀ ਲੋਅ ਹੋਣ ਕਾਰਨ ਸ਼ਹਿਰ ਦੇ ਬਜਾਰ ਸੁਨਸ਼ਾਨ ਪਏ ਹਨ ਕੁਝ ਦੁਕਾਨਦਾਰਾਂ ਨੇ ਤਾਂ ਕਿਹਾਂ ਕਿ ਭਾਵੇਂ ਉਧਾਰ ਪਈ ਉਗਰਾਹੀ ਦੇ ਦੇਣ ਲੈਣ ਦਾ ਸਮਾਂ ਹੈ ਪਰ ਬਜ਼ਾਰਾਂ ਵਿੱਚ ਤਾਂ ਇੰਝ ਲੱਗ ਰਿਹਾ ਜਿਵੇਂ ਸਨਾਟਾ ਛਾਇਆ ਹੋਇਆ ਹੋਵੇ। ਰਾਹ ਜਾਂਦੇ ਰਾਹਗੀਰਾਂ ਅਤੇ ਰੇਹੜੀ,ਫੜੀ ਵਾਲੇ ਲੋਕਾਂ ਨੇ ਕਿਹਾ ਕਿ ਗਰਮੀ ਬਹੁਤ ਜ਼ਿਆਦਾ ਹੈ ਜਿਸ ਕਾਰਨ ਪਸ਼ੂ, ਪੰਛੀ ਅਤੇ ਮਨੁੱਖੀ ਜੀਵਨ ਦਾ ਬੂਰਾ ਹਾਲ ਹੈ। ਖੇਤਾਂ ਵਿਚ ਕੰਮ ਕਰਦੇ ਮਜ਼ਦੂਰ ਲੋਕਾਂ ਦਾ ਕਹਿਣਾ ਹੈ ਕਿ ਗਰਮੀ ਬਹੁਤ ਜ਼ਿਆਦਾ ਹੈ ਜਿਸ ਕਾਰਨ ਪਸੀਨਾ ਛੂਟ ਰਿਹਾ ਹੈ ਪਰ ਪਾਪੀ ਪੇਟ ਕਾ ਸਵਾਲ ਹੈ। ਕਿਸਾਨਾਂ ਨੇ ਗਰਮੀ ਪ੍ਰਤੀ ਬੋਲਦਿਆਂ ਕਿਹਾ ਜ਼ਿਆਦਾ ਧੁੱਪ ਅਤੇ ਗਰਮੀ ਕਾਰਨ ਸਬਜ਼ੀਆਂ,ਹਰਾ ਚਾਰਾ ਅਤੇ ਹੋਰ ਸਭ ਕੁਝ ਮੱਚ ਕੇ ਖਤਮ ਹੁੰਦਾ ਜਾ ਰਿਹਾ, ਦਰਖ਼ਤ ਸੁੱਕ ਰਹੇ ਹਨ ਪਾਣੀ ਦਾ ਪੱਧਰ ਦਿਨੋ ਦਿਨ ਨੀਵਾਂ ਹੋ ਰਿਹਾ ਬਿਜਲੀ ਦੇ ਕੱਟ ਲੱਗਣੇ ਸ਼ੁਰੂ ਹੋ ਗਏ ਹਨ। ਲੋਕਾਂ ਨੇ ਕਿਹਾ ਜੇਕਰ ਇੱਕ ਦੋ ਦਿਨਾਂ ਵਿਚ ਰੱਬ ਨੇ ਮੀਂਹ ਨਾ ਪਾਇਆ ਤਾਂ ਹੋਰ ਗਰਮ ਹਵਾਵਾਂ ਵਗਣਗੀਆਂ ਤੇ ਲੋਕਾਂ ਦਾ ਬੁਰਾ ਹਾਲ ਹੋਵੇਗਾ। ਬਜ਼ਾਰਾਂ ਦੇ ਦੁਕਾਨਦਾਰ ਬਹਿਲੇ ਬੈਠ ਕੇ ਮੁੜ ਜਾਇਆ ਕਰਨਗੇ।

# ਨਿਊਜ਼ੀਲੈਂਡ ਵਿੱਚ 10 ਕਿਲੋਮੀਟਰ ਮੈਰਾਥਨ ਦੌੜ ਵਿੱਚੋਂ ਗੁਰਪ੍ਰੀਤ ਸਿੰਘ ਧਾਲੀਵਾਲ ਨੇ ਜਿੱਤਿਆ ਸਿਲਵਰ ਮੈਡਲ

ਤਪਾ ਮੰਡੀ,17 ਮਈ (ਭੂਸ਼ਨ ਘੜੈਲਾ) :ਪੂਰੇ ਦੇਸ਼ ਅੰਦਰ ਨਹੀਂ ਸਗੋਂ ਵਿਦੇਸ਼ ਅੰਦਰ ਵੀ ਪੰਜਾਬੀਆਂ ਵੱਲੋਂ ਲਗਾਤਾਰ ਖੇਡਾਂ ਵਿੱਚ ਆਪਣੇ ਮਾਪਿਆਂ ਸ਼ਹਿਰ ਅਤੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਤਪਾ ਮੰਡੀ ਦੇ ਜੰਪਲ ਗੁਰਪ੍ਰੀਤ ਸਿੰਘ ਧਾਲੀਵਾਲ ਨੇ ਨਿਊਜ਼ੀਲੈਂਡ ਦੀ ਧਰਤੀ ਉਪਰ ਕਰਵਾਈਆਂ ਗਈਆਂ ਖੇਡਾਂ ਵਿੱਚ ਆਪਣਾ ਨਾਮ ਬਣਾਇਆ ਹੈ। ਨਿਊਜ਼ੀਲੈਂਡ ਦੇ ਸ਼ਹਿਰ ਨੈਪੀਅਰ ਸ਼ਹਿਰ ਤੋਂ ਲੈਕੇ ਹੈਸਟਿੰਗ ਸ਼ਹਿਰ ਤੱਕ ਰਨ-ਵੇ-ਹਾਕਸਬੇਅ 10 ਕਿਲੋਮੀਟਰ ਮੈਰਾਥਨ ਦੌੜ 2025 ਕਰਵਾਈ ਗਈ। 10 ਕਿਲੋਮੀਟਰ ਮੈਰਾਥਨ ਦੌੜ ਵਿੱਚ ਨਿਊਜ਼ੀਲੈਂਡ ਸਮੇਤ ਪੰਜਾਬੀਆਂ ਨੇ ਵੀ ਹਿੱਸਾ ਲਿਆ ਸੀ,ਜਿਸ ਵਿੱਚ 2200 ਦੇ ਕਰੀਬ ਦੌੜਾਕਾ ਨੇ ਹਿੱਸਾ ਲਿਆ । ਇਸ 10 ਕਿਲੋਮੀਟਰ ਦੀ ਦੌੜ ਵਿੱਚ ਜ਼ਿਲ੍ਹਾ ਬਰਨਾਲਾ ਦੀ ਤਪਾ ਮੰਡੀ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਧਾਲੀਵਾਲ ਪੁੱਤਰ ਬੰਤ ਸਿੰਘ ਧਾਲੀਵਾਲ,ਖੱਟਰ ਪਤੀ ਤਪਾ ਮੰਡੀ ਨੇ ਪੰਜਾਬੀਆਂ ਦਾ ਨਾਮ ਉੱਚਾ ਕੀਤਾ ਹੈ। ਗੁਰਪ੍ਰੀਤ ਸਿੰਘ ਧਾਲੀਵਾਲ ਨੇ 10 ਕਿਲੋਮੀਟਰ ਮੈਰਾਥਨ ਦੌੜ ਨੂੰ 56 ਮਿੰਟ 24 ਸਕਿੰਟਾਂ ਵਿੱਚ ਤੈਅ ਕੀਤੀ ਅਤੇ ਦੂਸਰੇ ਸਥਾਨ 'ਤੇ ਆਕੇ ਸਿਲਵਰ ਮੈਡਲ ਉਪਰ ਕਬਜ਼ਾ ਕੀਤਾ ਹੈ, ਜਿਸ ਨੂੰ ਲੈਕੇ ਗੁਰਪ੍ਰੀਤ ਸਿੰਘ ਧਾਲੀਵਾਲ ਦੇ ਨਿਊਜ਼ੀਲੈਂਡ ਅਤੇ ਤਪਾ ਮੰਡੀ ਵਿਖੇ ਘਰ ਦੇ ਪਰਿਵਾਰਿਕ ਮੈਂਬਰਾਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਧਾਲੀਵਾਲ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦੇ ਨਿਊਜ਼ੀਲੈਂਡ ਸਰਕਾਰ ਅਤੇ ਦੌੜ ਕਰਵਾਉਣ ਵਾਲੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਹੀ ਸਿਹਤ ਨੂੰ ਤੰਦਰੁਸਤ ਰੱਖਣ ਦੇ ਮਕਸਦ ਨਾਲ ਵਿਦੇਸ਼ ਵਿੱਚ ਬਹਿ ਕੇ ਵੀ ਖੇਡਾਂ ਨਾਲ ਜੁੜੇ ਹੋਏ ਹਨ ਜਿਸ ਦੀ ਬਦੌਲਤ ਅੱਜ ਉਹਨਾਂ ਨੇ ਆਪਣਾ ਮੁਕਾਮ ਹਾਸਿਲ ਕੀਤਾ ਹੈ। ਉਹਨਾਂ ਨੌਜਵਾਨਾਂ ਨੂੰ ਵੀ ਸੁਨੇਹਾ ਦਿੰਦਾ ਕਿਹਾ ਕਿ ਸਾਨੂੰ ਚੰਗੀ ਸਿਹਤ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਅੱਗੇ ਆਉਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਆਉਣ ਵਾਲੇ ਭਵਿੱਖ ਨੂੰ ਚੰਗਾ ਬਣਾ ਸਕਦੇ ਹਾਂ। ਜੇਕਰ ਗੁਰਪ੍ਰੀਤ ਸਿੰਘ ਧਾਲੀਵਾਲ ਦੇ ਜੀਵਨ 'ਤੇ ਝਾਤ ਮਾਰੀ ਜਾਵੇ ਤਾਂ ਗੁਰਪ੍ਰੀਤ ਸਿੰਘ ਧਾਲੀਵਾਲ ਜਿੱਥੇ ਅੱਜ ਨਿਊਜ਼ੀਲੈਂਡ ਵਿੱਚ ਬਤੌਰ ਇੱਕ ਐਪਲ ਫਰੂਟ ਕੰਪਨੀ ਵਿੱਚ ਸੁਪਰਵਾਈਜ਼ਰ ਦੇ ਤੌਰ 'ਤੇ ਡਿਊਟੀ ਨਿਭਾਅ ਰਹੇ ਹਨ। ਪਹਿਲਾਂ ਉਹ ਪੰਜਾਬ ਪੁਲਿਸ ਵਿੱਚ ਸੀਨੀਅਰ ਕਾਂਸਟੇਬਲ ਦੀ ਡਿਊਟੀ ਨਿਭਾਅ ਚੁੱਕੇ ਹਨ,ਜਿਨ੍ਹਾਂ ਨੇ ਨੌਕਰੀ ਤੋਂ ਰਿਜ਼ਾਇਨ ਦੇ ਮਗਰੋਂ 2020 ਵਿੱਚ ਉਹ ਨਿਊਜ਼ੀਲੈਂਡ ਚਲੇ ਗਏ ਸਨ।

# ਲਾਭ ਸਿੰਘ ਉੱਗੋਕੇ ਵੱਲੋਂ ਨੈਣੇਵਾਲ ਸਕੂਲ ਦੇ ਮੈਰਿਟ ਵਿੱਚ ਆਉਣ ਵਾਲੇ ਦੋ ਵਿਦਿਆਰਥੀਆਂ ਦਾ ਸਨਮਾਨ

ਭਦੌੜ, 17 ਮਈ (ਸੁਖਵਿੰਦਰ ਪਲਾਹਾ) : ਸ਼ਹੀਦ ਜਸ਼ਨਦੀਪ ਸਿੰਘ ਸਰਾਂ ਸਰਕਾਰੀ ਹਾਈ ਸਕੂਲ ਨੈਣੇਵਾਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਸੁਰੇਸਟਾ ਰਾਣੀ ,ਸਟੇਟ ਐਵਾਰਡੀ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਕਲਾਸ ਦੇ ਐਲਾਨੇ ਨਤੀਜੇ ਵਿੱਚ ਸਕੂਲ ਦੀਆਂ ਦੋ ਵਿਦਿਆਰਥਣਾਂ ਜਸਮੀਨ ਕੌਰ ਸਪੁੱਤਰੀ ਸ੍ਰ ਜਗਸੀਰ ਸਿੰਘ ਨੇ 629/650 ਅਤੇ ਕਮਲਦੀਪ ਕੌਰ ਸਪੁੱਤਰੀ ਸ੍ਰ ਗੁਰਦੀਪ ਸਿੰਘ ਨੇ 628/650 ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਕ੍ਰਮਵਾਰ 21 ਵਾਂ ਅਤੇ 22 ਵਾਂ ਸਥਾਨ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਅੱਜ ਇਹਨਾਂ ਵਿਦਿਆਰਥੀਆਂ ਦੇ ਸਨਮਾਨ ਹਿੱਤ ਅੱਜ ਸਕੂਲ ਵਿੱਚ ਇੱਕ ਸਨਮਾਨ ਸਮਾਰੋਹ ਰੱਖਿਆ ਗਿਆ, ਜਿਸ ਵਿੱਚ ਹਲਕਾ ਵਿਧਾਇਕ ਲਾਭ ਸਿੰਘ ਉੱਗੋਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਧਾਇਕ ਲਾਭ ਸਿੰਘ ਉੱਗੋਕੇ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੇ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਨ ਵਿੱਚ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਮੁੱਖ ਅਧਿਆਪਕਾ ਸ੍ਰੀਮਤੀ ਸੁਰੇਸਟਾ ਰਾਣੀ ਦੀ ਅਗਵਾਈ, ਸਮੂਹ ਅਧਿਆਪਕਾ ਦੀ ਚੰਗੇ ਮਾਰਗ ਦਰਸ਼ਨ ਅਤੇ ਮਾਤਾ ਪਿਤਾ ਦੇ ਸਹਿਯੋਗ ਸਦਕਾ ਹੀ ਅੱਜ ਇਹ ਪ੍ਰਾਪਤੀਆਂ ਨੈਣੇਵਾਲ ਸਕੂਲ



ਦੇ ਵਿਦਿਆਰਥੀਆਂ ਨੂੰ ਪ੍ਰਾਪਤ ਹੋਈਆਂ ਹਨ।

ਉਪ ਜਿਲ੍ਹਾ ਸਿੱਖਿਆ ਅਫਸਰ ਬਰਜਿੰਦਰ ਪਾਲ ਸਿੰਘ ਵੱਲੋਂ ਸੰਬੋਧਨ ਕਰਦੇ ਹੋਏ ਕਿਹਾ ਕਿ ਨੈਣੇਵਾਲ ਸਕੂਲ ਜਿੱਥੇ ਖੇਡਾਂ, ਸਭਿਆਚਾਰਕ ਗਤੀਵਿਧੀਆਂ ਵਿੱਚ ਅੱਗੇ ਹੁੰਦਾ ਉੱਥੇ ਹੀ ਅੱਜ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਮੁੱਖ ਅਧਿਆਪਕਾਂ ਸ੍ਰੀਮਤੀ ਸੁਰੇਸ਼ਟਾ ਰਾਣੀ ਜੀ ਵੱਲੋਂ ਸੰਬੋਧਨ ਕਰਦੇ ਹੋਏ ਕਿਹਾ ਕਿ ਇਹਨਾਂ ਬੱਚਿਆਂ ਦੀ ਮੈਰਿਟ ਪਿੱਛੇ ਬਹੁਤ ਹੀ ਵੱਡੀ ਮਿਹਨਤ ਹੈ ਇਹ ਮਿਹਨਤ ਜਿੱਥੇ ਅਧਿਆਪਕਾਂ ਦੀ ਹੈ ਉੱਥੇ ਬੱਚਿਆਂ ਤੇ ਮਾਪਿਆਂ ਦੀ ਵੀ ਹੈ ਮਾਪਿਆਂ ਦੇ ਸਹਿਯੋਗ ਬਿਨਾਂ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਨਹੀਂ ਹੁੰਦੀਆਂ ਇਸ ਤੋਂ ਬਾਅਦ ਨੈਣੇਵਾਲ ਸਕੂਲ ਦੀਆਂ ਦੋਵੇਂ ਵਿਦਿਆਰਥਣਾਂ ਅਤੇ ਸਹਿਣਾ ਕੰਨਿਆ ਸਕੂਲ ਦੀ ਵਿਦਿਆਰਥਣ, ਜਿਸਨੇ 12 ਵੀਂ ਦੀ ਪ੍ਰੀਖਿਆ ਵਿੱਚ ਮੈਰਿਟ ਵਿੱਚ ਸਥਾਨ ਪ੍ਰਪਾਤ ਕੀਤਾ ਮਿਸ ਸਹਿਨਾਜ਼ ਪੁੱਤਰੀ ਮੱਸਾਂ ਖਾਂ ਨੂੰ ਲਾਭ ਸਿੰਘ ਉੱਗੋਕੇ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਗਗਨਦੀਪ ਸਿੰਘ,ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਕਰਨੈਲ ਸਿੰਘ ਸਰਾਂ, ਮੱਖਣ ਸਿੰਘ ਨੈਣੇਵਾਲੀਆ, ਜੋਗਿੰਦਰ ਸਿੰਘ ਪਰਵਾਨਾ, ਸਾਬਕਾ ਸਰਪੰਚ ਹਰਪ੍ਰੀਤ ਸਿੰਘ, ਗੁਰਸੇਵਕ ਸਿੰਘ (ਬਲਾਕ ਪ੍ਰਧਾਨ ਆਪ), ਪਰਗਟ ਸਿੰਘ ਬਲਾਕ ਸੰਮਤੀ ਮੈਂਬਰ, ਸਰਪੰਚ ਸਹਿਣਾ, ਇਕਬਾਲ ਸਿੰਘ, ਲਾਲ ਸਿੰਘ,ਚਮਕੌਰ ਸਿੰਘ, ਬਲਵਿੰਦਰ ਸਿੰਘ, ਸਰਦੂਲ ਸਿੰਘ, ਗੁਰਸੇਵਕ ਸਿੰਘ, ਮਨਜੀਤ ਕੌਰ, ਨਾਜ਼ਮ ਸਿੰਘ, ਗੁਰਪ੍ਰੀਤ ਸਿੰਘ ਮੈਂਬਰ ਪੰਚਾਇਤ, ਭੁਪਿੰਦਰ ਸਿੰਘ ਲੈਕਚਰਾਰ, ਹਰਬੰਸ ਸਿੰਘ ਅਤੇ ਸਮੂਹ ਸਟਾਫ਼ ਹਾਜ਼ਿਰ ਸੀ ।

# ਸਕੂਲ ਆਫ਼ ਐਮੀਨੈਂਸ ਘਨੌਰੀ ਕਲਾਂ ਵਿਖੇ 28 ਲੱਖ ਦੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਚੇਅਰਮੈਨ ਘੁੱਲੀ ਤੇ ਢਿੱਲੋਂ ਨੇ ਕੀਤਾ

ਸ਼ੇਰਪੁਰ, 17 ਮਈ (ਰਣਜੀਤ ਸਿੰਘ ਪੇਧਨੀ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ' ਅਭਿਆਨ ਰਾਹੀ ਸਿੱਖਿਆ ਦਾ ਪਾਸਾਰ ਤੇ ਪ੍ਰਚਾਰ ਜ਼ਰੂਰੀ ਹੈ। ਸਿੱਖਿਆ ਦੀ ਅਹਿਮੀਅਤ ਬਾਰੇ ਹਰ ਇਕ ਨਾਗਰਿਕ ਤੇ ਹਰ ਇਕ ਬੱਚੇ ਦਾ ਜਾਗਰੂਕ ਹੋਣਾ ਲਾਜ਼ਮੀ ਹੈ। ਪਿੰਡ ਘਨੌਰੀ ਕਲਾਂ ਸਕੂਲ ਆਫ਼ ਐਮੀਨੈਂਸ ਵਿਖੇ ਪ੍ਰਿੰਸੀਪਲ ਸੁਖਦੀਪ ਗੋਇਲ ਦੀ ਅਗਵਾਈ ਹੇਠ 28 ਲੱਖ ਦੇ ਤਕਰੀਬਨ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਦਲਬੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਆਪਣੇ ਕਰ ਕਮਲਾ ਨਾਲ ਕੀਤਾ।ਇਸ ਮੌਕੇ ਉਹਨਾਂ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਦੀ ਅਗਵਾਈ ਵਾਲੀ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਵਿਚ ਕੋਈ ਕਮੀ ਨਹੀਂ ਛੱਡੀ



ਜਾਵੇਗੀ ਉਨ੍ਹਾਂ ਕਿਹਾ ਕਿ ਅਸੀਂ ਪੜਾਅਵਾਰ ਹਰ ਸਕੂਲ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਰਹੇ ਹਾਂ ਤਾਂ ਜੋ ਹਰ ਇਕ ਬੱਚੇ ਨੂੰ ਆਧੁਨਿਕ ਸਿੱਖਿਆ ਮਿਲੇ ਅਤੇ ਹਰ ਬੱਚਾ ਸਮੇਂ ਦਾ ਹਾਣੀ ਹੋ ਸਕੇ। ਉਨ੍ਹਾਂ ਕਿਹਾ ਕਿ ਸਿੱਖਿਆ ਕਰਾਂਤੀ ਜ਼ਰੀਏ ਕਰਵਾਇਆ ਜਾ ਰਿਹਾ ਮਾਪਿਆਂ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਸੰਵਾਦ ਸਿੱਖਿਆ ਲਈ ਨਵੀਂ ਰਣਨੀਤੀ ਘੜਨਾ ਹੈ ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਤੇ ਮਾਪਿਆਂ ਵਿਚਕਾਰ ਪੁਲ ਦਾ ਕੰਮ ਕਰ ਰਹੀ ਹੈ ਜਿਸ ਦੇ ਭਵਿੱਖ ਵਿਚ ਸਾਰਥਕ ਨਤੀਜੇ ਸਾਹਮਣੇ ਆਉਣਗੇ। ਸਿੱਖਿਆ ਕੋਆਰਡੀਨੇਟਰ ਦਰਸਨ ਸਿੰਘ ਪਾਠਕ, ਪਿ?, ਖੁਸ਼ਦੀਪ ਗੋਇਲ ,ਮਨੋਜ ਸਰਮਾ,ਸੁਖਵਿੰਦਰ ਸਿੰਘ, ਬੱਗਾ ਸਿੰਘ, ਕੁਲਵਿੰਦਰ ਸਿੰਘ, ਅਮਨਦੀਪ ਸਿੰਘ ਪਾਠਕ,ਗੁਰਤੇਜ ਸਿੰਘ, ਸਰਪੰਚ ਅੰਮ੍ਰਿਤਪਾਲ ਚਹਿਲ, ਕੇਵਲ ਸਿੰਘ ਪੰਚ, ਅਮਨ ਘਨੌਰੀ ਪੰਚ, ਨਵਜੋਤ ਕੌਰ ,ਰਮਨਦੀਪ ਕੌਰ, ਅਰਸ਼ਦੀਪ ਸਿੰਘਟੀਮ ਸਿੱਖਿਆ ਕ੍ਰਾਂਤੀ ਧੂਰੀ ਨੰਬਰਦਾਰ ਰਜਿੰਦਰ ਸਿੰਘ ਪੇਧਨੀ ਹਾਜ਼ਰ ਸਨ।

# ਨਸ਼ਾ ਮੁਕਤ ਸਮਾਜ ਸਿਰਜਣ ਲਈ ਲੋਕਾਂ ਦਾ ਸਾਥ ਜ਼ਰੂਰੀ : ਵਿਧਾਇਕ ਬਲਕਾਰ ਸਿੱਧੂ

ਭਗਤਾ ਭਾਈ ਕਾ, 17 ਮਈ (ਸਵਰਨ ਸਿੰਘ ਭਗਤਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ 'ਨਸ਼ਾ ਮੁਕਤੀ ਯਾਤਰਾ' ਤਹਿਤ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਅੱਜ ਦੂਸਰੇ ਦਿਨ ਹਲਕਾ ਰਾਮਪੁਰਾ ਫੂਲ ਦੇ ਪਿੰਡ ਗੁੰਮਟੀ ਕਲਾਂ, ਦਿਆਲਪੁਰਾ ਮਿਰਜ਼ਾ ਤੇ ਕੋਠਾ ਗੁਰੂ ਕਾ-1 ਵਿਖੇ ਨਸ਼ਿਆਂ ਦੇ ਖਾਤਮੇ ਹਿਤ ਬਣਾਈਆਂ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੀਤੀਆਂ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਰੰਗਲਾ ਪੰਜਾਬ ਬਣਨ ਦੇ ਰਾਹ ਪਿਆ ਹੈ ਅਤੇ ਸੂਬੇ ਵਿੱਚ ਨਸ਼ਾ ਕਿਸੇ ਵੀ ਕੀਮਤ ਉੱਤੇ ਰਹਿਣ ਨਹੀਂ ਦਿੱਤਾ ਜਾਵੇਗਾ। ਉਹਨਾਂ



ਇਹ ਵੀ ਕਿਹਾ ਕਿ ਜਿਹੜੇ ਨਸ਼ਾ ਪੀੜਤ ਹਨ, ਉਹਨਾਂ ਦਾ ਇਲਾਜ ਕਰਵਾਉਣਾ ਹੈ ਤੇ ਜਿਹੜੇ ਨਸ਼ੇ ਵੇਚਦੇ ਹਨ, ਉਹ ਕਿਸੇ ਵੀ ਹਾਲ ਬਖ਼ਸ਼ੇ ਨਹੀਂ ਜਾਣਗੇ।ਵਿਧਾਇਕ ਨੇ ਕਿਹਾ ਕਿ ਜਿਹੜੇ ਲੋਕਾਂ ਨੇ ਨਸ਼ੇ ਵੇਚ ਕੇ ਨਾਜਾਇਜ਼ ਉਸਾਰੀਆਂ ਕੀਤੀਆਂ ਹਨ, ਉਹਨਾਂ ਨੂੰ ਢਾਹਿਆ ਜਾ ਰਿਹਾ ਹੈ। ਹੇਠਲੇ ਪੱਧਰ ਤੱਕ ਸਾਰੇ ਲੋਕਾਂ ਨੂੰ ਜਾਗਰੂਕ ਕਰ ਕੇ ਇਸ ਬਿਮਾਰੀ ਨੂੰ ਖਤਮ ਕਰਨ ਦੀ ਲੋੜ ਹੈ।



# ਪਟਿਆਲਾ-ਆਸ/ਪਾਸ



## ਡੀ.ਸੀ. ਨੇ ਪੋਲੋ ਗਰਾਊਂਡ ਸਮੇਤ ਹੋਰ ਖੇਡ ਮੈਦਾਨਾਂ 'ਚ ਸਾਫ਼-ਸਫ਼ਾਈ ਤੇ ਹੋਰ ਖਾਮੀਆਂ ਦਾ ਗੰਭੀਰ ਨੋਟਿਸ ਲਿਆ

### ☛ਐਸ.ਡੀ.ਐਮਜ਼, ਡੀ.ਐਸ.ਓ. ਤੇ ਹੋਰ ਅਧਿਕਾਰੀਆਂ ਨੂੰ ਖੇਡ ਮੈਦਾਨਾਂ ਦੇ ਦੌਰੇ ਕਰਕੇ ਤੁਰੰਤ ਕਾਰਵਾਈ ਦੇ ਸਖ਼ਤ ਹੁਕਮ

ਪਟਿਆਲਾ, 17 ਮਈ (ਰੁਪਾਣਾ/ਅਮਰਜੀਤ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੋਲੋ ਗਰਾਊਂਡ, ਜਿਮਨੇਜ਼ੀਅਮ ਹਾਲ, ਰਿੰਕ ਹਾਲ ਤੇ ਸਵਿਮਿੰਗ ਪੂਲ ਵਿਖੇ ਸਾਫ਼-ਸਫ਼ਾਈ ਤੇ ਹੋਰ ਪ੍ਰਬੰਧਾਂ 'ਚ ਖਾਮੀਆਂ ਤੇ ਸਾਹਮਣੇ ਆਈਆਂ ਨਾਕਾਮੀਆਂ ਦਾ ਗੰਭੀਰ ਨੋਟਿਸ ਲਿਆ ਹੈ। ਜ਼ਿਲ੍ਹਾ ਸਪੋਰਟਸ ਕਾਊਂਸਲ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਡੇ ਖਿਡਾਰੀਆਂ ਤੇ ਨੌਜਵਾਨਾਂ ਨੂੰ ਬਿਹਤਰ ਤੇ ਮਿਆਰੀ ਖੇਡ ਸਹੂਲਤਾਂ ਪ੍ਰਦਾਨ ਕਰਨਾ ਖੇਡ ਵਿਭਾਗ ਦੀ ਅਹਿਮ ਜ਼ਿੰਮੇਵਾਰੀ ਹੈ, ਇਸ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ, ਜ਼ਿਲ੍ਹਾ ਖੇਡ ਅਫ਼ਸਰ ਤੇ ਵੱਖ-ਵੱਖ ਕੋਚਾਂ ਨੂੰ ਜ਼ਿਲ੍ਹੇ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਸਾਰੇ ਖੇਡ ਦੇ ਮੈਦਾਨਾਂ ਨੂੰ ਨਮੂਨੇ ਦੇ ਖੇਡ ਮੈਦਾਨ ਬਣਾਉਣ ਲਈ ਖ਼ੁਦ ਮੈਦਾਨ ਵਿੱਚ ਉਤਰਨ ਦੇ ਸਖ਼ਤ ਹੁਕਮ ਜਾਰੀ ਕੀਤੇ।



ਉਨ੍ਹਾਂ ਕਿਹਾ ਕਿ ਸਮੂਹ ਐਸ.ਡੀ.ਐਮਜ ਆਪਣੀ ਸਬ ਡਵੀਜਨ ਦੇ ਸਾਰੇ ਪਿੰਡਾਂ ਵਿੱਚ ਖੇਡਾਂ ਦੇ ਮੈਦਾਨਾਂ ਬਾਰੇ ਲੋਕਾਂ ਨਾਲ ਗੱਲਬਾਤ ਕਰਕੇ ਤੇ ਖੇਡ ਸਟੇਡੀਅਮਾਂ ਦਾ ਦੌਰਾ ਕਰਕੇ ਰਿਪੋਰਟ ਉਨ੍ਹਾਂ ਨੂੰ ਸੌਂਪਣ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੈ ਤੇ ਨਸ਼ਿਆਂ ਦੀ ਸਪਲਾਈ ਕੱਟੇ ਜਾਣ ਕਰਕੇ ਨਸ਼ਿਆਂ ਤੋਂ ਵਿਹਲੇ ਹੋਏ ਨੌਜਵਾਨ ਹੁਣ ਖੇਡ ਦੇ ਮੈਦਾਨਾਂ ਵਿੱਚ ਆਉਣਗੇ, ਇਸ ਲਈ ਉਨ੍ਹਾਂ ਨੂੰ ਸੰਭਾਲਣ ਲਈ ਖੇਡ ਦੇ ਮੈਦਾਨ ਤੇ ਸਟੇਡੀਅਮ ਮਿਆਰੀ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਖੇਡ ਮੈਦਾਨਾਂ ਨੂੰ ਬਿਹਤਰ ਬਣਾਉਣਾ ਪੰਜਾਬ ਸਰਕਾਰ ਦੀ ਮੁਢਲੀ ਤਰਜੀਹ ਹੈ, ਇਸ ਲਈ ਸਾਰੇ ਸਬੰਧਤ ਅਧਿਕਾਰੀ ਤੁਰੰਤ ਕੰਮ ਵਿੱਚ ਜੁਟ ਜਾਣ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਖੇਡ ਮੈਦਾਨਾਂ ਲਈ ਸੋਲਰ ਲਾਈਟਾਂ ਪ੍ਰਦਾਨ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਅਕਸਰ ਖੇਡ ਸਥਾਨਾਂ ਦੀ ਉਚਿਤ ਸਾਂਭ ਸੰਭਾਲ ਨਹੀ ਕੀਤੀ ਜਾ ਰਹੀ ਜਿਸ ਨਾਲ ਖਿਡਾਰੀਆਂ ਅਤੇ ਬੱਚਿਆਂ ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ। ਉਹਨਾਂ ਖੇਡ ਅਧਿਕਾਰੀਆਂ ਨੂੰ ਤਾੜਨਾ ਕੀਤੀ ਖੇਡ ਮੈਦਾਨਾਂ ਦੀ ਰੋਜ਼ਾਨਾ ਨਿਗਰਾਨੀ ਕਰਕੇ ਢਿੱਲ-ਮੱਠ ਤੇ ਊਣਤਾਈਆਂ ਦੂਰ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਾਰੇ ਖੇਡ ਸਟੇਡੀਅਮਜ਼ ਦੀ ਸਾਫ ਸਫਾਈ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਫ ਸਫਾਈ 'ਚ ਖਾਮੀ ਖਿਡਾਰੀਆਂ ਦੀ ਸਿਹਤ ਉਪਰ ਹੀ ਨਹੀ ਸਗੋਂ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਵੀ ਪ੍ਰਭਾਵ ਪਾਉਂਦੀ ਹੈ। ਉਹਨਾਂ ਸਖ਼ਤੀ ਨਾਲ ਕਿਹਾ ਕਿ ਖੇਡ ਮੈਦਾਨਾਂ ਅਤੇ ਸਟੇਡੀਅਮਜ਼ ਵਿੱਚ ਸਫਾਈ ਵਿੱਚ ਕੋਈ ਕਮੀ ਨਾ ਰਹਿ ਜਾਵੇ ਤੇ ਜੇਕਰ ਕੋਈ ਖਾਮੀ ਸਾਹਮਣੇ ਆਈ ਤਾਂ ਸਬੰਧਤ ਅਧਿਕਾਰੀ ਇਸ ਲਈ ਖ਼ੁਦ ਜ਼ਿੰਮੇਵਾਰ ਹੋਣਗੇ। ਡਾ: ਪ੍ਰੀਤੀ ਯਾਦਵ ਨੇ ਖੇਡਾਂ ਦੇ ਮੌਜੂਦਾ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਪੱਧਰ 'ਤੇ ਇੱਕ ਜ਼ਿਲ੍ਹਾ ਸਪੋਰਟਸ ਸੋਸਾਇਟੀ ਬਣਾਉਣ ਦਾ ਵੀ ਫੈਸਲਾ ਕੀਤਾ, ਜਿਸ ਵਿੱਚ ਏ.ਡੀ.ਸੀ ਤੇ ਐਸ.ਡੀ.ਐਮਜ ਸਮੇਤ ਜ਼ਿਲ੍ਹਾ ਖੇਡ ਅਫ਼ਸਰ ਤੇ ਕੋਚਾਂ ਸਮੇਤ ਖਿਡਾਰੀਆਂ ਨੂੰ ਵੀ ਮੈਂਬਰ ਵਜੋਂ ਸ਼ਾਮਿਲ ਕੀਤਾ ਜਾਵੇਗਾ। ਇਸ ਮੌਕੇ ਏ.ਡੀ.ਸੀਜ ਇਸ਼ਾ ਸਿੰਗਲ, ਅਮਰਿੰਦਰ ਸਿੰਘ ਟਿਵਾਣਾ, ਸਮੂਹ ਐਸ.ਡੀ.ਐਮਜ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਤੇ ਕੋਚ ਮੌਜੂਦ ਸਨ।

## ਸ਼ਹਿਰ ਵਾਸੀਆਂ ਨੂੰ ਪ੍ਰਾਪਰਟੀ ਟੈਕਸ 'ਚ ਦਿੱਤੀ ਵਿਆਜ ਮੁਆਫ਼ੀ ਸਕੀਮ ਦਾ ਲਾਭ ਲੈਣ ਦੀ ਅਪੀਲ

ਪਟਿਆਲਾ, 17 ਮਈ (ਰੁਪਾਣਾ) : ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਨੇ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਾਪਰਟੀ ਟੈਕਸ ਵਿੱਚ ਦਿੱਤੀ ਗਈ ਵਿਆਜ ਮੁਆਫ਼ੀ ਸਕੀਮ ਦਾ ਲਾਭ ਲੈਣ। ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਵੱਲੋਂ ਮਿਤੀ 15 ਮਈ 2025 ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ ਜਾਰੀ ਵਿਆਜ ਮਾਫੀ (ਵਨ ਟਾਈਮ ਸੈਟਲਮੈਂਟ) ਪਾਲਿਸੀ/ਸਕੀਮ ਦਾ ਹਵਾਲਾ ਦਿੰਦਿਆਂ ਕੁੰਦਨ ਗੋਗੀਆ ਨੇ ਕਿਹਾ ਕਿ ਇਸ ਨੋਟੀਫਿਕੇਸ਼ਨ ਤਹਿਤ ਪ੍ਰਾਪਰਟੀ ਟੈਕਸ/ਹਾਊਸ ਟੈਕਸ ਦੇ ਬਕਾਇਆਜਾਤ ਮਿਤੀ 31 ਜੁਲਾਈ 2025 ਤੱਕ ਇੱਕਮੁਸ਼ਤ ਭਰਨ ਉਤੇ ਵਿਆਜ ਅਤੇ ਪਨੈਲਟੀ ਤੋਂ ਪੂਰਨ ਤੌਰ ਉਤੇ ਛੋਟ ਦਿੱਤੀ ਗਈ ਹੈ। ਉਨ੍ਹਾਂ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੌਕੇ ਦਾ ਲਾਭ ਲੈਣ ਅਤੇ ਆਪਣੇ ਪ੍ਰਾਪਰਟੀ ਟੈਕਸ/ਹਾਊਸ ਟੈਕਸ ਦੇ ਬਕਾਇਆਜਾਤ ਤੁਰੰਤ ਨਗਰ ਨਿਗਮ, ਪਟਿਆਲਾ ਵਿਖੇ ਇੱਕਮੁਸ਼ਤ ਜਮ੍ਹਾਂ ਕਰਵਾ ਕੇ ਸਰਕਾਰ ਵੱਲੋਂ ਦਿੱਤੀ ਗਈ ਵਿਆਜ ਮਾਫੀ ਸਕੀਮ ਦਾ ਭਰਪੂਰ ਫਾਇਦਾ ਉਠਾਉਣ।

## ਚੇਅਰਮੈਨ ਜੱਸੀ ਸੋਹੀਆਂ ਵਾਲਾ ਵੱਲੋਂ ਵਿਕਾਸ ਕਾਰਜਾਂ ਨੂੰ ਲੈ ਕੇ ਜ਼ਿਲ੍ਹੇ ਦੇ ਬਲਾਕ ਪੱਧਰੀ ਪੰਚਾਇਤ ਅਧਿਕਾਰੀਆਂ ਨਾਲ ਮੀਟਿੰਗ

### ☛ਪਿੰਡਾਂ 'ਚ ਵਿਕਾਸ ਦੇ ਚੱਲ ਰਹੇ ਕੰਮਾਂ ਦੀ ਕੀਤੀ ਸਮੀਖਿਆ

ਪਟਿਆਲਾ, 17 ਮਈ (ਰੁਪਾਣਾ/ਵਿਨੋਦ ਸ਼ਰਮਾ) : ਜ਼ਿਲ੍ਹਾ ਯੋਜਨਾ ਕਮੇਟੀ ਦਫ਼ਤਰ ਪਟਿਆਲਾ ਵਿਖੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਵਿਕਾਸ ਕਾਰਜਾਂ ਨੂੰ ਲੈ ਕੇ ਜ਼ਿਲ੍ਹੇ ਵਿੱਚ ਪੈਂਦੇ ਬਲਾਕ ਨਾਭਾ, ਪਟਿਆਲਾ, ਪਟਿਆਲਾ ਦਿਹਾਤੀ, ਸਮਾਣਾ, ਪਾਤੜਾਂ, ਘਨੌਰ, ਸ਼ੰਭੂ, ਰਾਜਪੁਰਾ, ਸਨੌਰ ਤੇ ਭੁਨਰਹੇੜੀ ਬਲਾਕਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੇ ਕੰਮਾਂ ਦੀ ਸਮੀਖਿਆ ਕੀਤੀ ਗਈ। ਬੈਠਕ ਮੌਕੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੇ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੇ ਕੰਮਾਂ ਬਾਰੇ ਉਨ੍ਹਾਂ ਨੂੰ ਜਾਣੂੰ ਕਰਵਾਇਆ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਮੂਹ ਬੀ.ਡੀ.ਪੀ.ਓਜ਼ ਅਤੇ ਹੋਰ ਅਧਿਕਾਰੀਆਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਨੂੰ ਸਮੇਂ ਸਿਰ ਅਤੇ ਸਹੀ ਤਰੀਕੇ ਨਾਲ ਪੂਰਾ ਕਰਨ ਦੀ ਹਦਾਇਤ ਕੀਤੀ ਤਾਂ ਜੋ



ਆਮ ਲੋਕਾਂ ਨੂੰ ਇਨ੍ਹਾਂ ਵਿਕਾਸ ਕੰਮਾਂ ਦਾ ਲਾਭ ਮਿਲ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਪਟਿਆਲਾ ਜ਼ਿਲ੍ਹੇ ਅਧੀਨ ਚੱਲ ਰਹੀਆਂ ਭਲਾਈ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪ੍ਰਚਾਰ-ਪ੍ਰਸਾਰ ਕੀਤਾ ਜਾਵੇ ਤਾਂ ਜੋ ਲੋਕ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਪਿੰਡਾਂ ਵਿੱਚ ਬਣਾਏ ਜਾਣ ਵਾਲੇ ਖੇਡ ਗਰਾਊਂਡ, ਪਾਰਕ, ਜਿੰਮ ਆਦਿ ਨੂੰ ਵਧੀਆ ਢੰਗ ਨਾਲ ਬਣਾਉਣ ਲਈ ਵਿਚਾਰਾਂ ਵਟਾਂਦਰਾ ਕੀਤਾ। ਜੱਸੀ ਸੋਹੀਆਂ ਵਾਲਾ ਨੇ ਇਹ ਵੀ ਹਦਾਇਤ ਕੀਤੀ ਕਿ ਪਿੰਡਾਂ ਦੀਆਂ ਪੰਚਾਇਤਾਂ ਨੂੰ ਆਪਣੇ ਪਿੰਡ ਵਿੱਚ ਨਸ਼ਿਆਂ ਦੇ ਖਾਤਮੇ ਲਈ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਵਧ ਚੜ੍ਹਕੇ ਯੋਗਦਾਨ ਪਾਉਣ ਲਈ ਲਾਮਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਰੰਗਲਾ ਪੰਜਾਬ ਸਕੀਮ ਤਹਿਤ ਵੀ ਪਿੰਡਾਂ ਦੇ ਵਿਕਾਸ ਲਈ ਜਲਦ ਹੀ ਫੰਡ ਮੁਹੱਈਆ ਕਰਵਾਏ ਜਾਣਗੇ।

## ਵਿਧਾਇਕ ਜੌੜਾਮਾਜਰਾ ਨੇ ਮ੍ਰਿਤਕ ਚਾਲਕ ਦੇ ਪਰਿਵਾਰ ਨੂੰ ਸੌਂਪਿਆ ਦੋ ਲੱਖ ਦਾ ਚੈੱਕ



ਸਮਾਣਾ, 17 ਮਈ (ਵਿਜੇ ਕੁਮਾਰ/ਜਵੰਦਾ) : ਬੀਤੇ ਦਿਨੀ ਸਮਾਣਾ-ਪਟਿਆਲਾ ਸੜਕ 'ਤੇ ਪਿੰਡ ਨੱਸੂਪੁਰ ਨੇੜੇ ਸਕੂਲੀ ਬੱਚਿਆਂ ਨੂੰ ਲੈ ਕੇ ਜਾ ਰਹੀ ਇਨੋਵਾ ਕਾਰ ਅਤੇ ਟਿੱਪਰ ਦੀ ਟੱਕਰ 'ਚ ਸੱਤ ਬੱਚਿਆਂ ਅਤੇ ਚਾਲਕ ਦੀ ਮੌਤ ਹੋ ਗਈ ਸੀ। ਮ੍ਰਿਤਕ ਇਨੋਵਾ ਚਾਲਕ ਬਲਵਿੰਦਰ ਸਿੰਘ ਦੇ ਅੰਤਿਮ ਭੋਗ ਰਸਮ ਸ਼ੁੱਕਰਵਾਰ ਨੂੰ ਪਿੰਡ ਫਤਿਹਪੁਰ ਦੇ ਗੁਰਦੁਆਰਾ ਸਾਹਿਬ 'ਚ ਸੋਗ ਸਭਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ਼ਰਧਾਂਜਲੀ ਸਮਾਰੋਹ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸੂਬਾ ਸਰਕਾਰ ਵੱਲੋਂ ਮ੍ਰਿਤਕ ਬਲਵਿੰਦਰ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਦਾ ਚੈੱਕ ਦਿੱਤਾ। ਵਿਧਾਇਕ ਨੇ ਕਿਹਾ ਕਿ ਪੀੜਤ ਪਰਿਵਾਰ ਦੀ ਹਰ ਤਰ੍ਹਾਂ ਮਦਦ ਕੀਤੀ ਜਾਵੇਗੀ। ਇਸ ਮੌਕੇ ਮੌਜੂਦਾ ਕੈਬਨਿਟ ਮੰਤਰੀ ਨੇ ਮ੍ਰਿਤਕ ਚਾਲਕ ਦੇ ਤਿੰਨਾਂ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਐਲਾਨ ਕੀਤਾ। ਸਮਾਜ ਸੇਵੀ ਦੇਵਕੀ ਨੰਦਨ ਸਿੰਗਲਾ ਨੇ ਵੀ ਦਾਨੀ ਸੱਜਣਾਂ ਤੋਂ ਪਰਿਵਾਰ ਦੀ ਆਰਥਿਕ ਮਦਦ ਕਰਨ ਦੀ ਅਪੀਲ ਕੀਤੀ। ਮ੍ਰਿਤਕ ਬਲਵਿੰਦਰ ਸਿੰਘ ਆਪਣੇ ਪਿੱਛੇ ਬਿਮਾਰ ਪਤਨੀ ਅਤੇ ਤਿੰਨ ਛੋਟੇ ਬੱਚੇ ਛੱਡ ਗਿਆ ਹੈ। ਪਰਿਵਾਰ 'ਚ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਮੌਕੇ ਸਾਬਕਾ ਵਿਧਾਇਕ ਰਜਿੰਦਰ ਸਿੰਘ, ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਭਾਜਪਾ ਨੇਤਾ ਸੁਰਿੰਦਰ ਖੇੜਕੀ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ ਆਦਿ ਵੀ ਮੌਜੂਦ ਰਹੇ।

## ਦਸਮੇਸ਼ ਸਕੂਲ ਦੀ ਵਿਦਿਆਰਥਣ ਨੇ ਕੀਤਾ ਸਕੂਲ ਤੇ ਮਾਪਿਆਂ ਦਾ ਨਾਮ ਰੋਸ਼ਨ

ਘਨੌਰ, 17 ਮਈ (ਮਦਨ ਲਾਲ) : ਦਸਮੇਸ਼ ਸਕੂਲ ਘਨੌਰ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ +2 ਵਿੱਚੋਂ 90.2% ਨੰਬਰ ਲੈ ਕੇ ਫਸਟ ਡਿਵੀਜ਼ਨ ਹਾਸਲ ਕਰਦਿਆਂ ਆਪਣੇ ਮਾਪਿਆਂ ਦਾ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ ਇਸ ਦੌਰਾਨ ਸਿਮਰਨਜੀਤ ਕੌਰ ਦੇ ਪਿਤਾ ਪਰਮਿੰਦਰ ਸਿੰਘ ਪੰਮਾ ਨੇ ਆਪਣੀ ਬੇਟੀ 'ਤੇ ਮਾਣ ਕਰਦਿਆਂ ਕਿਹਾ ਕਿ ਮੇਰੀ ਬੇਟੀ ਨੇ ਆਪਣੇ ਸਕੂਲ ਵਿੱਚ +2 ਦੀ ਜਮਾਤ ਵਿੱਚੋਂ 90.2% ਨੰਬਰ ਲੈ ਕੇ ਮੇਰਾ ਅਤੇ ਆਪਣੇ ਸਕੂਲ਼ ਦਾ ਮਾਣ ਵਧਾਇਆ ਹੈ ਮੇਰਾ ਸਿਰ ਗਰਵ ਨਾਲ ਉਚਾ ਹੋ ਗਿਆ ਹੈ ਮੈਂ ਆਪਣੀ ਧੀ ਦੀ ਹਰ ਖਵਾਹਿਸ਼ ਪੂਰੀ ਕਰਾਂਗਾ ਉਹ ਜਿੱਥੇ ਤੱਕ ਪੜਨਾ ਚਾਹੇ ਮੈਂ ਪੜਾਵਾਂਗਾ ਉਸ ਨੂੰ ਉੱਚੇ ਤੋਂ ਉੱਚੇ ਅਹੁਦੇ ਤੱਕ ਪਹੁੰਚਾਵਾਂਗਾ। ਇਸ ਮੌਕੇ ਦਸਮੇਸ਼ ਸਕੂਲ਼ ਦੇ ਡਾਇਰੈਕਟਰ ਸਰਬਜੀਤ ਸਿੰਘ ਨੇ ਆਪਣੇ ਸਕੂਲ਼ ਦੇ ਨਤੀਜਿਆਂ ਬਾਰੇ ਦੱਸਦਿਆਂ ਕਿਹਾ ਕਿ ਦਸਮੇਸ਼ ਸਕੂਲ਼ ਘਨੌਰ +2 ਦੀ ਜਮਾਤ ਦਾ ਨਤੀਜਾ



ਬਹੁਤ ਹੀ ਸ਼ਾਨਦਾਰ ਰਿਹਾ ਹੈ। ਸਾਡੇ ਸਕੂਲ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ +2 ਦੀ ਜਮਾਤ ਵਿੱਚੋਂ 90.2% ਨੰਬਰ ਲੈ ਕੇ ਸਾਡੇ ਸਕੂਲ ਦਾ ਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ ਅੱਜ ਕੱਲ ਧੀਆਂ ਅਤੇ ਪੁੱਤਰਾਂ ਵਿੱਚ ਕੋਈ ਫਰਕ ਨਹੀਂ ਅਤੇ ਨਾ ਹੀ ਸਾਨੂੰ ਸਮਝਣਾ ਚਾਹੀਦਾ ਹੈ ਧੀਆਂ ਤਾਂ ਪੁੱਤਰਾਂ ਨਾਲੋਂ ਬਹੁਤ ਅੱਗੇ ਵਧ ਗਈਆਂ ਹਨ। ਇਹ ਹਰ ਖੇਤਰ ਵਿੱਚ ਜਿਵੇਂ ਕਿ ਪੰਜਾਬ ਪੁਲਿਸ, ਫੌਜ, ਡਾਕਟਰੀ, ਇੰਜੀਨੀਅਰ ਅਤੇ ਹੋਰ ਵੀ ਸਾਰੇ ਖੇਤਰਾਂ ਵਿੱਚ ਧੀਆਂ ਮੱਲਾਂ ਮਾਰ ਰਹੀਆਂ ਹਨ ਸਾਨੂੰ ਧੀਆਂ 'ਤੇ ਬਹੁਤ ਮਾਣ ਹੈ।

## ਪਟਿਆਲਾ ਵਿਖੇ 24 ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਪਟਿਆਲਾ, 17 ਮਈ (ਵਿਨੋਦ ਸ਼ਰਮਾ) : ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ -ਕਮ- ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫ਼ੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਨਾਲ ਸਬੰਧਤ ਕੇਸਾਂ ਲਈ ਕੌਮੀ ਲੋਕ ਅਦਾਲਤ ਦਾ ਆਯੋਜਨ ਮਿਤੀ 24 ਮਈ ਨੂੰ ਜ਼ਿਲ੍ਹਾ ਪਟਿਆਲਾ ਵਿੱਚ ਕੀਤਾ ਜਾਵੇਗਾ। ਇਸ ਮੰਤਵ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ।

## ਦਯਾਨੰਦ ਮਾਡਲ ਹਾਈ ਸਕੂਲ ਦਾ ਨਤੀਜਾ 100 ਫ਼ੀਸਦੀ ਰਿਹਾ



ਸਮਾਣਾ, 17 ਮਈ (ਵਿਜੇ ਕੁਮਾਰ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਦਯਾਨੰਦ ਮਾਡਲ ਹਾਈ ਸਕੂਲ ਦਾ ਨਤੀਜਾ 100% ਰਿਹਾ । ਸਕੂਲ ਕਮੇਟੀ ਪ੍ਰਧਾਨ ਯਸਪਾਲ ਸਿੰਗਲਾ ਅਤੇ ਪ੍ਰਿੰਸੀਪਲ ਅੰਜੂ ਡੌਂਬਲਾ ਨੇ ਦੱਸਿਆ ਕਿ ਸਕੂਲ ਦੇ 70 ਵਿਦਿਆਰਥੀਆਂ ਨੇ ਦਸਵੀਂ ਦੀ ਬੋਰਡ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ 12 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਲ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ। ਇਨ੍ਹਾਂ ਵਿੱਚੋਂ ਵਿਦਿਆਰਥਣ ਜਸਨੂਰ ਕੌਰ ਨੇ 650 ਵਿੱਚੋਂ 618 ਅੰਕ (95%) ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਇਸੇ ਤਰ੍ਹਾਂ ਨਮਨਜੋਤ 604 (93%), ਰਵਨੀਤ ਕੌਰ 601 (92%), ਜਸਦੀਪ ਕੌਰ 599 (92%),ਪੁਸਪਿੰਦਰ ਕੌਰ 599 (92%),ਹਰਮਨਜੋਤ ਕੌਰ 592 (91%), ਧਵਜਾ ਰਾਣੀ 589 (91%), ਸਨੇਹਾ ਰਾਣੀ 588 (90%),ਹਰਸਦੀਪ 587 (90%), ਟਵਿੰਕਲ ਰਾਣੀ 584 (90%), ਰਵਨੀਤ ਕੌਰ 583 (90%), ਕਸ਼ਿਸ਼ ਰਾਣੀ 583 (90%) ਅੰਕ ਹਾਸਲ ਕੀਤੇ। ਇਸ ਮੌਕੇ ਨਰਾਇਣ ਦਾਸ, ਰਜਿੰਦਰ ਗੁਪਤਾ, ਅਤੇ ਵਿਦਿਆਰਥੀਆਂ ਦੇ ਮਾਪੇ ਵੀ ਮੌਜੂਦ ਸਨ।

## ਕੁਲਾਰਾਂ ਦੀ ਨਰਿੰਦਰ ਪਾਲ ਕੌਰ ਦਾ ਬਾਰ੍ਹਵੀਂ ਦੀ ਮੈਰਿਟ 'ਚ ਆਉਣ 'ਤੇ ਡੀ.ਸੀ. ਵੱਲੋਂ ਸਨਮਾਨ

ਸਮਾਣਾ, 17 ਮਈ (ਸੁਖਜਿੰਦਰ ਸਿੰਘ ਕੁਲਾਰਾਂ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਪਿੰਡ ਕੁਲਾਰਾਂ ਦੀ ਵਿਦਿਆਰਥਣ ਨਰਿੰਦਰ ਪਾਲ ਕੌਰ ਪੁੱਤਰੀ ਹਰਜੀਤ ਸਿੰਘ ਨੇ ਮੈਰਿਟ ਸੂਚੀ ਵਿੱਚੋਂ ਦਸਵਾਂ ਰੈਂਕ ਪ੍ਰਾਪਤ ਕੀਤਾ ਅਤੇ ਜ਼ਿਲ੍ਹੇ ਵਿੱਚੋਂ ਦੂਸਰਾ ਅਤੇ ਸਮਾਣਾ ਤਹਿਸੀਲ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ, ਜਿਸ ਸਬੰਧ ਵਿੱਚ ਡੀ.ਸੀ. ਡਾ.ਪ੍ਰੀਤੀ ਯਾਦਵ ਵੱਲੋਂ ਨਰਿੰਦਰ ਪਾਲ ਕੌਰ ਦਾ ਸਨਮਾਨ ਕੀਤਾ ਗਿਆ ਅਤੇ ਉਸ ਨੂੰ ਭਵਿੱਖ ਵਿੱਚ ਇੱਕ ਚੰਗਾ ਅਫਸਰ ਬਣਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁਲਾਰਾਂ ਦੀ ਵਿਦਿਆਰਥਣ ਨਰਿੰਦਰ ਪਾਲ ਕੌਰ ਦੇ ਮੈਰਿਟ ਵਿੱਚ ਆਉਣ ਤੇ ਪੂਰੇ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਹੈ। ਇਸ ਨਾਲ ਨਗਰ ਨਿਵਾਸੀਆਂ, ਸਕੂਲ, ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਹੋਇਆ ਹੈ। ਨਰਿੰਦਰ ਪਾਲ ਕੌਰ ਨੂੰ ਡੀ.ਸੀ.ਡਾ. ਪ੍ਰੀਤੀ ਯਾਦਵ ਵੱਲੋਂ ਸਨਮਾਨਿਤ ਕਰਨ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁਲਾਰਾਂ ਦੇ ਪੰਜਾਬੀ ਲੈਕਚਰਾਰ ਹਰਵਿੰਦਰ ਪਾਲ ਸਿੰਘ ਹਾਜ਼ਰ ਸਨ।



## ਸ਼ਫਰ-ਏ-ਫ਼ਖ਼ਰ ਦੇ ਪ੍ਰੋਗਰਾਮ ਅਧੀਨ ਲੇਖਕਾਂ ਨਾਲ ਗੁਫ਼ਤਗੂ



ਪਟਿਆਲਾ, 17 ਮਈ (ਚ.ਨ.ਸ.) : ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ 150 ਸਾਲਾਂ ਸਫ਼ਰ-ਏ-ਫ਼ਕਰ ਦੇ ਪ੍ਰੋਗਰਾਮਾਂ ਦੀ ਲੜੀ ਤਹਿਤ ਕਾਲਜ ਦੇ ਸਭਾ ਭਵਨ ਵਿਖੇ 'ਲੇਖਕਾਂ ਨਾਲ ਗੁਫ਼ਤਗੂ' ਪ੍ਰੋਗਰਾਮ ਦੌਰਾਨ ਨੀਲ ਗਗਨ ਪੁਰੀ ਦੀ ਪੁਸਤਕ 'ਦ ਪਟਿਆਲਾ ਕੁਆਰਟੈਟ ਐਂਡ ਦੀ ਰੀਮੈਂਬਰ ਟੂ ਫਾਰਗੇਟ' ਅਤੇ ਸੰਤੋਖ ਕੇ ਸਿੰਘ ਦੀ ਪੁਸਤਕ ਰੀਮੈਂਬਰਿੰਗ ਇੰਡੀਆਸ ਵਿਲੇਜਸ ਐਂਡ ਦ ਡੇਰਾਜ਼: ਕਲਚਰ, ਡਾਈਵਰਸਿਟੀ ਐਂਡ ਪੋਲੀਟਿਕਸ ਤੇ ਢੁਕਵੀਂ ਚਰਚਾ ਕੀਤੀ ਗਈ। ਡਾ. ਮੁਹੰਮਦ ਸੁਹੇਲ ਢਿੱਲੋਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਪੁਸਤਕਾਂ ਦੇ ਵਿਸ਼ਿਆਂ ਬਾਰੇ ਕਾਵਿਕ ਪ੍ਰਤੀਕਿਰਿਆ ਦਿੱਤੀ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੈਡਮ ਪ੍ਰਿੰਸੀਪਲ ਡਾ. ਮਨਿੰਦਰ ਕੌਰ ਸਿੱਧੂ ਅਤੇ ਕਾਲਜ ਕੌਂਸਲ ਮੈਂਬਰ ਸਾਹਿਬਾਨ ਨੇ ਆਏ ਮਹਿਮਾਨ ਲੇਖਕਾਂ ਨੂੰ ਸਨਮਾਨ ਚਿੰਨ੍ਹ ਦਿੰਦਿਆਂ ਨਿੱਘਾ ਸਵਾਗਤ ਕੀਤਾ। ਡਾ. ਨੀਲ ਗਗਨ ਪੁਰੀ ਦੀ ਪੁਸਤਕ ਪਟਿਆਲਾ ਸ਼ਹਿਰ ਦੇ ਹਵਾਲੇ ਨਾਲ ਪੰਜਾਬ ਦੇ ਸ਼ਹਿਰਾਂ ਅਤੇ ਸ਼ਹਿਰੀ ਜੀਵਨ ਬਾਰੇ ਗੱਲ ਕਰਦੀ ਹੈ ਅਤੇ ਦੂਜੇ ਪਾਸੇ ਡਾ. ਸੰਤੋਖ ਕੇ ਸਿੰਘ ਦੀ ਪੁਸਤਕ ਹਿੰਦੋਸਤਾਨ ਦੇ ਡੇਰਿਆਂ ਦੇ ਹਵਾਲੇ ਨਾਲ ਸੱਭਿਆਚਾਰ, ਵਿਭਿੰਨਤਾ ਅਤੇ ਰਾਜਨੀਤੀ ਕੇਂਦਰ ਵਿਚ ਰੱਖਦੀ ਹੈ। ਦੋਵੇਂ ਹੀ ਲੇਖਕਾਂ ਨੇ ਆਪਣੀਆਂ-ਆਪਣੀਆਂ ਪੁਸਤਕਾਂ ਦੇ ਹੋਂਦ ਵਿਚ ਆਉਣ ਅਤੇ ਆਪਣੇ ਜੀਵਨ ਅਨੁਭਵ ਸਾਂਝੇ ਕਰਦਿਆਂ ਭਾਰਤ ਅਤੇ ਪੰਜਾਬ ਦੇ ਡੇਰਿਆਂ ਦੇ ਹਵਾਲੇ ਨਾਲ ਜਾਤੀਗਤ ਪ੍ਰਣਾਲੀ ਅਤੇ ਹਾਸ਼ੀਆਗਤ ਸਮੂਹਾਂ ਬਾਰੇ ਢੁਕਵੀਂ ਚਰਚਾ ਕੀਤੀ। ਪ੍ਰੋਗਰਾਮ ਦੇ ਅੰਤ ਵਿਚ ਅੰਗਰੇਜ਼ੀ ਵਿਭਾਗ ਦੇ ਮੁਖੀ ਮੈਡਮ ਡਾ. ਲਵਨੀਨ ਪਰਮਾਰ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕਰ ਰਹੀਆਂ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਕੌਂਸਲ ਦੇ ਮੈਂਬਰਜ, ਨੇੜਲੇ ਕਾਲਜਾਂ ਦੇ ਵਿਦਿਆਰਥੀ ਅਤੇ ਪ੍ਰੋਫੈਸਰ, ਸਾਬਕਾ ਵਿਦਿਆਰਥੀ, ਕਾਲਜ ਫੈਕਲਟੀ ਅਤੇ ਵਿਦਿਆਰਥੀ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

## ਮਹਿਕਪ੍ਰੀਤ ਕੌਰ ਨੇ 97.69 ਫ਼ੀਸਦੀ ਅੰਕ ਹਾਸਲ ਕਰਕੇ ਮਾੜੂ ਸਕੂਲ ਦਾ ਨਾਮ ਕੀਤਾ ਰੌਸ਼ਨ

ਪਟਿਆਲਾ, 17 ਮਈ (ਚ.ਨ.ਸ.) : ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਦਸਵੀਂ ਕਲਾਸ ਦਾ ਨਤੀਜਾ ਐਲਾਨਿਆ, ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੂ (ਪਟਿਆਲਾ) ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਪੁੱਤਰੀ ਸ੍ਰੀ ਪਵਨ ਕੁਮਾਰ ਨੇ 635/650 (97.69) ਫੀਸਦੀ ਅੰਕ ਹਾਸਲ ਕਰਕੇ ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਮਹਿਕਪ੍ਰੀਤ ਕੌਰ ਨੇ ਆਪਣੀ



ਇਸ ਪ੍ਰਾਪਤੀ ਦਾ ਸਿਹਰਾ ਸਮੂਹ ਸਕੂਲ ਸਟਾਫ ਅਤੇ ਆਪਣੇ ਮਾਤਾ-ਪਿਤਾ ਨੂੰ ਦਿੱਤਾ। ਸਕੂਲ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਅਤੇ ਸਮੂਹ ਸਟਾਫ ਨੇ ਮਹਿਕਪ੍ਰੀਤ ਕੌਰ ਦਾ ਮੂੰਹ ਮਿੱਠਾ ਕਰਵਾਇਆ।

## ਸਕੂਲ ਬੱਚਿਆਂ ਲਈ ਸੁਰੱਖਿਅਤ ਆਵਾਜਾਈ ਸਹੂਲਤ ਪ੍ਰਦਾਨ ਕਰਨ ਦੇ ਮਾਮਲੇ 'ਚ ਆਪਣੀ ਜ਼ਿੰਮੇਵਾਰੀ ਤੋਂ ਨਾ ਭੱਜਣ : ਡੀ.ਸੀ.

ਪਟਿਆਲਾ, 17 ਮਈ (ਗੁਰਮੁੱਖ ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਹੈ ਕਿ ਸਕੂਲ ਜਾਂਦੇ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਦੇ ਮਾਮਲੇ ਵਿੱਚ ਸਕੂਲਾਂ, ਮਾਪਿਆਂ, ਟਰਾਂਸਪੋਰਟ ਜਾਂ ਕਿਸੇ ਵਿਭਾਗੀ ਪੱਧਰ 'ਤੇ ਹੋਈ ਕੋਈ ਵੀ ਕੁਤਾਹੀ, ਬਖ਼ਸ਼ਣਯੋਗ ਨਹੀਂ ਹੋਵੇਗੀ। ਸੇਫ਼ ਸਕੂਲ ਵਾਹਨ ਸਬੰਧੀ ਇਕ ਮੀਟਿੰਗ ਕਰਦਿਆਂ ਕਿਹਾ ਕਿ ਸਕੂਲ, ਮਾਪਿਆਂ, ਟਰਾਂਸਪੋਰਟ ਜਾਂ ਕਿਸੇ ਵੀ ਵਿਭਾਗ ਵਿੱਚੋਂ ਕਿਸੇ ਇੱਕ ਦੀ ਛੋਟੀ ਜਿਹੀ ਗ਼ਲਤੀ ਵੀ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀ ਹੈ, ਇਸ ਲਈ ਕੋਈ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਕੋਸ਼ਿਸ਼ ਨਾ ਕਰੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਬੀਤੇ ਦਿਨੀਂ ਸਮਾਣਾ ਦੇ ਬੱਚਿਆਂ ਨਾਲ ਵਾਪਰਿਆ ਭਿਆਨਕ ਹਾਦਸਾ ਟਾਲਿਆ ਜਾ ਸਕਦਾ ਸੀ, ਪ੍ਰੰਤੂ ਅਜਿਹੀ ਕੁਤਾਹੀ ਭਵਿੱਖ ਵਿੱਚ ਨਹੀਂ ਹੋਣ ਦਿੱਤੀ ਜਾ ਸਕਦੀ, ਇਸ ਲਈ ਸਾਰੇ ਨਿਜੀ ਸਕੂਲ, ਟਰਾਂਸਪੋਰਟ ਦੇ ਪ੍ਰਬੰਧਾਂ ਲਈ ਮਾਪਿਆਂ ਜਿੰਨੇ ਹੀ ਜਿੰਮੇਵਾਰ ਹੋਣਗੇ। ਇਸ ਤੋਂ ਬਿਨ੍ਹਾਂ ਪੁਲਿਸ, ਟਰਾਂਸਪੋਰਟ, ਸਿੱਖਿਆ ਤੇ ਬਾਲ ਸੁਰੱਖਿਆ ਵਿਭਾਗਾਂ ਵੱਲੋਂ ਆਪਣੀ ਚੈਕਿੰਗ ਹੋਰ ਤੇਜ਼ ਕੀਤੀ ਜਾਵੇਗੀ, ਤਾਂ ਜੋ ਕੋਈ ਵੀ ਸਕੂਲ ਵਾਹਨ ਬੱਚਿਆਂ ਦੀ ਜਿੰਦਗੀ ਨਾਲ ਖਿਲਵਾੜ ਨਾ ਕਰ ਸਕੇ। ਡਿਪਟੀ ਕਮਿਸ਼ਨਰ ਨੇ ਸਖ਼ਤੀ ਨਾਲ ਆਖਿਆ ਕਿ ਜੇਕਰ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਦੇ ਮਾਮਲੇ ਜੇਕਰ ਕਿਸੇ ਵੀ ਧਿਰ ਦੀ ਕੋਈ ਨਿੱਕੀ ਜਿਹੀ ਕੁਤਾਹੀ ਵੀ ਸਾਹਮਣੇ ਆਈ ਤਾਂ ਉਹ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਡਾ. ਪ੍ਰੀਤੀ ਯਾਦਵ ਨੇ ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਜਿੰਦਗੀ ਸੁਰੱਖਿਅਤ ਵਾਹਨਾਂ ਵਿੱਚ ਹੀ ਸੁਰੱਖਿਅਤ ਸਮਝਣ ਅਤੇ ਇਸ ਸਬੰਧੀ ਪੂਰਾ ਸਹਿਯੋਗ ਕਰਨ ਤਾਂ ਕਿ ਉਨ੍ਹਾਂ ਦੇ ਬੱਚੇ ਸਕੂਲਾਂ ਵਿੱਚ ਸੁਰੱਖਿਅਤ ਢੰਗ ਨਾਲ ਆ ਤੇ ਜਾ ਸਕਣ। ਉਨ੍ਹਾਂ ਦੇ ਨਾਲ ਏ.ਡੀ.ਸੀ. ਇਸ਼ਾ ਸਿੰਗਲ, ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਤੇ ਹੋਰ ਸਬੰਧਤ ਅਧਿਕਾਰੀ ਤੇ ਪਤਵੰਤੇ ਮੌਜੂਦ ਸਨ।

## ਦਸਵੀਂ 'ਚ ਸਰਬਜੀਤ ਕੌਰ ਵੱਲੋਂ 96.62 ਫ਼ੀਸਦੀ ਅੰਕ ਹਾਸਲ ਕਰਨ 'ਤੇ ਸਨਮਾਨ

ਪਟਿਆਲਾ, 17 ਮਈ (ਚ.ਨ.ਸ.) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚ ਵਿਦਿਆਰਥਣ ਸਰਬਜੀਤ ਕੌਰ ਵੱਲੋਂ 96.62 ਫੀਸਦੀ ਅੰਕ ਹਾਸਲ ਕਰਨ 'ਤੇ ਭਗਤ ਰਵਿਦਾਸ ਕਮੇਟੀ ਪਿੰਡ ਅਲੀਪੁਰ ਅਰਾਈਆਂ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਇੰਜ: ਲਖਵਿੰਦਰ ਸਿੰਘ, ਗੁਰਜੰਟ ਸਿੰਘ ਅਤੇ ਹੋਰ ਸੁਸਾਇਟੀ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ। ਇਸ ਸ਼ਾਨਦਾਰ ਨਤੀਜੇ 'ਤੇ ਸੁਸਾਇਟੀ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਸਰਬਜੀਤ ਕੌਰ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ।



## 'ਨਸ਼ਾ ਮੁਕਤੀ ਯਾਤਰਾ' ਨਸ਼ਾ ਮੁਕਤ ਪੰਜਾਬ ਦਾ ਸੁਪਨਾ ਪੂਰਾ ਕਰੇਗੀ : ਹਰਜਸ਼ਨ ਪਠਾਣਮਾਜਰਾ

ਸਨੌਰ, 17 ਮਈ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਦੇ ਪਿੰਡਾਂ 'ਚ ਸ਼ੁਰੂ ਹੋਈ ਅੱਜ ਨਸ਼ਾ ਮੁਕਤੀ ਯਾਤਰਾ 'ਚ ਸ਼ਮੂਲੀਅਤ ਕਰਦਿਆਂ ਹਰਜਸ਼ਨ ਪਠਾਣਮਾਜਰਾ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਪੂਰਾ ਕਰੇਗੀ। ਪਿੰਡ ਫਰੀਦਪੁਰ, ਟੌਰਾ ਤੇ ਸਲੇਮਪੁਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਉੜਤਾ ਪੰਜਾਬ ਤੋਂ ਬਦਲਦਾ ਪੰਜਾਬ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ ਤੇ ਬਹੁਤ ਜਲਦ ਸੂਬਾ ਰੰਗਲੇ ਪੰਜਾਬ ਨਾਲ ਜਾਣਿਆ ਜਾਣ



ਲੱਗੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲੈਂਸ ਦੀ ਨੀਤੀ ਅਪਣਾਈ ਹੈ ਜਿਸ ਸਦਕਾ ਨਸ਼ਾ ਤਸਕਰਾਂ ਖ਼ਿਲਾਫ਼ ਵੱਡੀਆਂ ਕਾਰਵਾਈਆਂ ਵੀ ਦੇਖਣ ਨੂੰ ਮਿਲੀਆਂ ਹਨ। ਉਨ੍ਹਾਂ ਪਿੰਡ ਵਾਸੀਆਂ ਨੂੰ ਇਸ ਮੁਹਿੰਮ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਪੂਰਨ ਤੌਰ 'ਤੇ ਖਾਤਮੇ ਲਈ ਜ਼ਰੂਰੀ ਹੈ ਕਿ ਇਸ ਮੁਹਿੰਮ ਨੂੰ ਜਨ ਅੰਦੋਲਨ ਬਣਾਇਆ ਜਾਵੇ ਜੋ ਸਭ ਦੇ ਸਹਿਯੋਗ ਨਾਲ ਸੰਭਵ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪਿੰਡ ਵਿੱਚ ਨਸ਼ਾ ਵੇਚਣ ਆਉਂਦਾ ਹੈ, ਤਾਂ ਉਸ ਦੀ ਸੂਚਨਾ ਪੁਲਿਸ ਜਾਂ ਵਿਲੇਜ਼ ਲੈਵਲ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਦੇ ਸਕਦੇ ਹੋ ਅਤੇ ਜੇਕਰ ਕੋਈ ਪਿੰਡ ਦਾ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ ਉਸ ਨੂੰ ਪ੍ਰੇਰਿਤ ਕਰਕੇ ਨਸ਼ਾ ਛਡਾਊ ਕੇਂਦਰ 'ਚ ਇਲਾਜ ਲਈ ਭੇਜਿਆ ਜਾਵੇ।

## ਸਿਹਤ ਕੇਂਦਰ ਦੂਧਨਸਾਧਾਂ ਵਿਖੇ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ



ਦੇਵੀਗੜ੍ਹ ,17 ਮਈ (ਗੁਰਜੀਤ ਸਿੰਘ ਢੋਟ) : ਡਾ ਜਗਪਾਲਇੰਦਰ ਸਿੰਘ ਸਿਵਲ ਸਰਜਨ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ. ਜੈਦੀਪ ਭਾਟੀਆ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਸਮੂਹਿਕ ਸਿਹਤ ਕੇਂਦਰ ਦੂਧਨਸਾਧਾਂ ਵਿਖੇ 'ਵਿਸ਼ਵ ਹਾਈਪਰਟੈਂਸ਼ਨ ਦਿਵਸ' ਮਨਾਇਆ ਗਿਆ। ਇਸ ਮੌਕੇ 'ਤੇ ਡਾ ਅਨੁਜ ਬਾਂਸਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੇਸ਼ ਵਿਚ ਚਾਰ ਵਿਅਕਤੀਆ ਵਿੱਚੋ ਇਕ ਵਿਅਕਤੀ ਹਾਈਪਰਟੈਂਸ਼ਨ ਭਾਵ ਬਲੱਡ ਪ੍ਰੈਸ਼ਰ ਦਾ ਮਰੀਜ਼ ਹੈ। ਦੇਸ਼ ਵਿਚ ਗੈਰ-ਸੰਚਾਰੀ ਰੋਗਾਂ ਨਾਲ ਹੁੰਦੀਆਂ ਕੁਲ ਮੌਤਾਂ ਵਿੱਚੋਂ ਹਾਈਪਰਟੇਂਸ਼ਨ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ। ਗੁਰਵਿੰਦਰ ਸਿੰਘ ਬਲਾਕ ਪਸਾਰ ਸਿੱਖਿਆਕਾਰ ਨੇ ਦੱਸਿਆ ਕਿ ਹਾਈਪਰਟੈਨਸ਼ਨ ਮਨਾਉਣ ਦੀ ਸ਼ੁਰੂਆਤ ਪਹਿਲੀ ਵਾਰ ਵਿਸ਼ਵ ਹਾਈਪਰਟੈਨਸ਼ਨ ਲੀਗ ਨੇ 14 ਮਈ 2005 ਨੂੰ ਕੀਤੀ ਪਰ ਅਗਲੇ ਸਾਲ 2006 ਤੋਂ ਹਰ ਸਾਲ 17 ਮਈ ਨੂੰ ਮਨਾਉਣਾ ਸ਼ੁਰੂ ਕੀਤਾ ਗਿਆ। ਅੱਜ ਬਲਾਕ ਅਧੀਨ ਆਉਂਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਲੋਕਾਂ ਨੂੰ ਵਧਦੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਬੀ.ਪੀ ਵਧਣ ਦੀ ਦਵਾਈ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰਨੀ ਅਤੇ ਬਦਲਣੀ ਚਾਹੀਦੀ ਹੈ। ਇਸ ਮੌਕੇ ਡਾ ਅਮਨਦੀਪ ਸਿੰਘ ਸੋਹਲ, ਵਿਨੈ ਕੁਮਾਰ ਸੀਨੀਅਰ ਫਾਰਮੇਸੀ ਅਫਸਰ, ਮਨਪ੍ਰੀਤ ਸਿੰਘ, ਰੂਪਕਿਰਨ ਕੌਰ, ਸ਼ਿਵਕਾ ਸੋਢੀ ਸਾਰੇ ਫਾਰਮੇਸੀ ਅਫਸਰ, ਪੁਸ਼ਪਾ ਦੇਵੀ ਐਲ ਐਚ ਵੀ, ਲਖਵਿੰਦਰ ਸਿੰਘ ਅਤੇ ਮਰੀਜ ਮੌਜੂਦ ਸਨ।

## ਆੜ੍ਹਤੀ ਭਾਈਚਾਰੇ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਵਾਵਾਂਗੇ : ਰਾਣਾ

ਦੇਵੀਗੜ੍ਹ, 17 ਮਈ (ਗੁਰਜੀਤ ਸਿੰਘ ਢੋਟ) : ਆੜਤੀ ਐਸੋਸੀਏਸ਼ਨ ਪੰਜਾਬ ਦੇ ਨਵੇਂ ਬਣੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਦਾ ਆੜਤੀ ਐਸੋਸੀਏਸ਼ਨ ਦੇਵੀਗੜ੍ਹ, ਆੜਤੀ ਐਸੋਸੀਏਸ਼ਨ ਦੁੱਧਨਸਾਧਾਂ ਮੰਡੀ ਅਤੇ ਸ਼ੈਲਰ ਐਸੋਸੀਏਸ਼ਨ ਦੇਵੀਗੜ ਵੱਲੋਂ ਪ੍ਰਧਾਨ ਵੇਦ ਪ੍ਰਕਾਸ਼ ਗਰਗ ਅਤੇ ਪ੍ਰਧਾਨ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨਵੇਂ ਚੁਣੇ ਗਏ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਸਾਥੀਆਂ ਸਮੇਤ ਹਾਜ਼ਰੀ ਲਵਾਈ। ਇਸ ਮੌਕੇ ਨੇ ਪ੍ਰਧਾਨ ਰਾਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਸਮੁੱਚੇ ਆੜਤੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਜਿਨ੍ਹਾਂ ਨੇ ਮੈਨੂੰ ਸਰਵ ਸੰਮਤੀ ਨਾਲ ਪ੍ਰਧਾਨ ਚੁਣਿਆ ਹੈ ਤੇ ਮੇਰੇ ਉੱਤੇ ਵਿਸ਼ਵਾਸ ਕੀਤਾ ਹੈ,ਮੈਂ ਵੀ ਉਸ ਕਸੌਟੀ



'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਉਨ੍ਹਾਂ ਅੱਗੇ ਗੱਲ ਕਰਦਿਆਂ ਕਿਹਾ ਕਿ ਸਮੁੱਚੇ ਪੰਜਾਬ ਦੇ ਆੜਤੀ ਧੜੇਬੰਦੀ ਤੇ ਗਰੁੱਪ-ਬਾਜ਼ੀ ਤੋਂ ਉੱਪਰ ਉੱਠ ਕੇ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਤਾਂ ਆੜਤੀ ਵਰਗ ਦੇ ਜੋ ਲੰਬਿਤ ਪਏ ਮਸਲੇ ਹਨ ਉਹਨਾਂ ਨੂੰ ਸਰਕਾਰ ਨਾਲ ਮਿਲ ਕੇ ਹੱਲ ਕਰਵਾ ਲਿਆ ਜਾਵੇਗਾ। ਰਾਣਾ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਰਵਿੰਦਰ ਸਿੰਘ ਚੀਮਾ ਤੇ ਵਿਜੇ ਕਾਲੜਾ ਨੇ ਆੜਤੀਆਂ ਦੇ ਬਹੁਤ ਕੰਮ ਕਰਵਾਏ ਹਨ ਪਰ ਅਜੋਕੇ ਸਮੇਂ ਅੰਦਰ ਸਾਡੀ ਫੁੱਟ ਦਾ ਸਾਰੀਆਂ ਸਰਕਾਰਾਂ ਤੇ ਅਫਸਰ ਲਾਬੀ ਲਾਭ ਉਠਾਉਂਦੇ ਰਹੇ ਹਨ। ਇਸ ਲਈ ਉਹਨਾਂ ਸਭ ਆੜਤੀਆਂ ਨੂੰ ਅਪੀਲ ਕੀਤੀ ਕਿ ਮੰਡੀ ਪੱਧਰ ਤੋਂ ਪੰਜਾਬ ਤੱਕ ਇੱਕਜੁੱਟ ਹੋ ਕੇ ਇਹਨਾਂ ਮਸਲਿਆਂ ਦਾ ਹੱਲ ਹੋ ਸਕਦਾ ਹੈ। ਇਸ ਮੌਕੇ ਉਹਨਾਂ ਨਾਲ ਰਜਿੰਦਰ ਕੁਮਾਰ ਜਨਰਲ ਸਕੱਤਰ,ਦਵਿੰਦਰ ਸਿੰਘ ਬੈਦਵਾਣ ਪ੍ਰਧਾਨ ਰਾਜਪੁਰਾ ਮੰਡੀ, ਹਰੀ ਚੰਦ ਫੌਜੀ, ਦੇਵੀਗੜ ਅਨਾਜ ਮੰਡੀ ਦੇ ਪ੍ਰਧਾਨ ਵੇਦ ਪ੍ਰਕਾਸ਼ ਗਰਗ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ, ਜੀਤ ਸਿੰਘ ਮੀਰਾਂਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਦੁੱਧਨਸਾਧਾਂ, ਗੁਰਮੇਲ ਸਿੰਘ ਫਰੀਦਪੁਰ, ਗਣੇਸ਼ੀ ਲਾਲ, ਰਾਜਵਿੰਦਰ ਸਿੰਘ ਹਡਾਣਾ,ਸਵਰਨ ਸਿੰਘ ਰਨਵਾਂ,ਸਿਰੀ ਰਾਮ ਗੁਪਤਾ,ਬਿਕਰਮ ਸਿੰਘ ਫਰੀਦਪੁਰ, ਪੂਰਨ ਚੰਦ ਲਾਂਬਾ,ਜਸਪਾਲ ਸਿੰਗਲਾ,ਛਬੀਲ ਦਾਸ,ਯੋਗਰਾਜ,ਮਹੇਸ਼ ਸਿੰਗਲਾ, ਸੁਸ਼ੀਲ ਕੁਮਾਰ, ਰਿੰਕੂ ਲਾਂਬਾ, ਅਮਿਤ ਗੁਪਤਾ, ਅਰਵਿੰਦ ਮਿੱਤਲ, ਅਮਰਜੀਤ ਸਿੰਘ,ਲਾਡੀ ਸ਼ਰਮਾ, ਜਗਤਾਰ ਔਜਲਾ,ਸਾ ?ਮ ਮਹਿਤਾ, ਪਲਵਿੰਦਰ ਸਿੰਘ, ਸ਼ੈਲਰ ਐਸੋਸੀਏਸ਼ਨ ਵੱਲੋਂ ਸੰਜੇ ਸਿੰਗਲਾ, ਬਲਜਿੰਦਰ ਸਿੰਘ, ਕਰਮਜੀਤ ਸਿੰਘ, ਪਵਿੱਤਰ ਸਿੰਘ, ਸੁਖਵਿੰਦਰ ਸਿੰਘ ਬਿੰਜਲ, ਭੁਪਿੰਦਰ ਸਿੰਘ ਜੱਜ, ਪਿਊਸ਼ ਕਾਂਸਲ, ਰਾਹੁਲ ਮਹਿਤਾ ਅਤੇ ਬਾਲ ਕ੍ਰਿਸ਼ਨ ਸਿੰਗਲਾ ਦੁੱਧਨਸਾਧਾਂ ਮੰਡੀ ਤੋਂ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

### ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ



ਪਟਿਆਲਾ, 17 ਮਈ (ਰੁਪਾਣਾ/ ਅਮਰਜੀਤ) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਅੱਜ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਜਨਤਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਸ. ਬਰਸਟ ਵੱਲੋਂ ਜਲਦ ਤੋਂ ਜਲਦ ਸਮੱਸਿਆਵਾਂ ਦਾ ਹੱਲ ਕਰਵਾਉਣ ਦਾ ਭਰੋਸਾ ਦਵਾਇਆ ਗਿਆ। ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸੂਬੇ ਦੀ ਤਰੱਕੀ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੈ ਅਤੇ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੈ। ਪੰਜਾਬ ਸਰਕਾਰ ਸੂਬੇ ਦੀ ਤਰੱਕੀ ਅਤੇ ਵਿਕਾਸ ਸਮੇਤ ਸਾਰੇ ਵਰਗਾਂ ਦੀ ਭਲਾਈ ਅਤੇ ਬਿਹਤਰੀ ਲਈ ਵਚਨਬੱਧ ਹੈ, ਜਿਸਦੇ ਲਈ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਵਿਸ਼ੇਸ਼ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਜਾ ਰਹੀ ਹੈ, ਜਿਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿੰਡਾਂ ਦੀ ਤਰੱਕੀ ਅਤੇ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਸੂਬੇ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦੇ ਕਾਰਜ ਵੀ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕਰ ਦਿੱਤੇ ਗਏ ਹਨ। ਇਸ ਮੌਕੇ ਗੁਰਦੀਪ ਸਿੰਘ ਦੀਪਾ ਚੇਅਰਮੈਨ ਮਾਰਕਿਟ ਕਮੇਟੀ ਭਾਦਸੋਂ, ਪਰਗਟ ਸਿੰਘ ਸਰਪੰਚ ਢਕੜੱਬਾ, ਅਮਰੀਕ ਸਿੰਘ ਸਰਪੰਚ ਅਸਮਾਨਪੁਰ, ਹਰਿੰਦਰ ਸਿੰਘ ਸਰਪੰਚ ਭੜੀਪਨੈਚਾਂ, ਸੂਬੇਦਾਰ ਸੰਤੋਖ ਸਿੰਘ ਸਰਪੰਚ ਖਿਜਰਪੁਰ, ਕੁਲਦੀਪ ਸਿੰਘ, ਦਵਿੰਦਰ ਸਿੰਘ, ਸੰਨੂ, ਜੀਤ ਸਿੰਘ, ਨਵਦੀਪ ਸਿੰਘ, ਅੰਮ੍ਰਿਤਪਾਲ, ਸਰਬਜੀਤ ਸਿੰਘ, ਨਿਰਭੈ ਸਿੰਘ, ਅਕਾਸ਼ਦੀਪ ਸਿੰਘ, ਬਲਕਾਰ ਸਿੰਘ, ਹਰਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸਰਦਾਰਾ ਸਿੰਘ, ਸਤਨਾਮ ਸਿੰਘ, ਮਲਕੀਤ ਸਿੰਘ, ਭਗਵੰਤ ਸਿੰਘ ਸਮੇਤ ਹੋਰ ਵੀ ਮੌਜੂਦ ਰਹੇ।

## ਸੂਬੇ ਦੇ ਲੋਕ 'ਯੁੱਧ ਨਸ਼ਿਆਂ ਵਿਰੁੱਧ' ਨੂੰ ਦੇਣ ਲੱਗੇ ਭਰਵਾਂ ਸਹਿਯੋਗ : ਕੁਲਵੰਤ ਸਿੰਘ ਬਾਜ਼ੀਗਰ

### ਹਲਕੇ ਦੇ ਪਿੰਡਾਂ 'ਚ ਨਸ਼ਾ ਮੁਕਤੀ ਯਾਤਰਾ ਨੂੰ ਮਿਲਿਆ ਭਰਵਾਂ ਹੁੰਗਾਰਾ



ਪਾਤੜਾਂ, 17 ਮਈ (ਹਰਮਿੰਦਰ ਕਰਤਾਰਪੁਰ) : ਸ਼ੁਤਰਾਣਾ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਹੈ ਕਿ ਸੂਬੇ ਦੇ ਲੋਕ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਖ਼ਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਨੂੰ ਭਰਵਾਂ ਸਹਿਯੋਗ ਦੇ ਰਹੇ ਹਨ। ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਦੇ ਪਿੰਡਾਂ ਦੇ ਵਸਨੀਕਾਂ ਤੋਂ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਨੂੰ ਖ਼ਤਮ ਕਰਨ ਲਈ ਉਲੀਕੀ ਬਹੁ ਪਰਤੀ ਯੋਜਨਾ ਦੇ ਮੱਦੇਨਜ਼ਰ ਹਲਕੇ ਦੇ ਪਿੰਡਾਂ ਕਾਹਨਗੜ੍ਹ ਘਰਾਚੋਂ, ਖਾਸਪੁਰ, ਦੁਤਾਲ, ਹਮਝੇੜੀ, ਮੌਲਵੀਵਾਲਾ ਤੇ ਖਾਂਗ ਵਿਖੇ ਨਸ਼ਾ ਮੁਕਤੀ ਯਾਤਰਾ ਕੀਤੀ ਗਈ ਹੈ। ਵਿਧਾਇਕ ਨੇ ਦੱਸਿਆ ਕਿ ਲੋਕਾਂ ਤੋਂ ਫੀਡਬੈਕ ਹਾਸਲ ਕਰਕੇ ਇਲਾਕੇ ਦੇ ਨਸ਼ਾ ਤਸਕਰਾਂ ਦੀ ਸੂਹ ਲੈ ਕੇ ਉਨ੍ਹਾਂ ਨੂੰ ਕਾਬੂ ਕੀਤਾ ਜਾਵੇਗਾ ਤੇ ਜਿਹੜੇ ਵਿਅਕਤੀ ਨਸ਼ਿਆਂ ਦੀ ਲਤ ਦਾ ਸ਼ਿਕਾਰ ਹਨ, ਉਨ੍ਹਾਂ ਦੇ ਇਲਾਜ ਤੇ ਪੁਨਰਵਾਸ ਲਈ ਨਸ਼ਾ ਮੁਕਤੀ ਤੇ ਪੁਨਰਵਾਸ ਕੇਂਦਰਾਂ ਵਿੱਚ ਦਾਖਲ ਕਰਵਾਇਆ ਜਾਵੇਗਾ। ਇਸ ਦੌਰਾਨ ਐਸ.ਡੀ.ਐਮ. ਅਸ਼ੋਕ ਕੁਮਾਰ, ਯੂਥ ਆਗੂ ਗੁਰਮੀਤ ਸਿੰਘ ਵਿੱਕੀ, ਬੀ.ਡੀ.ਪੀ.ਓ ਬਘੇਲ ਸਿੰਘ, ਐਸ.ਐਮ.ਓ, ਥਾਣਾ ਮੁਖੀ ਹਰਮਿੰਦਰ ਸਿੰਘ ਸਮੇਤ ਇਨ੍ਹਾਂ ਪਿੰਡਾਂ ਦੇ ਪੰਚ ਸਰਪੰਚ ਤੇ ਵੱਡੀ ਸਥਾਨਕ ਵਾਸੀ ਵੀ ਸ਼ਿਰਕਤ ਕਰ ਰਹੇ ਸਨ।

## ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਹਲਕੇ ਦੇ ਵਸਨੀਕਾਂ ਦੀਆਂ ਸੁਣੀਆਂ ਮੁਸ਼ਕਲਾਂ



ਪਟਿਆਲਾ, 17 ਮਈ (ਰੁਪਾਣਾ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਆਪਣੇ ਹਲਕੇ ਪਟਿਆਲਾ ਦਿਹਾਤੀ ਦੇ ਵਸਨੀਕਾਂ ਦੀਆਂ ਆਪਣੇ ਸਥਾਨਕ ਦਫ਼ਤਰ ਵਿਖੇ ਸੁਣੀਆਂ। ਇੱਥੇ ਇਲਾਕਾ ਨਿਵਾਸੀਆਂ ਨਾਲ ਮੁਲਾਕਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਦਾ ਮੌਕੇ ਉੱਤੇ ਹੀ ਹੱਲ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਅਰੰਭੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅੱਜ ਲੋਕ ਲਹਿਰ ਬਣ ਗਈ ਹੈ। ਉਨ੍ਹਾਂ ਦੱਸਿਆ ਕਿ ਨਸ਼ੇ ਦੀ ਸਪਲਾਈ ਚੇਨ ਖ਼ਤਮ ਕਰਕੇ ਨਸ਼ਿਆਂ ਦੇ ਆਦੀਆਂ ਦੇ ਮੁੜ ਵਸੇਬੇ ਤੇ ਹੁਨਰਮੰਦ ਬਣਾ ਕੇ ਆਪਣੇ ਪੈਰਾਂ ਉਪਰ ਖੜ੍ਹੇ ਕਰਨ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਡਾ. ਬਲਬੀਰ ਸਿੰਘ ਨੇ ਇਸ ਮੌਕੇ ਪਿੰਡ ਮਾਜਰੀ ਅਕਾਲੀਆਂ ਦੀ ਪੰਚਾਇਤ ਨੂੰ ਪੰਜ ਲੱਖ ਰੁਪਏ, ਢੰਗਣ ਮਾਜਰਾ ਨੂੰ ਤਿੰਨ ਲੱਖ ਰੁਪਏ ਅਤੇ ਬੀ ਆਰ ਅੰਬੇਡਕਰ ਸੋਸਾਇਟੀ ਪਟਿਆਲਾ ਨੂੰ ਦੋ ਲੱਖ ਗਰਾਂਟ ਵਜੋਂ ਚੈਕ ਦਿੱਤੇ। ਇਸ ਮੌਕੇ ਆਫਿਸ ਇੰਚਾਰਜ ਜਸਬੀਰ ਸਿੰਘ ਗਾਂਧੀ, ਮੀਡੀਆ ਸਲਾਹਕਾਰ ਗੱਜਣ ਸਿੰਘ, ਆਫਿਸ ਇੰਚਾਰਜ ਜੈ ਸ਼ੰਕਰ ਸ਼ਰਮਾ, ਦੇਸ਼ ਦੀਪਕ, ਬਲਾਕ ਪ੍ਰਧਾਨ ਮੋਹਿਤ, ਮਨਦੀਪ ਸਿੰਘ ਵਿਰਦੀ, ਜੀ ਐਸ ਭੰਗੂ, ਪਵਨ ਸਿੰਘ ਕੁਮਾਰ, ਡਾ ਹਰੀਸ਼ ਵਾਲੀਆ, ਕੇਵਲ ਬਾਵਾ, ਕੌਂਸਲਰ ਗੁਰਕਿਰਪਾਲ ਸਿੰਘ, ਵਾਸੁਦੇਵ ਸਿੰਘ, ਮੌਟੀ, ਹਰੀਤੇਸ਼ ਅਰੋੜਾ, ਅਤੁਲ ਕੁਮਾਰ ਜੋਸ਼ੀ ਤੇ ਦਵਿੰਦਰ ਪੁਰੀ ਸੀਨੀਅਰ ਆਪ ਆਗੂ ਹਾਜ਼ਰ ਸਨ।

## ਸ਼ਨੀਵਾਰ ਦੀ ਛੁੱਟੀ ਦੀ ਮੰਗ ਨੂੰ ਲੈ ਕੇ ਵਕੀਲਾਂ ਨੇ ਰੱਖਿਆ ਕੰਮ ਕਾਜ ਬੰਦ

ਪਟਿਆਲਾ, 17 ਮਈ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਸ਼ਨੀਵਾਰ ਦੀ ਛੁੱਟੀ ਦੀ ਮੰਗ ਚੱਲੀ ਆ ਰਹੀ ਹੈ ਅਤੇ ਵਕੀਲ ਭਾਈਚਾਰੇ ਦੀ ਇਹ ਮੰਗ ਪੂਰੀ ਨਾ ਹੋਣ ਕਰਕੇ ਅੱਜ ਫਿਰ ਸਮੂਹ ਵਕੀਲਾਂ ਨੇ ਕੋਰਟ ਕੰਪਲੈਕਸ ਪਟਿਆਲਾ ਵਿਖੇ ਅੱਜ ਆਪਣਾ ਕੰਮ ਕਾਜ ਬੰਦ ਰੱਖਿਆ। ਇਸ ਕਾਰਨ ਅੱਜ ਚੱਲਣ ਵਾਲੇ ਕੇਸਾਂ 'ਤੇ ਜ਼ਿਆਦਾਤਰ ਸੁਣਵਾਈ ਨਹੀਂ ਹੋ ਸਕੀ।

## 'ਪੰਜਾਬ ਬਚਾਓ-ਨਸ਼ਾ ਭਜਾਓ' ਮੁਹਿੰਮ ਦੇ ਤਹਿਤ ਸਕੂਲੀ ਬੱਚਿਆਂ ਨੇ ਕੱਢੀ ਰੈਲੀ



ਪਟਿਆਲਾ, 17 ਮਈ (ਚ.ਨ.ਸ.) : ਡਾਇਰੈਕਟਰ ਸ.ਪ੍ਰਤਾਪ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ, ਸੁਲਰ ਰੋਡ ਪਟਿਆਲਾ ਦੇ 11ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਜਸਜੀਤ ਸੋਹੀ ਦੀ ਅਗਵਾਈ ਹੇਠ ਨਸ਼ਾ ਮੁਕਤ ਸਮਾਜ ਦੇ ਸਿਰਲੇਖ ਹੇਠ ਰੈਲੀ ਕੱਢੀ ਗਈ। ਵਿਦਿਆਰਥੀਆਂ ਨੇ ਬੜੇ ਜੋਸ਼ ਨਾਲ ਨਸ਼ਾ ਮੁਕਤ ਸਮਾਜ ਦੇ ਵਿਸ਼ੇ 'ਤੇ ਨਾਅਰੇ ਲਗਾਏ। ਪੰਜਾਬ ਨੂੰ ਮੁੜ ਹਰਿਆ ਭਰਿਆ ਅਤੇ ਨਸ਼ਾ ਮੁਕਤ ਕਰਨ ਅਤੇ ਹੋਰ ਕੁਰੀਤੀਆਂ ਤੋਂ ਮੁਕਤ ਕਰਨ 'ਤੇ ਪ੍ਰਣ ਲਿਆ। ਇਸ ਰੈਲੀ ਦੌਰਾਨ ਵਿਦਿਆਰਥੀਆਂ ਨੇ ਜਨਤਾ ਨੂੰ ਵੱਖ-ਵੱਖ ਨਸ਼ਾ ਮੁਕਤ ਸਲੋਗਨ ਦੁਆਰਾ ਜਾਗਰੂਕ ਕੀਤਾ।

## 18 ਕੁਇੰਟਲ ਭੁੱਕੀ ਸਮੇਤ ਵਾਹਨ ਚਾਲਕ ਕਾਬੂ



ਸਮਾਣਾ, 17 ਮਈ(ਵਿਜੇ ਕੁਮਾਰ) : ਸ਼ੁਤਰਾਣਾ ਪੁਲਸ ਨੇ ਇਕ ਟਰੱਕ-ਟਰਾਲਾ ਨੂੰ ਕਾਬੂ ਕਰਕੇ ਉਸ ਵਿਚ ਲਿਆਂਦੀ ਜਾ ਰਹੀ 18 ਕੁਇੰਟਲ ਭੁੱਕੀ-ਚੂਰਾ ਬਰਾਮਦ ਕੀਤਾ ਹੈ। ਪੁਲਿਸ ਨੇ ਚਾਲਕ ਨੂੰ ਹਿਰਾਸਤ ਵਿਚ ਲੈ ਕੇ ਉਸ ਦੇ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਮੁਲਜ਼ਮ ਚਾਲਕ ਦੀ ਪਹਿਚਾਣ ਗੁਰਚਰਨ ਸਿੰਘ ਨਿਵਾਸੀ ਪਿੰਡ ਰੱਤਾਖੇੜਾ ਜ਼ਿਲ੍ਹਾ ਕੈਥਲ (ਹਰਿਆਣਾ) ਵਜੋਂ ਹੋਈ। ਇਸ ਸੰਬਧੀ ਸ਼ੁਤਰਾਣਾ ਪੁਲਸ ਮੁਖੀ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਸਣੇ ਸੁਤਰਾਣਾ ਬੱਸ ਅੱਡਾ ਤੇ ਗਸ਼ਤ ਦੌਰਾਨ ਮਿਲੀ ਸੂਚਨਾ ਦੇ ਅਧਾਰ 'ਤੇ ਖਨੌਰੀ-ਸੁਤਰਾਣਾ ਹਾਈ-ਵੇ 'ਤੇ ਪੈਲੇਸ ਨੇੜੇ ਨਾਕਾਬੰਦੀ ਕਰਕੇ ਟਰੱਕ-ਟਰਾਲੇ ਨੂੰ ਰੋਕਿਆ ਅਤੇ ਚੈਕ ਕਰਨ ਦੌਰਾਨ ਉਸ ਵਿਚ ਭਰ ਕੇ ਲਿਆਂਦੀਆਂ ਜਾ ਰਹੀਆਂ ਭੁੱਕੀ ਦੀਆਂ 90 ਬੋਰੀਆਂ ਬਰਾਮਦ ਕਰਕੇ ਚਾਲਕ ਨੂੰ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਸਮਾਣਾ ਦੀ ਮਾਣਯੋਗ ਅਦਾਲਤ 'ਚ ਪੇਸ਼ ਕਰਕੇ ਪੁਛਗਿੱਛ ਲਈ ਪੁਲਸ ਰਿਮਾਂਡ 'ਤੇ ਲੈ ਕੇ ਕਾਰਵਾਈ ਕੀਤੀ ਜਾਵੇਗੀ।

### ਰੋੜੀਕੁੱਟ ਮੁਹੱਲਾ ਵਾਸੀਆਂ ਨੂੰ ਜਗ੍ਹਾ ਖਾਲੀ ਕਰਨ ਦੇ ਮੁੜ ਆਏ ਆਦੇਸ਼

## ਕੌਂਸਲਰ ਦਵਿੰਦਰਪਾਲ ਮਿੱਕੀ ਵੱਲੋਂ ਮੁਹੱਲਾ ਵਾਸੀਆਂ ਨਾਲ ਮੁਲਾਕਾਤ



ਪਟਿਆਲਾ, 17 ਮਈ (ਰੁਪਾਣਾ) : ਬੀਤੇ ਦਿਨੀਂ ਵਾਰਡ ਨੰਬਰ 33 ਰੋੜੀ ਕੁੱਟ ਮੁਹੱਲੇ ਦੇ ਨਿਵਾਸੀਆਂ ਨੂੰ ਇੱਕ ਵਾਰ ਫੇਰ ਸਿਵਲ ਪ੍ਰਸ਼ਾਸਨ ਵੱਲੋਂ ਆਪਣੇ ਮਕਾਨ ਖਾਲੀ ਕਰਨ ਦੇ ਨੋਟਿਸ ਜਾਰੀ ਕੀਤੇ ਗਏ ਹਨ, ਜਿਸ ਨੂੰ ਦੇਖਦੇ ਹੋਏ ਸਥਾਨਕ ਇਲਾਕਾ ਨਿਵਾਸੀਆਂ ਨੇ ਕੌਂਸਲਰ ਦਵਿੰਦਰਪਾਲ ਸਿੰਘ ਮਿੱਕੀ ਨਾਲ ਸੰਪਰਕ ਕੀਤਾ, ਆਪਣੇ ਵਾਰਡ ਦੀ ਦੁਖੀ ਆਵਾਮ ਦਾ ਦੁੱਖ ਮਹਿਸੂਸ ਕਰਦੇ ਹੋਏ ਮਿੱਕੀ ਵੱਲੋਂ ਤੁਰੰਤ ਇਲਾਕੇ ਵਿੱਚ ਆਪਣੇ ਲੋਕਾਂ ਦਾ ਦੁੱਖ ਵੰਡਾਉਣ ਲਈ ਸ਼ਿਰਕਤ ਕੀਤੀ ਗਈ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਤਰਫ਼ੋਂ ਵਿਸ਼ਵਾਸ ਦਿਵਾਇਆ ਕਿ ਕਿਸੇ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਏਗਾ।ਅਸੀਂ ਹਰ ਪਰਿਵਾਰ ਨਾਲ ਦਿਨ ਰਾਤ ਖੜ੍ਹੇ ਹਾਂ।ਉਹਨਾਂ ਨੇ ਸਮੂਹ ਵਾਰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਐਮ.ਐਲ.ਏ ਪਟਿਆਲਾ ਸ. ਅਜੀਤਪਾਲ ਸਿੰਘ ਕੋਹਲੀ ਅਤੇ ਤੁਹਾਡੇ ਕੌਂਸਲਰ ਦਵਿੰਦਰਪਾਲ ਸਿੰਘ ਮਿੱਕੀ ਦੇ ਹੁੰਦੇ ਕਿਸੇ ਵੀ ਕੀਮਤ 'ਤੇ ਤੁਹਾਡੇ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਅਸੀਂ ਇਸ ਮੁਸੀਬਤ ਦਾ ਕੋਈ ਸਾਂਝਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਤੁਸੀਂ ਵੀ ਸਾਡਾ ਸਹਿਯੋਗ ਦਿਓ ਅਸੀ ਸਾਰੇ ਰਲ ਮਿਲ ਕੇ ਇੱਕ ਪਰਿਵਾਰ ਬਣਕੇ ਇਸ ਔਖੀ ਘੜੀ ਵਿੱਚੋਂ ਜਲਦ ਬਾਹਰ ਨਿਕਲਾਂਗੇ।

## ਸ਼ਹਿਰ 'ਚ ਪੀਣ ਵਾਲੇ ਗੰਦੇ ਪਾਣੀ ਦੀ ਸਪਲਾਈ

### ਲੋਕਾਂ 'ਚ ਹਾਹਾਕਾਰ, ਹਫਤਾ ਬੀਤਣ 'ਤੇ ਵੀ ਨਹੀਂ ਲੱਭੀ ਲੀਕੇਜ



ਸਮਾਣਾ, 17 ਮਈ (ਵਿਜੇ ਕੁਮਾਰ) : ਸ਼ਹਿਰ ਦੀ ਕ੍ਰਿਸ਼ਨਾ ਬਸਤੀ, ਅਗਰਸੈਨ ਕਲੋਨੀ, ਕ੍ਰਿਸ਼ਨਾ ਮਾਰਕਿਟ, ਵਾਰਡ ਨੰਬਰ-18 ਆਦਿ 'ਚ ਪਿਛਲੇ ਕਈ ਦਿਨਾਂ ਤੋਂ ਪੀਣ ਵਾਲੇ ਗੰਦੇ ਪਾਣੀ ਦੀ ਸਪਲਾਈ ਹੋਣ ਕਾਰਨ ਲੋਕਾਂ ਵਿਚ ਹਾ-ਹਾ ਕਾਰ ਅਤੇ ਸਹਿਮ ਦਾ ਮਹੌਲ ਬਣਿਆ ਹੋਇਆ ਹੈ, ਜਿਸ ਨਾਲ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਹੈ। ਵੱਖ-ਵੱਖ ਮੁਹੱਲਾ ਨਿਵਾਸੀਆਂ ਰਾਜਿੰਦਰ ਕੁਮਾਰ, ਵਿਜੇ ਕੁਮਾਰ ਗਰਗ, ਰਾਕੇਸ਼ ਕੁਮਾਰ, ਕਾਂਤਾ ਰਾਣੀ, ਰਾਜ ਕੁਮਾਰ ਆਦਿ ਨੇ ਦੱਸਿਆ ਕਿ ਕਰੀਬ 7-8 ਦਿਨਾਂ ਤੋਂ ਉਕਤ ਮੁੱਹਲਿਆਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਗੰਧਲੀ ਆ ਰਹੀ ਹੈ,ਜਿਸ ਨੂੰ ਲੈ ਕੇ ਉਹ ਬਹੁਤ ਪ੍ਰੇਸ਼ਾਨ ਹਨ। ਇਸ ਸੰਬਧੀ ਉਨ੍ਹਾਂ ਨਗਰ ਕੌਂਸਲ ਅਧਿਕਾਰੀਆਂ ਨੂੰ ਜਾਣੂ ਕਰਵਾ ਕੇ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਦੀ ਮੰਗ ਕੀਤੀ ਹੈ।ਪਰ ਇਕ ਹਫਤਾ ਬੀਤ ਜਾਣ ਦੇ ਬਾਵਜੂਦ ਗੰਧਲੇ ਪਾਣੀ ਦੀ ਸਪਲਾਈ ਅਜੇ ਵੀ ਆ ਰਹੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਸ ਪਾਣੀ ਵਿਚੋਂ ਬਦਬੂ ਆਉਂਦੀ ਹੈ, ਜਿਸ ਨਾਲ ਨਹਾਉਣਾ, ਬੁਰਸ਼ ਕਰਨਾ ਤਾਂ ਦੂਰ ਦੀ ਗੱਲ, ਇਸ ਗੰਦੇ ਪਾਣੀ ਨਾਲ ਕਪੜੇ ਵੀ ਨਹੀ ਧੋਏ ਜਾ ਸਕਦੇ। ਇਸ ਸਬੰਧੀ ਐਸ.ਡੀ.ਓ. ਵਾਟਰ ਸਪਲਾਈ ਤੇ ਸੀਵਰੇਜ ਬੋਰਡ ਲਲਿਤ ਮਿੱਤਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਉਕਤ ਵਾਰਡਾਂ 'ਚ ਪੀਣ ਵਾਲੇ ਗੰਦੇ ਪਾਣੀ ਦੀ ਸਪਲਾਈ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕਈ ਟੀਮਾਂ ਲੀਕੇਜ਼ ਲੱਭਣ ਲਈ ਲੱਗੀਆਂ ਹੋਈਆਂ ਹਨ। ਲੀਕੇਜ਼ਾਂ ਦੀ ਸ਼ਨਾਖਤ ਕਰਕੇ ਜਲਦੀ ਹੀ ਠੀਕ ਕਰਵਾ ਕੇ ਸਾਫ ਪਾਣੀ ਦੀ ਸਪਲਾਈ ਮੁਹੱਈਆ ਕਰਵਾਈ ਜਾਵੇਗੀ।

## ਨਿਸ਼ਕਾਮ ਵੈਲ.ਫੇਅਰ ਸੁਸਾਇਟੀ ਦੀ ਮੀਟਿੰਗ



ਪਟਿਆਲਾ, 17 ਮਈ (ਚ.ਨ.ਸ.) : ਨਿਸ਼ਕਾਮ ਵੈਲਫ਼ੇਅਰ ਸੁਸਾਇਟੀ ਦੀ ਅਹਿਮ ਮੀਟਿੰਗ ਚੇਅਰਮੈਨ ਸ. ਸੁਖਦੇਵ ਸਿੰਘ ਠੇਕੇਦਾਰ ਅਤੇ ਪ੍ਰਧਾਨ ਸੁਸ਼ੀਲ ਚੋਪੜਾ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸਰਬਸੰਮਤੀ ਨਾਲ ਫੈਸਲੇ ਲਏ ਗਏ ਕਿ ਸਾਰੇ ਏਰੀਆ ਅਨੰਦ ਨਗਰ ਬੀ, ਦੀਪ ਨਗਰ ਵਿਚ ਅਵਾਰਾ ਪਸ਼ੂਆਂ ਅਤੇ ਅਵਾਰਾ ਕੁੱਤਿਆਂ ਦੀ ਬਹੁਤ ਭਰਮਾਰ ਹੈ, ਜਿਸ ਕਾਰਨ ਨਿੱਤ ਹਾਦਸੇ ਹੋ ਰਹੇ ਹਨ। ਸਰਕਾਰ ਨੂੰ ਅਪੀਲ ਹੈ ਕਿ ਇਨ੍ਹਾਂ ਦੀ ਰੋਕਥਾਮ ਦਾ ਪੱਕਾ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਮੁਹੱਲੇ ਦੀਆਂ ਗਲੀਆਂ ਦਾ ਤਕਰੀਬਨ ਦੋ ਸਾਲਾਂ ਤੋਂ ਬਹੁਤ ਬੁਰਾ ਹਾਲ ਹੈ। ਸੜਕਾਂ 'ਤੇ ਟੋਏ-ਖੱਡਿਆਂ ਕਾਰਨ ਭਿਆਨਕ ਹਾਦਸੇ ਹੋ ਰਹੇ ਹਨ। ਬਰਸਾਤ ਦੇ ਮੌਸਮ ਤੋਂ ਪਹਿਲਾਂ ਇਨ੍ਹਾਂ ਨੂੰ ਠੀਕ ਕਰਵਾਇਆ ਜਾਵੇ ਤਾਂ ਜੋ ਕੋਈ ਵੱਡਾ ਨੁਕਸਾਨ ਨਾ ਹੋ ਜਾਵੇ। ਇਸ ਮੀਟਿੰਗ 'ਚ ਰਾਜਿੰਦਰ ਸਿੰਘ ਖਜ਼ਾਨਚੀ, ਬਲਬੀਰ ਰਾਮ ਜੁਆਇੰਟ ਸਕੱਤਰ, ਮਹਿੰਦਰਪਾਲ ਸਿੰਘ ਪ੍ਰਚਾਰ ਸਕੱਤਰ, ਮਹਿੰਦਰਪਾਲ ਸ਼ਰਮਾ ਕਾਰਜਕਾਰੀ ਮੈਂਬਰ ਹਾਜ਼ਰ ਸਨ।

## ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪਿੰਡ ਕਕਰਾਲਾ ਤੇ ਛੀਟਾਂਵਾਲਾ ਵਾਸੀਆਂ ਨੂੰ ਨਸ਼ਿਆਂ ਖ਼ਿਲਾ.ਫ ਕੀਤਾ ਇਕਜੁੱਟ



ਨਾਭਾ, 17 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਉੜਤਾ ਪੰਜਾਬ ਤੋਂ ਬਦਲਦਾ ਪੰਜਾਬ ਤੱਕ ਦਾ ਸਫਰ ਤੈਅ ਕਰ ਲਿਆ ਹੈ ਤੇ ਬਹੁਤ ਜਲਦ ਸੂਬਾ ਰੰਗਲੇ ਪੰਜਾਬ ਨਾਲ ਜਾਣਿਆ ਜਾਣ ਲੱਗੇਗਾ। ਇਹ ਪ੍ਰਗਟਾਵਾ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਅੱਜ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਦੌਰਾਨ ਪਿੰਡ ਕਕਰਾਲਾ ਤੇ ਛੀਟਾਂਵਾਲਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਨਸ਼ਿਆਂ ਖਿਲਾਫ਼ ਜ਼ੀਰੋ ਟਾਲੈਂਰਸ ਦੀ ਨੀਤੀ ਅਪਣਾਈ ਹੈ, ਜਿਸ ਸਦਕਾ ਨਸ਼ਾ ਤਸਕਰਾਂ ਖ਼ਿਲਾਫ਼ ਵੱਡੀਆਂ ਕਾਰਵਾਈਆਂ ਵੀ ਦੇਖਣ ਨੂੰ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਬਿਲਕੁਲ ਬੰਦ ਕਰ ਦਿੱਤਾ ਹੈ ਤੇ ਹੁਣ ਨਸ਼ਾ ਕਰਨ ਦੇ ਆਦੀ ਵਿਅਕਤੀਆਂ ਦਾ ਇਲਾਜ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਨਸ਼ਾ ਛਡਾਊ ਕੇਂਦਰਾਂ ਵਿੱਚ ਮਰੀਜ਼ਾਂ ਨੂੰ ਕਿੱਤਾ ਮੁਖੀ ਕੋਰਸਾਂ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਇਸ ਮੁਹਿੰਮ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਪੂਰਨ ਤੌਰ 'ਤੇ ਖਾਤਮੇ ਲਈ ਜ਼ਰੂਰੀ ਹੈ ਕਿ ਇਸ ਮੁਹਿੰਮ ਨੂੰ ਜਨ ਅੰਦੋਲਨ ਬਣਾਇਆ ਜਾਵੇ ਜੋ ਸਭ ਦੇ ਸਹਿਯੋਗ ਨਾਲ ਸੰਭਵ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪਿੰਡ ਵਿੱਚ ਨਸ਼ਾ ਵੇਚਣ ਆਉਂਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਜਾਂ ਵਿਲੇਜ਼ ਲੈਵਲ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਦੇ ਸਕਦੇ ਹੋ ਅਤੇ ਜੇਕਰ ਕੋਈ ਪਿੰਡ ਦਾ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ ਉਸ ਨੂੰ ਪ੍ਰੇਰਿਤ ਕਰਕੇ ਨਸ਼ਾ ਛਡਾਊ ਕੇਂਦਰ 'ਚ ਇਲਾਜ ਲਈ ਭੇਜਿਆ ਜਾਵੇ। ਗੁਰਦੇਵ ਸਿੰਘ ਦੇਵ ਮਾਨ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਖਿਲਾਫ਼ ਛੇੜੀ ਫੈਸਲਾਕੁਨ ਜੰਗ ਵਿੱਚ ਸਮਰਪਣ ਭਾਵਨਾ ਨਾਲ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਦੀ ਇਹ ਲੜਾਈ ਸਾਡੀ ਆਉਣ ਵਾਲੀਆਂ ਪੀੜੀਆਂ ਦੇ ਸੁਰੱਖਿਆ ਭਵਿੱਖ ਲਈ ਬਹੁਤ ਜ਼ਰੂਰੀ ਹੈ। ਇਸ ਮੌਕੇ ਬੀ.ਡੀ.ਪੀ.ਓ. ਤੇ ਐਸ.ਐਚ.ਓ. ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਮਾਡਲ ਟਾਊਨ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸੌ .ਫੀਸਦੀ



ਪਟਿਆਲਾ, 17 ਮਈ (ਚ.ਨ.ਸ.) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਦੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਸਕੂਲ ਦੇ ਸੋਸ਼ਲ ਮੀਡੀਆ ਇੰਚਾਰਜ ਸ੍ਰੀਮਤੀ ਹਰਪ੍ਰੀਤ ਕੌਰ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਬੈਠੇ 325 ਵਿਦਿਆਰਥੀਆਂ ਵਿੱਚੋਂ ਸਾਰੇ ਹੀ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਣ ਕਰਕੇ ਨਤੀਜਾ 100 ਪ੍ਰਤੀਸ਼ਤ ਰਿਹਾ ਹੈ। ਸ਼ਾਨਦਾਰ ਕਾਰਗੁਜ਼ਾਰੀ ਵਾਲੇ ਇਹਨਾਂ ਵਿਦਿਆਰਥੀਆਂ ਵਿੱਚੋਂ ਦਸਵੀਂ ਸੀ ਜਮਾਤ ਦੀ ਵਿਦਿਆਰਥਣ ਅੰਮ੍ਰਿਤਾ ਸਿੰਘ ਨੇ 600/650 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ, ਜਸ਼ਨਪ੍ਰੀਤ ਸਿੰਘ ਨੇ 590/650 ਅੰਕ ਪ੍ਰਾਪਤ ਕਰਕੇ ਦੂਜਾ, ਇਸਿਕਾ ਤੇ ਅੰਕਿਤਾਂ ਨੇ 588/650 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਸ ਸ਼ਾਨਦਾਰ ਨਤੀਜੇ ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਸਕੂਲ ਪ੍ਰਿੰਸੀਪਲ ਨਰੇਸ਼ ਜੈਨ ਵੱਲੋਂ ਇਹਨਾਂ ਪੁਜੀਸ਼ਨ ਹੋਲਡਰ ਵਿਦਿਆਰਥੀਆਂ ਨੂੰ ਮਮੈਂਟੋ, ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਵੱਖ-ਵੱਖ ਸੈਕਸ਼ਨਾਂ/ਜਮਾਤਾਂ ਦੇ ਇੰਚਾਰਜ ਤਰੁਣ ਅਗਰਵਾਲ, ਨੀਨਾ ਨਰੂਲਾ, ਹਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਮੋਨਾ ਰਾਣੀ, ਮਨਜਿੰਦਰ ਕੌਰ, ਬਲਵਿੰਦਰ ਕੌਰ ਅਤੇ ਗੁਰਪ੍ਰੀਤ ਕੌਰ ਆਦਿ ਵੀ ਹਾਜ਼ਰ ਸਨ।

## ਐਡਵੋਕੇਟ ਕਾਂਸਲ ਵੱਲੋਂ ਇਕਬਾਲ ਸਿੰਘ ਲਾਲਪੁਰਾ ਨਾਲ ਮੁਲਾਕਾਤ



ਪਟਿਆਲਾ, 17 ਮਈ (ਚ.ਨ.ਸ.) : ਭਾਜਪਾ ਦੀ ਸੰਸਦੀ ਬੋਰਡ ਅਤੇ ਮੁੱਖ ਚੋਣ ਕਮੇਟੀ ਦੇ ਮੈਂਬਰ ਸ. ਇਕਬਾਲ ਸਿੰਘ ਲਾਲਪੁਰਾ ਨਾਲ ਪਟਿਆਲਾ ਤੋਂ ਭਾਜਪਾ ਦੇ ਐਕਟਿਵ ਮੈਂਬਰ ਅਤੇ ਸੀਨੀਅਰ ਯੁਵਾ ਨੇਤਾ ਐਡ. ਗੁਰਵਿੰਦਰ ਕਾਂਸਲ ਨੇ ਕੀਤੀ ਅਹਿਮ ਮੁਲਾਕਾਤ। ਇਸ ਮੌਕੇ ਐਡ. ਕਾਂਸਲ ਨੇ ਲਾਲਪੁਰਾ ਨੂੰ ਪਟਿਆਲਾ ਦਿਹਾਤੀ ਦੇ ਡਿਵੈਲਪਮੈਂਟ ਨਾਲ ਸਬੰਧੀ ਬੰਦ ਪਏ ਮੁੱਦਿਆਂ ਨਾਲ ਜਾਣੂੰ ਕਰਵਾਇਆ ਅਤੇ ਕੁੱਝ ਸਮਾਜ ਭਲਾਈ ਲਈ ਕੇਂਦਰ ਸਰਕਾਰ ਵੱਲੋਂ ਚਲਾਈ ਗਈ ਯੋਜਨਾਵਾਂ ਉੱਤੇ ਵੀ ਵਿਚਾਰ ਵਟਾਂਦਰਾ ਕੀਤੀ, ਜਿਸ ਨਾਲ ਪਿੰਡ ਪਿੰਡ ਤੱਕ ਲੋਕ ਕੇਂਦਰ ਸਰਕਾਰ ਦੀ ਹਰ ਸਕੀਮਾਂ ਦਾ ਲਾਭ ਲੈ ਸਕਣ। ਇਸ ਮੌਕੇ ਲਾਲਪੁਰਾ ਵੱਲੋਂ ਉਹਨਾਂ ਕੰਮਾਂ ਨੂੰ ਜਲਦ ਹੀ ਸ਼ੁਰੂ ਕਰਵਾਉਣ ਦਾ ਆਸ਼ਵਾਸਨ ਦਿਲਾਇਆ ਗਿਆ ਅਤੇ ਨਾਲ ਹੀ ਕੇਂਦਰ ਸਰਕਾਰ ਵੱਲੋਂ ਚੱਲ ਰਹੀਆਂ ਯੋਜਨਾਵਾਂ ਨੂੰ ਵੀ ਵਿਸਥਾਰ ਨਾਲ ਦੱਸਿਆ, ਜਿਸ ਨਾਲ ਹਰ ਸ਼ਹਿਰ ਤੇ ਹਰ ਵਰਗ ਦੇ ਲੋਕਾਂ ਨੂੰ ਲਾਭ ਹੋਵੇਗਾ। ਮੁਲਾਕਾਤ ਦੌਰਾਨ ਐਡ. ਕਾਂਸਲ ਨੇ ਲਾਲਪੁਰਾ ਨੂੰ ਪੰਜਾਬ ਦੇ ਪਿੰਡ ਮਜੀਠਾ ਵਿਖੇ ਨਕਲੀ ਸ਼ਰਾਬ ਕਾਰਨ ਗਈਆਂ ਜਾਣਾ ਬਾਰੇ ਵੀ ਗੱਲਬਾਤ ਕਰਦੇ ਹੋਏ ਦੋਸ਼ੀਆਂ ਉਪਰ ਸਖ਼ਤ ਤੋਂ ਸਖ਼ਤ ਕਰਵਾਈ ਕਰਨ ਦੀ ਵੀ ਮੰਗ ਕੀਤੀ। ਇਸ ਮੌਕੇ ਰਾਹੁਲ ਬਾਂਸਲ, ਐਸ. ਕੇ. ਪਾਠੀ, ਐਸ. ਕੇ. ਭਾਰਦਵਾਜ ਅਤੇ ਰਮਨ ਜਿੰਦਲ ਵੀ ਸ਼ਾਮਲ ਸਨ।

## ਕਿਸੇ ਵੀ ਰਾਜਨੀਤਿਕ ਪਾਰਟੀ ਨੇ ਅਸੈਂਬਲੀ ਤੇ ਪਾਰਲੀਮੈਂਟ ਦੀ ਨੁਮਾਇੰਦਗੀ ਨਹੀਂ ਦਿੱਤੀ : ਲਾਰੈਂਸ ਚੌਧਰੀ



ਸਮਾਣਾ, 17 ਮਈ (ਵਿਜੇ ਕੁਮਾਰ) : ਕ੍ਰਿਸਚੀਅਨ ਨੈਸ਼ਨਲ ਫਰੰਟ ਦੀ ਸੂਬਾ ਪੱਧਰੀ ਡੈਲੀਗੇਸ਼ਨ ਦੀ ਮੀਟਿੰਗ ਬਿਸਪ ਸੁਖਚੈਨ ਮਸੀਹ ਸੂਬਾ ਮੀਤ ਪ੍ਰਧਾਨ ਅਤੇ ਪਾ.ਗੁਰਚਰਨ ਸੂਬਾ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਧਾਨ ਪਾ.ਰਮੇਸ਼ ਮਸੀਹ ਦੇ ਸਹਿਯੋਗ ਨਾਲ ਨਿਊ ਯਰੂਸਲਮ ਚਰਚ ਵਿਖੇ ਕੀਤੀ ਗਈ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਲਾਰੈਂਸ ਚੌਧਰੀ ਕੌਮੀ ਪ੍ਰਧਾਨ ਸੀ ਐਨ ਐਫ ਮੁੱਖ ਮਹਿਮਾਨ ਵਜੋਂ ਸਾਮਿਲ ਹੋਏ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਾਰੈਂਸ ਚੌਧਰੀ ਨੇ ਕਿਹਾ ਕਿ 'ਅਣਖ ਜਗਾਓ, ਅਜਾਦੀ ਪਾਓ' ਅਤੇ 'ਰਾਜ ਲਿਆਓ, ਬੈਨਰ ਹੇਠ 18 ਜੂਨ ਨੂੰ ਸਮਾਣਾ ਦੀ ਅਨਾਜ ਮੰਡੀ 'ਚ ਹੋ ਰਹੀ ਰੈਲੀ ਦੀ ਸਫਲਤਾ ਲਈ 6 ਮੈਂਬਰੀ ਕਮੇਟੀ ਦਾ ਗਠਨ ਕਰਕੇ ਸੀ.ਐਨ.ਐਫ. ਦਾ ਫਲੈਗ ਵੀ ਜਾਰੀ ਕੀਤਾ ਗਿਆ। ਭਾਈਚਾਰੇ ਦੇ ਆਰਥਿਕ ਸਮਾਜਿਕ ਅਤੇ ਰਾਜਨੀਤਿਕ ਮੁਸਕਿਲਾਂ ਦੇ ਹੱਲ ਲਈ ਕੇਂਦਰ ਅਤੇ ਰਾਜ ਸਰਕਾਰ ਨੂੰ ਪਿਛਲੇ 30 ਸਾਲ ਤੋਂ ਅਗਾਂਹ ਕਰਦੇ ਆ ਰਹੇ ਹਾਂ ਪ੍ਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਮੁਸਕਿਲਾਂ ਦਾ ਹੱਲ ਤਾਂ ਦੂਰ, ਅਸੈਂਬਲੀ ਅਤੇ ਪਾਰਲੀਮੈਂਟ ਅੰਦਰ ਕੇਂਦਰ ਅਤੇ ਸੂਬਾ ਸਰਕਾਰ ਵਲੋਂ ਕਦੇ ਵੀ ਉਹਨਾਂ ਮੱਦਿਆਂ ਨੂੰ ਵਿਚਾਰਿਆ ਤੱਕ ਨਹੀਂ ਗਿਆ। ਜਸਟਿਸ ਰੰਗਾਰਾਜਨ ਰਿਪੋਰਟ 2009 ਜਿਸ ਵਿੱਚ ਮਸੀਹੀ ਭਾਈਚਾਰੇ ਨੂੰ ਰਾਖਵਾਂਕਰਨ ਦੇਣ ਦੀ ਸਿਫਾਰਸ਼ ਪਾਰਲੀਮੈਂਟ ਵਿੱਚ ਰੁਲ ਰਹੀ ਹੈ। 1956 ਵਿੱਚ ਤੋੜੀ ਕ੍ਰਿਸਚੀਅਨ ਰੈਜੀਮੈਂਟ ਨੂੰ ਬਹਾਲ ਕਰਨ, ਬਾਰਡਰ ਜਿਲ੍ਹੇ ਦੇ ਲੋਕਾਂ ਨੂੰ ਵਿਸੇਸ ਪੈਕੇਜ ਦੇਣ, ਬੇਘਰ ਲੋਕਾਂ ਲਈ ਘਰ, ਕਬਰਸਤਾਨਾਂ ਲਈ ਜਮੀਨ ਦੀ ਅਲਾਟਮੈਂਟ ਸਮੇਤ ਕ੍ਰਿਸਮਸ ਅਤੇ ਈਸਟਰ ਮੌਕੇ ਯਰੁਸਲਮ ਯਾਤਰਾ ਲਈ ਵਿਸੇਸ ਵੀਜਾ ਪੈਕੇਜ, ਲੋੜਵੰਦ ਵਿਦਿਆਰਥੀਆਂ ਲਈ ਵਜੀਫੇ ਆਦਿ ਮਸਲੇ ਜਿਉ ਦੇ ਤਿਉਂ ਹਨ।

## ਪੁਲਿਸ ਵੱਲੋਂ 240 ਲੀਟਰ ਲਾਹਣ ਬ੍ਰਾਮਦ

ਪਟਿਆਲਾ, 17 ਮਈ (ਗੁਰਜੀਤ ਸਿੰਘ ਢੋਟ) : ਥਾਣਾ ਜੁਲਕਾ ਪੁਲਿਸ ਨੇ ਕਥਿਤ ਦੋਸ਼ੀਆਂ ਰੰਗਾ ਸਿੰਘ, ਹੰਸਾ ਵਾਸੀ ਪਿੰਡ ਹਾਜੀਪੁਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਸੁਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਟੀ-ਪੁਆਇੰਟ ਹਾਜੀਪੁਰ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਸ਼ਰਾਬ ਕਸੀਦ ਕਰਕੇ ਵੇਚਣ ਦੇ ਆਦੀ ਹਨ, ਜਿਸ ਨੇ ਹਾਜੀਪੁਰ ਨਾਲ ਲੱਗਦੇ ਗੰਦੇ ਨਾਲੇ ਵਿੱਚ ਹਰੀ ਬੂਟੀ ਵਿੱਚ ਪਾਣੀ ਵਿੱਚ ਪੀਪੀਆਂ ਪਲਾਸਟਿਕ ਵਿੱਚ ਪਾ ਕੇ ਲੁਕਾ ਕੇ ਰੱਖੀ ਹੈ, ਜੋ ਰੇਡ ਕਰਨ ਪਰ 240 ਲੀਟਰ ਲਾਹਣ ਬ੍ਰਾਮਦ ਹੋਈ।

## ਅੱਜ 66 ਕੇ.ਵੀ. ਗਰਿੱਡ ਦੀ ਜ਼ਰੂਰੀ ਸਾਂਭ-ਸੰਭਾਲ ਲਈ ਬਿਜਲੀ ਸਪਲਾਈ ਬੰਦ ਰਹੇਗੀ : ਇੰਜ: ਧੀਮਾਨ



ਮਲੇਰਕੋਟਲਾ, 17 ਮਈ (ਚ.ਨ.ਸ.) : ਵਧੀਕ ਨਿਗਰਾਨ ਇੰਜੀਨੀਅਰ, ਵੰਡ-ਮੰਡਲ, ਮਲੇਰਕੋਟਲਾ ਇੰਜ : ਹਰਵਿੰਦਰ ਸਿੰਘ ਧੀਮਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇ.ਵੀ ਗਰਿੱਡ ਮਾਲੇਰਕੋਟਲਾ ਤੋਂ ਚਲਦੇ 11 ਕੇ.ਵੀ ਸਨਅਤੀ-1, ਸਨਆਤੀ-2 ਅਤੇ ਹਸਪਤਾਲ ਫੀਡਰ ਦੀ ਜ਼ਰੂਰੀ ਸਾਂਭ-ਸਭਾਲ ਕਰਨ ਲਈ 18 ਮਈ ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਇਨ੍ਹਾਂ 11 ਕੇ.ਵੀ. ਫੀਡਰਾਂ ਦੇ ਬੰਦ ਰਹਿਣ ਕਾਰਨ ਮਾਲੇਰਕੋਟਲਾ ਸ਼ਹਿਰ ਦੇ ਏਰਿਏ ਦੀ ਬਿਜਲੀ ਸਪਲਾਈ ਬੰਦ ਰਹੇਗੀ।ਉਹਨਾਂ ਕਿਹਾ ਕਿ ਇਸ ਦੌਰਾਨ ਸਿਵਲ ਹਸਪਤਾਲ, ਹਸਪਤਾਲ ਰੋਡ, ਰੇਲਵੇ ਰੋਡ, ਰੇਲਵੇ ਸਟੇਸ਼ਨ, ਇੰਡਸਟ੍ਰੀਅਲ ਏਰੀਆ, ਅਰਿਹੰਤ ਮਿੱਲ ਰੋਡ, ਤਾਰਾ ਕਾਨਵੈਂਟ ਸਕੂਲ, ਠੰਡੀ ਸੜਕ, ਸ਼ਾਸ਼ਤਰੀ ਨਗਰ, ਕਪਾਹ ਮਿੱਲ, ਨੋਧਰਾਨੀ ਰੋਡ ਫਾਟਕਾਂ ਤੱਕ, ਆਦਮਪਾਲ ਰੋਡ, ਮਹਿਰਾ ਕਲੋਨੀ, ਅਲ-ਫਲਾਅ ਕਲੋਨੀ, ਬੀਲਾਲ ਨਗਰ, ਸ਼ੋਭਾ ਸਿੰਘ ਇਨਕਲੇਵ, ਵੀ.ਆਈ.ਪੀ ਕਲੋਨੀ, ਸੋਮ-ਸਨ ਕਲੋਨੀ, ਰਾਧਾ ਕ੍ਰਿਸ਼ਨ ਇਨਕਲੇਵ, ਸਟੇਡੀਅਮ ਰੋਡ ਏਰੀਏ ਦੇ ਘਰਾਂ ਦੀ ਬਿਜਲੀ ਸਪਲਾਈ ਬੰਦ ਰਹੇਗੀ।

## ਮਾਡਰਨ ਸਕੂਲ ਨੇ ਅੰਡਰ-17 ਲੜਕਿਆਂ ਲਈ ਅੰਤਰ ਸਕੂਲ ਫੁੱਟਬਾਲ ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ



ਪਟਿਆਲਾ, 17 ਮਈ (ਚ.ਨ.ਸ.) : ਮਾਡਰਨ ਸੀਨੀਅਰ ਸੈਕੰਡਰੀ ਸਕੂਲ ਨੇ ਪਟਿਆਲਾ ਦੇ ਸਰਵੋਤਮ ਖਿਡਾਰੀਆਂ ਨੂੰ ਫੁੱਟਬਾਲ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਪ੍ਰੇਰਿਆ।ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ 8 ਅਤੇ 17 ਮਈ, 2025 ਨੂੰ ਅੰਡਰ-17 ਲੜਕਿਆਂ ਦੇ ਅੰਤਰ-ਸਕੂਲ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਕੀਤਾ। ਇਸ ਟੂਰਨਾਮੈਂਟ ਨੇ ਪਟਿਆਲਾ ਦੇ 9 ਪ੍ਰਮੁੱਖ ਸਕੂਲਾਂ ਨੂੰ ਇਕੱਠਾ ਕੀਤਾ, ਜਿਸ ਨਾਲ ਦੋ ਐਕਸ਼ਨ-ਪੈਕ ਦਿਨਾਂ ਵਿੱਚ ਮੁਕਾਬਲੇ ਅਤੇ ਖੇਡ ਭਾਵਨਾ ਦਾ ਇੱਕ ਜੋਸ਼ੀਲਾ ਮਾਹੌਲ ਪੈਦਾ ਹੋਇਆ।ਮੈਚਾਂ ਦੀ ਇੱਕ ਰੋਮਾਂਚਕ ਲੜੀ ਤੋਂ ਬਾਅਦ, ਮੇਜ਼ਬਾਨ, ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ ਪਹਿਲਾ ਸਥਾਨ ਹਾਸਲ ਕੀਤਾ, ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਬ੍ਰਿਟਿਸ਼ ਕੋ-ਐਜੂਕੇਸ਼ਨ ਸਕੂਲ, ਪਟਿਆਲਾ ਤੀਜੇ ਸਥਾਨ 'ਤੇ ਰਿਹਾ।ਟੂਰਨਾਮੈਂਟ ਦੇ ਖਿਡਾਰੀ ਦਾ ਪੁਰਸਕਾਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੇ ਤਰੁਣ ਸਿੰਘ ਰਾਵਤ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਦਿੱਤਾ ਗਿਆ, ਜਦੋਂ ਕਿ ਐਮਐਸਐਸਪੀ ਗੋਲਡਨ ਬੂਟ ਪੁਰਸਕਾਰ ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਦੇ ਵੀਰ ਦਵਿੰਦਰ ਨੂੰ ਦਿੱਤਾ ਗਿਆ।

ਰੋਜ਼ਾਨਾ ਚੜ੍ਹਦੀਕਲਾ ਸਪਤਾਹਿਕ ਮੈਗਜ਼ੀਨ

Punjabi Daily Newspaper Charhdikala

ਐਤਵਾਰ, 18 ਮਈ, 2025
Sunday, 18 May, 2025



•ਗੁਰਬਿੰਦਰ ਸਿੰਘ ਮਾਣਕ

# ਲਾਇਬਰੇਰੀ

## ਵਿਦਿਆਰਥੀ ਜ਼ਿੰਦਗੀ ਵਿੱਚ ਮਹੱਤਤਾ

**ਅਧਿਆਪਕ ਬੱਚਿਆਂ ਦੇ ਮਨ ਵਿਚ ਪੁਸਤਕਾਂ ਦੇ ਵਿਲੱਖਣ ਸੰਸਾਰ ਪ੍ਰਤੀ ਦਿਲਚਸਪੀ ਅਤੇ ਪ੍ਰੇਰਨਾ ਪੈਦਾ ਕਰ ਕੇ ਉਨ੍ਹਾਂ ਨੂੰ ਲਾਇਬਰੇਰੀ ਜਾਣ ਲਈ ਉਤਸ਼ਾਹਿਤ ਕਰਨ। ਬੱਚਿਆਂ ਦੇ ਉਮਰ ਗਰੁੱਪ ਅਨੁਸਾਰ ਉਨ੍ਹਾਂ ਨੂੰ ਪੁਸਤਕਾਂ ਮੁਹੱਈਆ ਕਰਾਈਆਂ ਜਾਣ। ਬੱਚੇ ਨੂੰ ਲਾਇਬਰੇਰੀ ਵਿਚ ਬੈਠ ਕੇ ਅਖਬਾਰਾਂ, ਰਸਾਲੇ ਅਤੇ ਪੁਸਤਕਾਂ ਦੇ ਅਲੋਕਾਰ ਸੰਸਾਰ ਦੀ ਥਾਂਹ ਪਾਉਣ ਦਾ ਮੌਕਾ ਪ੍ਰਦਾਨ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਜੇ ਅਧਿਆਪਕ ਨੂੰ ਆਪ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਹੋਏਗੀ ਤਾਂ ਉਹ ਹੌਲੀ ਹੌਲੀ ਬੱਚਿਆਂ ਨੂੰ ਵੀ ਇਸ ਰਾਹ ਤੋਰਨ ਵਿਚ ਕਾਮਯਾਬੀ ਹਾਸਲ ਕਰ ਲਏਗਾ। ਪੁਸਤਕਾਂ ਵਿਚੋਂ ਕਦੇ ਕਦੇ ਕੁਝ ਦਿਲਚਸਪ ਵੇਰਵੇ ਅਧਿਆਪਕ ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਤਾਂ ਕਿ ਬੱਚਿਆਂ ਦੇ ਮਨਾਂ ਵਿਚ ਪੁਸਤਕਾਂ ਪ੍ਰਤੀ ਉਤਸੁਕਤਾ ਤੇ ਤਾਂਘ ਪੈਦਾ ਹੋ ਸਕੇ।**

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਲਾਇਬਰੇਰੀ ਗਿਆਨ ਦਾ ਵਿਸ਼ਾਲ ਭੰਡਾਰ ਹੁੰਦੀ ਹੈ। ਪੁਸਤਕਾਂ ਦੀ ਮਹੱਤਤਾ ਕਾਰਨ ਹੀ ਇਨ੍ਹਾਂ ਨੂੰ ਮਨੁੱਖ ਦਾ ਸੱਚਾ ਮਿੱਤਰ ਕਿਹਾ ਜਾਂਦਾ ਹੈ। ਲਾਇਬਰੇਰੀ ਸ਼ਬਦ ਦੀ ਉਤਪਤੀ ਲਾਤੀਨੀ ਸ਼ਬਦ 'ਲੀਬਰੇ' ਤੋਂ ਹੋਈ ਹੈ, ਜਿਸ ਦਾ ਅਰਥ ਹੈ ਕਿਤਾਬ। ਸਾਹਿਤਕ ਤੇ ਗਿਆਨ-ਵਰਧਿਕ ਪੁਸਤਕਾਂ ਮਨੁੱਖ ਦੀ ਸੋਚ ਤੇ ਨਜ਼ਰੀਏ ਨੂੰ ਬਦਲਣ ਤੇ ਪਰਪੱਕ ਕਰਨ ਦਾ ਵਡਮੁੱਲਾ ਕਾਰਜ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਆਪਣੀ ਉਮਰ, ਰੁਚੀ ਤੇ ਪਸੰਦ ਅਨੁਸਾਰ ਕੋਈ ਵੀ ਵਿਅਕਤੀ ਲਾਇਬਰੇਰੀ ਵਿਚ ਪੁਸਤਕਾਂ ਸੰਗ ਦੋਸਤੀ ਪਾ ਕੇ ਨਾ ਕੇਵਲ ਗਿਆਨ-ਰੂਪੀ ਸਮੁੰਦਰ ਵਿਚ ਤਾਰੀਆਂ ਲਾਉਂਦਾ, ਸਗੋਂ ਜੀਵਨ ਦਾ ਵਿਸ਼ੇਸ਼ ਨਜ਼ਰੀਆ ਤੇ ਸੂਝ ਵਿਕਸਤ ਕਰ ਕੇ ਆਪਣੀ ਮੰਜ਼ਿਲ 'ਤੇ ਪਹੁੰਚਣ ਦਾ ਰਾਹ ਵੀ ਤਲਾਸ਼ ਸਕਦਾ ਹੈ। ਘਰ ਤੋਂ ਬਾਅਦ ਸਕੂਲ ਬੱਚੇ ਦੇ ਸਰਬਪੱਖੀ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਕੂਲ ਵਿਚ ਆ ਕੇ ਬੱਚੇ ਨੇ ਕੇਵਲ ਪਾਠਕ੍ਰਮ ਦੀਆਂ ਪੁਸਤਕਾਂ ਪੜ੍ਹ ਕੇ ਹੀ ਜਮਾਤਾਂ ਨਹੀਂ ਪਾਸ ਕਰਨੀਆਂ ਹੁੰਦੀਆਂ, ਸਗੋਂ ਸਮਾਜਿਕ, ਸੱਭਿਆਚਾਰਕ, ਭਾਵਨਾਤਮਿਕ ਅਤੇ ਨੈਤਿਕ ਮੁੱਲਾਂ ਸਬੰਧੀ ਬਹੁਤ ਕੁਝ ਸਿੱਖਣਾ ਤੇ ਸਮਝਣਾ ਹੁੰਦਾ ਹੈ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜ਼ਿੰਦਗੀ ਦਾ ਇਹ ਅਣਮੁੱਲਾ ਗਿਆਨ ਹਾਸਲ ਕਰ ਕੇ ਹੀ ਜੀਵਨ ਨੂੰ ਸਾਰਥਕ ਬਣਾਇਆ ਜਾ ਸਕਦਾ ਹੈ। ਸਕੂਲ ਪੱਧਰ 'ਤੇ ਪੜ੍ਹਾਏ ਜਾਂਦੇ ਵੱਖ-ਵੱਖ ਵਿਸ਼ਿਆਂ ਦੇ ਨਾਲ-ਨਾਲ ਲਾਇਬਰੇਰੀ ਵਿਚੋਂ ਪੁਸਤਕਾਂ ਪ੍ਰਾਪਤ ਕਰ ਕੇ ਵਿਦਿਆਰਥੀ ਕਿਸੇ ਵੀ ਵਿਸ਼ੇ ਬਾਰੇ ਹੋਰ ਗਿਆਨ ਹਾਸਲ ਕਰ ਕੇ ਚੰਗੀ ਸਮਝ ਸੂਝ ਪੈਦਾ ਕਰ ਸਕਦਾ ਹੈ।

ਅਜੋਕੀ ਸਿੱਖਿਆ ਪ੍ਰਣਾਲੀ ਵਿਚ ਪ੍ਰੀਖਿਆ ਦੀ ਦ੍ਰਿਸ਼ਟੀ ਤੋਂ ਕੇਵਲ ਪਾਠ-ਪੁਸਤਕਾਂ ਤੇ ਨਿਰਧਾਰਤ ਪਾਠਕ੍ਰਮ ਪੜ੍ਹਾਉਣ 'ਤੇ ਹੀ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਪਾਠਕ੍ਰਮ ਏਨੇ ਲੰਮੇ ਅਕਾਊ ਅਤੇ ਨੀਰਸ ਹਨ ਕਿ ਬੱਚੇ ਅਤੇ ਅਧਿਆਪਕ ਸਾਲ ਦਾ ਬਹੁਤਾ ਸਮਾਂ ਇਸ ਨੂੰ ਮੁਕਾਉਣ ਵਿਚ ਹੀ ਉਲਝੇ ਰਹਿੰਦੇ ਹਨ। ਅਧਿਆਪਕ ਵੀ ਨਤੀਜਾ ਚੰਗਾ ਲਿਆਉਣ ਦੇ ਯਤਨਾਂ ਵਿਚ ਤੇ ਮਹਿਕਮੇ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਪਾਠਕ੍ਰਮ ਦੇ ਚੱਕਰਵਿਊ ਵਿਚੋਂ ਹੀ ਬਾਹਰ ਨਹੀਂ ਨਿਕਲਦਾ। ਪ੍ਰੀਖਿਆ ਪਾਸ ਕਰਨ ਦੇ ਹਊਏ ਨੇ ਵਿਦਿਆਰਥੀ ਲਈ ਕਿਸੇ ਵੀ ਹੋਰ ਸਰਗਰਮੀ ਵਿਚ ਹਿੱਸਾ ਲੈਣ ਦੇ ਦਰਵਾਜ਼ੇ ਹੀ ਬੰਦ ਕੀਤੇ ਹੋਏ ਹਨ। ਚਿੰਤਾਜਨਕ ਗੱਲ ਇਹ ਹੈ ਕਿ ਅਜੋਕੇ ਬੱਚੇ ਕੁੱਟਮਾਰ, ਅਪਰਾਧ-ਮੁਖੀ ਤੇ ਨੰਗੇਜ਼ ਭਰਪੂਰ ਫਿਲਮਾਂ ਅਤੇ ਤਰਕਹੀਣ ਤੇ ਗੈਰ ਵਿਗਿਆਨਕ ਸੀਰੀਅਲਾਂ ਦੇ ਦੀਵਾਨੇ ਹੋਏ ਪਏ ਹਨ। ਭਾਵੇਂ ਇਸ ਸਿਲਸਿਲੇ ਨੂੰ ਪੂਰੀ ਤਰ੍ਹਾਂ ਰੋਕਣਾ ਸੰਭਵ ਨਹੀਂ ਪਰ ਸਕੂਲ ਲਾਇਬਰੇਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਤ ਕਰ ਕੇ ਵਿਦਿਆਰਥੀਆ ਨੂੰ ਇਕ ਸਾਰਥਿਕ ਬਦਲ ਦਿੱਤਾ ਜਾ ਸਕਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਲਾਇਬਰੇਰੀ ਸਕੂਲ ਪਾਠਕ੍ਰਮ ਦਾ ਹਿੱਸਾ ਹੋਣ।

ਅਧਿਆਪਕ ਬੱਚਿਆਂ ਦੇ ਮਨ ਵਿਚ ਪੁਸਤਕਾਂ ਦੇ ਵਿਲੱਖਣ ਸੰਸਾਰ ਪ੍ਰਤੀ ਦਿਲਚਸਪੀ ਅਤੇ ਪ੍ਰੇਰਨਾ ਪੈਦਾ ਕਰ ਕੇ ਉਨ੍ਹਾਂ ਨੂੰ ਲਾਇਬਰੇਰੀ ਜਾਣ ਲਈ ਉਤਸ਼ਾਹਿਤ ਕਰਨ। ਬੱਚਿਆਂ ਦੇ ਉਮਰ ਗਰੁੱਪ ਅਨੁਸਾਰ ਉਨ੍ਹਾਂ ਨੂੰ ਪੁਸਤਕਾਂ ਮੁਹੱਈਆ ਕਰਾਈਆਂ ਜਾਣ। ਬੱਚੇ ਨੂੰ ਲਾਇਬਰੇਰੀ ਵਿਚ ਬੈਠ ਕੇ ਅਖਬਾਰਾਂ, ਰਸਾਲੇ ਅਤੇ ਪੁਸਤਕਾਂ ਦੇ ਅਲੋਕਾਰ ਸੰਸਾਰ ਦੀ ਥਾਂਹ ਪਾਉਣ ਦਾ ਮੌਕਾ ਪ੍ਰਦਾਨ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਜੇ ਅਧਿਆਪਕ ਨੂੰ ਆਪ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਹੋਏਗੀ ਤਾਂ ਉਹ ਹੌਲੀ ਹੌਲੀ ਬੱਚਿਆਂ ਨੂੰ ਵੀ ਇਸ ਰਾਹ ਤੋਰਨ ਵਿਚ ਕਾਮਯਾਬੀ ਹਾਸਲ ਕਰ ਲਏਗਾ। ਪੁਸਤਕਾਂ ਵਿਚੋਂ ਕਦੇ ਕਦੇ ਕੁਝ ਦਿਲਚਸਪ ਵੇਰਵੇ ਅਧਿਆਪਕ ਬੱਚਿਆਂ ਨੂੰ ਪੜ੍ਹ ਕੇ ਸੁਣਾਉਣ ਤਾਂ ਕਿ ਬੱਚਿਆਂ ਦੇ ਮਨਾਂ ਵਿਚ ਪੁਸਤਕਾਂ ਪ੍ਰਤੀ ਉਤਸੁਕਤਾ ਤੇ ਤਾਂਘ ਪੈਦਾ ਹੋ ਸਕੇ। ਬੱਚਿਆਂ ਦੀ ਸਕੂਲ ਵਿਚ ਕਿਸੇ ਪ੍ਰਾਪਤੀ ਲਈ ਪੁਸਤਕਾਂ ਇਨਾਮ ਵਜੋਂ ਦਿੱਤੀਆਂ ਜਾਣ ਤਾਂ ਕਿ ਉਹ ਜਦੋਂ ਚਾਹੇ ਪੜ੍ਹਨ ਦੀ ਭੁੱਖ ਪੂਰੀ ਕਰ ਸਕੇ। ਇਸ ਤਰ੍ਹਾਂ ਦੇ ਸੁਹਿਰਦ ਯਤਨਾ ਸਦਕਾ ਬੱਚਿਆਂ ਵਿਚ ਸਿਰਜਣਾਤਮਕ ਰੁਚੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਬੱਚੇ ਅਧਿਆਪਕ ਦੀ ਅਗਵਾਈ ਵਿਚ ਹਲਕੇ ਫੁਲਕੇ ਲੇਖ ਅਤੇ ਕਵਿਤਾਵਾਂ ਲਿਖ ਕੇ ਆਪਣੇ ਅੰਦਰ ਛੁਪੀਆਂ ਸੰਭਾਵਨਾਵਾਂ ਨੂੰ ਪ੍ਰਗਟ ਕਰ ਸਕਦੇ ਹਨ।

ਸਿੱਖਿਆ ਨੂੰ ਮਨੁੱਖ ਦਾ ਤੀਜਾ ਨੇਤਰ ਕਿਹਾ ਗਿਆ ਹੈ। ਅਜੋਕੀ ਸਿੱਖਿਆ ਪ੍ਰਣਾਲੀ ਬੱਚੇ ਦੀ ਸੂਝ ਨੂੰ ਵਿਕਸਤ ਕਰਨ ਅਤੇ ਉਸ ਦੇ ਮਨ ਵਿਚ ਆਲੋਚਨਾਤਮਿਕ ਸਵਾਲ ਪੈਦਾ ਕਰਨ ਤੋਂ ਅਸਮਰੱਥ ਹੈ। ਜਦੋਂ ਤੱਕ ਕਿਸੇ ਵਿਚਾਰ ਜਾਂ ਮਸਲੇ ਬਾਰੇ ਕੋਈ ਸਵਾਲ ਪੈਦਾ ਨਹੀਂ ਹੁੰਦਾ, ਉਦੋਂ ਤੱਕ ਤੀਸਰਾ ਨੇਤਰ ਬੰਦ ਹੀ ਰਹੇਗਾ। ਸਾਡੇ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਦਾ ਸਭ ਤੋਂ ਵੱਡਾ ਦੁਖਾਂਤ ਇਹੀ ਹੈ। ਲਾਇਬਰੇਰੀ ਦੀਆਂ ਸਾਹਿਤਕ ਤੇ ਹੋਰ ਗਿਆਨ ਵਰਧਕ ਪੁਸਤਕਾਂ ਦੀ ਲਗਾਤਾਰ ਸਾਂਝ ਨਾਲ ਕਿਸੇ ਦੇ ਜੀਵਨ ਦੀ ਦਿਸ਼ਾ ਨੂੰ ਨਵਾਂ ਤੇ ਸਾਰਥਕ ਮੋੜ ਦੇਣ ਦਾ ਯਤਨ ਕੀਤਾ ਜਾ ਸਕਦਾ ਹੈ। ਪੁਸਤਕਾਂ ਪੜ੍ਹਨ ਦੀ ਰੁਚੀ ਹੌਲੀ ਹੌਲੀ ਬੱਚਿਆਂ ਦੇ ਮਨ ਵਿਚ ਜੀਵਨ ਦੇ ਵਰਤਾਰਿਆਂ ਨੂੰ ਸਮਝਣ ਦੀ ਸੂਝ ਪੈਦਾ ਕਰਦੀ ਹੈ ਤੇ ਸਵੈ-ਵਿਸ਼ਵਾਸ ਪੈਦਾ ਕਰਦੀ ਹੈ। ਅਗਲੇਰੀ ਜ਼ਿੰਦਗੀ ਵਿਚ ਇਹ ਗੁਣ ਕਿਸੇ ਦੀ ਸ਼ਖ਼ਸੀਅਤ ਨੂੰ ਉਸਾਰਨ ਵਿਚ ਸਹਾਈ ਹੁੰਦੇ ਹਨ।

ਅਕਸਰ ਹੀ ਇਹ ਕਿਹਾ ਜਾਂਦਾ ਹੈ ਕਿ ਲਾਇਬਰੇਰੀ ਦੀ ਵਰਤੋਂ ਨਾਲ ਬੱਚਿਆਂ ਦੀ

ਬਾਕੀ ਸਫ਼ਾ 7 'ਤੇ



# ਹਰਮਨ ਪਿਆਰੇ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ

ਸਰਬਜੀਤ ਸਿੰਘ ਕੰਵਲ

ਅਠਾਈ ਅਪਰੈਲ, 2025 ਨੂੰ ਰਸ-ਭਿੰਨੀ ਅਤੇ ਸੁਰੀਲੀ ਆਵਾਜ਼ ਦੇ ਮਾਲਕ ਹਰਮਨ ਪਿਆਰੇ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਦੇਸ਼ ਦੇ ਸਭ ਤੋਂ ਉੱਚੇ ਨਾਗਰਿਕ ਪੁਰਸਕਾਰਾਂ ਵਿੱਚੋਂ ਇੱਕ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਗੁਰਬਾਣੀ ਗਾਉਣ ਅਤੇ ਇਲਾਹੀ ਸੰਗੀਤ ਰਾਹੀਂ ਸਿੱਖ ਧਰਮ ਦੇ ਅਧਿਆਤਮਿਕ ਸੰਦੇਸ਼ ਨੂੰ ਫੈਲਾਉਣ ਵਿੱਚ ਉਨ੍ਹਾਂ ਦੇ ਜੀਵਨ ਭਰ ਦੇ ਯੋਗਦਾਨ ਲਈ ਦਿੱਤਾ ਗਿਆ ਹੈ। ਬੁਲੰਦੀ ਦੇ ਇਸ ਸ਼ਾਨਦਾਰ ਸਮੇਂ ਵੀ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਹਮੇਸ਼ਾਂ ਦੀ ਤਰ੍ਹਾਂ ਅਤਿ ਦੀ ਨਿਮਰਤਾ ਵਿੱਚ ਨਜ਼ਰ ਆਏ। ਜਿਵੇਂ ਹੀ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੁੰਦੇ ਹੋਏ ਰਾਸ਼ਟਰਪਤੀ ਵੱਲੋਂ ਮਿਲਿਆ ਸਰਟੀਫਿਕੇਟ ਪਹਿਲੀ ਵਾਰ ਖੋਲ੍ਹਿਆ, ਉਨ੍ਹਾਂ ਨੇ ਸਨਮਾਨ 'ਤੇ ਲਿਖੇ ਆਪਣੇ ਨਾਮ ਵੱਲ ਵੇਖਦਿਆਂ ਕਿਹਾ, "ਮੈਨੂੰ ਲੱਗਦਾ ਹੈ ਇਹ ਸਿਰਫ਼ ਮੇਰਾ ਨਾਮ ਨਹੀਂ ਹੈ – ਇਸ ਵਿੱਚ ਮੇਰੇ ਸਾਰੇ ਦੋਸਤਾਂ ਅਤੇ ਕੀਰਤਨੀ ਵੀਰਾਂ ਦਾ ਨਾਮ ਹੈ। ਇਹ ਪੁਰਸਕਾਰ ਉਨ੍ਹਾਂ ਸਾਰਿਆਂ ਦਾ ਹੈ।" ਉਨ੍ਹਾਂ ਕਿਹਾ ਕਿ ਸੰਗਤ ਦਾ ਪਿਆਰ ਉਨ੍ਹਾਂ ਲਈ ਸਭ ਤੋਂ ਵੱਡਾ ਇਨਾਮ ਹੈ ਜੋ ਕਿ ਕਿਸੇ ਵੀ ਉਪਾਧੀ ਜਾਂ ਸਨਮਾਨ ਨਾਲੋਂ ਕਿਤੇ ਜ਼ਿਆਦਾ ਕੀਮਤੀ ਹੈ।

ਨਿਮਰਤਾ ਅਤੇ ਸ਼ੁਕਰਾਨੇ ਦੀ ਇਸ ਭਾਵਨਾ ਨੇ ਭਾਈ ਹਰਜਿੰਦਰ ਸਿੰਘ ਨੂੰ ਨਾ ਸਿਰਫ਼ ਇੱਕ ਪ੍ਰਸਿੱਧ ਕੀਰਤਨੀਏ ਬਣਾਇਆ ਹੈ, ਸਗੋਂ ਉਨ੍ਹਾਂ ਨੂੰ ਸਿੱਖ ਭਾਈਚਾਰੇ ਦੀਆਂ ਸਭ ਤੋਂ ਪਿਆਰੀਆਂ ਸ਼ਖ਼ਸੀਅਤਾਂ ਵਿੱਚੋਂ ਇੱਕ ਵਜੋਂ ਵੀ ਉਭਾਰਿਆ ਹੈ।

ਭਾਈ ਹਰਜਿੰਦਰ ਸਿੰਘ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ ਇੱਕ ਪਿੰਡ ਵਿੱਚ ਹੋਇਆ। ਸ਼ੁਰੂਆਤੀ ਜ਼ਿੰਦਗੀ ਸੌਖੀ ਨਹੀਂ ਸੀ। ਛੋਟੀ ਉਮਰੇ ਉਨ੍ਹਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ ਅਤੇ ਉਹ ਗ਼ਰੀਬੀ ਦੀ ਹਾਲਤ ਵਿੱਚ ਵੱਡੇ ਹੋਏ। ਉਨ੍ਹਾਂ ਨੇ ਅੰਮ੍ਰਿਤਸਰ ਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਧਾਰਮਿਕ ਪੜ੍ਹਾਈ ਕੀਤੀ, ਜਿੱਥੇ ਉਨ੍ਹਾਂ ਅੰਦਰ ਗੁਰਬਾਣੀ ਨਾਲ ਡੂੰਘੀ ਸਾਂਝ ਦੀ ਨੀਂਹ ਰੱਖੀ ਗਈ। ਇਸ ਤੋਂ ਬਾਅਦ ਉਨ੍ਹਾਂ ਨੇ ਸ੍ਰੀਨਗਰ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਕੀਰਤਨੀਏ ਵਜੋਂ ਨੌਕਰੀ ਕਰ ਲਈ।

ਉਨ੍ਹਾਂ ਦੀ ਪਹਿਲੀ ਗੁਰਬਾਣੀ ਕੈਸੇਟ 'ਸਭੁ ਦੇਸੁ ਪਰਾਇਆ' ਬਹੁਤ ਉਮੀਦ ਨਾਲ ਰਿਲੀਜ਼ ਕੀਤੀ ਗਈ ਸੀ, ਪਰ ਉਸ ਸਮੇਂ ਸੰਗਤ ਸ਼ੁੱਧ ਗੁਰਬਾਣੀ ਕੀਰਤਨ ਦੀ ਬਜਾਏ ਧਾਰਮਿਕ ਗੀਤ ਸੁਣਨ ਵੱਲ ਵਧੇਰੇ ਝੁਕਾਅ ਰੱਖਦੀ ਸੀ। ਸਿੱਟੇ ਵਜੋਂ ਇਸ ਕੈਸੇਟ ਨੂੰ ਬਹੁਤਾ ਹੁੰਗਾਰਾ ਨਾ ਮਿਲਿਆ। ਸੰਗਤ ਦੀ ਪਸੰਦ ਨੂੰ ਸਮਝਦੇ ਹੋਏ ਭਾਈ ਹਰਜਿੰਦਰ ਸਿੰਘ ਸਾਹਿਬਜ਼ਾਦਿਆਂ ਨੂੰ ਸਮਰਪਿਤ ਧਾਰਮਿਕ ਗੀਤਾਂ ਦੀ ਇੱਕ ਕੈਸੇਟ 'ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ' ਲੈ ਕੇ ਆਏ, ਜਿਸ ਨੂੰ ਸਭ ਨੇ ਬਹੁਤ ਪਸੰਦ ਕੀਤਾ। ਇਸ ਕੈਸੇਟ ਨੇ ਭਾਈ ਸਾਹਬ ਨੂੰ ਉਹ ਮਾਨਤਾ ਦਵਾਈ ਜਿਸ ਦੇ ਉਹ ਲੰਬੇ ਸਮੇਂ ਤੋਂ ਹੱਕਦਾਰ ਸਨ।

ਇਸ ਸਫਲਤਾ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਨੇ ਦੁਬਾਰਾ ਆਪਣੀ ਪੁਰਾਣੀ ਸ਼ੁੱਧ ਗੁਰਬਾਣੀ ਵਾਲੀ ਕੈਸੇਟ ਜਾਰੀ ਕੀਤੀ। ਇਸ ਵਾਰ ਇਸ ਕੈਸੇਟ ਨੂੰ ਵੀ ਸੰਗਤ ਨੇ ਖ਼ੂਬ ਸੁਣਿਆ।



ਇਹ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਸੀ। ਸੰਗਤਾਂ ਦੀ ਪਸੰਦ ਇੱਕ ਨਵਾਂ ਮੋੜ ਲੈ ਰਹੀ ਸੀ। ਸੰਗਤ ਨੇ ਹੌਲੀ-ਹੌਲੀ ਸ਼ੁੱਧ ਗੁਰਬਾਣੀ ਕੀਰਤਨ ਦੀ ਅਥਾਹ ਅਧਿਆਤਮਿਕ ਸ਼ਕਤੀ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਮਗਰੋਂ ਭਾਈ ਸਾਹਬ ਦੀ ਕੀਰਤਨ ਦੀ ਹਰ ਕੈਸੇਟ ਅਤੇ ਸੀਡੀ ਰਿਲੀਜ਼ ਹੁੰਦੇ ਹੀ ਘਰ-ਘਰ ਪਹੁੰਚ ਜਾਂਦੀ ਸੀ। ਸਾਢੇ ਚਾਰ ਦਹਾਕਿਆਂ ਵਿੱਚ ਉਨ੍ਹਾਂ ਨੇ 700 ਤੋਂ ਵੱਧ ਸ਼ਬਦ ਗਾਏ ਅਤੇ ਬੇਸ਼ੁਮਾਰ ਸੰਗਤਾਂ ਨੇ ਇਸ ਅਧਿਆਤਮਿਕ ਖੁਰਾਕ ਦਾ ਆਨੰਦ ਮਾਣਿਆ।

ਭਾਈ ਹਰਜਿੰਦਰ ਸਿੰਘ ਦਾ ਸੰਗੀਤ ਸਿਰਫ਼ ਇੱਕ ਕਲਾ ਦਾ ਰੂਪ ਨਹੀਂ ਹੈ, ਇਹ ਇੱਕ ਅਰਦਾਸ, ਇੱਕ ਜੋਦੜੀ ਅਤੇ ਜੀਵਨ ਦਾ ਇੱਕ ਤਰੀਕਾ ਹੈ। ਉਹ ਸਿਰਫ਼ ਆਪਣੀ ਗਾਇਕੀ ਦਾ ਪ੍ਰਦਰਸ਼ਨ ਹੀ ਨਹੀਂ ਕਰਦੇ ਸਗੋਂ ਗੁਰਬਾਣੀ ਦੇ ਰਸ ਵਿੱਚ ਭਿੱਜ ਕੇ ਗਾਉਂਦੇ ਹਨ। ਸ਼ਬਦ ਨਾਲ ਉਨ੍ਹਾਂ ਦਾ ਦਿਲੋਂ ਪ੍ਰੇਮ, ਸ਼ੁੱਧ ਤੇ ਸਪੱਸ਼ਟ ਉਚਾਰਨ ਅਤੇ ਭਾਵਨਾਤਮਕ ਪੇਸ਼ਕਾਰੀ ਇੱਕ ਡੂੰਘਾ ਰੂਹਾਨੀ ਅਨੁਭਵ ਪੈਦਾ ਕਰਦੀ ਹੈ। ਕੀਰਤਨ ਸਮਾਗਮਾਂ ਦੌਰਾਨ ਉਨ੍ਹਾਂ ਨੂੰ ਅੱਖਾਂ ਸਾਹਮਣੇ ਗਾਉਂਦਾ ਵੇਖ ਕੇ ਸੰਗਤ ਦੇ ਨੇਤਰਾਂ ਵਿੱਚੋਂ ਹੰਝੂ ਵਗਣੇ ਕੋਈ ਅਸਾਧਾਰਨ ਗੱਲ ਨਹੀਂ ਹੈ। ਉਨ੍ਹਾਂ ਦੀ ਆਵਾਜ਼ ਵਿੱਚ ਸਿਰਫ਼ ਸੁਰ ਹੀ ਨਹੀਂ, ਸਗੋਂ ਇੱਕ ਸ਼ਕਤੀਸ਼ਾਲੀ ਅਧਿਆਤਮਿਕ ਕੰਪਨ ਵੀ ਹੈ ਜੋ ਸੰਗਤ ਦੇ ਦਿਲ ਦੀ ਤਾਰ ਨੂੰ ਛੇੜਦੀ ਹੈ ਅਤੇ ਕੁਦਰਤੀ ਤੌਰ 'ਤੇ ਸਭ ਨੂੰ ਗੁਰੂ ਉਪਦੇਸ਼ ਨਾਲ ਜੋੜਦੀ ਹੈ।

ਰਾਗੀਆਂ ਦੀ ਨੌਜਵਾਨ ਪੀੜ੍ਹੀ ਨੂੰ ਭਾਈ ਹਰਜਿੰਦਰ ਸਿੰਘ ਇੱਕ ਸੁਹਿਰਦ ਸਲਾਹ ਦਿੰਦੇ ਹਨ। ਉਹ ਉਨ੍ਹਾਂ ਦੀ ਪ੍ਰਤਿਭਾ, ਰਾਗਾਂ ਦੇ ਗਿਆਨ ਅਤੇ ਸੰਗੀਤਕ ਹੁਨਰ ਨੂੰ ਸਵੀਕਾਰ ਕਰਦੇ ਹਨ, ਪਰ ਉਹ ਮੰਨਦੇ ਹਨ ਕਿ ਉਨ੍ਹਾਂ ਨੂੰ ਗਹਿਰੀ ਸੋਚ ਦੀ ਲੋੜ ਹੈ। ਉਹ ਕਹਿੰਦੇ ਹਨ, "ਨੌਜਵਾਨ ਬਹੁਤ ਸੁੰਦਰ ਗਾਉਂਦੇ ਹਨ, ਪਰ ਉਨ੍ਹਾਂ ਵਿੱਚ ਜਿਸ ਚੀਜ਼ ਦੀ ਘਾਟ ਹੈ ਉਹ ਹੈ ਸਕੂਨ। ਜਿਵੇਂ ਇੱਕ ਸੁਆਣੀ ਜੋ ਆਪਣੇ ਪਰਿਵਾਰ ਲਈ ਭੋਜਨ ਤਿਆਰ ਕਰਦੀ ਹੈ ਅਤੇ ਉਸ ਨੂੰ ਪਰੋਸਣ ਤੋਂ ਪਹਿਲਾਂ ਉਸ ਦਾ ਸੁਆਦ ਆਪ ਚਖ ਕੇ ਦੇਖਦੀ ਹੈ। ਇਸੇ ਪ੍ਰਕਾਰ ਇੱਕ ਰਾਗੀ ਨੂੰ ਪਹਿਲਾਂ ਗੁਰਬਾਣੀ ਦੇ ਅਧਿਆਤਮਿਕ ਸੁਆਦ ਨੂੰ ਆਪ ਚਖਣਾ ਚਾਹੀਦਾ ਹੈ ਅਤੇ ਫਿਰ ਦੂਜਿਆਂ ਲਈ ਗਾਉਣਾ ਚਾਹੀਦਾ ਹੈ।" ਇਹ ਤੁਲਨਾ ਬਹੁਤ ਡੂੰਘਾ ਭਾਵ ਰੱਖਦੀ ਹੈ-ਗੁਰਬਾਣੀ ਕੇਵਲ ਗੀਤ ਸੰਗੀਤ ਨਹੀਂ ਹੈ; ਇਹ ਆਤਮਾ ਦੀ ਖ਼ੁਰਾਕ ਹੈ। ਜਦੋਂ ਕੋਈ ਕੀਰਤਨੀਆ ਇਸ ਦੇ ਤੱਤ ਨੂੰ ਦਿਲੋਂ ਅਨੁਭਵ ਕਰ ਕੇ ਗਾਉਂਦਾ ਹੈ ਤਾਂ ਹੀ ਉਹ ਸਰੋਤਿਆਂ ਦੇ ਮਨ ਨੂੰ ਸੁੱਖ ਪ੍ਰਦਾਨ ਕਰ ਸਕਦਾ ਹੈ।

ਜਿਵੇਂ ਕਿ ਅੱਜ ਵੀ ਸੰਗਤਾਂ ਆਪਣੇ ਸ਼ਹਿਰ ਵਿੱਚ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੇ ਕੀਰਤਨ ਸਮਾਗਮ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੀਆਂ ਹਨ, ਭਾਈ ਸਾਹਬ ਦਾ ਸੰਦੇਸ਼ ਸਪੱਸ਼ਟ ਹੈ: ਗੁਰਬਾਣੀ ਨੂੰ ਸਿਰਫ਼ ਕੰਨ-ਰਸ ਸਮਝ ਕੇ ਹੀ ਨਾ ਸੁਣਿਆ ਜਾਵੇ, ਸਗੋਂ ਮਹਿਸੂਸ ਕੀਤਾ ਜਾਵੇ, ਸਮਝਿਆ ਜਾਵੇ ਅਤੇ ਗੁਰੂ ਦੀ ਮੱਤ ਅਨੁਸਾਰ ਜੀਵਨ ਜੀਇਆ ਜਾਵੇ। ਭਾਈ ਸਾਹਬ ਆਪਣੇ ਜੀਵਨ ਦੌਰਾਨ, ਇੱਕ ਅਜਿਹੀ ਵਿਰਾਸਤ ਬਣਾ ਰਹੇ ਹਨ ਜੋ ਰਾਗੀਆਂ, ਸਾਧਕਾਂ ਅਤੇ ਗੁਰਬਾਣੀ ਦੇ ਪ੍ਰੇਮੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

ਸੰਪਰਕ: 98150-85016

# ਕੁਦਰਤੀ ਨਿਆਮਤਾਂ ਨਾਲ ਸਰਸ਼ਾਰ ਅੰਡੇਮਾਨ ਨਿਕੋਬਾਰ

ਜਗਜੀਤ ਸਿੰਘ ਗਣੇਸ਼ਪੁਰ



ਠਾਠਾਂ ਮਾਰਦੇ ਸਮੁੰਦਰ, ਹਰੇ-ਭਰੇ ਜੰਗਲ, ਉੱਚੇ-ਉੱਚੇ ਨਾਰੀਅਲ ਦੇ ਦਰੱਖਤਾਂ, ਬੀਚਾਂ ਦੀ ਖ਼ੂਬਸੂਰਤੀ ਅਤੇ ਸਮੁੰਦਰ ਦੀ ਰੋਮਾਂਚਕ ਯਾਤਰਾ ਦਾ ਆਨੰਦ ਮਾਣਨ ਦੇ ਚਾਹਵਾਨਾਂ ਲਈ ਅੰਡੇਮਾਨ ਨਿਕੋਬਾਰ ਉਮਦਾ ਵਿਕਲਪ ਹੋ ਸਕਦਾ ਹੈ। ਕੁਦਰਤ ਨਾਲ ਲਬਰੇਜ਼ ਦ੍ਰਿਸ਼ਾਂ ਦੇ ਨਾਲ-ਨਾਲ ਇਹ ਟਾਪੂ ਆਦਿਵਾਸੀ ਜੀਵਨ ਦੀ ਝਲਕ ਵੀ ਪੇਸ਼ ਕਰਦਾ ਹੈ। ਇਨ੍ਹਾਂ ਟਾਪੂਆਂ ਦਾ ਦੇਸ਼ ਦੀ ਆਜ਼ਾਦੀ ਲਹਿਰ ਵਿੱਚ ਵੀ ਵਿਲੱਖਣ ਇਤਿਹਾਸ ਹੈ। ਇੱਥੋਂ ਦੀ ਸੈਲਿਊਲਰ ਜੇਲ੍ਹ ਵਿੱਚ ਸਾਡੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਅਣਮਨੁੱਖੀ ਹਾਲਾਤ ਵਿੱਚ ਕੈਦ ਕਰ ਕੇ ਰੱਖਿਆ ਜਾਂਦਾ ਸੀ। ਇਸ ਜੇਲ੍ਹ ਦੀਆਂ ਕਾਲ ਕੋਠੜੀਆਂ ਕਾਰਨ ਹੀ ਇਨ੍ਹਾਂ ਨੂੰ ਕਾਲੇਪਾਣੀ ਦੀ ਧਰਤੀ ਵੀ ਕਿਹਾ ਜਾਂਦਾ ਹੈ। ਪੰਜਾਬੀਆਂ ਖ਼ਾਸਕਰ ਸਿੱਖਾਂ ਦਾ ਇਨ੍ਹਾਂ ਦੀਪਾਂ ਉਪਰ ਕੁਰਬਾਨੀਆਂ ਦਾ ਸ਼ਾਨਮੱਤਾ ਇਤਿਹਾਸ ਹੈ। ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਾਸਾਨੀ ਸ਼ਹਾਦਤ ਨੂੰ ਕੌਣ ਭੁਲਾ ਸਕਦਾ ਹੈ ਜਿਨ੍ਹਾਂ ਦੇ ਨਾਮ ਨਾਲ ਹੀ ਕਾਲੇਪਾਣੀ ਸ਼ਬਦ ਸਦਾ ਲਈ ਜੁੜ ਗਿਆ।

ਇਨ੍ਹਾਂ ਦੀਪਾਂ ਦੀ ਸੁੰਦਰਤਾ ਨੂੰ ਨਿਹਾਰਨ ਲਈ ਅਸੀਂ ਛੇ ਦੋਸਤ ਫਗਵਾੜੇ ਰੇਲਵੇ ਸਟੇਸ਼ਨ ਤੋਂ ਸ਼ਾਨੇ-ਪੰਜਾਬ ਰੇਲਗੱਡੀ ਰਾਹੀਂ ਦਿੱਲੀ ਪਹੁੰਚੇ। ਦਿੱਲੀ ਤੋਂ ਪੋਰਟ ਬਲੇਅਰ ਦੀ ਉਡਾਣ ਨੇ ਸਾਨੂੰ ਤਕਰੀਬਨ ਪੰਜ ਘੰਟਿਆਂ ਵਿੱਚ ਪੋਰਟ ਬਲੇਅਰ ਪਹੁੰਚਾ ਦਿੱਤਾ ਜੋ ਵਾਇਆ ਕਲਕੱਤਾ ਜਾਂਦੀ ਹੈ। ਇਸ ਵਿੱਚ ਕਲਕੱਤੇ ਹਵਾਈ ਅੱਡੇ ਦੀ ਅੱਧੇ-ਪੌਣੇ ਘੰਟੇ ਦੀ ਠਾਹਰ ਵੀ ਸ਼ਾਮਿਲ ਸੀ। ਹਵਾਈ ਸਫ਼ਰ ਦੌਰਾਨ ਆਕਾਸ਼ ਵਿੱਚ ਬੱਦਲ ਤੇ ਹੇਠਾਂ ਸਮੁੰਦਰ ਨਾਲੋ-ਨਾਲ ਚੱਲ ਰਹੇ ਪ੍ਰਤੀਤ ਹੁੰਦੇ ਹਨ। ਤੁਸੀਂ ਅੰਡੇਮਾਨ ਨਿਕੋਬਾਰ ਟਾਪੂਆਂ ਦੀ ਰਾਜਧਾਨੀ ਪੋਰਟ ਬਲੇਅਰ ਵਿੱਚ ਜਾ ਉਤਰਦੇ ਹੋ। ਇਤਿਹਾਸ, ਕੁਦਰਤ ਅਤੇ ਸਮੁੰਦਰੀ ਪਾਣੀ ਵਿੱਚ ਸਾਹਸ ਨਾਲ ਭਰੀਆਂ ਖੇਡਾਂ ਦਾ ਰੋਮਾਂਚ ਇੱਥੋਂ ਦਾ ਆਕਰਸ਼ਣ ਹੈ। ਸ਼ਹਿਰਾਂ ਦੇ ਭੀੜ-ਭੜੱਕੇ ਤੋਂ ਦੂਰ, ਬੰਗਾਲ ਦੀ ਖਾੜੀ ਦੇ ਪਾਣੀ ਨਾਲ ਚਾਰੇ ਪਾਸਿਉਂ ਘਿਰਿਆ ਇਹ ਟਾਪੂ ਦੁਨੀਆਂ ਭਰ ਦੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਕਲਕੱਤੇ ਤੋਂ ਤਕਰੀਬਨ 1255 ਕਿਲੋਮੀਟਰ ਦੂਰ ਅੰਡੇਮਾਨ-ਨਿਕੋਬਾਰ 'ਚ ਕੁੱਲ 572 ਟਾਪੂ ਹਨ ਜਿਨ੍ਹਾਂ ਦਾ ਕੁੱਲ ਖੇਤਰਫਲ 8249 ਵਰਗ ਕਿਲੋਮੀਟਰ ਹੈ। ਇਨ੍ਹਾਂ ਵਿੱਚੋਂ ਤਕਰੀਬਨ 36 ਟਾਪੂਆਂ ਉਪਰ ਹੀ ਆਬਾਦੀ ਹੈ। ਇਨ੍ਹਾਂ ਦੀਪਾਂ ਦੀ ਰਾਜਧਾਨੀ ਪੋਰਟ ਬਲੇਅਰ ਹੈ।

ਰਾਜੀਵ ਗਾਂਧੀ ਵਾਟਰ ਸਪੋਰਟਸ ਕੰਪਲੈਕਸ:

ਇਸ ਨੂੰ ਅੰਡੇਮਾਨ ਵਾਟਰ ਸਪੋਰਟਸ ਕੰਪਲੈਕਸ ਦਾ ਨਾਂ ਵੀ ਦਿੱਤਾ ਗਿਆ ਹੈ। ਇਹ ਸਥਾਨ ਮਜ਼ੇਦਾਰ, ਉਤਸ਼ਾਹ ਅਤੇ ਜੋਸ਼ ਨਾਲ ਭਰਿਆ ਹੋਇਆ ਹੈ। ਜਿਵੇਂ ਨਾਮ ਤੋਂ ਪਤਾ ਲੱਗਦਾ ਹੈ ਕਿ ਕੰਪਲੈਕਸ ਨੂੰ ਟਾਪੂਆਂ ਵਿੱਚ ਜਲ ਖੇਡਾਂ ਦੇ ਇੱਕ ਕੇਂਦਰ ਵਜੋਂ ਬਣਾਇਆ ਗਿਆ ਹੈ। ਇਸ ਬਾਰੇ ਬਿਹਤਰੀਨ ਗੱਲ ਇਹ ਹੈ ਕਿ ਕੰਪਲੈਕਸ ਤੋਂ ਸਮੁੰਦਰ ਦਾ ਅਦਭੁੱਤ ਨਜ਼ਾਰਾ ਦਿਸਦਾ ਹੈ। ਰਾਜੀਵ ਗਾਂਧੀ ਵਾਟਰ ਸਪੋਰਟਸ ਕੰਪਲੈਕਸ ਵਿੱਚ 'ਏਬਰਡੀਨ ਦੀ ਲੜਾਈ' ਦੀ ਇੱਕ ਯਾਦਗਾਰ ਵੀ ਹੈ ਜੋ ਕਿ 1859 ਵਿੱਚ ਅੰਡੇਮਾਨੀਆਂ ਅਤੇ ਬ੍ਰਿਟਿਸ਼ ਵਿਚਕਾਰ ਲੜੀ ਗਈ ਸੀ। ਦੋ ਕਿਲੋਮੀਟਰ ਖੇਤਰ ਵਿੱਚ ਫੈਲਿਆ ਇਹ ਕੰਪਲੈਕਸ ਸੈਰ ਅਤੇ ਆਰਾਮ ਕਰਨ ਲਈ ਪਾਰਕ ਵਜੋਂ ਬਣਾਇਆ ਗਿਆ ਸੀ ਅਤੇ ਇਹ ਵਿਸ਼ਵ ਪ੍ਰਸਿੱਧ ਸੈਲਿਊਲਰ ਜੇਲ੍ਹ ਦੇ ਨਜ਼ਦੀਕ ਹੀ ਸਥਿਤ ਹੈ।

ਰੌਸ ਟਾਪੂ:

ਕੈਪਟਨ ਡੇਨੀਅਲ ਰੌਸ ਦੇ ਨਾਮ 'ਤੇ ਵਸੇ ਰੌਸ ਟਾਪੂ ਦਾ ਨਾਮ ਭਾਰਤ ਸਰਕਾਰ ਨੇ 2018 ਵਿੱਚ ਬਦਲ ਕੇ 'ਨੇਤਾਜੀ ਸੁਭਾਸ਼ ਚੰਦਰ ਬੋਸ ਦੀਪ' ਰੱਖਿਆ ਹੈ। ਇਹ ਪੋਰਟ ਬਲੇਅਰ ਸ਼ਹਿਰ ਦੇ ਸਭ ਤੋਂ ਨਜ਼ਦੀਕੀ ਟਾਪੂਆਂ ਵਿੱਚੋਂ ਇੱਕ ਹੈ ਅਤੇ ਇੱਕ ਛੋਟੀ (15 ਮਿੰਟ) ਕਿਸ਼ਤੀ ਦੀ ਸਵਾਰੀ ਰਾਹੀਂ ਆਸਾਨੀ ਨਾਲ ਉੱਥੇ ਪਹੁੰਚਿਆ ਜਾ ਸਕਦਾ ਹੈ।

ਹਾਲਾਂਕਿ ਅੰਡੇਮਾਨ ਦੇ ਜ਼ਿਆਦਾਤਰ ਸੈਲਾਨੀ ਸਥਾਨ ਬੀਚਾਂ ਲਈ ਮਸ਼ਹੂਰ ਹਨ, ਪਰ ਰੌਸ ਆਈਲੈਂਡ ਖ਼ੂਬਸੂਰਤ ਹੋਣ ਦੇ ਨਾਲ-ਨਾਲ ਇਤਿਹਾਸਕ ਪੱਖੋਂ ਵੀ ਮਹੱਤਵ ਰੱਖਦਾ ਹੈ। ਬਰਤਾਨਵੀਆਂ ਨੇ ਇਸ ਨੂੰ ਪ੍ਰਸ਼ਾਸਕੀ ਹੈੱਡਕੁਆਰਟਰ ਵਜੋਂ ਵਰਤਿਆ। ਇਸ ਸਮੇਂ ਦੌਰਾਨ ਅੰਗਰੇਜ਼ਾਂ ਵੱਲੋਂ ਇਸ ਦੰਡਾਵਲੀ ਬੰਦੋਬਸਤ 'ਤੇ ਬਹੁਤ ਸਾਰੇ ਮਹੱਤਵਪੂਰਨ ਸਰਕਾਰੀ ਦਫ਼ਤਰ ਬਣਾਏ ਗਏ ਸਨ। ਹਿੰਦੋਸਤਾਨੀ ਕੈਦੀਆਂ ਵੱਲੋਂ ਬਣਾਈਆਂ ਗਈਆਂ ਇਨ੍ਹਾਂ ਪੁਰਾਣੀਆਂ ਇਮਾਰਤਾਂ ਦੇ ਖੰਡਰ ਅੱਜ ਵੀ ਰੌਸ ਵਿਖੇ ਮੌਜੂਦ ਹਨ। ਕੁਦਰਤ ਦੀ ਗੋਦ ਵਿੱਚ ਮੋਰ ਅਤੇ ਹਿਰਨ ਸਮੇਤ ਕਈ ਤਰ੍ਹਾਂ ਦੇ ਪੰਛੀਆਂ ਅਤੇ ਜਾਨਵਰਾਂ ਦੀ ਪਨਾਹਗਾਹ ਹੈ। ਇਹ ਬੜਾ ਮਨਮੋਹਕ ਅਤੇ ਅਦਭੁਤ ਅਨੁਭਵ ਪੇਸ਼ ਕਰਦਾ ਹੈ। ਟਾਪੂ ਦੀ ਸਭ ਤੋਂ ਅਨੋਖੀ ਗੱਲ ਇਹ ਹੈ ਕਿ

ਬਾਕੀ ਸਫ਼ਾ 7 'ਤੇ



ਕਹਾਣੀ

# ਆਓ ਰਾਖਸ਼ਸ ਮਾਰੀਏ



ਪ੍ਰੋ. ਚਮਨ ਅਰੋੜਾ/ +91 98156 30926

ਪ੍ਰੋਫੈਸਰ ਚਮਨ ਅਰੋੜਾ ਇੱਕ ਪ੍ਰਤੀਬੱਧ ਅਧਿਆਪਕ ਦੇ ਨਾਲ-ਨਾਲ ਨਾਟਕਕਾਰ ਵੀ ਹਨ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਜਲੰਧਰ ਤੋਂ ਉਨ੍ਹਾਂ ਦੇ ਨਾਟਕਾਂ ਦਾ ਬਹੁਤ ਵੱਡਾ ਤੇ ਨਿਰੰਤਰ ਸਿਲਸਿਲਾ ਰਿਹਾ ਹੈ। ਜਦੋਂ ਕਾਲਜ ਵਿੱਚ ਪੜਾਉਂਦੇ ਸਨ ਤਾਂ ਉਨ੍ਹਾਂ ਨੇ ਬਹੁਤ ਸਾਰੇ ਨਾਟਕਾਂ ਦਾ ਨਿਰਦੇਸ਼ਨ ਵੀ ਕੀਤਾ। ਉਹ ਨਾਟਕ ਯੂਥ ਫੈਸਟੀਵਲਾਂ ਦੇ ਸ਼ਿੰਗਾਰ ਬਣੇ ਅਤੇ ਪਹਿਲੇ ਸਥਾਨ ਉੱਤੇ ਆਉਂਦੇ ਰਹੇ। ਕੁਝ ਨਾਟਕਾਂ ਦਾ ਮੈਂ ਵੀ ਹਿੱਸਾ ਰਿਹਾ ਹਾਂ। ਉਨ੍ਹਾਂ ਨੂੰ ਕਹਾਣੀਆਂ ਲਿਖਣ ਦਾ ਵੀ ਸ਼ੌਕ ਹੈ। ਵੱਖ-ਵੱਖ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਉਨ੍ਹਾਂ ਦੀਆਂ ਕਹਾਣੀਆਂ ਬਹੁਤ ਹੀ ਰੀਝ ਨਾਲ ਪੜ੍ਹੀਆਂ ਜਾਂਦੀਆਂ ਰਹੀਆਂ ਹਨ। ਹਾਲ ਹੀ ਵਿੱਚ ਉਨ੍ਹਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ ਜ਼ਾਵੀਏ ਮੁਹੱਬਤਾਂ ਦੇ ਛਪੀ ਹੈ। ਉਸ ਪੁਸਤਕ ਵਿਚੋਂ ਇਕ ਕਹਾਣੀ ਚੜ੍ਹਦੀਕਲਾ ਦੇ ਪਾਠਕਾਂ ਦੇ ਰੂਬਰੂ ਹੈ।

**ਦਰਸ਼ਨ ਸਿੰਘ ਦਰਸ਼ਕ**

ਘੰਟੀ ਵੱਜਣ ਤੇ ਬਾਹਰ ਦਰਵਾਜ਼ੇ ਨਜ਼ਦੀਕ ਗਿਆ ਤਾਂ ਦੇਖਿਆ 19/20 ਸਾਲ ਦੀ ਮਧਰੇ ਕੱਦ ਅਤੇ ਗੁੰਦਵੇਂ ਸਰੀਰ ਵਾਲੀ ਕੁੜੀ ਖੜੀ ਸੀ। ਉਹਦੇ ਪਾਈ ਪੈਂਟ-ਕਮੀਜ਼ ਅਤੇ ਗਲੇ ਵਿੱਚ ਲਟਕਦੀ ਨੈਕਟਾਈ ਤੋਂ ਮੈਨੂੰ ਅੰਦਾਜ਼ਾ ਹੋ ਗਿਆ ਕਿ ਉਹ ਕਿਸੇ ਕੰਪਨੀ ਦਾ ਸਾਮਾਨ ਵੇਚਦੀ ਫਿਰਦੀ ਹੈ। ਆਮ ਤੌਰ ਤੇ ਮੈਂ ਇਹੋ ਜਿਹਿਆਂ ਸੇਲਜ਼ਗਰਲਜ਼ ਨੂੰ ਬਾਹਰੋਂ ਹੀ ਅਲਵਿਦਾ ਕਹਿ ਦਿਨਾਂ ਹਾਂ ਸਿਰਫ਼ ਇਸ ਕਰਕੇ ਕਿਉਂਕਿ ਮੇਰੀ ਬੀਵੀ ਨੂੰ ਇਹਨਾਂ ਤੋਂ ਬਹੁਤ ਡਰ ਲਗਦਾ ਹੈ। ਉਹਦਾ ਕਹਿਣਾ ਐ ਕਿ ਇਹ ਕੁੜੀਆਂ ਕਿਸੇ ਨਾ ਕਿਸੇ ਗਿਰੋਹ ਨਾਲ ਰਲੀਆਂ ਹੁੰਦੀਆਂ ਨੇ ਅਤੇ ਘਰ ਦਾ ਜਾਇਜ਼ਾ ਲੈ ਕਿ ਚੋਰੀ/ਡਾਕਾ ਹੀ ਨਹੀਂ ਬਲਕਿ ਕਤਲ ਤਕ ਕਰਵਾ ਦਿੰਦੀਆਂ ਹਨ। ਟੀਵੀ ਉੱਤੇ ਦਿਖਾਏ ਜਾਂਦੇ ਅਪਰਾਧ ਨਾਲ ਜੁੜੇ ਨਾਟਕਾਂ ਨੇ ਉਸ ਦੀ ਇਸ ਧਾਰਨਾ ਨੂੰ ਕਾਫ਼ੀ ਪੀਢਾ ਕਰ ਦਿੱਤਾ ਸੀ।

ਕੁੜੀ ਦੀ ਪਿੱਠ ਉੱਤੇ ਲੱਦਿਆ ਵਾਹਵਾ ਭਾਰਾ ਬੈਗ ਅਤੇ 40/42 ਡਿੱਗਰੀ ਦੀ ਗਰਮੀ ਕਾਰਨ ਉਸ ਦੇ ਮੂੰਹ ਉੱਤੇ ਆਏ ਮੁੜ੍ਹਕੇ ਨੂੰ ਦੇਖ ਕੇ ਮੈਂ ਉਹਨੂੰ ਬਰਾਮਦੇ ਵਿੱਚ ਬੈਠਣ ਲਈ ਦਰਵਾਜ਼ਾ ਖੋਲ੍ਹ ਦਿੱਤਾ। ਪੱਖਾ ਚਲਾ ਦਿੱਤਾ, ਉਹ ਬੈਠ ਗਈ, ਰੁਮਾਲ ਨਾਲ ਪਸੀਨਾ ਪੂੰਝਣ ਤੋਂ ਬਾਦ ਮੈਨੂੰ ਥੈਂਕਿਊ ਕਿਹਾ। ਐਨੇ ਨੂੰ ਮੇਰੀ ਬੀਵੀ ਅੱਖਾਂ ਤਰੇਰਦੀ, ਮੱਥੇ ਵੱਟ ਪਾਈ ਕਮਰੇ 'ਚੋਂ ਬਾਹਰ ਆ ਗਈ। ਇਸ਼ਾਰਾ ਕੀਤਾ ਏਹਨੂੰ ਭੇਜੋ ਐਥੋਂ। ਥੋੜ੍ਹੀ ਜਿਹੀ ਢੈਲੀ ਓਦੋਂ ਪਈ ਜਦ ਉਸ ਕੁੜੀ ਨੇ ਖੜੀ ਹੋ ਕੇ ਬੜੀ ਨਿਮਰਤਾ ਨਾਲ ਨਮਸ਼ਕਾਰ ਕੀਤਾ। ਜਵਾਬ ਵੱਲੋਂ ਮੇਰੀ ਬੀਵੀ ਨੇ ਉਸ ਨੂੰ ਬੈਠਣ ਲਈ ਕਿਹਾ। ਬੈਠਦਿਆਂ ਹੀ ਬੋਲੀ," ਤੁਸੀਂ ਬਿਲਕੁਲ ਮੇਰੀ ਨਾਨੀ ਵਰਗੇ ਓ। ਮੈਂ ਤਾਂ ਭੁਲੇਖਾ ਹੀ ਖਾ ਗਈ ਸੀ "। ਨਾਲ ਹੀ ਜ਼ੋਰ ਦੀ ਹੱਸੀ। ਘਰ ਦਿਆਂ ਕੰਧਾਂ ਵੀ ਹੱਸੀਆਂ। ਕਾਫ਼ੀ ਸਾਲਾਂ ਬਾਦ ਹਾਸੇ ਦਾ ਝਰਨਾ ਫੁੱਟਿਆ ਸੀ। ਇਕੱਲੇ ਰਹਿੰਦੇ ਅਸੀਂ ਬੁੱਢਾ ਬੁੱਢੀ ਆਪਣੇ ਦੋਨਾਂ ਬੱਚਿਆਂ ਦੇ ਵਿਦੇਸ਼ ਤੁਰ ਜਾਣ ਮਗਰੋਂ ਮਸਾਂ ਹੀ ਕਦੇ ਖੁੱਲ ਕੇ ਹੱਸੇ ਹੋਵਾਂਗੇ। ਕੁੜੀ ਦੇ ਚਿੱਟੇ, ਦੁੱਧਰੰਗੇ ਦੰਦ ਅਤੇ ਸਾਂਵਲੇ ਚਿਹਰੇ ਵਿੱਚੋਂ ਝਾਤ ਮਾਰਦਾ ਗੁਲਾਬੀਪਣ ਉਸ ਦੇ ਛੋਟੇ ਕੱਦ ਉੱਤੇ ਭਾਰੂ ਸਨ।

ਮੇਰੀ ਬੀਵੀ ਪਤਾ ਨਹੀਂ ਕਿਸ ਪਿਆਰ ਸਦਕਾ ਉਸ ਲਈ ਲਿਮਕਾ ਲੈ ਆਈ। ਉਸ ਪੀਤਾ, ਧੰਨਵਾਦ ਕੀਤਾ ਅਤੇ ਕਾਰੋਬਾਰੀ ਮੁੱਦੇ ਤੇ ਆ ਗਈ। ਕਿਸੇ ਦੇਸੀ ਦਵਾਈਆਂ ਦੀ ਕੰਪਨੀ ਦਾ ਸਾਮਾਨ ਵੇਚ ਰਹੀ ਸੀ। ਪਹਿਲਾਂ ਸਾਡੀਆਂ ਬਿਮਾਰੀਆਂ ਬਾਰੇ ਪੁੱਛਿਆ ਅਤੇ ਫੇਰ ਆਪਣੀਆਂ ਦਵਾਈਆਂ ਦੇ ਰਾਮ ਬਾਣੀ ਫ਼ਾਇਦਿਆਂ ਦੇ ਰਟੇ-ਰਟਾਏ ਫ਼ਿਕਰੇ। ਕਾਲੋਨੀ ਵਿੱਚੋਂ ਕਿਸੇ ਵੀ ਉਸ ਤੋਂ ਦਵਾਈ ਨਹੀਂ ਸੀ ਖਰੀਦੀ। ਮੈਨੂੰ ਵੀ ਇਸ ਤਰ੍ਹਾਂ ਦੀਆਂ ਦੇਸੀ ਦਵਾਈਆਂ ਵਿੱਚ ਕੋਈ ਯਕੀਨ ਨਹੀਂ। ਸਿਰਫ਼ ਤੇ ਸਿਰਫ਼ ਉਸ ਦੀ ਮਿਹਨਤ ਦੀ ਦਾਦ ਦਿੰਦੇ, ਤਰਸ ਵਜੋਂ ਮੈਂ, ਬੀਵੀ ਦੀਆਂ ਘੁਰਕੀਆਂ ਦੀ ਪ੍ਰਵਾਹ ਨਾ ਕਰਦੇ ਹੋਏ, ਟਾਨਿਕ ਦੀ ਸ਼ੀਸ਼ੀ ਖ਼ਰੀਦ ਲਈ।

" ਨਾਨੀ, ਤੁਹਾਡੀ ਕਾਲੋਨੀ ਵਿੱਚ ਕੋਈ ਪੀ ਜੀ ਮਿਲ ਸਕਦੈ ?" ਕੁੜੀ ਨੇ ਪੁੱਛਿਆ।

" ਨਹੀਂ ਪੁੱਤਰ, ਸਾਡੇ ਏਥੇ ਤਾਂ ਕੋਈ ਪੀ ਜੀ ਨਹੀਂ ਚਲਾਉਂਦਾ" ਮੇਰੀ ਬੀਵੀ ਨੇ ਜਵਾਬ ਦਿੱਤਾ। " ਤੂੰ ਹੁਣ ਕਿਥੇ ਰਹਿ ਰਹੀ ਐ ?"

" ਨਾਨੀ, ਮੈਂ ਅਸਲ 'ਚ ਸ਼ਾਹਕੋਟੋਂ ਹਾਂ। ਐਥੇ ਕੰਪਨੀ ਨੇ ਸਾਨੂੰ 7 ਕੁੜੀਆਂ ਨੂੰ ਇੱਕ ਕੋਠੀ ਵਿੱਚ ਰਹਿਣ ਲਈ ਜਗ੍ਹਾ ਦਿੱਤੀ ਹੋਈ ਹੈ, ਕੋਈ ਕਿਰਾਇਆ ਨਹੀਂ।"

ਮੈਂ ਪੁੱਛਿਆ" ਫੇਰ ਉੱਥੇ ਕੀ ਤਕਲੀਫ਼ ਐ ? ਠੀਕ ਤਾਂ ਹੈ, ਕਿਰਾਇਆ ਵੀ ਬਚਦਾ ਐ "।

ਕੁੜੀ ਥੋੜ੍ਹੇ ਗੁੱਸੇ ਵਿੱਚ ਬੋਲੀ " ਠੀਕ ਹੀ ਤਾਂ ਨਹੀਂ। ਤੁਸੀਂ ਮੇਰੇ ਨਾਨਾ- ਨਾਨੀ ਵਰਗੇ ਓ। ਤੁਹਾਡੇ ਤੋਂ ਕਾਹਦਾ ਲੁਕੋ। ਰਾਤ ਨੂੰ ਸਾਡਾ ਇੰਚਾਰਜ ਰਾਖਸ਼ਸ ਬਣ ਜਾਂਦਾ ਹੈ। ਲਾਲ ਸੁਈਆਂ ਅੱਖਾਂ, ਵੱਡੇ-ਵੱਡੇ ਨਹੁੰ, ਲੰਬੀ ਜੀਭ ਅਤੇ ਦੰਦ ਕੱਢੀ, ਡਰਾਉਣੀਆਂ ਆਵਾਜ਼ਾਂ ਕੱਢਦਾ ਸਾਡੇ ਕੁੜੀਆਂ ਦੇ ਦਰਵਾਜ਼ੇ ਖੜਕਾਉਂਦਾ ਰਹਿੰਦਾ। ਅੰਦਰੋਂ ਕੁੰਡੀ ਨਹੀਂ ਲਾਉਣ ਦਿੰਦਾ। ਕਹਿੰਦਾ ਜਿਹੜੀ ਕੁੰਡੀ ਲਾਉਣੀ ਹੈ ਤਾਂ ਸਵੇਰੇ ਘਰ ਜਾਓ। ਮੈਂ ਆਪਣੇ ਅਤੇ ਬਾਕੀ ਕੁੜੀਆਂ ਦੇ ਮੂੰਹਾਂ- ਜਿਸਮਾਂ ਉੱਤੇ ਨੀਲੇ ਦਾਗ਼ ਪਏ ਦੇਖੇ ਨੇ। ਸ਼ਰਮ ਆਉਂਦੀ ਐ ਦੱਸਦਿਆਂ। ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਉਠਾਉਂਦਾ" ਹਟਕੋਰੇ ਲੈ- ਲੈ ਰੋਂਦੀ ਕੁੜੀ ਨੂੰ ਚੁੱਪ ਕਰਾਉਣਾ ਮੁਸ਼ਕਿਲ ਹੋ ਗਿਆ।

ਪਤਾ ਨਹੀਂ ਕਿਥੋਂ ਮੇਰੀ ਬੀਵੀ ਦੀ ਛਾਤੀ ਵਿੱਚ ਮਮਤਾ ਦਾ ਦੁੱਧ ਉਤਰ ਆਇਆ, ਮੇਰੀ ਸਲਾਹ ਲਏ ਬਿਨਾਂ ਹੀ ਬੋਲੀ " ਸਾਡਾ ਇਕ ਕਮਰਾ ਖ਼ਾਲੀ ਐ, ਤੂੰ ਸਾਡੇ ਘਰ ਰਹਿ ਲੈ,ਅਸੀਂ ਤਾਂ ਤੇਰੀ ਇਹੀ ਮਦਦ ਕਰ ਸਕਦੇ ਆਂ " ਕੁੜੀ ਨੇ ਅੱਖਾਂ ਪੂੰਝਦਿਆਂ ਕਿਹਾ " ਜੀ, ਮੇਰਾ ਮਤਲਬ ਤੁਹਾਨੂੰ ਤਕਲੀਫ਼ ਦੇਣਾ ਨਹੀਂ। ਤੁਹਾਡਾ ਨਿੱਘ ਦੇਖ ਕੇ ਉਹਦੀ ਬੁੱਕਲ 'ਚ ਮੂੰਹ ਦੇ ਕੇ ਰੋਣ ਨੂੰ ਦਿਲ ਕਰ ਆਇਆ। ਮਨ ਹਲਕਾ ਹੋ ਗਿਆ। "

ਪਰ ਮੇਰੀ ਬੀਵੀ ਨੇ ਜ਼ਿਦ ਨਾ ਛੱਡੀ। ਕੁੜੀ ਨੂੰ ਸਹੁੰਆਂ ਪਾ-ਪਾ ਐਨਾ ਮਜਬੂਰ ਕਰ ਦਿੱਤਾ ਕਿਉਹ ਉਸੇ ਸ਼ਾਮ ਆਪਣੇ ਦੋ-ਚਾਰ ਕੱਪੜਿਆਂ ਅਤੇ ਨਿਕ-ਸੁਕ ਵਾਲਾ ਥੈਲਾ ਲੈ ਕੇ ਮੇਰੇ ਘਰ ਆ ਗਈ। ਬੜੀ ਖ਼ੁਸ਼। ਕਹਿੰਦੀ ਨਾਨਕੇ ਆ ਗਈ ਹਾਂ। ਘਰ ਦਾ ਮਾਹੌਲ ਹੀ ਬਦਲ ਗਿਆ। ਬੁਝਿਆ-ਬੁਝਿਆ ਚਮਕ ਉੱਠਿਆ। ਸ਼ਾਮ ਨੂੰ ਉਸ ਦੇ ਮੁੜਨ ਦਾ ਇੰਤਜ਼ਾਰ ਕਰਦੇ। ਇਕੱਠੇ ਚਾਹ ਪੀਂਦੇ। ਜਿਸ ਦਿਨ ਇੰਚਾਰਜ ਪਾਸੋਂ ਦਵਾਈਆਂ ਲੈਣੀਆਂ ਹੁੰਦੀਆਂ ਮੈਂ ਨਾਲ ਜਾਂਦਾ।



ਪੰਦਰਾਂ ਕੁ ਦਿਨਾਂ ਬਾਅਦ ਮੈਂ ਮਹਿਸੂਸ ਕੀਤਾ ਕਿ ਰਾਤ ਨੂੰ ਕੁੜੀ ਸੁੱਤੀ ਵੇਖ ਕੇ ਮੇਰੇ ਨਹੁੰ ਵਧ ਜਾਂਦੇ ਹਨ, ਜੀਭ ਅਤੇ ਦੰਦ ਬਾਹਰ ਆ ਜਾਂਦੇ ਹਨ, ਮੂੰਹ ਲੇਸ ਨਾਲ ਭਰ ਜਾਂਦਾ ਹੈ, ਅਜੀਬ ਕਿਸਮ ਦੀਆਂ ਆਵਾਜ਼ਾਂ ਕੱਢਣ ਨੂੰ ਦਿਲ ਕਰਦਾ ਹੈ, ਦੋ ਦੀ ਬਜਾਏ ਚਾਰ ਪੈੱਗ ਪੀ ਕੇ ਸ਼ੀਸ਼ੇ ਵਿੱਚ ਮੂੰਹ ਦੇਖਦਾ ਹਾਂ ਤਾਂ ਅੱਖਾਂ ਲਾਲ ਸੂਹੀਆਂ। ਦੋ-ਚਾਰ ਵਾਰੀ ਕੁੜੀ ਦੇ ਕਮਰੇ ਵਿੱਚ ਗਿਆ ਵੀ। ਪਰ ਨਹੁੰ ਚੁਭਾਉਣ ਦਾ ਹੀਆ ਨਾ ਪਿਆ। ਮੱਧਮ ਨੀਲੀ ਰੋਸ਼ਨੀ ਵਿੱਚ ਘੂਕ ਸੁੱਤੀ ਕੁੜੀ ਕੁਝ ਜ਼ਿਆਦਾ ਹੀ ਖ਼ੂਬਸੂਰਤ ਲਗਦੀ।

ਅਗਲੀ ਰਾਤ ਰਾਖਸ਼ਸ ਫੇਰ ਜਾਗ ਪਿਆ। ਇਸ ਵਾਰ ਖ਼ਾਲੀ ਹੱਥ ਵਾਪਸ ਨਹੀਂ ਆਉਣਾ। ਜਾ ਕੇ ਪੰਜਾ ਮਾਰਿਆ ਹੀ ਸੀ ਕਿ ਕੁੜੀ ਤਬਕ ਕੇ ਉੱਠ ਬੈਠੀ। ਮੰਜੇ ਤੋਂ ਛਾਲ ਮਾਰ ਕੇ ਥੱਲੇ ਉਤਰ ਆਈ। " ਤੂੰ ? ਤੂੰ ਐਥੇ ਕੀ ਕਰ ਰਿਹਾ ? ਸ਼ਰਮ ਨਹੀਂ ਆਉਂਦੀ। ਅੱਖਾਂ ਲਾਲ ਕਰੀ ਫਿਰਦੈ, ਜੀਭ-ਦੰਦ ਬਾਹਰ ਕੱਢੇ ਹੋਏ ਨੇ, ਮੂੰਹ ਵਿੱਚੋਂ ਲਾਰ ਡਿੱਗ ਰਹੀ ਐ, ਨਹੁੰ ਤਲਵਾਰਾਂ ਲਗ ਰਹੇ ਨੇ। ਨਿਕਲ ਜਾ ਕਮਰੇ' ਚੋਂ।"


ਕੁੜੀ ਚਿੰਘਾੜੀ। ਪਰ ਮੈਂ ਬਾਜ਼ੀ ਨਾ ਹਾਰਨ ਦਾ ਫ਼ੈਸਲਾ ਕਰ ਕੇ ਗਿਆ ਸੀ। ਉਸ ਮੇਰਾ ਇਰਾਦਾ ਤਾੜ ਲਿਆ। ਉਸ ਆਪਣਾ ਦਵਾਈਆਂ ਵਾਲਾ ਬੈਗ ਅਤੇ ਫ਼ੋਨ ਚੁੱਕਿਆ, ਬਾਹਰ ਨੂੰ ਦੌੜੀ, ਬਾਹਰਲਾ ਗੇਟ ਖੋਲ੍ਹ ਕੇ ਗਲੀ ਵਿੱਚ ਆ ਗਈ। ਇਸ ਰੌਲੇ ਗੋਲ੍ਹੇ ਕਾਰਨ ਮੇਰੀ ਬੀਵੀ ਜਾਗ ਗਈ ਸੀ।

ਬਾਹਰ ਉਹ ਕੁੜੀ ਉੱਚੀ-ਉੱਚੀ ਬੋਲ ਰਹੀ ਸੀ।

" ਬੁੱਢਿਆਂ ਤੂੰ ਵੀ ਰਾਖਸ਼ਸ ਹੀ ਨਿਕਲਿਓ, ਮੈਂ ਕੱਢਦੀ ਆਂ ਤੇਰੇ ਅੰਦਰੋ ਰਾਖਸ਼ਸ ਨੂੰ, ਬੁਲਾਨੀ ਆਂ ਹੁਣੇ ਹੀ ਪੁਲਿਸ। ਬੈਠੀ ਆਂ ਤੇਰੇ ਬੂਹੇ ਅੱਗੇ ਧਰਨੇ ਤੇ "।

ਮੈਂ ਖਿੜਕੀ ਦੀ ਜਾਲੀ ਵਿੱਚੋਂ ਗਲੀ' ਦੇ ਲੋਕਾਂ ਨੂੰ ਇਕੱਠੇ ਹੁੰਦੇ ਵੇਖ ਰਿਹਾ ਸੀ। ਕੁੜੀ ਫ਼ੋਨ ਤੇ ਪੁਲਿਸ ਦੇ ਕਿਸੇ ਅਧਿਕਾਰੀ ਨੂੰ ਆਉਣ ਅਤੇ ਮਦਦ ਕਰਨ ਦੀ ਗੁਹਾਰ ਲਗਾ ਰਹੀ ਸੀ, ਮੇਰੀ ਬੀਵੀ ਆਪਣੀ ਚੱਪਲ ਮੇਰੇ ਸਿਰ ਉੱਤੇ ਲਗਾਤਾਰ ਠਾਹ ਠਾਹ ਮਾਰ ਰਹੀ ਸੀ, ਮੇਰੀ ਆਵਾਜ਼ ਦੀ ਥਾਂ ਮੇਰਾ ਪਿਸ਼ਾਬ ਪਜਾਮੇ ਵਿੱਚ ਨਿਕਲ ਰਿਹਾ ਸੀ। ਕੁੜੀ ਨੇ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ ਸਨ। " ਸੀਤਾਰਾਮ ਮੁਰਦਾ ਬਾਦ, ਮੁਰਦਾਬਾਦ ਮੁਰਦਾਬਾਦ "।

# ਮਨੁੱਖਤਾ ਨੂੰ ਨਿਗਲ ਰਿਹਾ ਅਤਿਵਾਦ



**ਡਾ. ਗੁਰਤੇਜ ਸਿੰਘ**

**ਅਤਿਵਾਦ ਸ਼ਬਦ ਫਰੈਂਚ ਭਾਸ਼ਾ ਦੇ ਸ਼ਬਦ 'ਟੈਰਿਜਮੇ' ਤੋਂ ਬਣਿਆ ਹੈ, 1793-94 ਵਿੱਚ ਫਰੈਂਚ ਸਰਕਾਰ ਨੇ ਅਤਿਵਾਦੀ ਸ਼ਬਦ ਵਰਤਣਾ ਸ਼ੁਰੂ ਕੀਤਾ ਸੀ ਜਿਸ ਦਾ ਭਾਵ ਸੀ- ਨਿਰਦੋਸ਼ਾਂ ਦਾ ਖੂਨ ਕਰਨ ਵਾਲਾ। ਇਸ ਤੋਂ ਬਾਅਦ ਸੰਸਾਰ ਵਿੱਚ ਇਹ ਲਫਜ਼ ਸ਼ੁਰੂ ਹੋ ਗਿਆ। ਵਿਕਸਿਤ ਦੇਸ਼ਾਂ ਨੇ ਪੂਰੇ ਸੰਸਾਰ 'ਤੇ ਆਪਣੀ ਚੌਧਰ ਲਈ ਕੁਝ ਗ਼ਰੀਬ ਮੁਲਕਾਂ ਵਿੱਚ ਇਸ ਅਜਗਰ ਨੂੰ ਪਾਲਣ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ। ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਨੇ ਇਸ ਨੂੰ ਆਪਣੇ ਉੱਤੇ ਵਿਕਸਿਤ ਦੇਸ਼ਾਂ ਦਾ ਰਹਿਮੋ-ਕਰਮ ਸਮਝਿਆ ਤੇ ਚੰਦ ਸਿੱਕਿਆਂ ਦੇ ਲਾਲਚ ਅਤੇ ਕੁਰਸੀ ਖ਼ਾਤਿਰ ਉੱਥੋਂ ਦੇ ਕੁਝ ਲੋਕਾਂ ਨੇ ਆਪਣਾ ਇਮਾਨ ਗਹਿਣੇ ਰੱਖਿਆ।**

ਅਤਿਵਾਦ ਸ਼ਬਦ ਫਰੈਂਚ ਭਾਸ਼ਾ ਦੇ ਸ਼ਬਦ 'ਟੈਰਿਜਮੇ' ਤੋਂ ਬਣਿਆ ਹੈ, 1793-94 ਵਿੱਚ ਫਰੈਂਚ ਸਰਕਾਰ ਨੇ ਅਤਿਵਾਦੀ ਸ਼ਬਦ ਵਰਤਣਾ ਸ਼ੁਰੂ ਕੀਤਾ ਸੀ ਜਿਸ ਦਾ ਭਾਵ ਸੀ- ਨਿਰਦੋਸ਼ਾਂ ਦਾ ਖੂਨ ਕਰਨ ਵਾਲਾ। ਇਸ ਤੋਂ ਬਾਅਦ ਸੰਸਾਰ ਵਿੱਚ ਇਹ ਲਫਜ਼ ਸ਼ੁਰੂ ਹੋ ਗਿਆ। ਵਿਕਸਿਤ ਦੇਸ਼ਾਂ ਨੇ ਪੂਰੇ ਸੰਸਾਰ 'ਤੇ ਆਪਣੀ ਚੌਧਰ ਲਈ ਕੁਝ ਗ਼ਰੀਬ ਮੁਲਕਾਂ ਵਿੱਚ ਇਸ ਅਜਗਰ ਨੂੰ ਪਾਲਣ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ। ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਨੇ ਇਸ ਨੂੰ ਆਪਣੇ ਉੱਤੇ ਵਿਕਸਿਤ ਦੇਸ਼ਾਂ ਦਾ ਰਹਿਮੋ-ਕਰਮ ਸਮਝਿਆ ਤੇ ਚੰਦ ਸਿੱਕਿਆਂ ਦੇ ਲਾਲਚ ਅਤੇ ਕੁਰਸੀ ਖ਼ਾਤਿਰ ਉੱਥੋਂ ਦੇ ਕੁਝ ਲੋਕਾਂ ਨੇ ਆਪਣਾ ਇਮਾਨ ਗਹਿਣੇ ਰੱਖਿਆ। ਸਮੇਂ ਦੇ ਗੇੜ ਨੇ ਉਨ੍ਹਾਂ ਨੂੰ ਵੀ ਉਸ ਥਾਂ 'ਤੇ ਲਿਆ ਖੜ੍ਹਾ ਕੀਤਾ ਜਿੱਥੇ ਉਹ ਪੂਰੀ ਦੁਨੀਆ ਨੂੰ ਰੱਖ ਕੇ ਬਾਦਸ਼ਾਹਤ ਦੇ ਰੰਗੀਨ ਖ਼ੁਆਬ ਦੇਖਦੇ ਸਨ। ਵਿਕਸਿਤ ਦੇਸ਼ਾਂ ਦੀ ਇਸ ਚਾਲ ਦਾ ਸ਼ਿਕਾਰ ਸਾਰਾ ਸੰਸਾਰ ਹੈ ਅਤੇ ਉਨ੍ਹਾਂ ਦੇ ਬੀਜੇ ਕੰਡੇ ਚੁਗਣ ਲਈ ਮਜਬੂਰ ਹੈ। ਬਾਰੂਦ ਦੇ ਢੇਰ 'ਤੇ ਬੈਠੀ ਦੁਨੀਆ ਵੱਲ ਅਤਿਵਾਦ ਰੂਪੀ ਅਜਗਰ ਫੁੰਕਾਰੇ ਮਾਰ ਰਿਹਾ ਹੈ। ਹਰ ਦਿਨ ਕਿਤੇ ਨਾ ਕਿਤੇ ਇਸ ਅਜਗਰ ਦੁਆਰਾ ਮਨੁੱਖਤਾ ਨੂੰ ਨਿਗਲਣ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਹਨ।

ਪਹਿਲਗਾਮ (ਜੰਮੂ ਕਸ਼ਮੀਰ) ਦੇ ਬੈਸਰਨ ਵਿੱਚ 22 ਅਪਰੈਲ ਨੂੰ ਅਤਿਵਾਦੀ ਹਮਲਾ ਹੋਇਆ। ਇਹ 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਜੰਮੂ ਕਸ਼ਮੀਰ ਵਿੱਚ ਸਭ ਤੋਂ ਵੱਡਾ ਹਮਲਾ ਹੈ। ਅਤਿਵਾਦੀਆਂ ਨੇ ਸੈਲਾਨੀਆਂ 'ਤੇ ਗੋਲੀਬਾਰੀ ਕੀਤੀ, ਜਿਸ ਵਿੱਚ 2 ਵਿਦੇਸ਼ੀ ਸੈਲਾਨੀਆਂ ਸਮੇਤ 26 ਲੋਕ ਮਾਰੇ ਗਏ। 14 ਫਰਵਰੀ 2019 ਨੂੰ ਜੰਮੂ ਦੇ ਪੁਲਵਾਮਾ ਖੇਤਰ ਵਿੱਚ ਕੇਂਦਰੀ ਅਰਧ ਸੈਨਿਕ ਬਲਾਂ ਦੇ ਕਾਫਲੇ 'ਤੇ ਹਮਲਾ ਹੋਇਆ ਸੀ ਜਿਸ ਵਿੱਚ 42 ਜਵਾਨ ਮਾਰੇ ਗਏ ਸਨ। ਇਸ ਦੀ ਜ਼ਿੰਮੇਵਾਰੀ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਲਈ। 18 ਸਤੰਬਰ 2016 ਨੂੰ ਜੰਮੂ ਦੇ ਉੜੀ ਵਿੱਚ ਅਤਿਵਾਦੀਆਂ ਦੁਆਰਾ ਫੌਜ ਦੇ ਕੈਂਪ 'ਤੇ ਆਤਮਘਾਤੀ ਹਮਲਾ ਕੀਤਾ ਗਿਆ ਸੀ ਜਿਸ 'ਚ ਫੌਜ ਦੇ 17 ਜਵਾਨ ਮਾਰੇ ਗਏ ਸਨ। ਇਸ ਹਮਲੇ ਦਾ ਸਬੰਧ ਵੀ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਨਾਲ ਸੀ। ਇਹ ਅਤਿਵਾਦੀ ਹਮਲੇ ਪਹਿਲੇ ਨਹੀਂ ਹਨ ਤੇ ਸ਼ਾਇਦ ਆਖ਼ਿਰੀ ਵੀ ਨਹੀਂ। ਅਜਿਹੀਆਂ ਘਟਨਾਵਾਂ ਸਿਰਫ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿੱਚ ਹੋ ਰਹੀਆਂ ਹਨ। ਪਾਕਿਸਤਾਨ ਵੀ ਇਸ ਤੋਂ ਨਹੀਂ ਬਚ ਸਕਿਆ।

20 ਜਨਵਰੀ 2016 ਨੂੰ ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਖਵਾ ਦੀ ਬਾਚਾ ਖਾਨ ਯੂਨੀਵਰਸਿਟੀ 'ਤੇ ਚਾਰ ਅਤਿਵਾਦੀਆਂ ਦੁਆਰਾ ਆਤਮਘਾਤੀ ਹਮਲਾ ਕੀਤਾ ਗਿਆ। ਇਸ ਵਿੱਚ ਨਿਹੱਥੇ, ਨਿਰਦੋਸ਼ ਵਿਦਿਆਰਥੀਆਂ ਨਾਲ ਅਧਿਆਪਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਵਿੱਚ 18 ਵਿਦਿਆਰਥੀਆਂ, ਇੱਕ ਪ੍ਰੋਫੈਸਰ ਅਤੇ ਇੱਕ ਹੋਰ ਸ਼ਖ਼ਸ ਦੀ ਮੌਤ ਹੋ ਗਈ ਸੀ। ਤਿੰਨ ਦਰਜਨ ਵਿਦਿਆਰਥੀ ਜ਼ਖਮੀ ਹੋਏ ਸਨ। ਇਸ ਤੋਂ ਪਹਿਲਾਂ 16 ਦਸੰਬਰ 2014 ਵਿੱਚ ਪਾਕਿਸਤਾਨ ਦੇ ਪੇਸ਼ਾਵਰ ਦੇ ਫ਼ੌਜੀ ਸਕੂਲ 'ਤੇ ਭਿਆਨਕ ਹਮਲਾ ਹੋਇਆ ਸੀ ਜਿਸ ਦੇ ਫਲਸਰੂਪ 134 ਬੱਚਿਆਂ ਦੀ ਮੌਤ ਹੋ ਗਈ ਸੀ ਅਤੇ ਵੱਡੀ ਗਿਣਤੀ ਵਿੱਚ ਬੱਚੇ ਤੇ ਸਕੂਲ ਦੇ ਕਰਮਚਾਰੀ ਜ਼ਖਮੀ ਹੋ ਗਏ ਸਨ। ਇਨ੍ਹਾਂ ਦੋਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਗੁੱਟ ਨੇ ਲਈ ਸੀ। ਉਸ ਵਕਤ ਇਸ ਹਰਕਤ ਦਾ ਆਲਮੀ ਪੱਧਰ 'ਤੇ ਬਹੁਤ ਵਿਰੋਧ ਹੋਇਆ ਸੀ। ਅਗਰ ਵੇਲੇ ਸਿਰ ਠੋਸ ਕਾਰਵਾਈ ਕੀਤੀ ਜਾਂਦੀ ਤਾਂ ਸ਼ਾਇਦ ਕਿੰਨੀਆਂ ਦਹਿਸ਼ਤੀ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਸੀ ਪਰ ਕਾਰਵਾਈ ਕਰਨ ਲਈ ਦ੍ਰਿੜ ਇੱਛਾ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ।

ਭਾਰਤ ਦੁਨੀਆ ਦਾ ਛੇਵਾਂ ਦੇਸ਼ ਹੈ ਜੋ ਅਤਿਵਾਦ ਨਾਲ ਬੁਰੀ ਤਰ੍ਹਾਂ ਪੀੜਤ ਹੈ।



ਸੰਸਾਰ ਦੇ 43 ਸਰਗਰਮ ਅਤਿਵਾਦੀ ਸੰਗਠਨਾਂ ਵਿੱਚੋਂ ਕਈ ਭਾਰਤ ਵਿੱਚ ਵੀ ਸਰਗਰਮ ਹਨ। ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਭਾਰਤ ਵਿੱਚ ਗੜਬੜੀ ਫੈਲਾਉਣ ਦੀ ਤਾਕ ਵਿੱਚ ਰਹਿੰਦੀ ਹੈ। ਮਕਬੂਜ਼ਾ ਕਸ਼ਮੀਰ ਵਿੱਚ ਅਤਿਵਾਦੀ ਸਿਖਲਾਈ ਕੇਂਦਰ ਚੱਲ ਰਹੇ ਹਨ ਜਿੱਥੋਂ ਉਹ ਭਾਰਤ ਵਿੱਚ ਘੁਸਪੈਠ ਕਰਦੇ ਹਨ। ਪੰਜਾਬ ਦੀ ਸਰਹੱਦ ਰਾਹੀਂ ਅਤਿਵਾਦੀ ਘੁਸਪੈਠ ਅਤੇ ਨਸ਼ਿਆਂ ਦੀ ਸਮਗਲਿੰਗ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਤੇ ਕਾਫੀ ਹੱਦ ਤੱਕ ਕਾਮਯਾਬ ਵੀ ਹੁੰਦੀਆਂ ਹਨ। ਦੀਨਾਨਗਰ ਅਤੇ ਪਠਾਨਕੋਟ ਏਅਰਬੇਸ 'ਤੇ ਹਮਲੇ ਸਮੇਂ ਅਤਿਵਾਦੀ ਇਸੇ ਰਸਤੇ ਹੀ ਪਹੁੰਚੇ ਸਨ। ਉਂਝ, ਇਹ ਗੱਲ ਵੀ ਸਾਹਮਣੇ ਆਈ ਹੈ ਕਿ ਉਸ ਵੇਲੇ ਖ਼ੁਫੀਆ ਤੰਤਰ ਦੀ ਸੂਚਨਾ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ ਸੀ।

ਦੇਸ਼ ਦੀ ਸੰਸਦ ਅਤੇ ਤਾਜ ਹੋਟਲ ਵਿੱਚ ਹਮਲੇ ਸਮੇਂ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਸੀ। ਮੁਲਕ ਵਿੱਚ ਫੈਲੇ ਭ੍ਰਿਸ਼ਟਾਚਾਰ ਦਾ ਕਰੂਪ ਚਿਹਰਾ ਉਸ ਸਮੇਂ ਜੱਗ ਜ਼ਾਹਿਰ ਹੋ ਗਿਆ ਸੀ; ਗ਼ੈਰ-ਮਿਆਰੀ ਸਾਜ਼ੋ-ਸਮਾਨ ਕਾਰਨ ਦੇਸ਼ ਦੇ ਜਾਂਬਾਜ਼ ਅਫਸਰ ਫੌਤ ਹੋ ਗਏ ਸਨ ਜੋ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸੀ। ਪੰਜਾਬ ਨੇ ਵੀ ਡੇਢ ਦਹਾਕੇ ਅਤਿਵਾਦ ਦਾ ਸੰਤਾਪ ਹੰਢਾਇਆ। ਇਸ ਕਾਲੇ ਸਮੇਂ ਦੌਰਾਨ ਲੋਕਾਂ ਨੂੰ ਦੋਹਰੀ ਮਾਰ ਪਈ; ਅਤਿਵਾਦੀਆਂ ਦੀ ਅਤੇ ਪੁਲੀਸ ਦੀ ਵੀ। ਅਤਿਵਾਦੀਆਂ ਦੇ ਨਾਂ 'ਤੇ ਪੁਲੀਸ ਨੇ ਨਿਰਦੋਸ਼ਾਂ ਦਾ ਖ਼ੂਨ ਵਹਾਇਆ। ਦੋ ਦਹਾਕਿਆਂ ਦੌਰਾਨ ਢਾਈ ਲੱਖ ਲੋਕ ਸਿੱਧੇ ਅਸਿੱਧੇ ਤੌਰ 'ਤੇ ਅਤਿਵਾਦ ਨਾਲ ਪ੍ਰਭਾਵਿਤ ਹੋਏ।


ਦੁਨੀਆ ਦੀ ਨੰਬਰ ਇੱਕ ਮਹਾਂ ਸ਼ਕਤੀ ਵਜੋਂ ਜਾਣਿਆ ਜਾਂਦਾ ਅਮਰੀਕਾ ਪਾਕਿਸਤਾਨ ਦਾ ਵੱਡਾ ਹਿਤੈਸ਼ੀ ਰਿਹਾ ਹੈ ਜਿਸ ਦੀ ਸਰਪ੍ਰਸਤੀ ਹੇਠ ਅਤਿਵਾਦ ਵਧਿਆ ਫੁੱਲਿਆ। ਹੌਲੀ-ਹੌਲੀ ਅਤਿਵਾਦੀਆਂ ਨੇ ਉਨ੍ਹਾਂ ਖਿਲਾਫ ਹੀ ਝੰਡਾ ਬੁਲੰਦ ਕਰ ਦਿੱਤਾ ਜਿਸ ਦਾ ਖਮਿਆਜ਼ਾ ਅਮਰੀਕੀਆਂ ਨੂੰ 11 ਸਤੰਬਰ 2001 ਨੂੰ ਭੁਗਤਣਾ ਪਿਆ। ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਵਰਲਡ ਟਰੇਡ ਸੈਂਟਰ ਦੇ ਟਾਵਰਾਂ 'ਤੇ ਅਤਿਵਾਦੀ ਹਮਲੇ ਨੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅਤਿਵਾਦੀਆਂ ਨੇ ਹਵਾਈ ਜਹਾਜ਼ ਵਰਤ ਕੇ ਵਰਲਡ ਟਰੇਡ ਸੈਂਟਰ ਦੀ ਇਮਾਰਤ ਪਲਾਂ ਅੰਦਰ ਖ਼ਾਕ ਕਰ ਦਿੱਤੀ। ਸ਼ਾਇਦ ਅਮਰੀਕਾ ਨੂੰ ਉਸ ਦਿਨ ਅਹਿਸਾਸ ਜ਼ਰੂਰ ਹੋਇਆ ਹੋਵੇਗਾ ਕਿ ਦੂਜਿਆਂ ਲਈ ਪੁੱਟਿਆ ਟੋਆ ਕਿਸ ਤਰ੍ਹਾਂ ਆਪਣੇ ਲਈ ਖੂਹ ਹੋ ਨਿੱਬੜਦਾ ਹੈ। ਨਿਰਦੋਸ਼ ਲੋਕਾਂ ਦੀ ਮੌਤ ਤੋਂ ਬਾਅਦ ਉੱਥੇ ਵਸਦੇ ਸਿੱਖਾਂ ਅਤੇ ਮੁਸਲਮਾਨਾਂ ਨੂੰ ਅਤਿਵਾਦੀ ਸਮਝ ਕੇ ਲੋਕਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਨਸਲੀ ਹਮਲਿਆਂ ਨੇ ਅੱਜ ਵੀ ਇਨ੍ਹਾਂ ਲੋਕਾਂ ਦਾ ਜੀਣਾ ਮੁਸ਼ਕਿਲ ਕੀਤਾ ਹੋਇਆ ਹੈ।

ਗਲੋਬਲ ਅਤਿਵਾਦ ਇੰਡੈਕਸ ਅਨੁਸਾਰ, ਵਿਸ਼ਵ ਅੰਦਰ ਅਤਿਵਾਦ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ 61 ਫੀਸਦੀ ਵਾਧਾ ਹੋਇਆ ਹੈ। ਇਰਾਕ, ਅਫਗਾਨਿਸਤਾਨ, ਪਾਕਿਸਤਾਨ, ਨਾਈਜੀਰੀਆ ਤੇ ਸੀਰੀਆ ਵਿੱਚ ਵਿੱਚ 80 ਫੀਸਦੀ ਮੌਤਾਂ ਦਾ ਕਾਰਨ ਅਤਿਵਾਦ ਹੈ। ਪਿਛਲੇ 14 ਸਾਲਾਂ ਵਿੱਚ ਵਿਸ਼ਵ ਅੰਦਰ 48000 ਤੋਂ ਵੱਧ ਅਤਿਵਾਦੀ ਘਟਨਾਵਾਂ ਹੋਈਆਂ ਜਿਨ੍ਹਾਂ ਵਿੱਚ ਇੱਕ ਲੱਖ ਸੱਤ ਹਜ਼ਾਰ ਲੋਕ ਮਾਰੇ ਗਏ।

ਅੱਜ ਅਤਿਵਾਦ ਅਜਗਰ ਵਾਂਗ ਮਨੁੱਖਤਾ ਨੂੰ ਨਿਗਲ ਰਿਹਾ ਹੈ। ਸੰਸਾਰ ਅੰਦਰ ਧਾਰਮਿਕ, ਰਾਜਨੀਤਕ, ਖੇਤਰਵਾਦ ਆਦਿ ਅਨੇਕ ਰੂਪ ਵਿੱਚ ਅਤਿਵਾਦ ਦਿਨੋ-ਦਿਨ ਪੈਰ ਪਸਾਰ ਰਿਹਾ ਹੈ। ਸੋਸ਼ਲ ਮੀਡੀਆ ਨੂੰ ਵੀ ਇਨ੍ਹਾਂ ਕੰਮਾਂ ਲਈ ਵਰਤਿਆ ਜਾ ਰਿਹਾ ਹੈ ਜਿੱਥੇ ਲੋਕਾਂ ਨੂੰ ਧਾਰਮਿਕ ਜਾਂ ਹੋਰ ਤਰੀਕੇ ਨਾਲ ਭਾਵਨਾਵਾਂ ਭੜਕਾ ਕੇ ਵਰਗਲਾ ਲਿਆ ਜਾਂਦਾ ਹੈ ਤੇ ਲੋਕ ਅਤਿਵਾਦ ਦੇ ਰਾਹ ਪੈ ਜਾਂਦੇ ਹਨ। ਅਤਿਵਾਦੀ ਸੰਗਠਨ ਇਸਲਾਮੀ ਸਟੇਟ ਵਿੱਚ ਪੜ੍ਹੇ ਲਿਖੇ ਨੌਜਵਾਨ ਸੋਸ਼ਲ ਸਾਈਟਾਂ ਦੇ ਜ਼ਰੀਏ ਲਗਾਤਾਰ ਸ਼ਾਮਿਲ ਹੋ ਰਹੇ ਹਨ। ਇਸਲਾਮੀ ਸਟੇਟ ਦੇ ਮੋਢੀ ਅਲ-ਬਗਦਾਦੀ ਨੇ ਔਰਤਾਂ ਅਤੇ ਬੱਚਿਆ ਦੀ ਖਾਸ ਫੌਜ ਤਿਆਰ ਕੀਤੀ ਸੀ। ਸੁਰੱਖਿਆ ਨਾਲ ਜੁੜੇ ਲੋਕ ਵੀ ਇਨ੍ਹਾਂ ਰਾਹੀਂ ਹੀ ਗੁਮਰਾਹ ਹੁੰਦੇ ਹਨ। ਬੇਰੁਜ਼ਗਾਰੀ, ਗ਼ਰੀਬੀ ਅਤੇ ਰਾਤੋ-ਰਾਤ ਅਮੀਰ ਹੋਣ ਦੀ ਹੋੜ ਨੇ ਲੋਕਾਂ ਨੂੰ ਇਸ ਪਾਸੇ ਰੁਖ਼ ਕਰਨ ਲਈ ਮਜਬੂਰ ਕੀਤਾ ਹੈ। ਸੌੜੇ ਸਿਆਸੀ ਹਿਤਾਂ ਦੀ ਪੂਰਤੀ ਅਤੇ ਚੌਧਰ ਕਾਇਮ ਕਰਨ ਲਈ ਵੀ ਅਤਿਵਾਦ ਦਾ ਸਹਾਰਾ ਲਿਆ ਜਾ ਰਿਹਾ ਹੈ।

ਸੰਪਰਕ: 95173-96001

# ਫ਼ੈਜ਼ ਅਹਿਮਦ ਫ਼ੈਜ਼ ਦੀਆਂ ਪੰਜਾਬੀ ਕਵਿਤਾਵਾਂ




**ਪੇਸ਼ਕਸ਼ : ਜਸਪਾਲ ਘਈ**

ਜਦੀਦ ਉਰਦੂ ਸ਼ਾਇਰੀ ਵਿਚ ਫ਼ੈਜ਼ ਅਹਿਮਦ ਫ਼ੈਜ਼ ਬੜੇ ਅਦਬ ਨਾਲ ਲਿਆ ਜਾਣ ਵਾਲਾ ਨਾਂ ਹੈ। ਤਰੱਕੀ ਪਸੰਦ ਤਹਿਰੀਕ ਨੂੰ ਉਰਦੂ ਸ਼ਾਇਰੀ ਵਿਚ ਅਪਣਾਉਣ ਅਤੇ ਇਸ ਨੂੰ ਸਰਗਰਮ ਕਰਨ ਵਾਲੇ ਮੁਢਲੇ ਉਰਦੂ ਅਦੀਬਾਂ ਵਿਚੋਂ ਉਹ ਇਕ ਸੀ। ਉਸ ਦੀ ਵਿਲੱਖਣਤਾ ਇਹ ਸੀ ਕਿ ਉਸ ਨੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੇ ਹੱਕ ਵਿਚ ਸਿਰਫ ਲਿਖਿਆ ਹੀ ਨਹੀਂ, ਸਗੋਂ ਇਨਕਲਾਬੀ ਅਤੇ ਲੋਕ ਪੱਖੀ ਸੰਘਰਸ਼ਾਂ ਵਿਚ ਸਰਗਰਮ ਸ਼ਮੂਲੀਅਤ ਵੀ ਕੀਤੀ ਅਤੇ ਅਜਿਹਾ ਕਰਦਿਆਂ ਸੱਤਾਧਾਰੀ ਵਰਗ ਦੇ ਜ਼ੁਲਮ ਦਾ ਸ਼ਿਕਾਰ ਵੀ ਹੋਇਆ। ਉਹ ਇਕ ਵੱਡਾ ਵਿਦਵਾਨ, ਅਧਿਆਪਕ, ਦਾਰਸ਼ਨਿਕ, ਪੱਤਰਕਾਰ ਅਤੇ ਸੰਪਾਦਕ ਵੀ ਸੀ। ਭਾਵੇਂ ਉਹ ਇਕ ਉਰਦੂ ਸ਼ਾਇਰ ਵਜੋਂ ਹੀ ਮਕਬੂਲ ਹੈ, ਪਰ ਉਹ ਪੰਜਾਬ ਦਾ ਜੰਮਪਲ ਹੋਣ ਕਾਰਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਵੀ ਮੋਹ ਕਰਦਾ ਸੀ। ਇਸ ਤੱਥ ਦਾ ਪ੍ਰਮਾਣ ਹਨ ਉਸ ਦੁਆਰਾ ਲਿਖੀਆਂ ਕੁਝ ਪੰਜਾਬੀ ਕਵਿਤਾਵਾਂ। ਇਨ੍ਹਾ ਕਵਿਤਾਵਾਂ ਵਿਚ ਉਸ ਨੇ ਪੰਜਾਬੀ ਲੋਕ -ਵੇਦਨਾ ਨੂੰ ਪੰਜਾਬੀ ਰਹਿਤਲ, ਪੰਜਾਬੀ ਮੁਹਾਵਰੇ ਅਤੇ ਪੰਜਾਬੀ ਛੰਦਾਂ ਵਿਚ ਇਸ ਪ੍ਰਕਾਰ ਰੰਗਿਆ ਹੈ ਕਿ ਦਿਲ ਅਸ਼ ਅਸ਼ ਕਰ ਉਠਦਾ ਹੈ। ਇਨ੍ਹਾ ਪੰਜਾਬੀ ਕਵਿਤਾਵਾਂ ਨਾਲ ਸਾਂਝ ਪਾਉਂਦਿਆਂ ਅਸੀਂ ਫ਼ੈਜ਼ ਅਹਿਮਦ ਫ਼ੈਜ਼ ਦੇ ਜੀਵਨ ਅਤੇ ਸਾਹਿਤਕ ਲਿਖਤਾਂ ਬਾਰੇ ਜਾਣਕਾਰੀ ਸਾਂਝੀ ਕਰਾਂਗੇ।

ਫ਼ੈਜ਼ ਅਹਿਮਦ ਫ਼ੈਜ਼ ਦਾ ਜਨਮ 13 ਫਰਬਰੀ 1911 ਨੂੰ ਸਿਆਲਕੋਟ ਵਿਖੇ ਹੋਇਆ। ਉਸ ਦਾ ਪਿਤਾ ਖਾਨ ਬਹਾਦਰ ਸੁਲਤਾਨ ਮੁਹੰਮਦ ਖਾਨ ਵਕੀਲ ਸੀ ਅਤੇ ਅਫ਼ਗਾਨਿਸਤਾਨ ਦਾ ਰਾਜ ਸਲਾਹਕਾਰ ਰਹਿ ਚੁੱਕਾ ਸੀ। ਫ਼ੈਜ਼ ਦੀ ਸਾਰੀ ਤਾਲੀਮ ਲਾਹੌਰ ਵਿਚ ਹੋਈ। ਉਸ ਨੇ ਐਮ. ਏ. ਅੰਗਰੇਜ਼ੀ ਅਤੇ ਐਮ. ਏ. ਅਰਬੀ ਦੀਆਂ ਡਿਗਰੀਆਂ ਹਾਸਲ ਕੀਤੀਆਂ। ਦੋ ਕਾਲਜਾਂ ਵਿਚ ਪ੍ਰੋਫ਼ੈਸਰ ਰਿਹਾ। ਹਾਰੂਨ ਕਾਲਜ ਕਰਾਚੀ ਦਾ ਪ੍ਰਿੰਸੀਪਲ ਰਿਹਾ। ਦੂਜੀ ਸੰਸਾਰ ਜੰਗ ਸਮੇ ਫੌਜ ਵਿਚ ਭਰਤੀ ਹੋ ਗਿਆ ਅਤੇ ਲੈਫ ਕਰਨਲ ਦੇ ਅਹੁਦੇ ਤਕ ਪਹੁੰਚ ਗਿਆ। ਪੱਤਰਕਾਰੀ ਦੇ ਖੇਤਰ ਵਿਚ ਵੀ ਉਸ ਦੀਆਂ ਬਹੁਤ ਉਪਲਬਧੀਆਂ ਹਨ। ਉਹ 'ਪਾਕਿਸਤਾਨ ਟਾਈਮਜ਼'ਅਤੇ 'ਇਮਰੋਜ਼' ਦਾ ਸੰਪਾਦਕ ਅਤੇ 'ਅਦਬ - ਏ - ਲਤੀਫ ' ਤੇ 'ਲੋਟਸ'(ਬੈਰੂਤ) ਦਾ ਮੁੱਖ ਸੰਪਾਦਕ ਰਿਹਾ। ਉਹ ਪ੍ਰੈੱਸ ਆਫ ਪਾਕਿਸਤਾਨ ਦਾ ਪ੍ਰਧਾਨ ਵੀ ਰਿਹਾ। ਉਹ ਵਿਦਿਆਰਥੀ ਕਾਲ ਤੋਂ ਹੀ ਮਾਰਕਸਵਾਦੀ ਦਰਸ਼ਨ ਅਤੇ ਪ੍ਰਗਤੀਸ਼ੀਲ ਚਿੰਤਨ ਤੋਂ ਪ੍ਰਭਾਵਿਤ ਸੀ। ਉਹ ਪ੍ਰਗਤੀਸ਼ੀਲ ਲੇਖਕ ਸੰਘ ਦਾ ਸਕੱਤਰ ਅਤੇ ਉਰਦੂ ਦੀ ਪ੍ਰਗਤੀਸ਼ੀਲ ਕਵਿਤਾ ਦਾ ਮੋਢੀ ਸੀ। ਉਸ ਨੇ ਮਾਰਕਸਵਾਦੀ ਵਿਚਾਰਧਾਰਾ ਨੂੰ ਸਿਰਫ ਚਿੰਤਨ ਅਤੇ ਸ਼ਾਇਰੀ ਤਕ ਸੀਮਤ ਨਹੀਂ ਰੱਖਿਆ ਸਗੋਂ ਵਿਹਾਰਕ ਪੱਧਰ ਤੇ ਆਪਣੇ ਜੀਵਨ ਦਾ ਅੰਗ ਬਣਾਇਆ। ਉਹ ਕਮਿਊਨਿਸਟ ਪਾਰਟੀ ਆਫ ਪਾਕਿਸਤਾਨ ਦੇ ਸੰਸਥਾਪਕਾਂ ਵਿਚੋਂ ਸੀ। ਉਹ ਪਾਕਿਸਤਾਨ ਟਰੇਡ ਯੂਨੀਅਨ ਦਾ ਮੀਤ ਪ੍ਰਧਾਨ, ਪਾਕਿਸਤਾਨ ਲੇਬਰ ਐਡਵਾਈਜ਼ਰੀ ਬੋਰਡ ਦਾ ਕਨਵੀਨਰ ਅਤੇ ਅੰਤਰ ਰਾਸ਼ਟਰੀ ਅਮਨ ਕੌਂਸਲ ਦਾ ਕਾਰਜਕਾਰੀ ਮੈਂਬਰ ਸੀ। ਲੋਕ ਪੱਖੀ ਅਤੇ ਸੱਤਾ ਵਿਰੋਧੀ ਸਰਗਰਮੀਆਂ ਕਾਰਨ ਉਸ ਨੂੰ ਦੋ ਵਾਰ ਜੇਲ੍ਹ ਵੀ ਜਾਣਾ ਪਿਆ। ਫ਼ੈਜ਼ ਅਹਿਮਦ ਫ਼ੈਜ਼ ਦੀ ਮੌਤ 20 ਨਵੰਬਰ 1984 ਨੂੰ ਲਾਹੌਰ ਵਿਖੇ ਹੋਈ।

ਫ਼ੈਜ਼ ਅਹਿਮਦ ਫ਼ੈਜ਼ ਨੇ ਬਹੁਤ ਸਾਰੀ ਸ਼ਾਇਰੀ ਕੀਤੀ। ਉਸ ਦੀਆਂ ਪ੍ਰਮੁੱਖ ਕਾਵਿ ਪੁਸਤਕਾਂ ਦੇ ਨਾਂ ਇਸ ਪ੍ਰਕਾਰ ਹਨ : ਨਕਸ਼ੇ -- ਫ਼ਰਿਆਦੀ, ਦਸਤੇ-- ਸਬਾ, ਜ਼ਿੰਦਾਂ -- ਨਾਮਾ, ਦਸਤੇ -- ਤਹੇ--ਸੰਗ , ਮੇਰੇ ਦਿਲ ਮੇਰੇ ਮੁਸਾਫ਼ਿਰ, ਸਰੇ -- ਵਾਦੀਏ -- ਸੀਨਾ। ਉਸ ਦੀਆਂ ਸਮੁੱਚੀਆਂ ਰਚਨਾਵਾਂ 'ਨੁਸਖ਼ਾ ਹਾ -ਏ - ਵਫ਼ਾ ' ਨਾਂ ਹੇਠ ਛਪ ਚੁੱਕੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਕੁਲੀਯਾਤੇ -ਫ਼ੈਜ਼ ' ਨਾਂ ਹੇਠ ਉਸ ਦੀਆਂ ਸਮੁੱਚੀਆਂ ਰਚਨਾਵਾਂ ਗੁਰਮੁਖੀ ਲਿੱਪੀ ਵਿਚ ਛਾਪੀਆਂ ਹਨ। ਫ਼ੈਜ਼ ਨੂੰ ਬਹੁਤ ਸਾਰੇ ਇਨਾਮ ਸਨਮਾਨ ਪ੍ਰਾਪਤ ਹੋਏ। ਉਸ ਨੂੰ ਸੋਵੀਅਤ ਰੂਸ ਦਾ ਸਭ ਤੋਂ ਵੱਡਾ ਐਵਾਰਡ ' ਲੈਨਿਨ ਪੀਸ ਐਵਾਰਡ ' ਅਤੇ ਪਾਕਿਸਤਾਨ ਦਾ ਸਭ ਤੋਂ ਵੱਡਾ ਐਵਾਰਡ ' ਨਿਸ਼ਾਨਿ- ਇਮਤਿਆਜ਼ ' ਪ੍ਰਾਪਤ ਹੋਏ। ਉਹ ਚਾਰ ਵਾਰ ਨੋਬਲ ਪ੍ਰਾਈਜ਼ ਲਈ ਨਾਮਜ਼ਦ ਹੋਇਆ। ਉਸ ਨੂੰ ' ਲੋਟਸ ਪ੍ਰਾਈਜ਼ ਫਾਰ ਲਿਟਰੇਚਰ ' ਮਿਲਿਆ। ਕਰਾਚੀ ਯੂਨੀਵਰਸਿਟੀ, ਸਿੰਧ ਯੂਨੀਵਰਸਿਟੀ ਅਤੇ ਗੌਰਮਿੰਟ ਕਾਲਜ ਲਾਹੌਰ ਯੂਨੀਵਰਸਿਟੀ ਵਿਚ ਉਸ ਦੇ ਨਾਂ ਦੀ ਚੇਅਰ ਦੀ ਸਥਾਪਨਾ ਹੋਈ। ਫ਼ੈਜ਼ ਦੀ ਸਾਰੀ ਰਚਨਾ ਉਰਦੂ ਵਿਚ ਹੈ -- ਸਿਰਫ ਪੰਜ ਕਵਿਤਾਵਾਂ ਪੰਜਾਬੀ ਵਿਚ ਹਨ। ਵਿਲੱਖਣਤਾ ਇਹ ਹੈ ਕਿ ਇਹਨਾ ਕਵਿਤਾਵਾਂ ਉੱਪਰ ਉਸ ਨੇ ਉਰਦੂ ਰੰਗਤ ਦਾ ਪਰਛਾਵਾਂ ਨਹੀਂ ਪੈਣ ਦਿੱਤਾ। ਇਹ ਕਵਿਤਾਵਾਂ ਪੰਜਾਬੀ ਰੰਗ ਚ ਰੰਗੇ ਇਕ ਪੰਜਾਬੀ ਸ਼ਾਇਰ ਦੀ ਰੂਹ ਦੀ ਆਵਾਜ਼ ਹਨ।

### ਫ਼ੈਜ਼ ਅਹਿਮਦ ਫ਼ੈਜ਼ ਦੀਆਂ ਪੰਜਾਬੀ ਕਵਿਤਾਵਾਂ

### ਲੰਮੀ ਰਾਤ ਸੀ

ਲੰਮੀ ਰਾਤ ਸੀ ਦਰਦ ਫ਼ਿਰਾਕ ਵਾਲੀ
ਤੇਰੇ ਕੌਲ ਤੇ ਅਸਾਂ ਵਿਸਾਹ ਕਰਕੇ
ਕੌੜਾ ਘੁੱਟ ਕੀਤੀ ਮਿੱਠੜੇ ਯਾਰ ਮੇਰੇ
ਮਿੱਠੜੇ ਯਾਰ ਮੇਰੇ ਜਾਨੀ ਯਾਰ ਮੇਰੇ
ਤੇਰੇ ਕੌਲ ਤੇ ਅਸਾਂ ਵਿਸਾਹ ਕਰਕੇ।
ਝਾਂਜਰਾਂ ਵਾਂਗ ਜ਼ੰਜੀਰਾਂ ਛਣਕਾਈਆਂ ਨੇ।
ਕਦੀ ਕੰਨੀਂ ਮੁੰਦਰਾਂ ਪਾਈਆਂ ਨੇ।
ਕਦੀ ਪੈਰੀਂ ਬੇੜੀਆਂ ਚਾਈਆਂ ਨੇ।
ਤੇਰੀ ਤਾਂਘ ਵਿਚ ਪੱਟ ਦਾ ਮਾਸ ਦੇ ਕੇ
ਅਸਾਂ ਕਾਗ ਸੱਦੇ, ਅਸਾਂ ਸੁਨੇਹ ਘੱਲੇ।
ਰਾਤ ਮੁੱਕਦੀ ਏ, ਯਾਰ ਆਂਵਦਾ ਏ
ਅਸੀਂ ਤੱਕਦੇ ਰਹੇ ਹਜ਼ਾਰ ਵੱਲੇ।
ਕੋਈ ਆਇਆ ਨਾ ਬਿਨਾ ਖੁਨਾਮੀਆਂ ਦੇ
ਕੋਈ ਪੁੱਜਾ ਨਾ ਸਿਵਾ ਉਲਾਹਮਿਆਂ ਦੇ।
ਅੱਜ ਲਾਹ ਉਲਾਹਮੇ ਮਿੱਠੜੇ ਯਾਰ ਮੇਰੇ।
ਅੱਜ ਆ ਵਿਹੜੇ ਵਿਛੜੇ ਯਾਰ ਮੇਰੇ।
ਫ਼ਜ਼ਰ ਹੋਵੇ ਤੇ ਆਖੀਏ 'ਬਿਸਮਿੱਲਾ '
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ।
ਜਿਹਦੇ ਕੌਲ ਤੇ ਅਸਾਂ ਵਿਸਾਹ ਕੀਤਾ
ਉਹਨੇ ਓੜਕ ਤੋੜ ਨਿਭਾਈਆਂ ਨੇ।

### ਕਿਧਰੇ ਨਾ ਪੈਂਦੀਆਂ ਦੱਸਾਂ

ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ।
ਕਾਗ ਉਡਾਵਾਂ, ਸ਼ਗਨ ਮਨਾਵਾਂ।
ਵਗਦੀ ਵਾਅ ਦੇ ਤਰਲੇ ਪਾਵਾਂ।
ਤੇਰੀ ਯਾਦ ਪਵੇ ਤੇ ਰੋਵਾਂ।
ਤੇਰਾ ਜ਼ਿਕਰ ਕਰਾਂ ਤੇ ਹੱਸਾਂ।
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ।
ਦਰਦ ਨਾ ਦੱਸਾਂ ਘੁਲਦੀ ਜਾਵਾਂ।
ਰਾਜ਼ ਨਾ ਖੋਲ੍ਹਾਂ, ਮੁੱਕਦੀ ਜਾਵਾਂ।
ਕਿਸ ਨੂੰ ਦਿਲ ਦੇ ਦਾਗ਼ ਦਿਖਾਵਾਂ।
ਕਿਸ ਦਰ ਅੱਗੇ ਝੋਲੀ ਡਾਹਵਾਂ।
ਵੇ ਮੈਂ ਕਿਸ ਦਾ ਦਾਮਨ ਖੱਸਾਂ।
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ।
ਸ਼ਾਮ ਉਡੀਕਾਂ, ਫ਼ਜ਼ਰ ਉਡੀਕਾਂ।
ਆਖੇਂ ਤੇ ਸਾਰੀ ਉਮਰ ਉਡੀਕਾਂ।
ਆਂਢ -- ਗੁਆਂਢੀਂ ਦੀਵੇ ਬਲਦੇ।
ਰੱਬਾ ਸਾਡਾ ਚਾਨਣ ਘੱਲਦੇ।
ਜੱਗ ਵਸਦਾ ਏ, ਮੈਂ ਵੀ ਵੱਸਾਂ।
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ।

# ਬੱਝੀ ਰਹੇ ਜ਼ਿੰਦਗੀ ਦੀ ਆਸ

ਮਨੁੱਖ ਦੀਆਂ ਖ਼ਾਹਿਸ਼ਾਂ ਹੀ ਉਸ ਦੇ ਜੀਵਨ ਨੂੰ ਅਗਾਂਹ ਤੋਰਨ ਲਈ ਪ੍ਰੇਰਿਤ, ਉਤਸ਼ਾਹਤ ਅਤੇ ਸ਼ਕਤੀ ਪ੍ਰਦਾਨ ਕਰਦੀਆਂ ਹਨ। ਆਸ ਹੀ ਵਿਅਕਤੀ ਨੂੰ ਕਿਰਿਆਸ਼ੀਲ ਰੱਖਦੀ ਹੈ। ਆਸਵੰਦ ਵਿਅਕਤੀ ਹਮੇਸ਼ਾ ਉਸਾਰੂ ਸੋਚ ਦੇ ਧਾਰਨੀ ਹੁੰਦੇ ਹਨ। ਮਨੁੱਖੀ ਮਨ ਵਿਚ ਜਿੰਨਾ ਚਿਰ ਆਸ ਰਹਿੰਦੀ ਹੈ, ਓਨਾ ਚਿਰ ਨਿਰਾਸ਼ਾ ਜਾਂ ਉਦਾਸੀ ਨੇੜੇ ਨਹੀਂ ਫਟਕਦੀਆਂ। ਆਸ ਹੀ ਵਿਅਕਤੀ ਨੂੰ ਉਸ ਦੀ ਮਿੱਥੀ ਹੋਈ ਮੰਜ਼ਿਲ 'ਤੇ ਪਹੁੰਚਾਉਂਦੀ ਹੈ।

ਆਸਵੰਦ ਵਿਅਕਤੀ ਕਦੇ ਵੀ ਆਪਣੀ ਉਮਰ ਦਾ ਬਹਾਨਾ ਨਹੀਂ ਲਾਉਂਦੇ। ਉਹ ਜ਼ਿੰਦਗੀ ਦੇ ਸਫ਼ਰ 'ਚ ਬਹੁਤੀ ਵਾਰ ਕਠਿਨ ਤੇ ਔਝੜ ਰਸਤੇ 'ਤੇ ਕਈ ਰੁਕਾਵਟਾਂ ਦੇ ਬਾਵਜੂਦ ਚੱਲਦੇ ਰਹਿੰਦੇ ਹਨ। ਉਹ ਆਪਣੀਆਂ ਅੱਧੀਆਂ- ਅਧੂਰੀਆਂ ਖ਼ਾਹਿਸ਼ਾਂ, ਮਕਸਦਾਂ ਜਾਂ ਰੁਚੀਆਂ ਨੂੰ ਭਵਿੱਖ 'ਚ ਪੂਰੀਆਂ ਕਰਨਾ ਚਾਹੁੰਦੇ ਹਨ। ਵਧਦੀ ਉਮਰ ਦੇ ਤਜਰਬੇ, ਦੁਸ਼ਵਾਰੀਆਂ ਉਨ੍ਹਾਂ ਦਾ ਹਾਸਲ ਬਣਦਾ ਹੈ। ਉਹ ਪਰਿਵਾਰ ਪ੍ਰਸਤੀ ਤੇ ਕੰਮ-ਕਾਜੀ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਕੇ ਜ਼ਿੰਦਗੀ ਦਾ ਮਕਸਦ ਪੂਰਾ ਕਰਨ ਲਈ ਜੁਟ ਜਾਂਦੇ ਹਨ। ਵੱਖ-ਵੱਖ ਵਿਗਿਆਨੀਆਂ, ਵਿਦਵਾਨਾਂ ਅਤੇ ਮਹਾਨ ਸ਼ਖ਼ਸੀਅਤਾਂ ਦੀਆਂ ਵਡੇਰੀ ਉਮਰ 'ਚ ਪ੍ਰਾਪਤੀਆਂ ਤੋਂ ਅਸੀਂ ਜਾਣੂ ਹੀ ਹਾਂ। ਉਹ ਸਾਰੇ ਜ਼ਿੰਦਗੀ 'ਚ ਆਸ਼ਾਵਾਦੀ ਰਹੇ।




ਜ਼ਿੰਦਗੀ ਦੇ ਸੰਘਰਸ਼ 'ਚੋਂ ਲੰਘਦੇ ਹੋਏ ਆਸਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ ਹੀ ਆਇਨਸਟਾਈਨ ਸੰਸਾਰ ਭਰ ਦੇ ਵਿਗਿਆਨੀਆਂ ਲਈ ਰੋਲ ਮਾਡਲ ਬਣਿਆ। ਖੇਡਾਂ ਦੇ ਖੇਤਰ ਦੀ ਗੱਲ ਕਰੀਏ ਤਾਂ ਫ਼ੌਜਾ ਸਿੰਘ ਵਿਸ਼ਵ ਭਰ 'ਚ ਸਭ ਤੋਂ ਵੱਧ ਉਮਰ ਵਾਲੇ ਦੌੜਾਕ ਤੇ ਹੋਰਨਾਂ ਲਈ ਪ੍ਰੇਰਨਾ ਦਾ ਸਰੋਤ ਬਣੇ ਹਨ। ਉਮਰਾਂ ਨੂੰ ਮਾਤ ਪਾ ਕੇ ਆਪਣੇ ਟੀਚੇ ਨੂੰ ਹਾਸਲ ਕਰਨ ਦੀ ਇਕ ਵਿਲੱਖਣ ਮਿਸਾਲ ਵੀ ਇਨ੍ਹੀਂ ਦਿਨੀਂ ਚਰਚਾ ਦਾ ਵਿਸ਼ਾ ਰਹੀ ਹੈ। ਹਾਲ ਹੀ ਵਿਚ ਮੋਗਾ ਦੇ ਪਿੰਡ ਲੰਗੇਆਣਾ ਪੁਰਾਣਾ ਦੀਆਂ ਦੋ ਵਡੇਰੀ ਉਮਰ ਦੀਆਂ ਬੀਬੀਆਂ ਨੇ 10ਵੀਂ ਤੇ 12ਵੀਂ ਜਮਾਤ ਕਈ ਸਾਲਾਂ ਦੇ ਵਕਫੇ ਬਾਅਦ ਪਾਸ ਕੀਤੀ। ਉਨ੍ਹਾਂ ਦੀ ਇਸ ਪ੍ਰਾਪਤੀ ਦੀ ਵਿਸ਼ਵ ਪੱਧਰ 'ਤੇ ਚਰਚਾ ਹੋ ਰਹੀ ਹੈ। ਇਹ ਦੋਨੋਂ ਆਸ਼ਾ ਵਰਕਰ ਹਨ ਤੇ ਆਪਣੇ ਤੋਂ ਵੱਧ ਯੋਗਤਾ ਰੱਖਣ ਵਾਲੀਆਂ ਸਾਥਣਾਂ ਦੇ ਬਰਾਬਰ ਖੜ੍ਹੀਆਂ ਹੋਣ ਲਈ ਹੀ ਇਨ੍ਹਾਂ ਨੇ ਇਹ ਹੰਭਲਾ ਮਾਰਿਆ। ਅਜਿਹੇ ਵਿਅਕਤੀ ਜਾਪਾਨੀ ਕਲਚਰ 'ਚ ਜੀਵਨ ਪ੍ਰਤੀ ਇਕ ਸਿਧਾਂਤ 'ਇਕੀਗਾਈ' ਅਨੁਸਾਰ ਚੱਲ ਰਹੇ ਹੁੰਦੇ ਹਨ। ਇਕੀਗਾਈ ਸ਼ਬਦ ਦਾ ਮਤਲਬ ਹੈ 'ਜ਼ਿੰਦਗੀ ਦੀ ਅਸਲ ਕੀਮਤ'। ਇਹ ਉਨ੍ਹਾਂ ਲੋਕਾਂ ਦਾ ਜਨੂੰਨ ਹੈ ਕਿ ਉਹ ਕਿਸੇ ਮਕਸਦ ਲਈ ਜੀਵਨ 'ਚ ਆਸ, ਉੱਦਮ ਤੇ ਹਿੰਮਤ ਦਾ ਪੱਲਾ ਘੁੱਟ ਕੇ ਫੜਦੇ ਹਨ। ਕਾਮਯਾਬੀ ਹਾਸਲ ਕਰ ਕੇ ਉਹ ਮਾਣ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਅਸੀਂ ਜੀਵਨ ਨੂੰ ਸਹੀ ਢੰਗ ਨਾਲ ਗੁਜ਼ਾਰਦੇ ਹੋਏ ਤੰਦਰੁਸਤ ਅਤੇ ਖ਼ੁਸ਼ੀ ਭਰੀ ਲੰਬੀ ਉਮਰ ਭੋਗ ਸਕਦੇ ਹਾਂ। ਵੱਡੀ ਤ੍ਰਾਸਦੀ ਇਹ ਹੈ ਕਿ ਅਜੋਕੇ ਆਧੁਨਿਕ ਪਦਾਰਥਵਾਦੀ ਯੁੱਗ ਵਿਚ ਆਸ਼ਾਵਾਦੀ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ।

-ਕੁਲਮਿੰਦਰ ਕੌਰ, ਮੁਹਾਲੀ।
ਮੋਬਾਈਲ : 98156-52272

# ਇੱਕ ਹੌਲੀ ਤਬਾਹੀ ਵੱਲ ਵਧ ਰਹੀ ਹੈ ਦੁਨੀਆ



ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ ਅਤੇ ਇਸਦਾ ਸਭ ਤੋਂ ਡੂੰਘਾ ਪ੍ਰਭਾਵ ਸਮੁੰਦਰਾਂ 'ਤੇ ਪੈ ਰਿਹਾ ਹੈ। ਵਿਗਿਆਨਕ ਅਧਿਐਨਾਂ ਅਤੇ ਨਾਸਾ ਦੀਆਂ ਹਾਲੀਆ ਰਿਪੋਰਟਾਂ ਦੇ ਅਨੁਸਾਰ ਸਮੁੰਦਰ ਦਾ ਪੱਧਰ ਬੇਮਿਸਾਲ ਦਰ ਨਾਲ ਵੱਧ ਰਿਹਾ ਹੈ, ਜਿਸ ਨਾਲ ਦੁਨੀਆ ਭਰ ਦੇ ਸੈਂਕੜੇ ਤੱਟਵਰਤੀ ਸ਼ਹਿਰਾਂ ਦੇ ਡੁੱਬਣ ਦਾ ਖ਼ਤਰਾ ਵੱਧ ਰਿਹਾ ਹੈ। ਵਿਗਿਆਨੀਆਂ ਨੇ ਇਸ ਖ਼ਤਰੇ ਨੂੰ 'ਹੌਲੀ-ਹੌਲੀ ਤਬਾਹੀ' ਕਿਹਾ ਹੈ, ਜੋ ਅਗਲੇ ਕੁਝ ਦਹਾਕਿਆਂ ਵਿੱਚ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਜੇਕਰ ਇਸ ਨੂੰ ਸਮੇਂ ਸਿਰ ਕਾਬੂ ਨਾ ਕੀਤਾ ਗਿਆ ਤਾਂ ਮੁੰਬਈ, ਕੋਲਕਾਤਾ, ਚੇਨਈ, ਵਿਸ਼ਾਖਾਪਟਨਮ ਅਤੇ ਪੁਰੀ ਵਰਗੇ ਭਾਰਤੀ ਸ਼ਹਿਰਾਂ ਤੋਂ ਇਲਾਵਾ ਲੰਡਨ, ਵੇਨਿਸ, ਨੀਦਰਲੈਂਡ, ਬੈਂਕਾਕ ਅਤੇ ਨਿਊ ਓਰਲੀਨਜ਼ ਵਰਗੇ ਵੱਡੇ ਸ਼ਹਿਰ ਸਮੁੰਦਰ ਵਿੱਚ ਡੁੱਬ ਸਕਦੇ ਹਨ।

ਗਲੋਬਲ ਵਾਰਮਿੰਗ ਕਾਰਨ ਸਮੁੰਦਰਾਂ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ, ਜਿਸ ਕਾਰਨ ਸਮੁੰਦਰਾਂ ਵਿੱਚ ਪਾਣੀ ਦਾ ਪੱਧਰ ਵੱਧ ਰਿਹਾ ਹੈ। ਵਿਗਿਆਨਕ ਅੰਕੜਿਆਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿੱਚ ਸਮੁੰਦਰ ਦਾ ਪੱਧਰ ਲਗਭਗ 10 ਸੈਂਟੀਮੀਟਰ (4 ਇੰਚ) ਵਧਿਆ ਹੈ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਇਹ 2040 ਤੱਕ 7.5 ਸੈਂਟੀਮੀਟਰ (3 ਇੰਚ) ਹੋਰ ਵਧ ਸਕਦਾ ਹੈ। 2050 ਤੱਕ ਇਹ ਵਾਧਾ ਇੰਨਾ ਗੰਭੀਰ ਹੋ ਜਾਵੇਗਾ ਕਿ ਬਹੁਤ ਸਾਰੇ ਤੱਟਵਰਤੀ ਸ਼ਹਿਰਾਂ ਨੂੰ ਖਾਲੀ ਕਰਵਾਉਣਾ ਪੈ ਸਕਦਾ ਹੈ। ਇਸ ਪਾਣੀ ਦੇ ਪੱਧਰ ਦੇ ਵਾਧੇ ਦਾ ਮੁੱਖ ਕਾਰਨ ਗਲੇਸ਼ੀਅਰਾਂ ਦਾ ਤੇਜ਼ੀ ਨਾਲ ਪਿਘਲਣਾ ਅਤੇ ਸਮੁੰਦਰਾਂ ਦਾ ਫੈਲਣਾ ਹੈ। ਆਰਕਟਿਕ ਅਤੇ ਅੰਟਾਰਕਟਿਕਾ ਵਿੱਚ ਬਰਫ਼ ਲਗਾਤਾਰ ਘੱਟ ਰਹੀ ਹੈ, ਜਿਸ ਨਾਲ ਸਮੁੰਦਰਾਂ ਵਿੱਚ ਪਾਣੀ ਦੀ ਮਾਤਰਾ ਵੱਧ ਰਹੀ ਹੈ। ਵਿਗਿਆਨੀ ਜੋਸ਼ ਵਿਲਿਸ ਦਾ ਕਹਿਣਾ ਹੈ ਕਿ ਪਾਣੀ ਦੇ ਪੱਧਰ ਵਿੱਚ ਇਹ ਵਾਧਾ ਹੁਣ ਸਿਰਫ਼ ਇੱਕ ਸਾਲਾਨਾ ਤਬਦੀਲੀ ਨਹੀਂ ਹੈ, ਸਗੋਂ ਇਹ ਇੱਕ ਸਥਾਈ ਅਤੇ ਖ਼ਤਰਨਾਕ ਸਥਿਤੀ ਬਣ ਗਈ ਹੈ।

ਸਮੁੰਦਰ ਦੇ ਪੱਧਰ ਦੇ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚੋਂ ਮੁੱਖ ਹਨ ਗਲੇਸ਼ੀਅਰਾਂ ਦਾ ਤੇਜ਼ੀ ਨਾਲ ਪਿਘਲਣਾ, ਸਮੁੰਦਰਾਂ ਦਾ ਵਿਸਥਾਰ, ਗ੍ਰੀਨਹਾਊਸ ਗੈਸਾਂ ਦਾ ਨਿਕਾਸ, ਜੰਗਲਾਂ ਦੀ ਕਟਾਈ ਅਤੇ ਜਲਵਾਯੂ ਪਰਿਵਰਤਨ। ਗ੍ਰੀਨਲੈਂਡ ਅਤੇ ਅੰਟਾਰਕਟਿਕਾ ਦੀਆਂ ਬਰਫ਼ ਦੀਆਂ ਚਾਦਰਾਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਪਿਘਲ ਰਹੀਆਂ ਹਨ। ਗਰਮ ਹੋਣ ਦੇ ਨਾਲ-ਨਾਲ ਸਮੁੰਦਰੀ ਪਾਣੀ ਫੈਲਦਾ ਹੈ, ਜਿਸ ਕਾਰਨ ਪਾਣੀ ਦਾ ਪੱਧਰ ਵਧਦਾ ਹੈ। ਉਦਯੋਗੀਕਰਨ ਅਤੇ ਜੈਵਿਕ ਇੰਧਨ ਦੀ ਵਧਦੀ ਵਰਤੋਂ ਕਾਰਨ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਅਤੇ ਹੋਰ ਗ੍ਰੀਨਹਾਊਸ ਗੈਸਾਂ ਦੀ ਮਾਤਰਾ ਲਗਾਤਾਰ ਵੱਧ ਰਹੀ ਹੈ ਜਿਸ ਕਾਰਨ ਤਾਪਮਾਨ ਵਧ ਰਿਹਾ ਹੈ। ਰੁੱਖਾਂ ਦੀ ਘਾਟ ਕਾਰਨ ਕਾਰਬਨ ਡਾਈਆਕਸਾਈਡ ਦਾ ਸੋਖਣ ਘੱਟ ਰਿਹਾ ਹੈ, ਜਿਸ ਕਾਰਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ।

ਸਮੁੰਦਰੀ ਪੱਧਰ ਦੇ ਵਧਣ ਨਾਲ ਤੱਟਵਰਤੀ ਸ਼ਹਿਰਾਂ ਨੂੰ ਸਭ ਤੋਂ ਵੱਧ ਖ਼ਤਰਾ ਹੈ। ਭਾਰਤ ਵਿੱਚ ਮੁੰਬਈ, ਕੋਲਕਾਤਾ ਅਤੇ ਚੇਨਈ ਵਰਗੇ ਸ਼ਹਿਰ ਪਹਿਲਾਂ ਹੀ ਭਿਆਨਕ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ। ਇਸ ਤੋਂ ਇਲਾਵਾ ਅਮਰੀਕਾ ਦੇ ਨਿਊ ਓਰਲੀਨਜ਼ ਅਤੇ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਰਗੇ ਸ਼ਹਿਰ ਪਾਣੀ ਦੇ ਵਧਦੇ ਪੱਧਰ ਕਾਰਨ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਆਉਣ ਵਾਲੇ ਸਾਲਾਂ ਵਿੱਚ ਇਨ੍ਹਾਂ ਸ਼ਹਿਰਾਂ ਨੂੰ ਸਥਾਈ ਤੌਰ 'ਤੇ ਖਾਲੀ ਕਰਵਾਉਣਾ ਪੈ ਸਕਦਾ ਹੈ। ਸਮੁੰਦਰ ਦਾ ਵਧਦਾ ਪੱਧਰ ਨਾ ਸਿਰਫ਼ ਸ਼ਹਿਰਾਂ ਦੀ ਹੋਂਦ ਨੂੰ ਖ਼ਤਰਾ ਪੈਦਾ ਕਰ ਰਿਹਾ ਹੈ ਸਗੋਂ ਇਹ ਵਾਤਾਵਰਣ ਪ੍ਰਣਾਲੀ ਅਤੇ ਭੋਜਨ ਸਪਲਾਈ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਤੱਟਵਰਤੀ ਖੇਤਰਾਂ ਵਿੱਚ ਰਹਿਣ ਵਾਲੇ ਕਰੋੜਾਂ ਲੋਕਾਂ ਨੂੰ ਵਿਸਥਾਪਨ ਦਾ ਸਾਹਮਣਾ ਕਰਨਾ ਪਵੇਗਾ ਜਿਸ ਨਾਲ ਵਿਸ਼ਵ ਪੱਧਰ 'ਤੇ ਸਮਾਜਿਕ ਅਤੇ ਆਰਥਿਕ ਅਸਥਿਰਤਾ ਵਧੇਗੀ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਸੰਕਟ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਹੈ 'ਸ਼ੁੱਧ ਜ਼ੀਰੋ ਕਾਰਬਨ ਨਿਕਾਸ ਨੂੰ ਅਪਣਾਉਣਾ। ਇਸ ਲਈ ਨਵਿਆਉਣਯੋਗ ਊਰਜਾ ਦੀ ਵਰਤੋਂ, ਗ੍ਰੀਨਹਾਊਸ ਗੈਸਾਂ ਦਾ ਕੰਟਰੋਲ, ਰੁੱਖ ਲਗਾਉਣਾ ਅਤੇ ਜੰਗਲਾਂ ਦੀ ਸੁਰੱਖਿਆ, ਟਿਕਾਊ ਵਿਕਾਸ ਅਤੇ ਜਨਤਕ ਜਾਗਰੂਕਤਾ ਵਰਗੇ ਕਦਮ ਚੁੱਕਣੇ ਪੈਣਗੇ। ਸੂਰਜੀ ਅਤੇ ਪੌਣ ਊਰਜਾ ਨੂੰ ਉਤਸ਼ਾਹਿਤ ਕਰਕੇ ਜੈਵਿਕ ਇੰਧਨ 'ਤੇ ਨਿਰਭਰਤਾ ਘਟਾਈ ਜਾ ਸਕਦੀ ਹੈ। ਉਦਯੋਗਿਕ ਕਾਰਬਨ ਨਿਕਾਸ ਨੂੰ ਘਟਾਉਣਾ ਅਤੇ ਵਾਹਨਾਂ ਵਿੱਚ ਸਾਫ਼ ਈਂਧਨ ਦੀ ਵਰਤੋਂ ਕਰਨਾ ਜ਼ਰੂਰੀ ਹੈ। ਜ਼ਿਆਦਾ ਰੁੱਖ ਲਗਾ ਕੇ ਵੀ ਕਾਰਬਨ ਡਾਈਆਕਸਾਈਡ ਦੇ ਪੱਧਰ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਜਲਵਾਯੂ-ਅਨੁਕੂਲ ਬੁਨਿਆਦੀ ਢਾਂਚੇ ਅਤੇ ਸਮਾਰਟ ਸ਼ਹਿਰਾਂ ਦੇ ਵਿਕਾਸ 'ਤੇ ਜ਼ੋਰ ਦੇਣਾ ਪਵੇਗਾ। ਜਲਵਾਯੂ ਪਰਿਵਰਤਨ ਦੀ ਗੰਭੀਰਤਾ ਨੂੰ ਸਮਝਣ ਅਤੇ ਆਮ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ।

>> ਸਮੁੰਦਰ ਦਾ ਵਧਦਾ ਪੱਧਰ 'ਹੌਲੀ ਪਰ ਨਿਸ਼ਚਿਤ ਤਬਾਹੀ' ਵੱਲ ਇਸ਼ਾਰਾ ਕਰ ਰਿਹਾ ਹੈ। ਜੇਕਰ ਅਸੀਂ ਹੁਣੇ ਠੋਸ ਕਦਮ ਨਾ ਚੁੱਕੇ, ਤਾਂ ਆਉਣ ਵਾਲੇ ਦਹਾਕਿਆਂ ਵਿੱਚ ਬਹੁਤ ਸਾਰੇ ਤੱਟਵਰਤੀ ਸ਼ਹਿਰ ਦੁਨੀਆ ਦੇ ਨਕਸ਼ੇ ਤੋਂ ਗਾਇਬ ਹੋ ਸਕਦੇ ਹਨ। ਇਹ ਸਿਰਫ਼ ਵਿਗਿਆਨੀਆਂ ਅਤੇ ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ ਹੈ ਸਗੋਂ ਹਰੇਕ ਨਾਗਰਿਕ ਨੂੰ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਸਾਨੂੰ ਤੁਰੰਤ ਕਾਰਵਾਈ ਕਰਨੀ ਪਵੇਗੀ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।



**ਮੋਹਿਤ ਸਿੰਗਲਾ**
ਮੋਬਾਈਲ-90412-95900.

# ਲਾਇਬਰੇਰੀ

ਸਫ਼ਾ 5 ਦੀ ਬਾਕੀ

ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਹ ਸੋਚ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਇਸ ਦੇ ਉਲਟ ਸਗੋਂ, ਪੁਸਤਕਾਂ ਪੜ੍ਹਨ ਅਤੇ ਗਿਆਨ ਹਾਸਲ ਕਰਨ ਦੀ ਪ੍ਰਵਿਰਤੀ ਬੱਚੇ ਦੇ ਮਨ ਵਿਚ ਜੀਵਨ 'ਚ ਅੱਗੇ ਵਧਣ ਲਈ ਜੋਸ਼ ਅਤੇ ਲਗਨ ਪੈਦਾ ਕਰਦੀ ਹੈ। ਸਾਰਥਿਕ ਰੁਚੀਆਂ ਪੈਦਾ ਕਰਨ ਲਈ ਸਾਹਿਤਕ ਪੁਸਤਕਾਂ ਦੀ ਭੂਮਿਕਾ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਪਿਛਲੇ ਕੁਝ ਸਾਲਾਂ ਤੋਂ ਸਰਕਾਰੀ ਸਕੂਲਾਂ ਵਿਚ ਵੀ ਕੁਝ ਹੱਦ ਤੱਕ ਲਾਇਬਰੇਰੀਆਂ ਦੀ ਸਥਾਪਨਾ ਹੋਈ ਹੈ। ਪੁਸਤਕਾਂ ਖਰੀਦਣ ਲਈ ਗਰਾਂਟਾਂ ਵੀ ਮੁਹੱਈਆ ਕਰਾਈਆਂ ਗਈਆਂ ਹਨ। ਜਿੱਥੇ ਅਧਿਆਪਕ ਰੁਚੀ ਲੈਂਦੇ ਹਨ, ਉਨ੍ਹਾਂ ਸਕੂਲਾਂ ਵਿਚ ਬਹੁਤ ਹੀ ਸ਼ਾਨਦਾਰ, ਆਕਰਸ਼ਿਕ ਅਤੇ ਪ੍ਰਭਾਵਸ਼ਾਲੀ ਲਾਇਬਰੇਰੀਆਂ ਦੇਖੀਆਂ ਜਾ ਸਕਦੀਆਂ ਹਨ। ਲਾਇਬਰੇਰੀ ਵਿਚ ਬੈਠ ਕੇ ਬੱਚੇ ਆਰਾਮ ਨਾਲ ਅਖਬਾਰਾਂ ਅਤੇ ਪੁਸਤਕਾਂ ਪੜ੍ਹਦੇ ਹਨ। ਬਹੁਤੇ ਸਕੂਲਾਂ ਵਿਚ ਲਾਰਿਬਰੇਰੀਅਨ ਦੀ ਅਸਾਮੀ ਖਾਲੀ ਹੋਣ ਕਾਰਨ ਅਧਿਆਪਕ ਹੀ ਲਾਇਬਰੇਰੀ ਦਾ ਕੰਮਕਾਜ ਦੇਖਦਾ ਹੈ। ਜੇਕਰ ਅਧਿਆਪਕ ਆਪ ਪੁਸਤਕਾਂ ਵਿਚ ਰੁਚੀ ਰੱਖਦਾ ਹੋਵੇ ਫਿਰ ਤਾਂ ਇਹ ਕੰਮ ਖੁਸ਼ੀ ਨਾਲ ਕੀਤਾ ਜਾਂਦਾ ਹੈ ਨਹੀਂ ਤਾਂ ਬਹੁਤੇ ਅਧਿਆਪਕ ਇਸ ਨੂੰ ਵਾਧੂ ਦਾ ਬੋਝ ਸਮਝ ਕੇ ਬੱਧੇ-ਰੁੱਧੇ ਹੀ ਕਰਦੇ ਹਨ। ਇਸ ਤਰ੍ਹਾਂ ਲਾਇਬਰੇਰੀ ਦੇ ਵਿਦਿਅਕ, ਸਾਹਿਤਕ ਅਤੇ ਸੂਝ ਨੂੰ ਰੌਸ਼ਨ ਕਰਨ ਦੇ ਮਹੱਤਵ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਜੇਕਰ ਬੱਚਿਆਂ ਦੇ ਹੱਥਾਂ ਵਿੱਚ ਕਿਤਾਬਾਂ ਨਹੀਂ ਜਾਂਦੀਆਂ ਤਾਂ ਉਨ੍ਹਾਂ ਨੂੰ ਸੁੰਦਰ ਅਲਮਾਰੀਆਂ ਦਾ ਸ਼ਿੰਗਾਰ ਬਣਾ ਕੇ ਕਿਸੇ ਦਾ ਲਾਭ ਨਹੀਂ ਹੈ। ਬਹੁ ਗਿਣਤੀ ਸਕੂਲਾਂ ਵਿਚ ਘੱਟੇ-ਮਿੱਟੀ ਵਿਚ ਲੱਥ-ਪੱਥ ਹੋਇਆ ਇਹ ਗਿਆਨ ਰੂਪੀ ਸਰਮਾਇਆ, ਅਲਮਾਰੀਆਂ ਵਿਚ ਕੈਦ ਹੋ ਕੇ ਹੀ ਰਹਿ ਗਿਆ ਹੈ।

ਅਜੋਕੇ ਸਮੇਂ ਵਿਚ ਬੱਚੇ ਕੰਪਿਊਟਰ ਅਤੇ ਮੋਬਾਈਲ ਆਦਿ ਤਕਨੀਕੀ ਸਾਧਨਾਂ ਵਿਚ ਉਲਝ ਕੇ ਰਹਿ ਗਏ ਹਨ। ਇਥੇ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਲਾਇਬਰੇਰੀਆਂ ਨੂੰ ਗੰਭੀਰਤਾ ਨਾਲ ਸਕੂਲੀ ਸਿੱਖਿਆ ਦਾ ਅੰਗ ਬਣਾਇਆ ਜਾਵੇ ਤਾਂ ਕਿ ਬੱਚੇ ਕਿਤਾਬਾਂ ਨਾਲ ਸਾਂਝ ਪਾ ਸਕਣ। ਗਿਆਨ ਦੇ ਭਾਵੇਂ ਜਿੰਨੇ ਵੀ ਸਾਧਨ ਆ ਜਾਣ ਪਰ ਕਿਤਾਬ ਦੀ ਮਹੱਤਤਾ ਹਮੇਸ਼ਾ ਕਾਇਮ ਰਹੇਗੀ। ਕੋਈ ਵੀ ਹੋਰ ਸਾਧਨ ਪੁਸਤਕ ਦਾ ਬਦਲ ਨਹੀਂ ਹੋ ਸਕਦਾ। ਬਹੁਤ ਜ਼ਰੂਰੀ ਹੈ ਕਿ ਸਕੂਲ ਲਾਇਬਰੇਰੀ ਨੂੰ ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾ ਕੇ ਇਸ ਦੀ ਸੁਚੱਜੀ ਤੇ ਯੋਗ ਵਰਤੋਂ ਕੀਤੀ ਜਾਵੇ ਤਾਂ ਕਿ ਸਕੂਲਾਂ ਵਿਚ ਪੜ੍ਹਦਾ ਦੇਸ਼ ਦਾ ਭਵਿੱਖ ਨਵੀਆਂ ਵੰਗਾਰਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਸਕੇ।

ਸੰਪਰਕ: 98153-56086

# ਕਬਰਾਂ ਲੰਮ ਸਲੰਮੀਆਂ...



ਗੁਰਚਰਨ ਸਿੰਘ ਨੂਰਪੁਰ

ਜੁਨੈਦ ਇੱਕ ਫ਼ਕੀਰ ਹੋਇਆ ਹੈ। ਉਹਦਾ ਇੱਕ ਜਵਾਨ ਪੁੱਤਰ ਸੀ। ਇੱਕ ਹਾਦਸੇ ਵਿੱਚ ਪੁੱਤਰ ਦੀ ਮੌਤ ਹੋ ਗਈ। ਮਾਹੌਲ ਬੜਾ ਗ਼ਮਗੀਨ ਹੋ ਗਿਆ। ਰਿਸ਼ਤੇਦਾਰ, ਸੱਜਣ ਮਿੱਤਰ ਅਤੇ ਪਿੰਡ ਦੇ ਲੋਕ ਜੁਨੈਦ ਕੋਲ ਕਈ ਦਿਨ ਦੁੱਖ ਸਾਂਝਾ ਕਰਨ ਆਉਂਦੇ ਰਹੇ। ਸਾਰੇ ਬੜੇ ਉਦਾਸ ਸਨ। ਇੱਕੋ ਇੱਕ ਪੁੱਤਰ ਸੀ ਤੇ ਉਹ ਵੀ ਵੀਹ ਕੁ ਸਾਲ ਦੀ ਉਮਰ ਵਿੱਚ ਦੁਨੀਆਂ ਤੋਂ ਵਿਦਾ ਹੋ ਗਿਆ ਸੀ। ਕੁਝ ਦਿਨ ਬੀਤੇ ਇੱਕ ਸ਼ਾਮ ਨੂੰ ਜੁਨੈਦ ਦੇ ਕੋਲ ਬੈਠੀ ਉਹਦੀ ਪਤਨੀ ਜੋ ਡੂੰਘੀ ਉਦਾਸੀ ਵਿੱਚ ਸੀ, ਨੇ ਉਸ ਨੂੰ ਪੁੱਛਿਆ, "ਸਾਡਾ ਪੁੱਤਰ ਸਾਨੂੰ ਛੱਡ ਕੇ ਚਲਾ ਗਿਆ ਏ। ਮੈਂ ਦੇਖਿਆ ਹੈ ਕਿ ਤੁਹਾਡੀਆਂ ਅੱਖਾਂ ਵਿੱਚ ਪਾਣੀ ਨਹੀਂ ਆਇਆ। ਤੁਸੀਂ ਰੋਏ ਨਹੀਂ। ਤੁਹਾਡਾ ਤਾਂ ਆਪਣੇ ਪੁੱਤਰ ਨਾਲ ਬੜਾ ਮੋਹ ਸੀ ਬੜਾ ਪਿਆਰ ਸੀ ਫਿਰ ਇਸ ਤਰ੍ਹਾਂ ਕਿਉਂ?"

ਜੁਨੈਦ ਬੋਲਿਆ, "ਦੁੱਖ ਤਾਂ ਮੈਨੂੰ ਵੀ ਬਹੁਤ ਲੱਗਾ ਸੀ, ਗ਼ਮ ਤਾਂ ਮੈਨੂੰ ਵੀ ਹੋਇਆ ਸੀ ਪਰ ਫਿਰ ਮੈਂ ਅੱਜ ਤੋਂ ਵੀਹ ਬਾਈ ਸਾਲ ਪਹਿਲਾਂ ਵਰਗਾ ਹੋ ਗਿਆ ਸਾਂ।" ਭਾਵ ਜਦੋਂ ਪੁੱਤਰ ਅਜੇ ਜੰਮਿਆ ਨਹੀਂ ਸੀ ਮੈਂ ਉਦੋਂ ਵਰਗਾ ਬਣ ਗਿਆ। ਜੁਨੈਦ ਦੇ ਦੁੱਖ ਦੀ ਇਸ ਸਥਿਤੀ ਨੂੰ ਕੀ ਕਹਾਂਗੇ? ਮੌਤ ਨੂੰ ਇਸ ਤਰ੍ਹਾਂ ਸਵੀਕਾਰ ਕਰ ਲੈਣਾ ਸਭ ਤੋਂ ਮੁਸ਼ਕਿਲ ਹੈ ਸ਼ਾਇਦ।

ਕਿਸੇ ਵਿਦਵਾਨ ਦਾ ਕਥਨ ਹੈ ਕਿ ਦੁਨੀਆਂ ਇੱਕ ਰੰਗਮੰਚ ਹੈ। ਦੁਨੀਆਂ ਦਾ ਹਰ ਮਨੁੱਖ ਇਸ ਰੰਗਮੰਚ ਦਾ ਅਦਾਕਾਰ ਹੈ। ਹਰ ਕਿਸੇ ਨੇ ਆਪੋ ਆਪਣਾ ਰੋਲ ਨਿਭਾ ਕੇ ਦੁਨੀਆ ਦੇ ਇਸ ਰੰਗਮੰਚ ਦੀ ਸਟੇਜ ਤੋਂ ਹੇਠਾਂ ਲਹਿ ਜਾਣਾ ਹੈ।

ਦੂਜੇ ਸ਼ਬਦਾਂ ਵਿੱਚ ਅਸੀਂ ਸਾਰੇ ਇਸ ਧਰਤੀ 'ਤੇ ਕੁਝ ਸਮਾਂ ਰਹਿਣ ਲਈ ਆਏ ਹਾਂ। ਆਪਣਾ ਸਮਾਂ ਪੂਰਾ ਹੋਣ 'ਤੇ ਅਸੀਂ ਇੱਥੋਂ ਰੁਖ਼ਸਤ ਹੋ ਜਾਣਾ ਹੁੰਦਾ ਹੈ।

ਜ਼ਿੰਦਗੀ ਅਤੇ ਮੌਤ ਦੀ ਵਿਆਖਿਆ ਕਰਦਿਆਂ ਇੱਕ ਹੋਰ ਵਿਦਵਾਨ ਲਿਖਦਾ ਹੈ: ਜ਼ਿੰਦਗੀ ਦੀ ਜੰਗ ਵਿੱਚ ਮਨੁੱਖ ਦਾ ਇੱਕ ਨਾ ਇੱਕ ਦਿਨ ਹਾਰ ਜਾਣਾ ਨਿਸ਼ਚਿਤ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਮਨੁੱਖ ਦੀ ਮੌਤ ਅੱਗੇ ਹਾਰ ਨਿਸ਼ਚਤ ਹੈ ਤਾਂ ਉਹਦੀ ਜ਼ਿੰਦਗੀ ਦਾ ਹਾਸਲ ਕੀ ਹੈ? ਅੱਗੇ ਉਹ ਵਿਦਵਾਨ ਇਸ ਸਵਾਲ ਦਾ ਜਵਾਬ ਦਿੰਦਿਆਂ ਲਿਖਦਾ ਹੈ ਕਿ 'ਮਨੁੱਖ ਦੀ ਜ਼ਿੰਦਗੀ ਦਾ ਹਾਸਲ ਇਹ ਹੈ ਕਿ ਉਹਨੇ ਇਹ ਜੰਗ ਕਿਸ ਤਰ੍ਹਾਂ ਲੜੀ।'

ਸਾਡੇ ਜੀਵਨ ਦਾ ਅੰਤ ਮੌਤ ਹੈ। ਇਸ ਤੋਂ ਬਾਅਦ ਦੀ ਜ਼ਿੰਦਗੀ ਦਾ ਕਿਆਸ ਕਰਨਾ ਨਿਰੋਲ ਕਲਪਨਾ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ। ਵਿਗਿਆਨ ਅਨੁਸਾਰ ਮਨੁੱਖ ਦੀ ਮੌਤ ਉਸ ਦਾ ਅੰਤ ਹੈ, ਪਰ ਮਨੁੱਖ ਆਪਣੇ ਪੁੱਤਰ, ਧੀਆਂ, ਭਤੀਜਿਆਂ, ਭਾਣਜਿਆਂ ਅਤੇ ਅਗਾਂਹ ਉਨ੍ਹਾਂ ਦੀਆਂ ਔਲਾਦਾਂ ਵਿੱਚ ਅੰਸ਼ਕ ਰੂਪ ਵਿੱਚ ਜਿਊਂਦਾ ਰਹਿੰਦਾ ਹੈ।

ਵਿਗਿਆਨ ਨੇ ਮਨੁੱਖ ਦੀ ਔਸਤ ਉਮਰ ਵਿੱਚ ਵਾਧਾ ਕੀਤਾ ਹੈ। ਹੋ ਸਕਦਾ ਹੈ ਕਿ ਭਵਿੱਖ ਵਿੱਚ ਮਨੁੱਖ ਨੂੰ 200 ਸਾਲ ਜਾਂ ਇਸ ਤੋਂ ਵੀ ਕੁਝ ਵੱਧ ਸਾਲਾਂ ਤੱਕ ਜਿਉਂਦਾ ਰੱਖਿਆ ਜਾ ਸਕੇ। ਇਹ ਵੀ ਸ਼ਾਇਦ ਜਲਦੀ ਹੀ ਸੰਭਵ ਹੋ ਜਾਵੇ ਕਿ ਹਾਦਸੇ ਵਿੱਚ ਮਰੇ ਮਨੁੱਖ, ਜਿਸ ਦੇ ਜ਼ਰੂਰੀ ਅੰਗ ਸਾਬਤ ਹੋਣ ਨੂੰ ਦੁਬਾਰਾ ਜ਼ਿੰਦਾ ਕਰ ਲਿਆ ਜਾਵੇ। ਪਰ ਮੌਤ ਫਿਰ ਵੀ ਅਟੱਲ ਰਹੇਗੀ।

ਉਹ ਦੁਨੀਆਂ ਜਿਸ ਵਿੱਚ ਮਨੁੱਖ ਜ਼ਿਆਦਾ ਉਮਰ ਭੋਗਦੇ ਹੋਣਗੇ, ਉਹ ਵੀ ਕੋਈ ਬਹੁਤੀ ਚੰਗੀ ਦੁਨੀਆਂ ਨਹੀਂ ਹੋਵੇਗੀ। ਕੁਝ ਵੀ ਹੈ, ਮੌਤ ਹਮੇਸ਼ਾਂ ਅਟੱਲ ਰਹੇਗੀ। ਜੋ ਉਪਜਿਆ ਹੈ ਉਸ ਨੇ ਇੱਕ ਨਾ ਇੱਕ ਦਿਨ ਬਿਨਸ ਜਾਣਾ ਹੈ। ਜੀਵ ਜੰਤੂ, ਪਸ਼ੂ ਪੰਛੀ, ਵਣ ਬਨਸਪਤੀ, ਧਰਤੀ, ਸਮੁੰਦਰ, ਚੰਨ ਤਾਰੇ, ਸੂਰਜ ਸਾਰੇ ਦੇ ਸਾਰੇ ਪਦਾਰਥ ਦੇ ਹੀ ਵੱਖ ਵੱਖ ਰੂਪ ਹਨ। ਇਨ੍ਹਾਂ ਦੇ ਇਹ ਸਰੂਪਾਂ ਦੀ ਵੀ ਆਪਣੀ ਆਪਣੀ ਉਮਰ ਹੈ। ਉਮਰ ਪੂਰੀ ਹੋਣ ਤੋਂ ਬਾਅਦ ਇਨ੍ਹਾਂ ਦਾ ਮਾਦਾ ਕਿਸੇ ਹੋਰ ਰੂਪ ਵਿੱਚ ਤਬਦੀਲ ਹੋ ਜਾਣਾ ਹੈ।

ਮੌਤ ਜ਼ਿੰਦਗੀ ਦੇ ਨਾਲ ਜੁੜੀ ਹੋਈ ਹੀ ਇੱਕ ਘਟਨਾ ਹੈ। ਮੌਤ ਨੂੰ ਜ਼ਿੰਦਗੀ ਤੋਂ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਦੂਜੇ ਸ਼ਬਦਾਂ ਵਿੱਚ ਮੌਤ ਜ਼ਿੰਦਗੀ ਦਾ ਅੰਤਿਮ ਪੜਾਅ ਹੈ। ਕਹਿੰਦੇ ਹਨ ਕਿ ਜਨਮ ਤੋਂ ਫੌਰਨ ਬਾਅਦ ਹੀ ਮੌਤ ਜੀਵ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਉਦੋਂ ਤੱਕ ਪਿੱਛਾ ਕਰਦੀ ਹੈ ਜਦੋਂ ਤਕ ਜੀਵ ਦੀ ਜੀਵਨ ਲੀਲ੍ਹਾ ਸਮਾਪਤ ਨਹੀਂ ਹੋ ਜਾਂਦੀ। ਪਰ ਕਈ ਵਾਰ ਮੌਤ ਮਾਂ ਦੇ ਪੇਟ ਵਿੱਚ ਵੀ ਹੋ ਜਾਂਦੀ ਹੈ। ਗੁਰੂਆਂ ਪੀਰਾਂ, ਮਹਾਨ ਪੁਰਸ਼ਾਂ ਨੇ ਮੌਤ ਨੂੰ ਹਮੇਸ਼ਾਂ ਯਾਦ ਰੱਖਣ ਦੀ ਸਿੱਖਿਆ ਦਿੱਤੀ ਤਾਂ ਜੋ ਮਨੁੱਖ ਨੂੰ ਬੁਰੇ ਕੰਮਾਂ ਤੋਂ ਵਰਜਿਆ ਜਾ ਸਕੇ। ਬਾਬਾ ਫਰੀਦ ਜੀ ਨੇ ਲਿਖਿਆ ਹੈ: ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ।। ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ।।

ਮਨੁੱਖ ਸਭ ਤੋਂ ਵੱਧ ਮੌਤ ਤੋਂ ਡਰਦਾ ਹੈ। ਇਸੇ ਲਈ ਉਹ ਸਾਰੀ ਉਮਰ ਇਸ ਨੂੰ ਭੁਲਾਉਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਪੁਰਾਣੇ ਸਮਿਆਂ ਵਿੱਚ ਮਨੁੱਖ ਦਾ ਆਸਮਾਨੀ ਬਿਜਲੀ, ਅੱਗ, ਪਾਣੀ ਆਦਿ ਨਾਲ ਜਾਨੀ ਨੁਕਸਾਨ ਹੋ ਜਾਂਦਾ ਸੀ ਤਾਂ ਉਹ ਇਨ੍ਹਾਂ ਸ਼ਕਤੀਆਂ ਅੱਗੇ ਬੇਵੱਸ ਹੋ ਜਾਂਦਾ ਸੀ। ਉਸ ਨੇ ਇਨ੍ਹਾਂ ਸ਼ਕਤੀਆਂ ਦੇ ਡਰ ਨੂੰ ਟਾਲਣ ਦੇ ਯਤਨ ਵਜੋਂ ਇਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ। ਭਗਤੀ, ਤਪੱਸਿਆ, ਪਾਠ ਪੂਜਾ, ਯੱਗ-ਹਵਨ ਮੂਲ ਰੂਪ ਵਿੱਚ ਮੌਤ ਨੂੰ ਟਾਲਣ ਦੇ ਹੀ ਉਪਾਅ ਹਨ, ਪਰ ਮੌਤ ਨੂੰ ਟਾਲਿਆ ਨਹੀਂ ਜਾ ਸਕਿਆ। ਇਸ ਲਈ ਅਧਿਆਤਮਵਾਦ ਨੇ ਆਤਮਾ ਅਤੇ ਚੁਰਾਸੀ ਲੱਖ ਜੂਨਾਂ ਦੀ ਕਲਪਨਾ ਕੀਤੀ। ਨਰਕ ਸਵਰਗ ਦੀ ਕਲਪਨਾ ਵੀ ਮੌਤ ਪਿੱਛੋਂ ਜ਼ਿੰਦਗੀ ਦੀ ਚਾਹਤ ਦੇ ਹੀ ਪ੍ਰਤੀਰੂਪ ਹਨ।

ਇਸਾਈ ਅਤੇ ਇਸਲਾਮ ਧਰਮ ਵਿੱਚ ਮਰਨ ਉਪਰੰਤ ਮਨੁੱਖ ਨੂੰ ਦਫ਼ਨਾਇਆ ਜਾਂਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਿਆਮਤ ਦੇ ਦਿਨ ਜਦ ਇਨ੍ਹਾਂ ਜੀਵਾਂ ਦਾ ਹਿਸਾਬ ਹੋਵੇਗਾ ਤਾਂ ਉਨ੍ਹਾਂ ਨੂੰ ਕੀਤੇ ਕੰਮਾਂ ਕਰਮਾਂ ਅਨੁਸਾਰ ਸਜ਼ਾ ਜਾਂ ਬਹਿਸ਼ਤ ਰੂਪੀ ਇਨਾਮ ਦਿੱਤਾ ਜਾਵੇਗਾ। ਹਿੰਦੂ ਧਰਮ ਅਨੁਸਾਰ ਮਰਨ ਉਪਰੰਤ ਮਨੁੱਖ ਦੀ ਆਤਮਾ ਨੂੰ ਧਰਮਰਾਜ ਦੇ ਦਰਬਾਰ ਵਿੱਚ ਹਾਜ਼ਰ ਕੀਤਾ ਜਾਂਦਾ ਹੈ। ਇੱਥੇ ਜੀਵ ਆਤਮਾ ਨੂੰ ਉਸ ਦੇ ਕਰਮਾਂ/ਕੁਕਰਮਾਂ ਅਨੁਸਾਰ ਅਗਲਾ ਜਨਮ ਜਾਂ ਨਰਕ ਸਵਰਗ ਜਾਣ ਦਾ ਹੁਕਮ ਦਿੱਤਾ ਜਾਂਦਾ ਹੈ।

ਵਿਗਿਆਨ ਅਨੁਸਾਰ ਆਤਮਾ ਪਰਮਾਤਮਾ, ਨਰਕ ਸਵਰਗ, ਚੁਰਾਸੀ ਲੱਖ ਜੂਨਾਂ ਦਾ ਗੇੜ ਸਭ ਕੁਝ ਕਲਪਿਤ ਹੈ। ਇਹ ਮਨੁੱਖ ਦੇ ਡਰ ਅਤੇ ਲਾਲਚ ਦੀ ਪੈਦਾਵਾਰ ਹਨ। ਮੌਤ ਤੋਂ ਬਾਅਦ ਸਰੀਰ ਵਿਚਲੀ ਹਵਾ ਤਾਂ ਹਵਾ ਨਾਲ ਮਿਲ ਜਾਂਦੀ ਹੈ, ਪਾਣੀ ਵਾਸ਼ਪੀਕਰਨ ਹੋ ਉੱਡ ਜਾਂਦਾ ਹੈ। ਸਵਾਹ ਮਿੱਟੀ ਨਾਲ ਮਿਲ ਜਾਂਦੀ ਹੈ। ਇਸ ਤਰ੍ਹਾਂ ਪਦਾਰਥ ਦਾ ਇਹ ਰੂਪ ਦੁਬਾਰਾ ਪਦਾਰਥ ਦੇ ਰੂਪ ਵਿੱਚ ਹੀ ਵਿਲੀਨ ਹੋ ਜਾਂਦਾ ਹੈ।

ਇਹ ਸਵਾਲ ਮਨੁੱਖ ਨੂੰ ਪੂਰੀ ਉਮਰ ਬੇਚੈਨ ਕਰੀ ਰੱਖਦਾ ਹੈ ਕਿ ਮੌਤ ਤੋਂ ਬਾਅਦ ਕੀ ਹੋਵੇਗਾ। ਪਰ ਇਹ ਜਾਣਨਾ ਕੋਈ ਔਖਾ ਨਹੀਂ, ਬੜਾ ਸਰਲ ਹੈ। ਮਨੁੱਖ ਕਿੱਥੋਂ ਆਉਂਦਾ, ਕਿੱਥੇ ਜਾਂਦਾ ਹੈ ਇਸ ਪਹੇਲੀ ਨੂੰ ਹੱਲ ਕਰਨਾ ਹੁਣ ਕੋਈ ਬਾਹਲਾ ਮੁਸ਼ਕਲ ਨਹੀਂ ਹੈ। ਮਨੁੱਖ ਪਦਾਰਥ ਦੇ ਰੂਪ ਤਰਲ ਗੈਸ ਅਤੇ ਠੋਸ ਰੂਪਾਂ ਤੋਂ ਹੀ ਪੈਦਾ ਹੋਇਆ ਅਤੇ ਇਸ ਨੇ ਇਨ੍ਹਾਂ ਵਿੱਚ ਸਮਾ ਜਾਣਾ ਹੁੰਦਾ ਹੈ। ਮੌਤ ਤੋਂ ਬਾਅਦ ਅਸੀਂ ਕਿੱਥੇ ਹੋਵਾਂਗੇ ਇਹ ਜਾਣਨ ਲਈ ਜ਼ਰਾ ਉਸ ਸਮੇਂ ਦਾ ਧਿਆਨ ਕਰੋ ਜਦੋਂ ਤੁਸੀਂ ਬੀਤੀ ਰਾਤ ਬਹੁਤ ਗੂੜ੍ਹੀ ਨੀਂਦ ਵਿੱਚ ਸੀ। ਉਸ ਸਮੇਂ ਤੁਹਾਡੇ ਲਈ ਨਾ ਸਮੇਂ ਦੀ ਹੋਂਦ ਦਾ ਅਹਿਸਾਸ ਸੀ, ਨਾ ਕਿਸੇ ਘਰ ਪਰਿਵਾਰ, ਦੇਸ਼, ਧਰਤੀ, ਚੰਨ ਸੂਰਜ, ਆਤਮਾ ਪਰਮਾਤਮਾ ਦਾ ਚਿੱਤ ਚੇਤਾ ਸੀ। ਸਗੋਂ ਉਸ ਸਮੇਂ ਤਾਂ ਇਹ ਵੀ ਖ਼ਿਆਲ ਨਹੀਂ ਸੀ ਕਿ ਸਾਡਾ ਕੋਈ ਅਸਤਿਤਵ ਵੀ ਹੈ। ਯਕੀਨਨ ਮੌਤ ਤੋਂ ਪਿੱਛੋਂ ਵੀ ਅਜਿਹੀ ਹੀ ਸਥਿਤੀ ਹੋਵੇਗੀ।

ਇਹ ਸਵਾਲ ਮਨੁੱਖ ਨੂੰ ਪੂਰੀ ਉਮਰ ਬੇਚੈਨ ਕਰੀ ਰੱਖਦਾ ਹੈ ਕਿ ਮੌਤ ਤੋਂ ਬਾਅਦ ਕੀ ਹੋਵੇਗਾ। ਪਰ ਇਹ ਜਾਣਨਾ ਕੋਈ ਔਖਾ ਨਹੀਂ, ਬੜਾ ਸਰਲ ਹੈ। ਮਨੁੱਖ ਕਿੱਥੋਂ ਆਉਂਦਾ, ਕਿੱਥੇ ਜਾਂਦਾ ਹੈ ਇਸ ਪਹੇਲੀ ਨੂੰ ਹੱਲ ਕਰਨਾ ਹੁਣ ਕੋਈ ਬਾਹਲਾ ਮੁਸ਼ਕਲ ਨਹੀਂ ਹੈ। ਮਨੁੱਖ ਪਦਾਰਥ ਦੇ ਰੂਪ ਤਰਲ ਗੈਸ ਅਤੇ ਠੋਸ ਰੂਪਾਂ ਤੋਂ ਹੀ ਪੈਦਾ ਹੋਇਆ ਅਤੇ ਇਸ ਨੇ ਇਨ੍ਹਾਂ ਵਿੱਚ ਸਮਾ ਜਾਣਾ ਹੁੰਦਾ ਹੈ। ਮੌਤ ਤੋਂ ਬਾਅਦ ਅਸੀਂ ਕਿੱਥੇ ਹੋਵਾਂਗੇ ਇਹ ਜਾਣਨ ਲਈ ਜ਼ਰਾ ਉਸ ਸਮੇਂ ਦਾ ਧਿਆਨ ਕਰੋ ਜਦੋਂ ਤੁਸੀਂ ਬੀਤੀ ਰਾਤ ਬਹੁਤ ਗੂੜ੍ਹੀ ਨੀਂਦ ਵਿੱਚ ਸੀ। ਉਸ ਸਮੇਂ ਤੁਹਾਡੇ ਲਈ ਨਾ ਸਮੇਂ ਦੀ ਹੋਂਦ ਦਾ ਅਹਿਸਾਸ ਸੀ, ਨਾ ਕਿਸੇ ਘਰ ਪਰਿਵਾਰ, ਦੇਸ਼, ਧਰਤੀ, ਚੰਨ ਸੂਰਜ, ਆਤਮਾ ਪਰਮਾਤਮਾ ਦਾ ਚਿੱਤ ਚੇਤਾ ਸੀ। ਸਗੋਂ ਉਸ ਸਮੇਂ ਤਾਂ ਇਹ ਵੀ ਖ਼ਿਆਲ ਨਹੀਂ ਸੀ ਕਿ ਸਾਡਾ ਕੋਈ ਅਸਤਿਤਵ ਵੀ ਹੈ। ਯਕੀਨਨ ਮੌਤ ਤੋਂ ਪਿੱਛੋਂ ਵੀ ਅਜਿਹੀ ਹੀ ਸਥਿਤੀ ਹੋਵੇਗੀ।

ਸਭ ਜੀਵਾਂ ਦਾ ਜੀਵਨ ਕਾਲ ਲਗਭਗ ਵੱਖਰਾ ਵੱਖਰਾ ਹੈ। ਵਿਗਿਆਨ ਅਨੁਸਾਰ ਆਮ ਤੌਰ 'ਤੇ ਮੌਤ ਕੋਈ ਇਕਦਮ ਹੋਣ ਵਾਲੀ ਘਟਨਾ ਨਹੀਂ ਹੈ। ਇਹ ਧੀਮੀ ਪ੍ਰਕਿਰਿਆ ਹੈ ਜੋ ਮਨੁੱਖ ਦੇ 40 ਸਾਲਾਂ ਦੀ ਉਮਰ ਪਿੱਛੋਂ ਵਾਪਰਨੀ ਸ਼ੁਰੂ ਹੋ ਜਾਂਦੀ ਹੈ। ਚਮੜੀ ਦਾ ਢਿਲਕ ਜਾਣਾ, ਅੱਖਾਂ ਤੋਂ ਘੱਟ ਦਿਸਣਾ, ਕੰਨਾਂ ਤੋਂ ਸੁਣਨ ਘੱਟ ਹੋ ਜਾਣਾ, ਸਰੀਰਕ ਸ਼ਕਤੀ ਘੱਟ ਹੋਈ ਜਾਣੀ ਆਦਿ ਅਲਾਮਤਾਂ ਸਰੀਰ ਦੇ ਅਨੇਕਾਂ ਸੈੱਲਜ਼ ਦੀ ਹੋ ਰਹੀ ਮੌਤ ਦੀਆਂ ਸੂਚਕ ਹੁੰਦੀਆਂ ਹਨ।

ਡਾਕਟਰੀ ਵਿਗਿਆਨ ਅਨੁਸਾਰ ਦਿਲ ਦੀ ਧੜਕਣ ਬੰਦ ਹੋ ਜਾਣ 'ਤੇ ਹੀ ਸਬੰਧਿਤ ਵਿਅਕਤੀ ਨੂੰ ਮ੍ਰਿਤਕ ਨਹੀਂ ਐਲਾਨਿਆ ਜਾ ਸਕਦਾ। ਦਿਲ ਦੇ ਕੰਮ ਬੰਦ ਕਰਨ ਤੋਂ ਲਗਭਗ ਚਾਰ ਮਿੰਟ ਬਾਅਦ ਦਿਮਾਗ਼ ਦੀ ਮੌਤ ਹੁੰਦੀ ਹੈ। ਇਸ ਉਪਰੰਤ ਹੀ ਸਬੰਧਿਤ ਵਿਅਕਤੀ ਦੀ ਪੂਰਨ ਰੂਪ ਵਿੱਚ ਮੌਤ ਹੁੰਦੀ ਹੈ।

ਜਦੋਂ ਕਦੇ ਕਿਸੇ ਨੂੰ ਜ਼ਿੰਦਗੀ ਮੌਤ ਨਾਲੋਂ ਬਦਤਰ ਪ੍ਰਤੀਤ ਹੋਣ ਲੱਗਦੀ ਹੈ ਤਾਂ ਉਹ ਵਿਆਕਤੀ ਮੌਤ ਦੇ ਰਾਹ ਪੈ ਜਾਂਦਾ ਹੈ। ਮਨੋਵਿਗਿਆਨ ਅਨੁਸਾਰ ਕੋਈ ਵੀ ਵਿਅਕਤੀ ਇਕਦਮ ਗੁੱਸੇ ਵਿੱਚ ਆ ਕੇ ਹੀ ਆਤਮਹੱਤਿਆ ਨਹੀਂ ਕਰਦਾ ਸਗੋਂ ਇਹ ਤਿਆਰੀ ਕਈ ਕਾਰਨਾਂ ਕਰਕੇ ਦਸ ਬਾਰਾਂ ਦਿਨ ਤੋਂ ਹੋ ਰਹੀ ਹੁੰਦੀ ਹੈ। ਕਈ ਤਰ੍ਹਾਂ ਦੇ ਮਨੋਵਿਕਾਰ ਵੀ ਮਨੁੱਖ ਨੂੰ ਆਤਮਹੱਤਿਆ ਕਰਨ ਲਈ ਉਕਸਾਉਂਦੇ ਹਨ। ਜਿਵੇਂ ਕੁਝ ਬੱਚੇ ਇਮਤਿਹਾਨਾਂ 'ਚੋਂ ਫੇਲ੍ਹ ਹੋਣ ਦੀ ਖ਼ਬਰ ਸੁਣਦਿਆਂ ਹੀ ਆਤਮਹੱਤਿਆ ਕਰ ਲੈਂਦੇ ਹਨ, ਪਰ ਅਜਿਹੀ ਘਟਨਾ ਪਿੱਛੇ ਹੋਰ ਕਈ ਬਰੀਕ ਕਾਰਨ ਹੁੰਦੇ ਹਨ। ਸਮੇਂ ਦੇ ਨਾਲ ਆਤਮਹੱਤਿਆ ਕਰਨ ਦੇ ਤੌਰ ਤਰੀਕੇ ਬਦਲ ਰਹੇ ਹਨ। ਆਤਮਹੱਤਿਆ ਨਾਲ ਹੋਈ ਮੌਤ ਨੂੰ ਅਣਿਆਈ ਮੌਤ ਕਿਹਾ ਜਾਂਦਾ ਹੈ।

ਜਿਹੜੇ ਲੋਕ ਸਹੀ ਅਰਥਾਂ ਵਿੱਚ ਜਿਉਣਾ ਜਾਣਦੇ ਹਨ ਉਹ ਮਰਨਾ ਵੀ ਜਾਣਦੇ ਹਨ। ਲੋਕ ਹਿੱਤਾਂ ਅਤੇ ਨਿਆਂ ਲਈ ਲੜਨ ਵਾਲੇ ਆਪਣੇ ਮਿਸ਼ਨ ਦੀ ਪ੍ਰਾਪਤੀ ਲਈ ਜ਼ਿੰਦਗੀ ਨੂੰ ਵੀ ਦਾਅ 'ਤੇ ਲਾ ਦਿੰਦੇ ਹਨ। ਮੌਤ ਨੂੰ ਟਿੱਚ ਜਾਣਦੇ ਹਨ। ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਜਦੋਂ ਭਗਤ ਸਿੰਘ ਨੂੰ ਪਤਾ ਲੱਗਾ ਕਿ ਉਹਦੇ ਸਾਥੀ ਉਸ ਨੂੰ ਲਾਹੌਰ ਜੇਲ੍ਹ 'ਚੋਂ ਕੱਢਣ ਦੀ ਤਿਆਰੀ ਕਰ ਰਹੇ ਹਨ ਤਾਂ ਉਹਨੇ ਆਪਣੇ ਸਾਥੀਆਂ ਨੂੰ ਇਹ ਕਹਿ ਕੇ ਵਰਜ ਦਿੱਤਾ ਕਿ ਆਜ਼ਾਦੀ ਦੀ ਲੜਾਈ ਨੂੰ ਜਿੱਤਣ ਲਈ ਮੇਰੀ ਜ਼ਿੰਦਗੀ ਨਾਲੋਂ ਮੇਰੀ ਮੌਤ ਵਧੇਰੇ ਕਾਰਗਰ ਸਾਬਤ ਹੋਵੇਗੀ। ਭਗਤ ਸਿੰਘ ਵਰਗੇ ਮਹਾਨ ਲੋਕ ਆਪਣੀ ਜਾਨ ਦੀ ਆਹੂਤੀ ਦੇ ਕੇ ਜਿੱਥੇ ਲੱਖਾਂ ਕਰੋੜਾਂ ਲੋਕਾਂ ਦੀ ਅੱਖ ਦੇ ਤਾਰੇ ਬਣ ਜਾਂਦੇ ਹਨ ਉੱਥੇ ਲੋਕਾਂ ਨੂੰ ਜਿਉਣ ਦੇ ਅਰਥ ਵੀ ਦੱਸਦੇ ਹਨ।

ਧਰਤੀ 'ਤੇ ਜਿਊਣ ਵਾਲਿਆਂ ਦੀ ਭੀੜ ਜਿੰਨੀ ਮਰਜ਼ੀ ਹੋ ਜਾਵੇ, ਪਰ ਮਰਨ ਵਾਲਿਆਂ ਦੀ ਗਿਣਤੀ ਹਮੇਸ਼ਾਂ ਵੱਧ ਰਹੇਗੀ। ਬਾਬਾ ਫਰੀਦ ਜੀ ਨੇ ਜ਼ਿੰਦਗੀ ਅਤੇ ਮੌਤ ਦੇ ਫਲਸਫ਼ੇ ਸਬੰਧੀ ਬਾ-ਕਮਾਲ ਲਿਖਿਆ।

ਮੌਤ ਨੂੰ ਜੀਵਨ ਤੋਂ ਅਲੱਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਜੀਵਨ ਦੀ ਸਮਝ ਸਾਨੂੰ ਤਾਂ ਹੀ ਪੈ ਸਕਦੀ ਹੈ ਜੇਕਰ ਅਸੀਂ ਮੌਤ ਬਾਰੇ ਸਮਝ ਰੱਖਦੇ ਹੋਵਾਂਗੇ।

ਸੰਪਰਕ: 98550-51099

# ਜੰਗ

ਰਾਵਿੰਦਰ ਫਫੜੇ

ਦੋਵੇਂ ਗੁਆਂਢੀ ਦੇਸ਼ਾਂ ਵਿਚਕਾਰ ਜੰਗ ਸ਼ੁਰੂ ਹੋ ਗਈ। ਸ਼ੋਸਲ ਮੀਡੀਆ ਅਤੇ ਟੈਲੀਵਿਜ਼ਨ 'ਤੇ ਡਰਾਉਣੀਆਂ ਖ਼ਬਰਾਂ ਦੀ ਭਰਮਾਰ ਸੀ। ਡਰ ਦੇ ਮਾਹੌਲ ਤੋਂ ਧਿਆਨ ਹਟਾਉਣ ਲਈ ਮੈਂ ਕ੍ਰਿਕਟ ਦਾ ਮੈਚ ਲਗਾ ਲਿਆ। ਕੁਝ ਦੇਰ ਬਾਅਦ ਅਚਾਨਕ ਚਲਦਾ ਮੈਚ ਰੋਕ ਦਿੱਤਾ ਗਿਆ। ਪਹਿਲਾਂ ਤਾਂ ਲੱਗਿਆ ਕਿ ਮੀਂਹ ਆ ਗਿਆ ਹੋਵੇਗਾ, ਪਰ ਫਿਰ ਟੀ ਵੀ ਸਕ੍ਰੀਨ 'ਤੇ ਲਿਖ ਕੇ ਦੱਸਿਆ ਗਿਆ ਕਿ ਅਜਿਹਾ ਸੁਰੱਖਿਆ ਕਾਰਨਾਂ ਕਰਕੇ ਕੀਤਾ ਗਿਆ ਹੈ।ਮਨ ਹੋਰ ਬੇਚੈਨ ਹੋ ਗਿਆ। ਏਨੇ ਵਿੱਚ ਬਿਜਲੀ ਚਲੀ ਗਈ। ਟੀਵੀ ਦੀ ਆਵਾਜ਼ ਬੰਦ ਹੋਣ ਕਾਰਨ ਗੁਰਦੁਆਰਾ ਸਾਹਿਬ ਤੋਂ ਦਿੱਤੀ ਜਾ ਰਹੀ ਸੂਚਨਾ ਕੰਨੀ ਪਈ, "... ਪ੍ਰਸ਼ਾਸਨ ਨੇ ਬਲੈਕ ਆਊਟ ਦਾ ਐਲਾਨ ਕਰ ਦਿੱਤਾ ਹੈ ਭਾਈ, ਸਾਰੀਆਂ ਲਾਈਟਾਂ ਬੰਦ ਰੱਖੋ ਅਤੇ ਆਪਣੇ ਮੋਬਾਈਲ ਦੀ ਵਰਤੋਂ ਤੋਂ ਵੀ ਗੁਰੇਜ਼ ਕਰੋ... ਭਾਈ ਇਹ ਸੂਚਨਾ ਪ੍ਰਸ਼ਾਸਨ ਵੱਲੋਂ ਆਪਣੇ ਭਲੇ ਲਈ ਭੇਜੀ ਗਈ ਹੈ...।" ਪਲਾਂ 'ਚ ਚਾਰੇ ਪਾਸੇ ਸੁੰਨ ਪਸਰ ਗਈ।

ਫਿਰ ਕਿਤੇ ਨੇੜਿਓਂ ਹੀ ਜ਼ਬਰਦਸਤ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ ਜਿਵੇਂ ਕੋਈ ਬੰਬ ਫਟਿਆ ਹੋਵੇ। ਡਰ ਦੇ ਮਾਰੇ ਸਾਰੇ ਮੁਹੱਲੇ ਵਾਲੇ ਗਲੀ ਵਿੱਚ ਇਕੱਠੇ ਹੋ ਗਏ। ਬੰਦੇ-ਔਰਤਾਂ ਬਹੁਤ ਧੀਮੀ ਆਵਾਜ਼ ਵਿੱਚ ਆਪਸ ਗੱਲਾਂ ਕਰ ਰਹੇ ਸਨ। ਬੱਚੇ ਸ਼ਰਾਰਤਾਂ ਤੋਂ ਹਟ ਕੇ ਚੁੱਪ-ਚਾਪ ਆਪਣੇ ਮਾਪਿਆਂ ਕੋਲ ਖੜ੍ਹੇ ਸਨ। ਮੈਂ ਤੇ ਮੇਰਾ ਗੁਆਂਢੀ ਇੱਕ ਪਾਸੇ ਖੜ੍ਹ ਆਪਸ ਵਿੱਚ ਗੱਲਾਂ ਕਰ ਰਹੇ ਸਾਂ। ਮੇਰਾ ਗੁਆਂਢੀ ਕੁਝ ਚਿੰਤਾ ਜ਼ਾਹਿਰ ਕਰਦਿਆਂ ਬੋਲਿਆ, "ਯਾਰ, ਸਾਡਾ ਤਾਂ ਗੈਸ ਸਿਲੰਡਰ ਵੀ ਖ਼ਤਮ ਹੋਣ ਵਾਲਾ ਹੈ। ਜੇ ਮਾਹੌਲ ਇਸੇ ਤਰ੍ਹਾਂ ਦਾ ਰਿਹਾ ਤਾਂ ਪਤਾ ਨਹੀਂ ਗੈਸ ਏਜੰਸੀ ਵਾਲੇ ਸਿਲੰਡਰ ਦੇਣ ਹੀ ਨਾ ਆਉਣ!" ਮੈਂ ਉਸ ਨੂੰ ਦਿਲਾਸਾ ਦਿੰਦਿਆਂ ਕਿਹਾ, "ਕੋਈ ਗੱਲ ਨੀਂ, ਸਾਡੇ ਘਰ ਦੋ ਸਿਲੰਡਰ ਭਰੇ ਹੋਏ ਹਨ। ਜੇਕਰ ਲੋੜ ਪਈ ਤਾਂ ਸਾਡੇ ਤੋਂ ਲੈ ਲੈਣਾ... ਆਂਢ-ਗੁਆਂਢ ਦਾ ਕੀ ਫ਼ਾਇਦਾ ਹੋਇਆ...!" ਕੋਲ ਸਹਿਮਿਆ ਖੜ੍ਹਾ ਮੇਰਾ ਦਸ ਸਾਲ ਦਾ ਪੁੱਤਰ ਜੋ ਚੁੱਪਚਾਪ ਸਾਡੀਆਂ ਗੱਲਾਂ ਸੁਣ ਰਿਹਾ ਸੀ, ਬੋਲਿਆ, "ਪਾਪਾ! ਪਾਕਿਸਤਾਨ ਅਤੇ ਭਾਰਤ ਵੀ ਗੁਆਂਢੀ ਹੀ ਹਨ। ਫਿਰ ਇਹ ਆਪਸ ਵਿੱਚ ਕਿਉਂ ਲੜਦੇ ਹਨ?" ਮਾਸੂਮ ਬੱਚੇ ਦੇ ਗੰਭੀਰ ਸਵਾਲ ਦਾ ਸਾਡੇ ਦੋਵਾਂ ਕੋਲ ਕੋਈ ਜਵਾਬ ਨਹੀਂ ਸੀ।

ਸੰਪਰਕ: 98156-80980



# ਕੁਦਰਤੀ ਨਿਆਮਤਾਂ ਨਾਲ ਸਰਸ਼ਾਰ ਅੰਡੇਮਾਨ ਨਿਕੋਬਾਰ

ਸਫ਼ਾ 5 ਦੀ ਬਾਕੀ

ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਰਿਹਾਇਸ਼ ਦੀ ਮਨਾਹੀ ਹੈ। ਇਸ ਦਾ ਮਤਲਬ ਹੈ ਕਿ ਇੱਥੇ ਰਾਤ ਨੂੰ ਰੁਕਣ ਦੀ ਕੋਈ ਪ੍ਰਬੰਧ ਨਹੀਂ ਹੈ। ਇੱਥੇ ਤੁਸੀਂ ਅੰਗਰੇਜ਼ਾਂ ਵੱਲੋਂ ਬਣਵਾਈਆਂ ਪੁਰਾਤਨ ਇਮਾਰਤਾਂ ਵੇਖ ਸਕਦੇ ਹੋ ਜਿਵੇਂ ਚਰਚ, ਸਕੱਤਰੇਤ, ਚੀਫ਼ ਕਮਿਸ਼ਨਰ ਦੀ ਰਿਹਾਇਸ਼, ਸਵਿਮਿੰਗ ਪੂਲ ਅਤੇ ਹੋਰ ਬਹੁਤ ਕੁਝ। ਲਾਈਟ ਐਂਡ ਸਾਊਂਡ ਸ਼ੋਅ ਟਾਪੂ ਦੀਆਂ ਇਤਿਹਾਸਕ ਘਟਨਾਵਾਂ ਨੂੰ ਦਰਸਾਉਂਦਾ ਹੈ ਜੋ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵਾਪਰੀਆਂ ਸਨ। ਪਹਿਲੇ ਪ੍ਰਬੰਧਕੀ ਬੰਦੋਬਸਤ ਦੀ ਸਥਾਪਨਾ ਅਤੇ ਟਾਪੂਆਂ 'ਤੇ ਵਾਪਰੀਆਂ ਕਈ ਹੋਰ ਇਤਿਹਾਸਕ ਘਟਨਾਵਾਂ ਬਾਰੇ ਤਫ਼ਸੀਲ ਨਾਲ ਦੱਸਿਆ ਜਾਂਦਾ ਹੈ। ਆਜ਼ਾਦੀ ਘੁਲਾਟੀਆਂ ਦੇ ਸੰਘਰਸ਼ ਨੂੰ ਇਹ ਸ਼ੋਅ ਸ਼ਾਨਦਾਰ ਰੌਸ਼ਨੀ ਅਤੇ ਸੰਗੀਤ ਨਾਲ ਰੋਮਾਂਚਿਤ ਕਰਦਾ ਹੋਇਆ ਪੇਸ਼ ਕਰਦਾ ਹੈ। ਇਹ ਟਾਪੂ ਪੰਛੀਆਂ ਦੀਆਂ ਕਈ ਕਿਸਮਾਂ ਦਾ ਘਰ ਹੈ ਜੋ ਯਾਤਰੀਆਂ ਦੇ ਆਲੇ-ਦੁਆਲੇ ਚੀਂ-ਚੀਂ ਕਰਦੇ ਫਿਰਦੇ ਹਨ। ਨਾਰੀਅਲ ਦੇ ਲੰਮ-ਸਲੰਮੇ ਦਰੱਖਤ ਸਮੁੰਦਰ ਵੱਲ ਨੂੰ ਝੁਕੇ ਹੋਏ ਇੰਝ ਪ੍ਰਤੀਤ ਹੁੰਦੇ ਹਨ ਜਿਵੇਂ ਆਪਸ ਵਿੱਚ ਗੱਲਬਾਤ ਕਰਦੇ ਹੋਣ।

ਨਾਰਥ ਬੇ ਟਾਪੂ:

ਉੱਤਰੀ ਖਾੜੀ ਦਾ ਇਹ ਟਾਪੂ ਸ਼ੀਸ਼ੇ ਜਿਹੇ ਸਾਫ਼ ਸੁਨਹਿਰੀ ਰੰਗ ਦੇ ਪਾਣੀ ਨਾਲ ਘਿਰਿਆ ਹੋਇਆ ਹੈ। ਬੀਚ ਦੀ ਚਿੱਟੀ ਰੇਤ ਧੁੱਪ ਵਿੱਚ ਲਿਸ਼ਕਾਰੇ ਮਾਰਦੀ ਹੈ। ਸਮੁੰਦਰ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਨੀਲਮ ਪਿਘਲ ਕੇ ਕਾਇਨਾਤ ਵਿਚ ਫੈਲ ਗਿਆ ਹੋਵੇ। ਇਹ ਸਭ ਰੂਹ ਨੂੰ ਸਰਸ਼ਾਰ ਕਰਦੇ ਦ੍ਰਿਸ਼ ਹਨ। ਇਸ ਟਾਪੂ ਬਾਰੇ ਸਭ ਤੋਂ ਦਿਲਚਸਪ ਚੀਜ਼ਾਂ ਵਿੱਚੋਂ ਇੱਕ ਇਹ ਹੈ ਕਿ ਇਸ ਦੀ ਤਸਵੀਰ ਭਾਰਤ ਦੇ 20 ਰੁਪਏ ਦੇ ਪੁਰਾਣੇ ਨੋਟ ਦੇ ਪਿਛਲੇ ਪਾਸੇ ਦਿਖਾਈ ਗਈ ਹੈ। ਇਸ ਟਾਪੂ ਉਪਰ ਉਪਲਬਧ ਸਾਹਸੀ ਖੇਡਾਂ ਇਸ ਪ੍ਰਕਾਰ ਹਨ: ਸਕੂਬਾ ਡਾਈਵਿੰਗ, ਪੈਰਾਸੇਲਿੰਗ, ਸਫਾਰੀ, ਸਬਮਰੀਨ ਰਾਈਡ, ਸਨੌਰਕਲਿੰਗ ਆਦਿ। ਸਕੂਬਾ ਡਾਈਵਿੰਗ ਇਸ ਟਾਪੂ ਉਪਰ ਸਭ ਤੋਂ ਜ਼ਿਆਦਾ ਕੀਤੀ ਜਾਣ ਵਾਲੀ ਗਤੀਵਿਧੀ ਹੈ।

ਸਕੂਬਾ ਡਾਈਵਿੰਗ ਇੱਕ ਖੇਡ ਦੇ ਤੌਰ 'ਤੇ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਕੋਈ ਵਿਅਕਤੀ ਸਮੁੰਦਰ ਦੇ ਅੰਦਰ ਰੋਮਾਂਚਕ ਦ੍ਰਿਸ਼ ਵੇਖਣ ਲਈ ਪਾਣੀ ਦੇ ਅੰਦਰ ਗੋਤਾਖੋਰੀ ਕਰਦਾ ਹੈ। ਸਕੂਬਾ ਗੋਤਾਖੋਰੀ ਪਾਣੀ ਦੇ ਅੰਦਰ ਮੌਜੂਦ ਸੁੰਦਰਤਾ ਅਤੇ ਕੁਦਰਤ ਦਾ ਅਨੁਭਵ ਲੈਣ ਵਾਲਾ ਤਜ਼ਰਬਾ ਹੈ। ਇਸ ਦੇ ਨਾਲ ਹੀ ਪੈਰਾਸੇਲਿੰਗ ਸਭ ਤੋਂ ਸਾਹਸੀ ਗਤੀਵਿਧੀਆਂ ਵਿੱਚੋਂ ਇੱਕ ਹੈ ਜੋ ਤੁਸੀਂ ਨਾਰਥ ਬੇ ਵਿੱਚ ਕਰ ਸਕਦੇ ਹੋ। ਸਮੁੰਦਰੀ ਕਿਨਾਰਿਆਂ ਅਤੇ ਡੂੰਘੇ ਸਮੁੰਦਰਾਂ ਨੇੜੇ ਹਵਾ ਵਿੱਚ ਵਿਸ਼ਾਲ ਨੀਲੇ ਸਮੁੰਦਰ ਨੂੰ ਨਿਹਾਰਨ ਦਾ ਆਪਣਾ ਹੀ ਆਨੰਦ ਹੈ। ਜੇਕਰ ਤੁਸੀਂ ਸਕੂਬਾ ਡਾਈਵਿੰਗ ਦੀ ਬਜਾਏ ਪਾਣੀ ਅੰਦਰ ਆਰਾਮਦਾਇਕ ਯਾਤਰਾ ਕਰਨਾ ਚਾਹੁੰਦੇ ਹੋ ਤਾਂ ਅਰਧ-ਪਣਡੁੱਬੀ ਉੱਤਮ ਵਿਕਲਪ ਹੈ। ਇਹ ਉਨ੍ਹਾਂ ਲੋਕਾਂ ਲਈ ਵਧੀਆ ਹੈ ਜੋ ਆਪਣੇ ਕੈਬਿਨ 'ਚ ਆਰਾਮ ਨਾਲ ਬੈਠ ਕੇ ਪਾਣੀ ਹੇਠਾਂ ਕੋਰਲ ਅਤੇ ਮੱਛੀਆਂ ਦੀ ਅਦਭੁਤ ਦੁਨੀਆ ਦਾ ਅਨੁਭਵ ਕਰਨਾ ਚਾਹੁੰਦੇ ਹਨ।

ਬਾਰਾਤਾਂਗ:

ਇਹ ਇੱਕ ਛੋਟਾ ਜਿਹਾ ਟਾਪੂ ਹੈ ਜੋ ਦੱਖਣ ਅਤੇ ਮੱਧ ਅੰਡੇਮਾਨ ਦੇ ਵਿਚਕਾਰ ਸਥਿਤ ਹੈ। ਬਾਰਾਤਾਂਗ ਕਈ ਕੁਦਰਤੀ ਅਜੂਬਿਆਂ ਦਾ ਘਰ ਹੈ। ਬਾਰਾਤਾਂਗ ਟਾਪੂ ਤੋਂ ਪੋਰਟ ਬਲੇਅਰ ਦੀ ਦੂਰੀ ਤਕਰੀਬਨ 101 ਕਿਲੋਮੀਟਰ ਹੈ। ਤੁਸੀਂ ਨੀਲਾਂਬਰ ਜੈੱਟੀ 'ਤੇ ਆਸਾਨੀ ਨਾਲ ਕਿਸ਼ਤੀ ਪ੍ਰਾਪਤ ਕਰ ਸਕਦੇ ਹੋ ਜੋ ਤੁਹਾਨੂੰ ਪ੍ਰਸਿੱਧ ਗੁਫ਼ਾਵਾਂ ਤੱਕ ਲੈ ਜਾਂਦੀ ਹੈ। ਮੈਂਗਰੋਵ ਖਾੜੀਆਂ, ਚੂਨੇ ਦੇ ਪੱਥਰ ਦੀਆਂ ਗੁਫ਼ਾਵਾਂ ਅਤੇ ਜੰਗਲਾਂ ਵਿਚਕਾਰ ਝਰਨੇ ਆਦਿ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ। ਨਯਾਡੇਰਾ ਵਿਖੇ ਲੱਕੜ ਦੀ ਜੈੱਟੀ 'ਤੇ ਪਹੁੰਚਣ ਮਗਰੋਂ ਕੁਦਰਤ ਦੀ ਇਸ ਸੁੰਦਰਤਾ ਨੂੰ ਵੇਖਣ ਲਈ ਲਗਭਗ 1.2 ਕਿਲੋਮੀਟਰ ਪੈਦਲ ਚੱਲਣਾ ਪੈਂਦਾ ਹੈ।

ਯਾਤਰਾ ਦੇ ਸ਼ੁਰੂਆਤੀ ਬਿੰਦੂ 'ਤੇ ਵਣ ਵਿਭਾਗ ਦੀ ਨਿਗਰਾਨ ਚੌਕੀ ਹੈ। ਬਾਰਾਤਾਂਗ ਜੈੱਟੀ ਵੱਲ ਜਾਣ ਵਾਲੇ ਸਾਰੇ ਸੈਲਾਨੀ ਇੱਥੋਂ ਸਮੂਹਾਂ ਵਿੱਚ ਯਾਤਰਾ ਸ਼ੁਰੂ ਕਰਦੇ ਹਨ। ਸੁਰੱਖਿਆਕਰਮੀ ਹਰ ਸਮੂਹ ਦੇ ਨਾਲ ਚੱਲਦੇ ਹਨ। ਇਹ ਜਾਰਵਾ ਆਦਿਵਾਸੀਆਂ ਲਈ ਰਾਖਵੇਂ ਖੇਤਰ ਦਾ ਸ਼ੁਰੂਆਤੀ ਸਥਾਨ ਹੈ। ਬਾਰਾਤਾਂਗ ਜੈੱਟੀ ਸਥਾਨ ਵੱਲ ਜਾਂਦਿਆਂ ਸੰਘਣੇ ਜੰਗਲ ਯਾਤਰਾ ਦੇ ਗਵਾਹ ਬਣਦੇ ਹਨ। ਜੰਗਲੀ ਖੇਤਰ ਵਿੱਚ ਫੋਟੋਗ੍ਰਾਫੀ ਦੀ ਸਖ਼ਤ ਮਨਾਹੀ ਹੈ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਦੇ ਸਾਜ਼ੋ-ਸਾਮਾਨ ਨੂੰ ਸੁਰੱਖਿਆ ਕਰਮਚਾਰੀ ਜ਼ਬਤ ਵੀ ਕਰ ਸਕਦੇ ਹਨ। ਇਸ ਜੰਗਲ ਯਾਤਰਾ ਦੌਰਾਨ ਜਾਰਵਾ ਕਬੀਲੇ ਦੇ ਲੋਕ ਬਹੁਤ ਸਾਰੀਆਂ ਥਾਵਾਂ 'ਤੇ ਆਪਣੇ ਰਵਾਇਤੀ ਹਥਿਆਰਾਂ ਜਿਵੇਂ ਭਾਲਾ, ਤੀਰ ਆਦਿ ਹਥਿਆਰ ਫੜੀ ਖੜ੍ਹੇ ਦਿਸਦੇ ਹਨ ਜੋ ਸ਼ਿਕਾਰ ਲਈ ਵਰਤੇ ਜਾਂਦੇ ਹਨ। ਉਨ੍ਹਾਂ ਨਾਲ ਗੱਲਬਾਤ ਕਰਨ, ਉਨ੍ਹਾਂ ਨੂੰ ਭੋਜਨ, ਤੋਹਫ਼ੇ ਦੇਣ ਜਾਂ ਉਨ੍ਹਾਂ ਦੀਆਂ ਤਸਵੀਰਾਂ ਫੋਟੋਆਂ ਖਿੱਚਣ ਦੀ ਆਗਿਆ ਨਹੀਂ ਹੈ। ਅਜਿਹੇ ਕਰਦਿਆਂ ਫੜੇ ਜਾਣ 'ਤੇ ਭਾਰੀ ਜੁਰਮਾਨਾ ਅਤੇ ਕੈਦ ਵੀ ਹੋ ਸਕਦੀ ਹੈ।

ਅੰਡੇਮਾਨ ਵਿਖੇ ਕੁਦਰਤੀ ਤੌਰ 'ਤੇ ਬਣੀਆਂ ਚੂਨਾ ਪੱਥਰ ਦੀਆਂ ਗੁਫ਼ਾਵਾਂ ਅਦਭੁੱਤ ਦ੍ਰਿਸ਼ ਪੇਸ਼ ਕਰਦੀਆਂ ਹਨ। ਇਨ੍ਹਾਂ ਗੁਫ਼ਾਵਾਂ ਤੱਕ ਪਹੁੰਚਣ ਲਈ ਸੰਘਣੇ ਮੈਂਗਰੋਵ ਜੰਗਲਾਂ ਵਿੱਚੋਂ ਤੁਹਾਡਾ ਸਫ਼ਰ ਹੋਰ ਵੀ ਆਨੰਦਿਤ ਹੋ ਜਾਂਦਾ ਹੈ। ਚੂਨੇ ਦੇ ਪਹਾੜਾਂ ਨੂੰ ਨੇੜਿਓਂ ਵੇਖਣਾ ਇੱਕ ਜਾਦੂਈ ਅਨੁਭਵ ਹੈ। ਬਾਰਾਤਾਂਗ ਵਿੱਚ ਤੋਤਾ ਟਾਪੂ ਇੱਕ ਸਮਤਲ ਟਾਪੂ ਹੈ ਜੋ ਹਰੇ-ਭਰੇ ਰੁੱਖਾਂ ਨਾਲ ਢੱਕਿਆ ਹੋਇਆ ਹੈ। ਰੁੱਖਾਂ ਵਿੱਚ ਵੱਡੀ ਗਿਣਤੀ ਵਿੱਚ ਤੋਤਿਆਂ ਦਾ ਘਰ ਹੁੰਦਾ ਹੈ ਜੋ ਸੂਰਜ ਡੁੱਬਣ ਦੇ ਨਾਲ-ਨਾਲ ਆਪਣੇ ਆਲ੍ਹਣੇ ਵਿੱਚ ਵਾਪਸ ਆਉਂਦੇ ਦੇਖੇ ਜਾ ਸਕਦੇ ਹਨ। ਇਹ ਤਜ਼ਰਬਾ ਮਨਮੋਹਕ ਹੈ, ਪਰ ਇਸ ਨੂੰ ਦੇਖਣ ਲਈ ਬਾਰਾਤਾਂਗ ਵਿੱਚ ਇੱਕ ਰਾਤ ਰੁਕਣਾ ਪੈਂਦਾ ਹੈ। ਮੇਰੇ ਲਈ ਇਹ ਬਹੁਤ ਹੀ ਯਾਦਗਾਰੀ ਪਲ ਸਨ।

ਹੈਵਲਾਕ ਟਾਪੂ (ਸਵਰਾਜ ਦੀਪ):

ਹੈਵਲਾਕ ਟਾਪੂ ਅੰਡੇਮਾਨ ਦੀਪ ਸਮੂਹ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਟਾਪੂਆਂ ਵਿੱਚੋਂ ਇੱਕ ਹੈ। ਇਹ ਅੰਡੇਮਾਨ ਟਾਪੂ ਦੇ ਦੂਜੇ ਟਾਪੂਆਂ ਤੋਂ ਬਹੁਤ ਵਿਲੱਖਣ ਸਥਾਨ ਰੱਖਦਾ ਹੈ। ਤੀਹ ਦਸੰਬਰ 2018 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੈਵਲੌਕ ਆਈਲੈਂਡ ਦਾ ਨਾਮ ਬਦਲ ਕੇ 'ਸਵਰਾਜ ਦੀਪ' ਰੱਖਿਆ। ਹੈਵਲਾਕ ਟਾਪੂ ਪੋਰਟ ਬਲੇਅਰ ਤੋਂ ਉੱਤਰ-ਪੂਰਬ ਵਿੱਚ ਲਗਭਗ 57 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪੋਰਟ ਬਲੇਅਰ ਤੋਂ ਟਾਪੂ ਤੱਕ ਪਹੁੰਚਣ ਲਈ ਲਗਭਗ 90 ਮਿੰਟ ਤੋਂ ਢਾਈ ਘੰਟੇ ਵੀ ਲੱਗ ਸਕਦੇ ਹਨ। ਤੁਸੀਂ ਵੱਖ-ਵੱਖ ਕਿਸ਼ਤੀਆਂ ਆਨਲਾਈਨ ਬੁੱਕ ਕਰ ਸਕਦੇ ਹੋ। ਮਸ਼ਹੂਰ ਰਾਧਾਨਗਰ ਬੀਚ ਭਾਰਤ ਦੇ ਬਿਹਤਰੀਨ ਬੀਚਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਤੈਰਾਕੀ ਅਤੇ ਧੁੱਪ ਦਾ ਆਨੰਦ ਮਾਣਨ ਦੇ ਸ਼ੌਕੀਨਾਂ ਲਈ ਰਾਧਾਨਗਰ ਬੀਚ ਸ਼ਾਨਦਾਰ ਅਨੁਭਵ ਪ੍ਰਦਾਨ ਕਰਦੀ ਹੈ। ਐਲੀਫੈਂਟ ਬੀਚ ਹੈਵਲੌਕ ਟਾਪੂ 'ਤੇ ਜਲ ਖੇਡਾਂ ਲਈ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ। ਇਸ ਸਥਾਨ 'ਤੇ ਤੁਸੀਂ ਸੀ ਵਾਕਿੰਗ, ਸਨੌਰਕਲਿੰਗ, ਜੈੱਟ ਸਕੀ ਰਾਈਡ, ਗਲਾਸ ਬੌਟਮ ਬੋਟ ਰਾਈਡ, ਪੈਰਾਸੇਲਿੰਗ ਕਰ ਸਕਦੇ ਹੋ। ਕਲਾਪਾਥਰ ਬੀਚ ਹੈਵਲਾਕ ਟਾਪੂ 'ਤੇ ਇਕ ਹੋਰ ਮਨ ਨੂੰ ਮੋਹ ਲੈਣ ਵਾਲਾ ਸਥਾਨ ਹੈ। ਇਹ ਬੀਚ ਸੂਰਜ ਚੜ੍ਹਨ ਅਤੇ ਫੋਟੋਸ਼ੂਟ ਲਈ ਪ੍ਰਸਿੱਧ ਹੈ। ਹੈਵਲਾਕ ਟਾਪੂ ਯਾਤਰਾ ਲਈ ਆਪਣੀ ਕਿਸਮ ਦਾ ਉੱਤਮ ਸਥਾਨ ਹੈ।

ਵਡੂਰ ਬੀਚ:

ਪੋਰਟ ਬਲੇਅਰ ਤੋਂ ਲਗਭਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸੁੰਦਰ ਨਜ਼ਾਰਿਆਂ ਨਾਲ ਲਬਰੇਜ਼ ਇਹ ਬੀਚ ਸਭ ਨੂੰ ਪਸੰਦ ਆਉਂਦੀ ਹੈ। ਇਹ ਮਹਾਤਮਾ ਗਾਂਧੀ ਮਰੀਨ ਨੈਸ਼ਨਲ ਪਾਰਕ ਖੇਤਰ ਦੇ ਨਾਲ-ਨਾਲ ਕਈ ਹੋਰ ਆਕਰਸ਼ਣਾਂ ਦੇ ਅਧੀਨ ਆਉਂਦਾ ਹੈ। ਸਮੁੰਦਰ ਦੀ ਸੁੰਦਰਤਾ, ਵਿਸ਼ਾਲਤਾ ਅਤੇ ਟਾਪੂ ਸਮੁੰਦਰੀ ਕੰਢੇ ਤੋਂ ਅਦਭੁਤ ਦਿਖਾਈ ਦਿੰਦੇ ਹਨ। ਧਿਆਨ ਵਿੱਚ ਰੱਖਣ ਵਾਲੀ ਇੱਕ ਗੱਲ ਇਹ ਹੈ ਕਿ ਵਾਂਡੂਰ ਬੀਚ ਦੇ ਜੰਗਲਾਂ ਨੇੜੇ ਮਗਰਮੱਛ ਕਈ ਵਾਰ ਪਾਏ ਗਏ ਹਨ। ਪ੍ਰਸ਼ਾਸਨ ਨੇ ਉਨ੍ਹਾਂ ਨੂੰ ਇਸ ਥਾਂ ਤੋਂ ਤਬਦੀਲ ਕਰ ਦਿੱਤਾ ਹੈ। ਫਿਰ ਵੀ ਸਾਵਧਾਨ ਰਹਿਣਾ ਇਸ ਸਥਾਨ ਦੀ ਮੰਗ ਹੈ। ਇੱਥੇ ਹਰ ਜਗ੍ਹਾ ਤਾਜ਼ਾ ਨਾਰੀਅਲ ਪਾਣੀ ਪੀਣ ਨੂੰ ਮਿਲਦਾ ਹੈ ਜਿਹੜਾ ਸਫ਼ਰ ਦੌਰਾਨ ਤਰੋਤਾਜ਼ਾ ਰੱਖਦਾ ਹੈ।

ਚਿੜੀਆ ਟਾਪੂ:

ਅਸੀਂ ਚਿੜੀਆ ਟਾਪੂ 'ਤੇ ਬਿਤਾਇਆ ਦਿਨ ਕਦੇ ਵੀ ਨਹੀਂ ਭੁਲਾ ਸਕਦੇ। ਇਹ ਟਾਪੂ ਕੁਦਰਤ ਪ੍ਰੇਮੀਆਂ ਲਈ ਜੰਨਤ ਹੈ। ਇਹ ਟਾਪੂ ਪੋਰਟ ਬਲੇਅਰ ਤੋਂ ਤਕਰੀਬਨ 30 ਕਿਲੋਮੀਟਰ ਦੂਰ ਹੈ ਜਿੱਥੇ ਟੈਕਸੀ ਕਿਰਾਏ 'ਤੇ ਲੈ ਕੇ ਸੜਕ ਰਾਹੀਂ ਪਹੁੰਚਿਆ ਜਾ ਸਕਦਾ ਹੈ। ਚਿੜੀਆ ਟਾਪੂ ਨਾ ਸਿਰਫ਼ ਸੁੰਦਰ ਪੰਛੀਆਂ ਲਈ ਮਸ਼ਹੂਰ ਹੈ ਸਗੋਂ ਟ੍ਰੈਕਿੰਗ ਟ੍ਰੇਲ ਅਤੇ ਸੂਰਜ ਡੁੱਬਣ ਦੇ ਮਨਮੋਹਣੇ ਦ੍ਰਿਸ਼ ਲਈ ਵੀ ਪ੍ਰਸਿੱਧ ਹੈ। ਇਹ ਟਾਪੂ ਦੇਸੀ ਅਤੇ ਪਰਵਾਸੀ ਪੰਛੀ ਦੀਆਂ ਕਈ ਕਿਸਮਾਂ ਦੀ ਮੌਜੂਦਗੀ ਲਈ ਪੂਰੇ ਦੇਸ਼ ਵਿੱਚ ਪ੍ਰਸਿੱਧ ਹੈ। 2001 ਵਿੱਚ ਸਥਾਪਿਤ ਕੀਤੇ ਗਏ ਚਿੜੀਆ ਟਾਪੂ ਜੈਵਿਕ ਪਾਰਕ ਵਿੱਚ ਅੰਡੇਮਾਨ ਟਾਪੂਆਂ ਦੀ ਅਮੀਰ ਜੈਵ ਵਿਭਿੰਨਤਾ ਅਤੇ ਸੰਭਾਲ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਦਾ ਹੈ। ਅੰਡੇਮਾਨ ਦਾ ਇਹ ਟਾਪੂ ਸਮੁੰਦਰ ਦੇ ਸ਼ਾਨਦਾਰ ਦ੍ਰਿਸ਼ਾਂ ਦਾ ਖ਼ਜ਼ਾਨਾ ਵੀ ਹੈ। ਬੀਚ 'ਤੇ ਅਜੇ ਵੀ ਉਨ੍ਹਾਂ ਰੁੱਖਾਂ ਦੀਆਂ ਨਿਸ਼ਾਨੀਆਂ ਹਨ ਜੋ 2004 ਦੀ ਸੁਨਾਮੀ ਦੌਰਾਨ ਉੱਖੜ ਗਏ ਸਨ। ਬੀਚ ਵੀ ਸਾਗਰ ਦੀਆਂ ਕਹਿਰ ਢਾਹੁਣ ਵਾਲੀਆਂ ਛੱਲਾਂ ਦੀ ਮਾਰ ਹੇਠ ਆ ਗਏ ਸਨ। ਜ਼ਿਕਰਯੋਗ ਹੈ ਕਿ 2004 ਵਿੱਚ ਆਈ ਸੁਨਾਮੀ ਨੇ ਅੰਡੇਮਾਨ ਦੇ ਕਈ ਖੇਤਰਾਂ ਵਿੱਚ ਬਹੁਤ ਜਾਨੀ-ਮਾਲੀ ਨੁਕਸਾਨ ਕੀਤਾ ਸੀ। ਟ੍ਰੈਕ ਪ੍ਰੇਮੀਆਂ ਕੋਲ ਆਪਣੀ ਦਿਲਚਸਪੀ ਦੀ ਗਤੀਵਿਧੀ ਵਿੱਚ ਸ਼ਾਮਲ ਹੋਣ ਦਾ ਮੌਕਾ ਹੁੰਦਾ ਹੈ। ਮੁੰਡਾਪਹਾੜ ਦੀ ਯਾਤਰਾ ਚਿੜੀਆ ਟਾਪੂ ਬੀਚ ਦੇ ਕਿਨਾਰੇ ਤੋਂ ਸ਼ੁਰੂ ਹੁੰਦੀ ਹੈ। ਮੁੰਡਾਪਹਾੜ ਦਾ ਰਸਤਾ ਸੰਘਣੇ ਜੰਗਲ ਵਿੱਚੋਂ ਲੰਘਦਾ ਹੈ। ਇਸ ਲਈ ਚਿੜੀਆ ਟਾਪੂ 'ਤੇ ਦੁਪਹਿਰ 2 ਵਜੇ ਤੋਂ ਪਹਿਲਾਂ ਪਹੁੰਚਣਾ ਪੈਂਦਾ ਹੈ।

ਖ਼ੈਰ! ਅਸੀਂ ਅੰਡੇਮਾਨ ਦੀਪ ਸਮੂਹਾਂ ਤੋਂ ਵਾਪਸੀ ਲਈ ਹਵਾਈ ਜਹਾਜ਼ ਨੇ ਉਡਾਣ ਭਰੀ ਤਾਂ ਇੱਥੇ ਬਿਤਾਏ ਯਾਦਗਾਰੀ ਪਲ ਦਿਲੋ-ਦਿਮਾਗ 'ਤੇ ਛਾਏ ਹੋਏ ਸਨ।

ਸੰਪਰਕ: 94655-76022



# ਫ਼ੈਸ਼ਨ ਬ੍ਰਾਂਡ ਅੱਜ ਦੀ ਨੌਜਵਾਨ ਪੀੜ੍ਹੀ

ਲਲਿਤ ਗੁਪਤਾ

ਅੱਜ ਦਾ ਯੁੱਗ ਮਾਡਰਨ ਯੁੱਗ ਹੈ। ਹਰ ਇਨਸਾਨ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਚਾਹੁੰਦਾ ਹੈ। ਜੇਕਰ ਆਧੁਨਿਕ ਪੀੜ੍ਹੀ ਦੀ ਗੱਲ ਕਰੀਏ ਤਾਂ ਅੱਜ ਹਰ ਨੌਜਵਾਨ ਅਤੇ ਮੁਟਿਆਰ ਆਪਣੇ ਆਪ ਨੂੰ ਨਿਖਾਰਨਾ ਚਾਹੁੰਦਾ ਹੈ। ਅੱਜ ਦੀ ਪੀੜ੍ਹੀ ਹਰ ਤਰ੍ਹਾਂ ਦੇ ਰੂਪ ਅਪਣਾ ਰਹੀ ਹੈ। ਇਸ ਪੀੜ੍ਹੀ ਲਈ ਨਵੇਂ ਫ਼ੈਸ਼ਨ ਅਤੇ ਨਵੇਂ ਸ਼ੌਕ ਅਪਨਾਉਣਾ ਸਭ ਤੋਂ ਜ਼ਰੂਰੀ ਹੋ ਗਿਆ ਹੈ। ਕੋਈ ਵੀ ਬੰਦਾ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ।

ਅੱਜ ਦੀ ਪੀੜ੍ਹੀ ਸਾਦਾ ਜੀਵਨ ਜਿਊਣਾ ਭੁੱਲ ਗਈ ਹੈ। ਹਰ ਬੰਦਾ ਨਵੀਨਤਮ ਪਹਿਨਣਾ ਚਾਹੁੰਦਾ ਹੈ, ਨਵੀਨਤਮ ਬ੍ਰਾਂਡ ਖਰੀਦਣਾ ਚਾਹੁੰਦਾ ਹੈ; ਭਾਵੇਂ ਉਹ ਅਮੀਰ ਹੋਵੇ ਜਾਂ ਦਰਮਿਆਨਾ, ਹਰ ਕੋਈ ਦਿਖਾਵੇ ਅਤੇ ਝੂਠੀ ਸ਼ਾਨ ਦਾ ਹਿੱਸਾ ਬਣ ਗਿਆ ਹੈ। ਅੱਜ ਬਹੁਤ ਸਾਰੇ ਅਜਿਹੇ ਨੌਜਵਾਨ ਅਤੇ ਮੁਟਿਆਰਾਂ ਹਨ ਜਿਨ੍ਹਾਂ ਲਈ ਫ਼ੈਸ਼ਨ ਅਤੇ ਵਧੀਆ ਤੋਂ ਵਧੀਆ ਚੀਜ਼ਾਂ 'ਤੇ ਖਰਚ ਕਰਨਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਲਈ ਪੈਸੇ ਦੀ ਕੀਮਤ ਪਾਣੀ ਵਾਂਗ ਹੋ ਗਈ ਹੈ। ਕੀ ਫ਼ੈਸ਼ਨ ਇੰਨਾ ਮਹੱਤਵਪੂਰਨ ਹੋ ਗਿਆ ਹੈ? ਕੀ ਕੋਈ ਬੰਦਾ ਸਾਦਾ ਜੀਵਨ ਨਹੀਂ

ਜੀਅ ਸਕਦਾ? ਕੀ ਬੇਲੋੜੇ ਖਰਚਿਆਂ ਅਤੇ ਦਿਖਾਵੇ ਨੂੰ ਰੋਕਣਾ ਜ਼ਰੂਰੀ ਨਹੀਂ ਹੈ?

ਅੱਜ ਹਰ ਬੰਦਾ ਦੂਜੇ ਦੀ ਬਰਾਬਰੀ ਕਰ ਰਿਹਾ ਹੈ। ਇਸ ਜੀਵਨ ਸ਼ੈਲੀ ਨੇ ਬੰਦੇ ਨੂੰ ਇੰਨਾ ਪ੍ਰਭਾਵਿਤ ਕੀਤਾ ਹੈ ਕਿ ਇਸ ਦਾ ਅਸਰ ਉਸ ਦੀ ਮਾਨਸਿਕ ਸਥਿਤੀ 'ਤੇ ਵੀ ਪੈਣ ਲੱਗਾ ਹੈ। ਅੱਜ ਕਲ੍ਹ ਫ਼ੈਸ਼ਨ ਵੀ ਵੱਖਰਾ ਹੋ ਗਿਆ ਹੈ। ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਹਰ ਪਾਸੇ ਵੱਖਰਾ ਫ਼ੈਸ਼ਨ ਹੈ। ਜੇਕਰ ਉਹ ਦੋਸਤਾਂ ਵਿਚ ਰਹਿੰਦੇ ਹਨ ਤਾਂ ਉਹ ਹਰ ਪੱਖੋਂ ਆਪਣੇ ਦੋਸਤ ਨਾਲੋਂ ਵਧੀਆ ਪਹਿਨਣਾ ਚਾਹੁੰਦੇ ਹਨ। ਆਪਣੇ ਦੋਸਤ ਨਾਲੋਂ ਵੱਧ ਖਰਚਾ ਕਰ ਕੇ ਦਿਖਾਉਂਦੇ ਹਨ। ਆਪਣੇ ਦੋਸਤ ਨਾਲੋਂ ਵਧੀਆ ਮੋਬਾਈਲ ਲੈਣਾ ਚਾਹੁੰਦਾ ਹੈ। ਹਰ ਕੋਈ ਵੱਡੀ ਥਾਂ ਜਾਂ ਹੋਟਲ ਵਿਚ ਖਾਣਾ ਚਾਹੁੰਦਾ ਹੈ। ਅੱਜ ਦੀ ਜੀਵਨ ਸ਼ੈਲੀ ਨਕਲੀ ਹੋ ਗਈ ਹੈ। ਅਸਲ ਜੀਵਨ ਮਨੁੱਖ ਨੇ ਆਪ ਹੀ ਖਤਮ ਕਰ ਲਿਆ ਹੈ।

ਜੇਕਰ ਪੁਰਾਣੇ ਸਮਿਆਂ ਦੀ ਗੱਲ ਕਰੀਏ ਤਾਂ ਜੀਵਨ ਸ਼ੈਲੀ ਬਹੁਤ ਵਧੀਆ ਸੀ। ਪਹਿਲਾਂ ਨੌਜਵਾਨ ਪੀੜ੍ਹੀ ਦਿੱਖ ਵਿਚ ਨਹੀਂ ਰਹਿੰਦੀ ਸੀ। ਪਹਿਲਾਂ ਵੀ ਲੋਕ ਬਾਹਰ ਖਾਣ ਲਈ ਜਾਂਦੇ ਸਨ, ਪਹਿਲਾਂ ਵੀ ਲੋਕ ਘੜੀਆਂ ਪਹਿਨਦੇ ਸਨ, ਅੱਜ ਮਹਿੰਗੀਆਂ ਘੜੀਆਂ ਵੀ ਪੁਰਾਣੇ ਸਮੇਂ ਦੀਆਂ ਘੜੀਆਂ ਵਾਂਗ ਹੀ ਸਮਾਂ ਦਿਖਾਉਂਦੀਆਂ ਹਨ।

ਪਹਿਲਾਂ ਵੀ ਲੋਕ ਮਨੋਰੰਜਨ ਲਈ ਬਾਹਰ ਨਿਕਲਦੇ ਸਨ ਅਤੇ ਮਨ ਦੀ ਸ਼ਾਂਤੀ ਲਈ ਬਗੀਚਿਆਂ ਵਿਚ ਜਾਂਦੇ ਸਨ; ਅੱਜ ਉਨ੍ਹਾਂ ਦੀ ਜਗ੍ਹਾ ਪਾਰਕਾਂ ਨੇ ਲੈ ਲਈ ਹੈ। ਪਹਿਲਾਂ ਵੀ ਲੋਕ ਝਰਨੇ ਅਤੇ ਨਹਿਰਾਂ ਦਾ ਆਨੰਦ ਮਾਣਦੇ ਸਨ, ਅੱਜ ਉਨ੍ਹਾਂ ਦੀ ਜਗ੍ਹਾ ਵਾਟਰ ਪਾਰਕਾਂ ਨੇ ਲੈ ਲਈ ਹੈ। ਪਹਿਲਾਂ ਵੀ ਲੋਕ ਚੰਗੇ ਕੱਪੜੇ ਪਹਿਨਦੇ ਸਨ ਅਤੇ ਲੰਮੇ ਸਮੇਂ ਤੱਕ ਉਨ੍ਹਾਂ ਕੱਪੜਿਆਂ ਦੀ ਵਰਤੋਂ ਕਰਦੇ ਸਨ; ਅੱਜ ਉਨ੍ਹਾਂ ਦੀ ਜਗ੍ਹਾ ਸ਼ਾਪਿੰਗ ਮਾਲ ਦੇ ਬ੍ਰਾਂਡਿਡ ਕੱਪੜਿਆਂ ਨੇ ਲੈ ਲਈ ਹੈ। ਅੱਜ ਦੋ-ਤਿੰਨ ਵਾਰ ਪਹਿਨੇ ਹੋਏ ਕੱਪੜੇ ਪੁਰਾਣੇ ਹੋ ਜਾਂਦੇ ਹਨ। ਕਹਿਣ ਦਾ ਭਾਵ ਇਹ ਕਿ ਅੱਜ ਦੀ ਪੀੜ੍ਹੀ ਮਹਿੰਗੇ ਕੱਪੜਿਆਂ ਨੂੰ ਆਪਣਾ ਸਵੈਮਾਣ ਸਮਝਦੀ ਹੈ। ਉਨ੍ਹਾਂ ਨੂੰ ਸਮਝਣਾ ਪਵੇਗਾ ਕਿ ਬੰਦੇ ਦੀ ਪਛਾਣ ਕੱਪੜਿਆਂ ਤੋਂ ਨਹੀਂ ਸਗੋਂ ਉਸ ਦੇ ਕਿਰਦਾਰ ਤੋਂ ਹੁੰਦੀ ਹੈ। ਅੱਜ ਦੀ ਜੀਵਨ ਸ਼ੈਲੀ ਨੂੰ ਪੁਰਾਣੀ ਜੀਵਨ ਸ਼ੈਲੀ ਨਾਲ ਜੋੜਨ ਦਾ ਮਤਲਬ ਇਹ ਵੀ ਹੈ ਕਿ ਜਿਸ ਨਵੇਂ ਢੰਗ ਨਾਲ ਅੱਜ ਬੰਦਾ ਜੀਅ ਰਿਹਾ ਹੈ, ਉਹੀ ਜੀਵਨ ਸ਼ੈਲੀ ਪਹਿਲੇ ਸਮਿਆਂ ਵਿਚ ਸੀ। ਫਰਕ ਸਿਰਫ ਇੰਨਾ ਹੈ ਕਿ ਅੱਜ ਦੀ ਪੀੜ੍ਹੀ ਦਾ ਰਹਿਣ-ਸਹਿਣ ਦਾ ਤਰੀਕਾ ਬਦਲ ਗਿਆ ਹੈ। ਪਹਿਲਾਂ ਮਨੁੱਖ ਆਪਣੇ ਅਤੇ ਪਰਿਵਾਰ ਲਈ ਜਿਊਂਦਾ ਸੀ ਪਰ ਅੱਜ ਦੀ ਪੀੜ੍ਹੀ ਦੂਜਿਆਂ ਨੂੰ ਦਿਖਾਉਣ ਲਈ ਜਿਊਂਦੀ ਹੈ।

ਅੱਜ ਦੇ ਸਮੇਂ ਵਿਚ ਮਨੁੱਖ ਦੇ ਖਾਣ-ਪੀਣ ਵਿਚ ਬਹੁਤ ਤਬਦੀਲੀ ਆ ਗਈ ਹੈ। ਸਾਦਾ ਖਾਣਾ ਅੱਜ ਦੀ ਪੀੜ੍ਹੀ ਦੇ ਸੁਭਾਅ ਵਿਚ ਨਹੀਂ ਰਿਹਾ। ਘਰ ਨਾਲੋਂ ਬਾਹਰ ਦਾ ਖਾਣਾ ਖਾਣ ਦੀ ਤਰਜੀਹ ਵਧ ਗਈ ਹੈ। ਜ਼ਿਆਦਾਤਰ ਲੋਕ ਬਾਹਰ ਦਾ ਜੰਕ ਫੂਡ ਖਾਣ ਲੱਗ ਪਏ ਹਨ। ਜੰਕ ਫੂਡ ਸ਼ਬਦ ਹੀ ਇਸ ਭੋਜਨ ਬਾਰੇ ਬਹੁਤ ਕੁਝ ਦੱਸਦਾ ਹੈ। ਇਹ ਦੱਸਦਾ ਹੈ ਕਿ ਇਹ ਸਾਡੀ ਸਿਹਤ ਲਈ ਕਿੰਨਾ ਹਾਨੀਕਾਰਕ ਹੈ। ਇਸ ਤੋਂ ਇਲਾਵਾ ਜੰਕ ਫੂਡ ਮੂਲ ਰੂਪ ਵਿਚ ਮਾੜੇ ਹੁੰਦੇ ਹਨ ਜੋ ਸਾਡੇ ਸਰੀਰ ਨੂੰ ਵੱਖ-ਵੱਖ ਤਰੀਕਿਆਂ ਨਾਲ ਨੁਕਸਾਨ ਪਹੁੰਚਾਉਂਦੇ ਹਨ।

ਇਨਸਾਨ ਜਾਣਦਾ ਹੈ ਕਿ ਘਰ ਦਾ ਖਾਣਾ ਅਤੇ ਦੇਸੀ ਭੋਜਨ ਜਿੰਨਾ ਸਿਹਤ ਲਈ ਕੋਈ ਵੀ ਭੋਜਨ ਲਾਭਦਾਇਕ ਨਹੀਂ ਹੈ। ਪੁਰਾਣੇ ਜ਼ਮਾਨੇ ਦੀ ਗੱਲ ਕਰੀਏ ਤਾਂ ਉਸ ਸਮੇਂ ਵੀ ਲੋਕ ਵੱਖ ਵੱਖ ਤਰ੍ਹਾਂ ਦੇ ਪਕਵਾਨ ਬਣਾਉਂਦੇ ਸੀ ਜੋ ਸੁਆਦਲੇ ਅਤੇ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਅੱਜ ਜ਼ਿਆਦਾਤਰ ਲੋਕ ਬਿਮਾਰੀਆਂ ਤੋਂ ਪੀੜਤ ਹਨ ਜਿਸ ਦਾ ਸਭ ਤੋਂ ਵੱਡਾ ਕਾਰਨ ਸਾਡਾ ਖਾਣ-ਪੀਣ ਹੈ। ਜ਼ਿਆਦਾਤਰ ਲੋਕ ਸਿਹਤਮੰਦ ਭੋਜਨ ਖਾਣਾ ਭੁੱਲ ਗਏ ਹਨ। ਮਨੁੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਚੀਜ਼ ਦੀ ਸੀਮਾ ਹੁੰਦੀ ਹੈ, ਜੇਕਰ ਤੁਸੀਂ ਬੇਲੋੜਾ ਖਾਣ-ਪੀਣ ਅਪਨਾਓਗੇ ਤਾਂ ਇਹ ਸਿਹਤ ਲਈ ਹਾਨੀਕਾਰਕ ਹੋਵੇਗਾ।

ਅੱਜ ਫ਼ੈਸ਼ਨ ਦਾ ਸਭ ਤੋਂ ਵੱਧ ਪ੍ਰਭਾਵ ਨੌਜਵਾਨ ਪੀੜ੍ਹੀ 'ਤੇ ਪੈ ਰਿਹਾ ਹੈ। ਮਨੁੱਖੀ ਸੁਭਾਅ ਹੈ ਕਿ ਉਹ ਨਵੀਆਂ ਅਤੇ ਸੁੰਦਰ ਚੀਜ਼ਾਂ ਅਪਨਾਉਣਾ ਚਾਹੁੰਦਾ ਹੈ। ਅਸਲ ਵਿਚ, ਅੱਜ ਨੌਜਵਾਨ ਲੜਕੇ-ਲੜਕੀਆਂ ਆਪਣੇ ਤਰੀਕੇ ਨਾਲ ਜਿਊਣਾ ਚਾਹੁੰਦੇ ਹਨ। ਕਾਲਜ ਜਾਣ ਵਾਲੇ ਜ਼ਿਆਦਾਤਰ ਨੌਜਵਾਨਾਂ ਲਈ ਇਹ ਸੁਭਾਵਿਕ ਹੈ ਕਿ ਨਵਾਂ ਮਾਹੌਲ ਅਤੇ ਆਜ਼ਾਦੀ ਨੌਜਵਾਨਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ।

ਵਿਦਿਆਰਥੀ ਕਿਤਾਬਾਂ ਖਰੀਦਣ ਦੀ ਬਜਾਇ ਨਵੀਨਤਮ ਕਿਸਮ ਦੀਆਂ ਫੈਸ਼ਨ ਵਾਲੀਆਂ ਚੀਜ਼ਾਂ ਪ੍ਰਾਪਤ ਕਰਨ ਵਿਚ ਆਪਣਾ ਕੀਮਤੀ ਸਮਾਂ ਤੇ ਪੈਸਾ ਬਰਬਾਦ ਕਰਦੇ ਹਨ। ਉਹ ਫ਼ੈਸ਼ਨ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਕਰ ਕੇ ਆਪਣੇ ਅਧਿਐਨ ਨੂੰ ਨਜ਼ਰਅੰਦਾਜ਼ ਕਰਦੇ ਹਨ। ਫ਼ੈਸ਼ਨ ਕਾਰਨ ਸਮਾਜ ਉੱਚ ਵਰਗ, ਮੱਧ ਵਰਗ ਅਤੇ ਹੇਠਲੇ ਵਰਗ ਵਿਚ ਵੰਡਿਆ ਗਿਆ ਹੈ। ਕਈ ਮਾਪੇ ਆਪਣੇ ਬੱਚਿਆਂ ਦੀਆਂ ਨਵੀਆ ਫੈਸ਼ਨ ਵਾਲੀਆਂ ਚੀਜ਼ਾਂ ਦਾ ਖਰਚਾ ਨਹੀਂ ਝੱਲ ਸਕਦੇ ਪਰ ਉਨ੍ਹਾਂ ਦੇ ਬੱਚੇ ਦੂਜਿਆਂ ਨੂੰ ਦੇਖ ਕੇ ਉਨ੍ਹਾਂ ਨੂੰ ਨਵੀਆਂ ਨਵੀਆਂ ਅਤੇ

ਮਹਿੰਗੀਆਂ ਚੀਜ਼ਾਂ ਲੈ ਕੇ ਦੇਣ ਲਈ ਤੰਗ ਕਰਦੇ ਰਹਿੰਦੇ ਹਨ। ਅੱਜ ਨੌਜਵਾਨ ਪੀੜ੍ਹੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਫ਼ੈਸ਼ਨ ਅਤੇ ਦਿਖਾਵੇ ਦੀ ਜਿੰਦਗੀ ਤੋਂ

ਉਪਰ ਉੱਠ ਕੇ ਸਕੂਨ ਅਤੇ ਸੰਤੁਸ਼ਟੀ ਵਾਲੀ ਜਿੰਦਗੀ ਅਪਨਾਉਣੀ ਚਾਹੀਦੀ ਹੈ।

ਸੰਪਰਕ: 97815-90500



# ਚੱਪਲ ਵਰਗੇ ਸਾਥੀ



ਸੰਦੀਪ ਕੁਮਾਰ

ਜੀਵਨ ਇੱਕ ਅਜਿਹੀ ਰੇਲਗੱਡੀ ਦੀ ਤਰ੍ਹਾਂ ਹੈ, ਜਿਸ ਵਿੱਚ ਸਾਥੀਆਂ ਦੀ ਆਵਾਜਾਈ ਲਗਾਤਾਰ ਜਾਰੀ ਰਹਿੰਦੀ ਹੈ। ਇਹ ਸਾਥੀ ਕਦੇ ਮਿੱਤਰ ਦੇ ਰੂਪ ਵਿੱਚ ਮਿਲਦੇ ਹਨ, ਕਦੇ ਰਿਸ਼ਤੇਦਾਰ ਦੇ ਰੂਪ ਵਿੱਚ, ਕਦੇ ਸਹਿਯੋਗੀ ਬਣ ਕੇ ਤਾਂ ਕਦੇ ਗੁਆਂਢੀ ਬਣ ਕੇ ਮਿਲਦੇ ਹਨ, ਪਰ ਹਰੇਕ ਸਾਥੀ ਸੱਚੇ ਦਿਲੋਂ ਸਾਥ ਨਿਭਾਵੇ, ਇਹ ਲਾਜ਼ਮੀ ਨਹੀਂ ਹੁੰਦਾ। ਜੀਵਨ ਦੀ ਇਸ ਰੇਲਗੱਡੀ ਵਿੱਚ ਅਨੇਕਾਂ ਸਾਥੀ ਅਜਿਹੇ ਵੀ ਹੁੰਦੇ ਹਨ ਜੋ ਚਿੱਟੇ ਕਾਗਜ਼ ਵਾਂਗ ਸਾਫ਼ ਦਿਸਦੇ ਹਨ, ਪਰ ਅੰਦਰੋਂ ਅਜਿਹੇ ਕਾਲੇ ਕਿਰਦਾਰ ਵਾਲੇ ਹੁੰਦੇ ਹਨ ਜੋ ਸਿਰਫ਼ ਆਪਣੀ ਲਾਭ ਲੋਭੀ ਸੋਚ ਹੇਠ ਹੀ ਸਾਡੇ ਸਾਥੀ ਬਣੇ ਰਹਿੰਦੇ ਹਨ। ਇਹੋ ਜਿਹੇ ਸਾਥੀਆਂ ਦੀ ਤੁਲਨਾ ਜਦੋਂ ਅਸੀਂ 'ਚੱਪਲ' ਨਾਲ ਕਰਦੇ ਹਾਂ, ਤਾਂ ਇਹ ਅਤਿਅੰਤ ਗੂੜ੍ਹੀ ਤੇ ਅਸਲੀਅਤ ਭਰੀ ਮਿਸਾਲ ਬਣ ਜਾਂਦੀ ਹੈ।

ਬਰਸਾਤ ਦੇ ਦਿਨਾਂ ਵਿੱਚ ਜਦੋਂ ਅਸੀਂ ਚੱਪਲ ਪਾ ਕੇ ਕੱਚੀਆਂ ਰਾਹਵਾਂ 'ਤੇ ਜਾਂਦੇ ਹਾਂ ਤਾਂ ਇਹ ਚੱਪਲ ਸਾਨੂੰ ਤੁਰਨ ਵਿੱਚ ਤਾਂ ਸਹਿਯੋਗ ਦਿੰਦੀ ਹੈ, ਪਰ ਨਾਲ ਹੀ ਪਿੱਛੇ ਪਾਣੀ ਦੇ ਗੰਦੇ ਛਿੱਟੇ ਵੀ ਸਾਡੀਆਂ ਪੈਂਟਾਂ ਅਤੇ ਕੁੜਤਿਆਂ ਉੱਤੇ ਪਾ ਦਿੰਦੀ ਹੈ। ਇਹੀ ਹਾਲਤ ਉਨ੍ਹਾਂ ਸਾਥੀਆਂ ਦੀ ਵੀ ਹੁੰਦੀ ਹੈ ਜੋ ਉੱਪਰੋਂ ਸਾਥੀ ਬਣ ਕੇ ਚੱਲਦੇ ਹਨ, ਪਰ ਅੰਦਰੋਂ ਸਾਡੀ ਨਿੰਦਾ, ਸਾਡਾ ਬੁਰਾ, ਸਾਡੀ ਅਸਫਲਤਾ ਦੀ ਖ਼ੁਸ਼ੀ ਅਤੇ ਸਫਲਤਾ ਦਾ ਦੁੱਖ ਮਨਾਉਂਦੇ ਹਨ।

ਕਈ ਵਾਰ ਇਹ ਸਾਥੀ ਸਾਡੀ ਜ਼ਿੰਦਗੀ ਵਿੱਚ ਇੰਨਾ ਨੇੜੇ ਹੋ ਜਾਂਦੇ ਹਨ ਕਿ ਅਸੀਂ ਉਨ੍ਹਾਂ ਉੱਤੇ ਪੂਰਾ ਭਰੋਸਾ ਕਰ ਲੈਂਦੇ ਹਾਂ। ਉਨ੍ਹਾਂ ਦੀ ਮੌਜੂਦਗੀ ਸਾਡਾ ਦਿਲਾਸਾ ਬਣ ਜਾਂਦੀ ਹੈ, ਪਰ ਜਿਵੇਂ ਹੀ ਅਸੀਂ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਾਂ ਜਾਂ ਕੁੱਝ ਚੰਗਾ ਕਰਨ ਦਾ ਮਨ ਬਣਾਉਂਦੇ ਹਾਂ, ਇਹ ਚੱਪਲ ਵਰਗੇ ਸਾਥੀ ਓਦੋਂ ਸਾਡੀ ਪਿੱਠ ਪਿੱਛੇ ਅਜਿਹੀਆਂ ਗੱਲਾਂ ਫੈਲਾਉਣਾ ਸ਼ੁਰੂ ਕਰ ਦਿੰਦੇ ਹਨ ਜੋ ਸਾਡੀ ਸ਼ਖ਼ਸੀਅਤ ਨੂੰ ਗਿਰਾਉਣ ਵਾਲੀਆਂ ਹੁੰਦੀਆਂ ਹਨ। ਉਹ ਹਮੇਸ਼ਾਂ ਸਾਡੀਆਂ ਜੜ੍ਹਾਂ ਵੱਢਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਅਸੀਂ ਅੱਗੇ ਨਾ ਵਧ ਸਕੀਏ। ਇਹ ਸਾਥੀ ਦੋ ਮੂੰਹੇ ਸੱਪ ਜਾਂ ਦੋਗਲੇ ਕਿਰਦਾਰ ਵਾਲੇ ਹੁੰਦੇ ਹਨ। ਸਾਹਮਣੇ ਅਸੀਂ ਉਨ੍ਹਾਂ ਲਈ ਸਭ ਕੁੱਝ ਹਾਂ, ਉਨ੍ਹਾਂ ਦੇ ਮਨ ਦੀ ਧੜਕਣ ਹਾਂ, ਸੱਚੇ ਦੋਸਤ ਹਾਂ, ਪਰ ਜਿਵੇਂ ਹੀ ਅਸੀਂ ਉਨ੍ਹਾਂ ਦੇ ਘੇਰੇ ਵਿੱਚੋਂ ਬਾਹਰ ਆਉਂਦੇ ਹਾਂ, ਉਹੀ ਸਾਥੀ ਸਾਡੀ ਸਫਲ ਉਡਾਣ ਤੋਂ ਲੈ ਕੇ ਸਾਡੀਆਂ ਨਿੱਜੀ ਗੱਲਾਂ ਨੂੰ ਮਜ਼ਾਕ ਦਾ ਵਿਸ਼ਾ ਬਣਾਉਂਦੇ ਅਤੇ ਸਾਡੇ ਪ੍ਰਤੀ ਸਾਡੇ ਜਾਣਕਾਰਾਂ ਦੇ ਮਨ ਵਿੱਚ ਜ਼ਹਿਰ ਘੋਲਦੇ ਹਨ। ਇਹ ਸਾਥੀ ਸਾਨੂੰ ਸਾਹਮਣੇ-ਸਾਹਮਣੇ ਤਾਂ ਤਕਲੀਫ਼ ਨਹੀਂ ਦਿੰਦੇ, ਪਰ ਪਿੱਠ ਪਿੱਛੇ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਦਾ ਕਾਰਨ ਬਣ ਜਾਂਦੇ ਹਨ। ਇਹੀ ਹੈ 'ਚੱਪਲ ਵਰਗਾ ਸਾਥੀ' ਜੋ ਸਾਥ ਦਿੰਦਾ ਹੋਇਆ ਵੀ, ਸਾਥ ਵਿੱਚ ਲੁਕੇ ਹੋਏ ਧੋਖੇ ਅਤੇ ਵਿਸ਼ਵਾਸਘਾਤ ਨਾਲ ਭਰਿਆ ਹੁੰਦਾ ਹੈ।

ਇਹ ਚੱਪਲ ਵਰਗੇ ਸਾਥੀ ਸਿਰਫ਼ ਦੋਸਤੀ ਤੱਕ ਸੀਮਤ ਨਹੀਂ ਰਹਿੰਦੇ। ਇਹ ਤੁਹਾਨੂੰ ਰਿਸ਼ਤਿਆਂ ਵਿੱਚ ਵੀ ਮਿਲਦੇ ਹਨ। ਇਹ ਤੁਹਾਡੀ ਹਰ ਉਪਲੱਬਧੀ 'ਤੇ ਅੰਦਰੋਂ ਸੜਦੇ ਹਨ, ਪਰ ਬਾਹਰੋਂ ਵਧਾਈਆਂ ਦੇ ਕੇ ਸਮਾਜਿਕ ਰੂਪ ਵਿੱਚ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਇਹੋ ਜਿਹੇ ਲੋਕ ਸਿਰਫ਼ ਆਪਣੇ ਹਿੱਤਾਂ ਦੀ ਪੂਰਤੀ ਲਈ ਤੁਹਾਡੇ ਨੇੜੇ ਆਉਂਦੇ ਹਨ। ਜਿਵੇਂ ਹੀ ਉਨ੍ਹਾਂ ਦਾ ਕੰਮ ਖ਼ਤਮ, ਉਨ੍ਹਾਂ ਦਾ ਸਾਥ ਵੀ ਖ਼ਤਮ। ਤੁਸੀਂ ਅਜਿਹੇ ਚੱਪਲ ਵਰਗੇ ਸਾਥੀਆਂ ਨੂੰ ਸਮਾਜ ਦੇ ਹਰ ਇੱਕ ਖੇਤਰ ਵਿੱਚ ਵੇਖ ਸਕਦੇ ਹੋ। ਕੰਮ ਕਰਦੇ ਕਰਦੇ ਕੋਈ ਅਜਿਹਾ ਵਿਅਕਤੀ ਜੋ ਤੁਹਾਡਾ ਦੋਸਤ ਬਣ ਜਾਂਦਾ ਹੈ, ਦਫ਼ਤਰ ਵਿੱਚ ਤੁਹਾਡੀ ਮਦਦ ਕਰਦਾ ਹੋਇਆ ਦਿਸਦਾ ਹੈ, ਪਰ ਜਿਵੇਂ ਹੀ ਤੁਹਾਡੀ ਤਰੱਕੀ ਹੋਣ ਦੀ ਸੰਭਾਵਨਾ ਬਣਦੀ ਹੈ, ਉਹ ਚੁੱਪਚਾਪ ਮਾਲਕ ਜਾਂ ਉੱਚ ਅਧਿਕਾਰੀ ਕੋਲ ਤੁਹਾਡੇ ਖਿਲਾਫ਼ ਗੱਲਾਂ ਪਹੁੰਚਾਉਣ ਲੱਗ ਜਾਂਦਾ ਹੈ। ਤੁਹਾਡੀਆਂ ਗ਼ਲਤੀਆਂ ਲੱਭ ਕੇ ਪੇਸ਼ ਕਰਨਾ, ਤੁਹਾਡੀ ਕਮੀਜ਼ 'ਤੇ ਛਿੱਟੇ ਪਾਉਣਾ ਇਨ੍ਹਾਂ ਦੀ ਆਦਤ ਹੁੰਦੀ ਹੈ।

ਇਹ ਚੱਪਲ ਵਰਗੇ ਸਾਥੀ ਤੁਹਾਡੇ ਗੁਆਂਢ ਵਿੱਚ ਵੀ ਹੋ ਸਕਦੇ ਹਨ। ਜਿਵੇਂ ਹੀ ਤੁਹਾਡੇ ਘਰ ਵਿੱਚ ਖ਼ੁਸ਼ੀ ਆਉਂਦੀ ਹੈ, ਇਹ ਪਿੱਠ ਪਿੱਛੇ ਝੂਠੀਆਂ ਗੱਲਾਂ ਨੂੰ ਹੋਰ ਰੰਗ ਲਾ ਕੇ ਫੈਲਾਉਣ ਲੱਗ ਜਾਂਦੇ ਹਨ। ਇਹ ਸਾਥੀ ਮੂੰਹ ਉੱਤੇ ਤੁਹਾਡਾ ਸਾਥੀ ਬਣ ਕੇ, ਪਿੱਠ ਪਿੱਛੇ ਤੁਸੀਂ ਕਿੰਨਾ ਕਮਾਉਂਦੇ ਹੋ, ਕਿਵੇਂ ਰਹਿੰਦੇ ਹੋ, ਕਿਹੜੀਆਂ ਲੋੜਾਂ ਪੂਰੀਆਂ ਕਰਦੇ ਹੋ, ਇਨ੍ਹਾਂ ਗੱਲਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਹਨ। ਜੀਵਨ ਦੀ ਰਾਹਦਾਰੀ ਵਿੱਚ ਅਸੀਂ ਹਰ ਕਿਸੇ ਨੂੰ ਨਕਾਰ ਨਹੀਂ ਸਕਦੇ, ਪਰ ਇਹ ਜ਼ਰੂਰੀ ਹੈ ਕਿ ਅਸੀਂ ਸਮਝਦਾਰੀ ਅਤੇ ਹੁਸ਼ਿਆਰੀ ਨਾਲ ਸਾਥੀ ਚੁਣੀਏ। ਜਿਸ ਤਰ੍ਹਾਂ ਬਰਸਾਤ ਵਿੱਚ ਚੱਪਲ ਪਾਉਣ ਤੋਂ ਪਹਿਲਾਂ ਅਸੀਂ ਸੋਚਦੇ ਹਾਂ ਕਿ ਕਿਉਂਕਿ ਇਹ ਗੰਦੇ ਪਾਣੀ ਦੇ ਛਿੱਟੇ ਪਾ ਸਕਦੀ ਹੈ, ਤਿਵੇਂ ਸਾਥੀਆਂ ਦੀ ਚੋਣ ਕਰਦੇ ਸਮੇਂ ਵੀ ਅਸੀਂ ਸੋਚੀਏ ਕਿ ਕਿਤੇ ਇਹ ਸਾਥੀ ਸਾਡੀ ਜ਼ਿੰਦਗੀ 'ਤੇ ਕਾਲੇ ਛਿੱਟੇ ਤਾਂ ਨਹੀਂ ਪਾ ਰਹੇ।

ਸੱਚੇ ਸਾਥੀ ਉਹ ਹਨ ਜੋ ਮੌਸਮ ਦੇ ਹਰੇਕ ਰੂਪ ਵਿੱਚ ਸਾਥ ਨਿਭਾਉਣ। ਜਦੋਂ ਅਸੀਂ ਡਿੱਗਦੇ ਹਾਂ, ਉਹ ਸਾਨੂੰ ਚੁੱਕਣ, ਨਾ ਕਿ ਹੋਰ ਡਰਾਮੇ ਕਰਕੇ ਹਾਸੇ ਬਣਾਉਣ। ਅਜਿਹੇ ਸਾਥੀ ਜ਼ਿੰਦਗੀ ਦੀ ਦੌਲਤ ਹੁੰਦੇ ਹਨ, ਪਰ ਚੱਪਲ ਵਰਗੇ ਸਾਥੀ ਸਿਰਫ਼ ਜ਼ਿੰਦਗੀ ਦੀ ਰੁਕਾਵਟ ਬਣਦੇ ਹਨ। ਇਸ ਕਰਕੇ ਜਦੋਂ ਵੀ ਕੋਈ ਤੁਹਾਡਾ ਦੋਸਤ, ਰਿਸ਼ਤੇਦਾਰ ਜਾਂ ਸਹਿਯੋਗੀ ਤੁਹਾਡਾ ਸਾਥੀ ਬਣੇ ਤਾਂ ਉਸ ਦੀ ਨੀਅਤ ਨੂੰ ਸਮਝੋ। ਉਸ ਦੀ ਮੰਦਭਾਵਨਾ ਨੂੰ ਸਮਝੋ। ਇਹ ਜਾਣੋ ਕਿ ਉਹ ਤੁਹਾਡੀ ਤਰੱਕੀ 'ਚ ਖ਼ੁਸ਼ ਹੁੰਦਾ ਹੈ ਜਾਂ ਝੂਰਦਾ ਹੈ। ਕਿਉਂਕਿ ਅਜਿਹੇ ਚੱਪਲ ਵਰਗੇ ਸਾਥੀ ਨਾ ਸਿਰਫ਼ ਤੁਹਾਡਾ ਸਾਥ ਨਿਭਾਉਣ ਵਿੱਚ ਨਾਕਾਮ ਰਹਿੰਦੇ ਹਨ, ਸਗੋਂ ਤੁਹਾਡੀ ਇਮਾਨਦਾਰੀ, ਕਿਰਦਾਰ ਅਤੇ ਪਛਾਣ 'ਤੇ ਵੀ ਛਿੱਟੇ ਪਾਉਣ ਦੇ ਯਤਨ ਕਰਦੇ ਹਨ। ਜੀਵਨ ਵਿੱਚ ਤਰੱਕੀ ਕਰਨੀ ਹੈ ਤਾਂ ਝੂਠੇ ਸਾਥੀਆਂ ਦੀ ਪਹਿਚਾਣ ਕਰਨੀ ਪਵੇਗੀ। ਅਸਲ ਦੋਸਤੀਆਂ ਤੇ ਸਾਥੀਆਂ ਦੀ ਕਦਰ ਕਰਨੀ ਪਵੇਗੀ। ਚੱਪਲ ਵਰਗੇ ਸਾਥੀਆਂ ਤੋਂ ਸਾਵਧਾਨ ਰਹਿਣਾ ਪਵੇਗਾ ਤਾਂ ਹੀ ਅਸੀਂ ਆਪਣੀ ਜ਼ਿੰਦਗੀ ਨੂੰ ਸਹੀ ਦਿਸ਼ਾ ਵਿੱਚ ਲੈ ਕੇ ਜਾ ਸਕਦੇ ਹਾਂ ਅਤੇ ਇੱਕ ਸੁਚੱਜੇ, ਨੈਤਿਕ ਅਤੇ ਵਧੀਆ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ।

ਅੰਤ ਵਿੱਚ ਚੱਪਲ ਵਰਗਾ ਸਾਥੀ ਕੋਈ ਵਿਅਕਤੀ ਵਿਸ਼ੇਸ਼ ਨਹੀਂ, ਇਹ ਇੱਕ ਵਰਤਾਰਾ, ਇੱਕ ਰਵੱਈਆ ਹੈ। ਇਹ ਹਰ ਥਾਂ, ਹਰ ਰੂਪ ਵਿੱਚ ਤੁਹਾਡੇ ਆਲੇ-ਦੁਆਲੇ ਮੌਜੂਦ ਹੋ ਸਕਦਾ ਹੈ। ਇਹ ਤੁਹਾਡੀ ਜ਼ਿੰਦਗੀ ਦਾ ਹਿੱਸਾ ਵੀ ਬਣ ਸਕਦਾ ਹੈ, ਪਰ ਤੁਸੀਂ ਕਿੰਨੇ ਹੁਸ਼ਿਆਰ ਹੋ, ਇਹ ਤੁਹਾਡੀ ਸਮਝ ਤੇ ਨਜ਼ਰਾਂ 'ਤੇ ਨਿਰਭਰ ਕਰਦਾ ਹੈ। ਜੇ ਤੁਸੀਂ ਸਮਝਦਾਰੀ ਨਾਲ ਅਜਿਹੇ ਚੱਪਲ ਵਰਗੇ ਸਾਥੀਆਂ ਨੂੰ ਵਕਤ 'ਤੇ ਪਛਾਣ ਲਿਆ ਤਾਂ ਤੁਹਾਡਾ ਜੀਵਨ ਨਾ ਸਿਰਫ਼ ਸੁੰਦਰ ਬਣੇਗਾ, ਸਗੋਂ ਉੱਚੀਆਂ ਚੋਟੀਆਂ ਨੂੰ ਛੂਹਣ ਵਾਲਾ ਹੋਵੇਗਾ।

# ਜੰਗ ਸਮੇਂ ਮੀਡੀਆ ਦੀ ਭੂਮਿਕਾ




ਪ੍ਰੋ. ਕੁਲਬੀਰ ਸਿੰਘ

ਯੁਧ ਸਮੇਂ ਮੀਡੀਆ ਦੀ ਭੂਮਿਕਾ ਬੇਹੱਦ ਮਹਤਵਪੂਰਨ ਹੁੰਦੀ ਹੈ ਕਿਉਂ ਕਿ ਇਸਦੀ ਜ਼ਿੰਮੇਵਾਰੀ ਲੋਕਾਂ ਨੂੰ ਤਾਜ਼ਾ ਸਹੀ ਸਥਿਤੀ ਤੋਂ ਜਾਣੂੰ ਕਰਵਾਉਣ ਦੀ ਹੁੰਦੀ ਹੈ। ਯੁਧ ਸਮੇਂ ਧਿਆਨ ਰੱਖਣ ਯੋਗ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਉਣਾ, ਸੰਜਮ ਤੇ ਸੰਕੋਚ ਲਈ ਪ੍ਰੇਰਨਾ, ਪ੍ਰਸ਼ਾਸਨ ਅਤੇ ਸਰਕਾਰਾਂ ਦੁਆਰਾ ਦਿੱਤੀਆਂ ਜਾ ਰਹੀਆਂ ਹਦਾਇਤਾਂ ਨੂੰ ਇਨਬਿਨ ਮੰਨਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰਨਾ ਮੀਡੀਆ ਦਾ ਮੁਢਲਾ ਫ਼ਰਜ ਹੁੰਦਾ ਹੈ।

ਪਰੰਤੂ ਹੋ ਕੀ ਰਿਹਾ ਹੈ? ਭਾਰਤੀ ਹਿੰਦੀ ਮੀਡੀਆ ਦੇ ਇੱਕ ਵੱਡੇ ਹਿੱਸੇ ਦਾ ਆਪਹੁਦਰਾਪਨ ਸੱਭ ਹੱਦਾਂ ਬੰਨ੍ਹੇ ਟੱਪ ਗਿਆ ਹੈ। 'ਸੂਤਰਾਂ ਦੇ ਹਵਾਲੇ' ਨੇ ਖ਼ਬਰ ਬੁਲਿਟਨ ਦਾ ਹੁਲੀਆ ਵਿਗਾੜ ਦਿੱਤਾ ਹੈ। ਜੰਗ ਦੀਆਂ, ਟਕਰਾ ਦੀਆਂ, ਹਮਲਿਆਂ ਦੀਆਂ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੈ, ਸਰੋਤ ਨਹੀਂ ਹੈ। ਉਦਾਹਰਨ ਵਜੋਂ 'ਪਾਕਿਸਤਾਨ 'ਤੇ ਜਲਦ ਕਬਜ਼ਾ ਹੋਣ ਵਾਲਾ ਹੈ', ਭਾਰਤ ਦਾ ਪਾਕਿਸਤਾਨ ਦੇ 7 ਸ਼ਹਿਰਾਂ 'ਤੇ ਕਬਜ਼ਾ, ਪਾਕਿਸਤਾਨ 'ਤੇ ਕਬਜ਼ਾ ਹੋ ਗਿਆ, ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ 'ਤੇ ਕਬਜ਼ਾ, ਪਾਕਿਸਤਾਨ ਦਾ ਸਰੈਂਡਰ, ਪਾਕਿਸਤਾਨ ਦੇ ਕਈ ਸ਼ਹਿਰਾਂ 'ਤੇ ਕਬਜ਼ਾ – ਕਰਾਚੀ ਨਕਸ਼ੇ ਤੋਂ ਗਾਇਬ, ਭਾਰਤ ਲਈ ਪਾਕਿਸਤਾਨ 'ਤੇ ਟੁੱਟ ਪਏ 56 ਦੇਸ਼। ਇਨ੍ਹਾਂ ਹਿੰਦੀ ਚੈਨਲਾਂ ਨੇ 7-8 ਮਈ ਤੱਕ ਅੱਧਾ ਪਾਕਿਸਤਾਨ ਜਿੱਤ ਲਿਆ ਸੀ। ਅਗਲੇ ਦਿਨ 9 ਮਈ ਨੂੰ ਇਨ੍ਹਾਂ ਵਿਚੋਂ ਕੁਝ ਚੈਨਲਾਂ ਦੇ ਐਂਕਰ ਇਨ੍ਹਾਂ ਮਨਘੜਤ ਖ਼ਬਰਾਂ ਲਈ ਮੁਆਫ਼ੀ ਮੰਗ ਰਹੇ ਸਨ।

ਫ਼ੌਜ, ਪੁਲਿਸ ਅਤੇ ਪ੍ਰਸ਼ਾਸਨ ਲਗਾਤਾਰ ਅਪੀਲਾਂ ਕਰ ਰਹੇ ਹਨ ਕਿ ਫਰਜ਼ੀ ਖ਼ਬਰਾਂ, ਫਰਜ਼ੀ ਵੀਡੀਓ ਅਤੇ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰੋ।

ਮੀਡੀਆ ਲਈ ਅਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਗਿਆ ਹੈ, 'ਭਾਰਤ ਪਾਕਿ ਤਣਾਅ ਦੌਰਾਨ ਰੱਖਿਆ ਕਾਰਜਾਂ ਤੇ ਸੁਰੱਖਿਆ ਬਲਾਂ ਦੀਆਂ ਗਤੀਵਿਧੀਆਂ ਦੀ ਲਾਈਵ ਕਵਰੇਜ ਨਾ ਕੀਤੀ ਜਾਵੇ।' ਪਰੰਤੂ ਮੰਨਦਾ ਸੁਣਦਾ ਸਮਝਦਾ ਕੌਣ ਹੈ?

ਟੈਲੀਵਿਜ਼ਨ ਚੈਨਲਾਂ ਦਾ ਇੱਕ ਵੱਡਾ ਹਿੱਸਾ ਝੂਠ ਵਿਖਾ ਰਿਹਾ ਹੈ। ਸਾਇਰਨ ਵਜਾ ਰਿਹਾ ਹੈ। ਡਰ, ਘਬਰਾਹਟ ਤੇ ਸਨਸਨੀ ਦਾ ਮਾਹੌਲ ਪੈਦਾ ਕਰ ਰਿਹਾ ਹੈ। ਬਹੁਤੇ ਲੋਕਾਂ ਨੇ ਨਿਊਜ਼ ਚੈਨਲ ਵੇਖਣੇ ਬੰਦ ਕਰ ਦਿੱਤੇ ਹਨ ਅਤੇ ਬਹੁਤ ਸਾਰੇ ਸੋਸ਼ਲ ਮੀਡੀਆ 'ਤੇ ਅਜਿਹਾ ਕਰਨ ਦੀਆਂ ਅਪੀਲਾਂ ਕਰ ਰਹੇ ਹਨ।

ਦੂਸਰੇ ਪਾਸੇ ਪਾਕਿਸਤਾਨ ਚੈਨਲਾਂ ਅਤੇ ਸੋਸ਼ਲ ਮੀਡੀਆ ਦੁਆਰਾ ਲਗਾਤਾਰ ਗ਼ਲਤ ਜਾਣਕਾਰੀ ਫੈਲਾਈ ਜਾ ਰਹੀ ਹੈ। ਅਜਿਹਾ ਇੱਕ ਮੁਹਿੰਮ ਦੇ ਤਹਿਤ ਕੀਤਾ ਜਾ ਹਰਿਹਾ ਹੈ ਤਾਂ ਜੋ ਭਾਰਤੀ ਲੋਕਾਂ ਵਿਚ ਦਹਿਸ਼ਤ ਅਤੇ ਡਰ ਪੈਦਾ ਕੀਤਾ ਜਾ ਸਕੇ।

ਚਿੰਤਾ ਦਾ ਵਿਸ਼ਾ ਇਹ ਹੈ ਕਿ ਅਜਿਹੇ ਸੰਕਟ ਸਮੇਂ ਮੀਡੀਆ ਜਨਤਾ ਦੀ ਸੋਚ, ਜਨਤਾ ਦੀ ਧਾਰਨਾ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਅਜਿਹੇ ਸਮੇਂ ਟੈਲੀਵਿਜਨ ਚੈਨਲਾਂ ਦੁਆਰਾ ਵਰਤੀ ਜਾ ਰਹੀ ਭਾਸ਼ਾ ਵੀ ਵੱਡੇ ਵਿਵਾਦ ਦਾ ਵਿਸ਼ਾ ਹੈ।

ਵਿਲੀਅਮ ਥਾਮਸ ਦਾ ਕਹਿਣਾ ਹੈ 'ਪੱਤਰਕਾਰ ਦੀ ਭੂਮਿਕਾ ਕਿਸੇ ਚੌਂਕੀਦਾਰ ਦੀ ਭੂਮਿਕਾ ਵਰਗੀ ਹੁੰਦੀ ਹੈ।' ਪਰੰਤੂ ਅਜੋਕੇ ਸਮਿਆਂ ਵਿਚ ਐਨ ਇਸਦੇ ਉੱਲਟ ਹੋ ਰਿਹਾ ਹੈ। ਟੈਲੀਵਿਜ਼ਨ ਚੈਨਲਾਂ ਦੇ ਐਂਕਰ ਗਲਤ, ਝੂਠੀਆਂ ਤੇ ਫਰਜ਼ੀ ਖ਼ਬਰਾਂ ਪ੍ਰਸਾਰਿਤ ਕਰ ਰਹੇ ਹਨ। ਅਫ਼ਵਾਹਾਂ ਫੈਲਾਅ ਰਹੇ ਹਨ। ਲੋਕਾਂ ਨੂੰ ਡਰਾ ਰਹੇ ਹਨ। ਕਿਸੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਹੈ 'ਜੰਗ ਨਾਲੋਂ ਵੱਧ ਅੱਗ ਤਾਂ ਮੀਡੀਆ ਲਗਾ ਰਿਹਾ ਹੈ।' ਕਿਸੇ ਹੋਰ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਕਿਹਾ ਹੈ, "ਮਿਹਰਬਾਨੀ ਕਰਕੇ ਟੀ.ਵੀ. ਬੰਦ ਕਰ ਦਿਓ। ਸੁਣਨਾ, ਸ਼ੇਅਰ ਕਰਨਾ ਬੰਦ ਕਰੋ ਕਿਉਂ ਕਿ ਇਹ ਚੈਨਲ ਨਫ਼ਰਤ ਫੈਲਾਅ ਰਹੇ ਹਨ। ਚੀਖ਼ ਚੀਖ਼ ਕੇ ਗਲਤ ਜਾਣਕਾਰੀ ਦੇ ਰਹੇ ਹਨ। ਕੇਵਲ ਸਰਕਾਰ ਅਤੇ ਪ੍ਰਸ਼ਾਸਨ ਦੁਆਰਾ ਪ੍ਰੈਸ ਕਾਨਫ਼ਰੰਸਾਂ ਰਾਹੀਂ ਦਿੱਤੀ ਜਾ ਰਹੀ ਜਾਣਕਾਰੀ 'ਤੇ ਭਰੋਸਾ ਕਰੋ। ਭਾਰਤ-ਪਾਕਿ ਟਕਰਾ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਹਨ। ਭਾਰਤੀ ਚੈਨਲਾਂ ਨੇ ਥੋੜ੍ਹੀ ਬਹੁਤੀ ਬਚੀ ਭਰੋਸੇਯੋਗਤਾ ਵੀ ਗਵਾ ਲਈ ਹੈ। ਭਰੋਸੇਯੋਗਤਾ ਨੂੰ ਜੋ ਨੁਕਸਾਨ ਪਹੁੰਚਿਆ ਹੈ ਉਸਦੀ ਪੂਰਤੀ ਜਲਦੀ ਸੰਭਵ ਨਹੀਂ।

ਅਮਰੀਕਾ, ਇੰਗਲੈਂਡ, ਰੂਸ ਅਤੇ ਚੀਨ ਦਾ ਮੀਡੀਆ ਭਾਰਤ-ਪਾਕਿ ਟਕਰਾ ਨੂੰ ਆਪਣੇ ਆਪਣੇ ਢੰਗ ਨਾਲ, ਆਪਣੇ ਆਪਣੇ ਨਜ਼ਰੀਏ ਤੋਂ ਕਵਰ ਕਰ ਰਿਹਾ ਹੈ।

ਕੁਝ ਮੁਲਕ ਟਕਰਾ ਘਟਾਉਣ ਲਈ ਅੱਗੇ ਆ ਰਹੇ ਹਨ ਉਨ੍ਹਾਂ ਦਾ ਸੁਆਗਤ ਕੀਤਾ ਜਾਣਾ ਚਾਹੀਦਾ ਹੈ। ਹੋਰ ਮੁਲਕਾਂ ਨੂੰ ਵੀ ਆਪੋ ਆਪਣਾ ਪ੍ਰਭਾਵ ਵਰਤ ਕੇ ਦੋਹਾਂ ਮੁਲਕਾਂ ਦਰਮਿਆਨ ਪੈਦਾ ਹੋਏ ਟਕਰਾ ਨੂੰ ਘਟਾ ਕੇ ਗੱਲਬਾਤ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਤਾਂ ਆਪਣੇ ਆਪ ਵਿਚ ਮਸਲਾ ਹੈ। ਜੰਗ ਦੇ ਦੁਰਪ੍ਰਭਾਵਾਂ ਦਾ ਅਨੁਮਾਨ ਲਗਾਉਣਾ ਮੁਸ਼ਕਲ ਹੈ ਕਿਉਂ ਕਿ ਇਹ ਬਹੁਤ ਵਿਆਪਕ ਹੁੰਦੇ ਹਨ। ਸਰੀਰਕ, ਮਾਨਸਿਕ, ਸਮਾਜਕ, ਆਰਥਿਕ, ਰਾਜਨੀਤਕ ਅਤੇ ਵਾਤਾਵਰਨ ਖੇਤਰਾਂ ਵਿਚ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੇ ਜਾਂਦੇ ਹਨ।

ਅਜੋਕੇ ਸਮਿਆਂ ਵਿਚ ਸ਼ਾਂਤੀ ਦਾ ਬੇਹੱਦ ਮਹੱਤਵ ਹੈ। ਸਮਾਜਕ ਵਿਕਾਸ ਅਤੇ ਸਥਿਰਤਾ ਸ਼ਾਂਤ ਸਮਿਆਂ ਵਿਚ ਹੀ ਸੰਭਵ ਹੈ। ਸ਼ਾਂਤ ਸਮਿਆਂ ਵਿਚ ਹੀ ਬਿਹਤਰ ਦੁਨੀਆਂ ਦਾ ਸੁਪਨਾ ਪੂਰਾ ਹੋ ਸਕਦਾ ਹੈ।

# ਮਾੜੀਆਂ ਜਹੀਆਂ ਲਾਵਾਂ



ਅਵਤਾਰ ਸਿੰਘ ਪ੍ਰੋਫ਼ੈਸਰ
ਫੋਨ: 9417518384

ਅੱਜਕਲ ਕਾਲਜਾਂ ਵਿਚ ਦਾਖਲਾ ਮੁਹਿੰਮ ਜਾਰੀ ਹੈ। ਹਰ ਕਾਲਜ ਦੇ ਕੱਚੇ ਪੱਕੇ ਅਧਿਆਪਕਾਂ ਨੂੰ ਕਾਲਜ ਦੇ ਗੇਟ ਮੋਹਰੇ ਬਿਠਾਇਆ ਜਾਂਦਾ ਹੈ ਕਿ ਪੁੱਛ-ਗਿੱਛ ਲਈ ਆਉਣ ਵਾਲੇ ਮੁੰਡੇ ਕੁੜੀਆਂ ਨੂੰ ਕਾਲਜ ਦੇ ਗੁੱਣ ਦੱਸ ਕੇ ਦਾਖਲੇ ਲਈ ਪ੍ਰੇਰਤ ਕੀਤਾ ਜਾਵੇ।

ਆਪਣੀ ਗਾਲੜੀ ਤਬੀਅਤ ਹੋਣ ਕਾਰਣ ਮੈਂ ਇਹ ਸੇਵਾ ਬੜੇ ਸ਼ੌਂਕ ਨਾਲ ਕਰਦਾ ਰਿਹਾ ਹਾਂ। ਖ਼ਾਸ ਤੌਰ ਪਰ ਦਾਖਲਾ ਲੈਣ ਆਏ ਮੁੰਡੇ ਕੁੜੀ ਦੇ ਨਾਲ ਆਏ ਵੱਡੇ ਭੈਣ ਭਾਈ ਜਾਂ ਮਾਂ ਬਾਪ ਨੂੰ ਏਨਾ ਪ੍ਰਭਾਵਤ ਕਰ ਲੈਂਦਾ ਸਾਂ ਕਿ ਉਹ ਆਪਣੇ ਬੱਚੇ ਨੂੰ ਸਾਡੇ ਕਾਲਜ ਵਿਚ ਦਾਖਲ ਕਰਾ ਹੀ ਜਾਂਦੇ ਸਨ। ਇਸੇ ਭੁਸ ਕਾਰਨ ਪਰਸੋਂ ਚੌਥੇ ਜਹੇ ਮੇਤੋਂ ਰਿਹਾ ਨਾ ਗਿਆ ਤੇ ਮੈਂ ਰਿਟਾਇਰ ਹੋਣ ਦੇ ਬਾਵਜੂਦ ਕਾਲਜ ਚਲਿਆ ਗਿਆ। ਮੈਂ ਦੇਖਿਆ ਕਿ ਮੁੰਡਿਆਂ ਨਾਲੋਂ ਵੱਧ ਕੁੜੀਆਂ ਆ ਰਹੀਆਂ ਸਨ ਤੇ ਇਸ ਤਰਾਂ ਦੇ ਸਵਾਲ ਕਰ ਰਹੀਆਂ ਸਨ ਕਿ ਉਹ ਦਾਖਲਾ ਲੈ ਕੇ ਨਾਲ ਨਾਲ ਆਇਅਲਟਸ ਕਰ ਸਕਣਗੀਆਂ?

ਇਕ ਲੜਕੀ ਆਈ ਜੋ ਦੇਖਣ ਨੂੰ ਏਨੀ ਨਿੱਕੀ ਜਹੀ ਸੀ ਕਿ ਜਮਾਂ ਹੀ ਧੱਖ ਲਗਦੀ ਸੀ। ਕਹਿਣ ਲੱਗੀ ਕਿ ਉਹ ਆਇਅਲਟਸ ਕਰਦੀ ਹੈ ਤੇ ਉਹਨੇ ਨਾਲ ਨਾਲ ਪੜ੍ਹਾਈ ਵੀ ਕਰਨੀ ਹੈ। ਮੈਂ ਹੈਰਾਨ ਹੋਇਆ ਕਿ ਪੜ੍ਹਾਈ ਦੇ ਨਾਲ ਨਾਲ ਆਇਅਲਟਸ ਕਰਨ ਬਾਰੇ ਤਾਂ ਸਾਰੇ ਪੁੱਛਣ ਆਉਂਦੇ ਹਨ। ਪਰ ਉਹ ਲੜਕੀ ਆਇਅਲਟਸ ਦੇ ਨਾਲ ਪੜ੍ਹਨਾ ਚਾਹੁੰਦੀ ਸੀ।

ਪੁੱਛਣ 'ਤੇ ਉਹਨੇ ਦੱਸਿਆ ਕਿ ਉਹਦੇ ਮਾਪਿਆ ਨੇ ਏਜੰਟ ਨਾਲ ਗੱਲ ਕਰ ਲਈ ਹੈ ਤੇ ਅੱਗੋਂ ਏਜੰਟ ਨੇ ਅਜਿਹਾ ਮੁੰਡਾ ਲੱਭ ਲਿਆ ਹੈ, ਜਿਹੜਾ ਕੁੜੀ ਨੂੰ ਆਇਅਲਟਸ ਕਰਾ ਕੇ ਬਾਹਰ ਭੇਜਣ ਤਕ ਸਾਰਾ ਖ਼ਰਚਾ ਚੁੱਕੇਗਾ।

ਮੈਂ ਉਹਦੇ ਵੱਲ ਦੇਖਿਆ ਤੇ ਹੈਰਾਨ ਹੋ ਕੇ ਪੁੱਛਿਆ ਕਿ ਉਹਨੇ ਹੁਣੇ ਹੀ ਵਿਆਹ ਕਰਵਾ ਲੈਣਾ ਹੈ? ਉਹਦੇ ਜਵਾਬ ਨੇ ਮੇਰੀ ਹੈਰਾਨੀ ਘਟਾਉਣ ਦੀ ਬਜਾਏ ਹੋਰ ਵਧਾ ਦਿਤੀ। ਕਹਿਣ ਲੱਗੀ ਕਿ ਪੱਕਾ ਵਿਆਹ ਨਹੀਂ ਕਰਨਾ ਬਸ ਕੋਰਟ ਮੈਰਿਜ ਕਰਨੀ ਹੈ ਤੇ ਮਾੜੀਆਂ ਜਹੀਆਂ ਲਾਵਾਂ ਲੈਣੀਆਂ ਹਨ। ਉਧਰ ਜਾ ਕੇ ਤਲਾਕ ਲੈ ਲੈਣਾ ਫਿਰ ਇਧਰੋਂ ਕੋਈ ਹੋਰ ਮੁੰਡਾ ਬਾਹਰ ਕੱਢਣਾ ਹੈ। ਉਹਦੇ ਵਾਂਗ ਮੁੰਡੇ ਨੇ ਉਹਦੇ ਬਹਾਨੇ ਬਾਹਰ ਜਾ ਕੇ ਇਧਰੋਂ ਕੋਈ ਹੋਰ ਕੁੜੀ ਬਾਹਰ ਖਿੱਚਣੀ ਹੈ।

ਮੈਂ ਉਹਦੇ "ਕੱਢਣਾ" ਤੇ "ਖਿੱਚਣੀ" ਲਫਜ਼ਾਂ ਤੋਂ ਅੰਦਾਜ਼ ਲਗਾਇਆ ਕਿ ਅੱਜਕਲ ਪੰਜਾਬ ਵਿਚ ਮੁੰਡੇ ਕੁੜੀਆਂ ਦੀ ਖਿੱਚਾ ਧੂਹੀ ਏਨੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਕਿ ਪੰਜਾਬ ਇਕ ਵੱਡਾ ਸਾਰਾ ਬਿਰਧ ਆਸ਼ਰਮ ਬਣਦਾ ਜਾ ਰਿਹਾ ਹੈ। ਮੈਂ ਉਸ ਲੜਕੀ ਨੂੰ ਪੁੱਛਿਆ ਕਿ ਉਹ ਜਾਹਲੀ ਵਿਆਹ ਕਰਵਾ ਕੇ ਖੁਸ਼ ਹੋਵੇਗੀ? ਉਹ ਕਹਿਣ ਲੱਗੀ ਕਿ ਹੁਣ ਕੁਝ ਬਣਨ ਲਈ ਕੁਝ ਕਰਨਾ ਹੀ ਪੈਣਾ ਹੈ। ਮੈਂ ਸੋਚਿਆ ਕਿ ਇਸ ਕੁੜੀ ਨੂੰ ਕੁਝ ਕਰਨ ਤੇ ਸਭ ਕੁਝ ਕਰਨ ਵਿਚਲਾ ਫਰਕ ਨਹੀਂ ਪਤਾ। ਉਹਨੂੰ ਨਹੀਂ ਪਤਾ ਕਿ ਇਸ ਕੁਝ ਕਰਨ ਨੇ ਉਹਨੂੰ ਏਨਾ ਉਜਾੜ ਦੇਣਾ ਹੈ ਕਿ ਉਹਦੇ ਪੱਲੇ ਉਮਰ ਜਿੱਡੀ ਲੰਮੀ ਖ਼ੁਦਕੁਸ਼ੀ ਦੇ ਸਿਵਾ ਕੁਝ ਨਹੀਂ ਬਚਣਾ।

ਉਹਦੀ ਗੱਲ ਸੁਣ ਕੇ ਮੈਂ ਉਦਾਸ ਹੋ ਗਿਆ ਕਿ ਇਸ ਕੁੜੀ ਨੂੰ ਪਤਾ ਨਹੀਂ ਕਿ ਉਹਦਾ ਕੁਝ ਬਣਨ ਦਾ ਸੁਪਨਾ ਇਥੇ ਹੀ ਪੂਰਾ ਹੋ ਸਕਦਾ ਹੈ। ਬਾਹਰ ਜਾ ਕੇ ਤਾਂ ਇਹ ਕਦੇ ਵੀ ਕੁਝ ਬਣ ਨਹੀਂ ਸਕੇਗੀ ਤੇ ਇਹਦੀ ਆਪਣੇ ਆਪੇ ਨਾਲ ਵੀ ਏਨੀ ਅਣਬਣ ਹੋ ਜਾਵੇਗੀ ਕਿ ਉਹ ਆਪਣੇ ਆਪੇ ਨੂੰ ਤਾਂ ਕੀ ਮਾਪੇ ਨੂੰ ਵੀ ਤਰਸਦੀ ਰਹੇਗੀ। ਉਧਰ ਸਾਰਾ ਮੁਲਕ ਉਹਦੇ ਲਈ ਯਤੀਮਖ਼ਾਨਾ ਬਣਿਆ ਰਹੇਗਾ ਤੇ ਇੱਧਰ ਮਾਪਿਆਂ ਲਈ ਆਪਣਾ ਮੁਲਕ ਮੌਤ ਹੋਣ ਤੱਕ ਲਮਕਦਾ ਬਿਰਧ ਆਸ਼ਰਮ ਬਣ ਜਾਵੇਗਾ।

ਕੁੜੀ ਦੀ ਗੱਲ ਸੁਣਕੇ ਮੈਂ ਸੋਚਦਾ ਹੀ ਰਹਿ ਗਿਆ ਤੇ ਮੈਨੂੰ ਕੰਵਲ ਦੀ ਕਹਾਣੀਆਂ ਦੀ ਕਿਤਾਬ 'ਸੰਧੂਰ' ਚੇਤੇ ਆਈ, ਜਿਹਦੀ ਇਕ ਕਹਾਣੀ ਵਿਚ ਲੇਖਕ ਕਿਸੇ ਕੋਠੇ 'ਤੇ ਜਾਂਦਾ ਹੈ ਤੇ ਉਹਨੂੰ ਤਰਾਂ ਤਰਾਂ ਦੇ ਸਵਾਲ ਪੁੱਛਣ ਡਹਿ ਪੈਂਦਾ ਹੈ। ਕੋਠੇ ਵਾਲੀ ਸੋਚਦੀ ਹੈ ਕਿ ਇਹ ਬੰਦਾ ਦੇਹ ਪਰਚਾਵੇ ਦੀ ਥਾਂ ਦਿਲ ਪਰਚਾਵਾ ਕਰਨ ਵਾਲਾ ਹੀ ਹੈ।

ਲੇਖਕ ਪੁੱਛਦਾ ਹੈ ਕਿ ਉਹ ਇਹ ਕੰਮ ਕਿਉਂ ਕਰਦੀ ਹੈ? ਤਾਂ ਉਹ ਦੱਸਦੀ ਹੈ ਕਿ ਇਹ ਕੰਮ ਉਹਦਾ ਬਾਪ ਕਰਾਉਂਦਾ ਹੈ। ਲੇਖਕ ਪੁੱਛਦਾ ਹੈ ਕਿ ਉਹਦਾ ਬਾਪ ਕਿੱਥੇ ਹੈ? ਜਦ ਉਹ ਦੱਸਦੀ ਹੈ ਕਿ ਬਾਹਰ ਸੌਦਾ ਕਰਨ ਵਾਲਾ ਉਹਦਾ ਬਾਪ ਹੀ ਸੀ ਤਾਂ ਲੇਖਕ ਉਸ ਦੇ ਬਾਪ ਨੂੰ ਅੰਦਰ ਬੁਲਾ ਕੇ ਪੁੱਛਦਾ ਹੈ ਕਿ ਉਹ ਆਪਣੀ ਬੇਟੀ ਕੋਲੋਂ ਇਹ ਕੰਮ ਕਿਉਂ ਕਰਾਉਂਦਾ ਹੈ? ਕੋਠੇ ਵਾਲੀ ਦਾ ਬਾਪ ਜਵਾਬ ਦਿੰਦਾ ਹੈ ਕਿ ਇਹ ਸਭ ਕੁਝ ਰੱਬ ਕਰਾਉਂਦਾ ਹੈ। ਲੇਖਕ ਹੈਰਾਨ ਹੁੰਦਾ ਹੈ ਕਿ ਉਹ ਕਿਹੋ ਜਿਹਾ ਰੱਬ ਹੈ ਜਿਹੜਾ ਕਿਸੇ ਬਾਪ ਨੂੰ ਏਨਾ ਮਜਬੂਰ ਕਰ ਦਿੰਦਾ ਹੈ ਕਿ ਉਹ ਆਪਣੀ ਬੇਟੀ ਨੂੰ ਕੋਠੇ 'ਤੇ ਬਿਠਾ ਦਿੰਦਾ ਹੈ।

ਮੈਨੂੰ ਉਸ ਲੜਕੀ ਦੀ ਗੱਲ ਕੰਵਲ ਦੀ ਕਹਾਣੀ ਨਾਲ ਐਨ੍ਹ ਮਿਲਦੀ ਲੱਗੀ। ਫਰਕ ਸਿਰਫ ਏਨਾ ਹੈ ਕਿ ਹੁਣ ਉਹ ਕੋਠੇ ਕਨੇਡਾ ਦੀਆਂ ਬੇਸਮੈਂਟਾਂ ਦਾ ਰੂਪ ਧਾਰ ਗਏ ਹਨ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਬਾਰੇ ਇਹ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਹੁਣ ਪੰਜਾਬੀ ਮਾਪੇ ਦੱਲੇ, ਲਾੜੇ ਭੜੂਏ ਤੇ ਕੁੜੀਆਂ ਬੇਪੱਤ ਹੋਣ ਲਈ ਏਨੀਆਂ ਉਤਾਵਲੀਆਂ ਹੋਣਗੀਆਂ ਕਿ ਪਾਣੀਪੱਤ ਦੇ ਮੈਦਾਨ ਨੂੰ ਵੀ ਮਾਤ ਪਾ ਦੇਣਗੀਆਂ।

ਡਾਇਆਸਪੋਰਿਕ ਅੰਕੜਿਆਂ ਦਾ ਪਤਾ ਨਹੀਂ, ਪਰ ਸਿਆਣੇ ਅਸਿਆਣੇ ਲੇਖਕਾਂ ਤੇ ਲੀਡਰਾਂ ਦੇ ਫਿਕਰ ਦੇਖ ਕੇ ਲਗਦਾ ਹੈ ਕਿ ਪੰਜਾਬ ਦਿਨੋ ਦਿਨ ਖਾਲੀ ਹੋ ਰਿਹਾ ਹੈ। ਬਾਹਰ ਜਾਣ ਦੀ ਹੋੜ ਨੂੰ ਠੱਲ੍ਹ ਪੈਣ ਦੀ ਬਜਾਏ ਇਹ ਹਨੇਰੀ ਦਿਨੋ ਦਿਨ ਹੋਰ ਮੱਚਦੀ ਜਾ ਰਹੀ ਹੈ ਤੇ ਸਾਰੇ ਪਾਸੇ ਫੂਸ ਦੀ ਅੱਗ ਵਾਂਗ ਫੈਲ ਰਹੀ ਹੈ।

ਅਜਿਹੀ ਅੱਗ ਫੈਲਾਉਣ ਵਿਚ ਵੀ ਸਾਡੇ ਕਲਾਕਾਰ, ਸਾਹਿਤਕਾਰ ਤੇ ਵਿਦਵਾਨ ਲੋਕ ਮੋਹਰੀ ਭੂਮਿਕਾ ਨਿਭਾ ਰਹੇ ਹਨ। ਉਹ ਬਾਹਰ ਜਾਂਦੇ ਹਨ ਤੇ ਉੱਥੇ ਜਾਂਦੇ ਹੀ ਫੋਟੋਆਂ ਖਿੱਚੁ ਖਿੱਚੁ ਫੇਸਬੁੱਕ 'ਤੇ ਇਸ ਤਰਾਂ ਚਾੜ੍ਹਦੇ ਹਨ, ਜਿਵੇਂ ਉਹ ਸੱਚਖੰਡ ਵਿਚ ਪ੍ਰਵੇਸ਼ ਕਰ ਗਏ ਹੋਣ।

ਕਈ ਤਾਂ ਕਿਸੇ ਉਚੀ ਇਮਾਰਤ ਸਾਹਮਣੇ ਖੜ੍ਹੀ ਕਰਕੇ ਆਪਣੀ ਘਰ ਵਾਲੀ ਦੀ ਫੋਟੋ ਖਿੱਚ ਕੇ ਪਾ ਰਹੇ ਹਨ। ਪਤਾ ਨਹੀਂ ਲਗਦਾ ਕਿ ਉਹ ਦਿਖਾਉਣਾ ਕੀ ਚਾਹੁੰਦੇ ਹਨ। ਕਨੇਡਾ ਦੀ ਇਮਾਰਤ ਦੀ ਉਚਾਈ ਕਿ ਆਪਣੀ ਘਰ ਵਾਲੀ ਦਾ ਹੁਸਨ। ਵੈਸੇ ਉਨ੍ਹਾਂ ਘਰਵਾਲੀਆਂ ਅੰਦਰ ਮਾੜੀ ਮੋਟੀ ਵੀ ਸੰਵੇਦਨਸ਼ੀਲਤਾ ਤੇ ਸੂਝ-ਬੂਝ ਹੋਵੇ ਤਾਂ ਉਹ ਇਮਾਰਤ ਅਗੇ ਰੱਖਿਆ ਸ਼ੋ-ਪੀਸ ਜਾਂ ਨੁਮਾਇਸ਼ ਦੀ ਸ਼ੈਅ ਬਣਨ ਲਈ ਕਦੇ ਤਿਆਰ ਨਾ ਹੋਣ।

ਬਹੁਤੇ ਲੋਕਾਂ ਦਾ ਧਿਆਨ ਇੱਧਰ ਨਹੀਂ ਜਾਂਦਾ। ਉਹ ਤਾਂ ਅਜਿਹੀਆਂ ਫੋਟੋਆਂ ਦੇਖ ਕੇ ਇਹੀ ਸੋਚਦੇ ਹਨ ਕਿ ਹਾਇ ਉਇ ਰੱਬਾ, ਅਸੀਂ ਇੱਥੇ ਕਦ ਪੁੱਜਾਂਗੇ! ਇਹੀ ਸੋਚਦੇ ਸੋਚਦੇ ਉਹ ਆਪਣੇ ਧੀਆਂ ਪੁੱਤਾਂ ਦੀ ਬਲੀ ਦੇਣ ਦੇ 'ਸੁਨਹਿਰੇ' ਸੁਪਨੇ ਦੇਖਣ ਲੱਗ ਜਾਂਦੇ ਹਨ।

ਸਾਡੇ ਸਾਰੇ ਹੀ ਸਿਆਣੇ ਬਿਆਣੇ ਲੇਖਕ, ਅਲੇਖਕ, ਕਲਾਕਾਰ, ਅਕਲਾਕਾਰ, ਵਿਦਵਾਨ, ਬੁੱਧੀ ਅਤੇ ਅਬੁੱਧੀਜੀਵੀ ਪੰਜਾਬ ਨੂੰ ਯਤੀਮਤ ਦਾ ਅਹਿਸਾਸ ਕਰਵਾ ਰਹੇ ਹਨ।

ਯਤੀਮਤ ਤੋਂ ਚੇਤੇ ਆਇਆ ਕਿ ਸ਼ੇਖ ਸਾਅਦੀ ਨੇ ਲਿਖਿਆ ਕਿ ਯਤੀਮਾਂ ਦੇ ਸਾਹਮਣੇ ਆਪਣੇ ਬੱਚੇ ਦਾ ਮੂੰਹ ਨਹੀਂ ਚੁੰਮੀਂਦਾ। ਪਰ ਸਾਡੇ ਲੋਕ ਤਾਂ ਬਿਗਾਨੇ ਪੁੱਤਾਂ ਦਾ ਮੂੰਹ ਚੱਟਣ ਡਹੇ ਹੋਏ ਹਨ ਕਿ ਉਨ੍ਹਾਂ ਦੇ ਆਪਣੇ ਬੱਚੇ ਹੀ ਖ਼ੁਦ ਨੂੰ ਯਤੀਮ ਸਮਝਣ ਲੱਗ ਪਏ ਹਨ।

